**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਡਾਇਰੈਕਟਰ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਬਸੀ ਪਠਾਣਾਂ ਵਿਖੇ ਪ੍ਰਿੰਸੀਪਲ ਹਰਪ੍ਰੀਤ ਸਿੰਘ ਗਿੱਲ ਦੀ ਅਗਵਾਈ ਹੇਠ ਰੋਜ਼ਗਾਰ ਮੇਲਾ ਲਗਾਇਆ ਗਿਆ।ਇਸ ਮੇਲੇ ਵਿੱਚ ਸੈਸ਼ਨ 2023-25 ਤੇ 2024-25 ਦੇ ਇੰਜੀਨੀਅਰਿੰਗ ਤੇ ਨਾਨ-ਇੰਜੀਨੀਅਰਿੰਗ ਟਰੇਡਾਂ ਵੈਲਡਰ, ਫਿਟਰ, ਟਰਨਰ, ਮਸ਼ੀਨਿਸਟ, ਕੋਪਾ, ਇਲੈਕਟ੍ਰੀਸ਼ਨ, ਟਰੈਕਟਰ ਮਕੈਨਿਕ, ਕਾਰਪੇਂਟਰ ਆਦਿ ਦੇ ਫਾਈਨਲ ਪ੍ਰੀਖਿਆ ਵਿੱਚ ਅਪੀਅਰ ਹੋਣ ਜਾ ਰਹੇ ਸਿਖਿਆਰਥੀਆਂ ਨੇ ਨੌਕਰੀ ਲਈ ਪ੍ਰਸਿੱਧ ਅਦਾਰਿਆਂ, ਜਿਨ੍ਹਾਂ ਵਿੱਚ ਮਾਧਵ ਸਟੈਲਕੋ, ਕਿਸਕੋ ਕਾਸਟਿੰਗ, ਰੌਕ ਪੈਕਰ, ਸਵਰਾਜ, ਅਲੈਨਾ ਆਟੋ ਇੰਡਸਟਰੀਜ਼, ਮੌਡਰਨ ਆਟੋਮੋਟਿਵਸ, ਹੁਸ਼ਿਆਰਪੁਰ ਆਟੋਮੋਬਾਈਲਜ਼, ਸੁਵੀ ਇੰਡਸਟਰੀਜ਼, ਪੀ. ਐੱਸ. ਰੋਲਜ਼, ਗੋਦਰੇਜ਼, ਗੋਬਿੰਦ ਕੋਚ ਦੇ ਨਾਮ ਸ਼ਾਮਲ ਹਨ, ਤੋਂ ਆਏ ਨੁਮਾਇੰਦਿਆਂ ਨੂੰ ਇੰਟਰਵਿਊ ਦਿੱਤੀ ਗਈ, ਜਿਸ ਵਿੱਚ ਸਬੰਧਤ ਅਦਾਰਿਆਂ ਨੇ ਸਿਖਿਆਰਥੀਆਂ ਦੇ ਤਕਨੀਕੀ ਗਿਆਨ 'ਤੇ ਸੰਤੁਸ਼ਟੀ ਪ੍ਰਗਟਾਉਂਦਿਆਂ ਭਵਿੱਖ ਵਿੱਚ ਫਾਈਨਲ ਪ੍ਰੀਖਿਆ ਤੋਂ ਬਾਅਦ ਨੌਕਰੀ ਦਾ ਭਰੋਸਾ ਦਿਵਾਇਆ।ਇਸ ਮੇਲੇ ਵਿੱਚ ਸਰਕਾਰੀ ਆਈ.ਟੀ.ਆਈ. ਭਗੜਾਣਾ, ਸਰਕਾਰੀ ਆਈ.ਟੀ.ਆਈ. ਭਗਵਾਨਪੁਰਾ ਤੇ ਹੋਰ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਕਰੀਬ 300 ਸਿਖਿਆਰਥੀਆਂ ਨੇ ਭਾਗ ਲਿਆ।ਆਈ.ਟੀ.ਆਈ. ਬਸੀ ਪਠਾਣਾਂ ਦੇ ਪ੍ਰਿੰਸੀਪਲ ਹਰਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਇਸ ਰੋਜ਼ਗਾਰ ਮੇਲੇ ਨੂੰ ਸਫਲ ਬਣਾਉਣ ਵਿੱਚ ਸ਼ਰਨਪ੍ਰੀਤ ਸਿੰਘ ਟਰਨਰ ਇੰਸਟਰਕਟਰ, ਹਰਸ਼ਨਪ੍ਰੀਤ ਸਿੰਘ ਕਲੇਰ, ਹੇਮੰਤ ਭਾਰਗਵ ਤੇ ਸਮੂਹ ਸਟਾਫ ਦਾ ਵਿਸ਼ੇਸ਼ ਸਹਿਯੋਗ ਰਿਹਾ।

## ਏ ਆਈ ਫਾਊਂਡੇਸ਼ਨ ਮੈਂਬਰ ਵੱਲੋਂ ਡਕਾਲਾ ਸਕੂਲ ਦਾ ਦੌਰਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਅਮਰੀਕਾ ਵਾਸੀ ਇੰਟਰਨੈਸ਼ਨਲ ਡੋਨੇਟਰ ਤੇ ਅਮਰੀਕਨ ਇੰਡੀਆ ਫਾਊਂਡੇਸ਼ਨ ਦੀ ਮੈਂਬਰ ਮਾਸ਼ਾ ਸਜਦੇ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਡਕਾਲਾ ਦੀ ਰੋਬੋਟਿਕਸ ਲੈਬ ਦਾ ਵਿਸ਼ੇਸ਼ ਦੌਰਾ ਕੀਤਾ ਗਿਆ।ਇੱਥੇ ਉਹ ਆਪਣੇ ਮਾਤਾ ਤੇ ਭਰਾ ਦੇ ਪਰਿਵਾਰ ਨਾਲ ਇੱਥੇ ਆਏ ਸਨ।ਇਸ ਮੌਕੇ ਮੁੱਖ ਮਹਿਮਾਨ ਵਜੋਂ ਸਕੂਲ ਪ੍ਰਿੰਸੀਪਲ ਸੀਮਾ ਰਾਣੀ, ਡਾਇਟ ਨਾਭਾ ਦੇ ਪ੍ਰਿੰਸੀਪਲ ਸੰਦੀਪ ਨਗਰ, ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਸੰਜੀਵ ਸ਼ਰਮਾ, ਅਮਰੀਕਨ ਇੰਡੀਆ ਫਾਊਂਡੇਸ਼ਨ ਦੇ ਨਾਰਥ ਡਾਇਰੈਕਟਰ ਮਨੀਸ਼ਾ ਤ੍ਰਿਪਾਠੀ, ਫਾਊਂਡੇਸ਼ਨ ਦੇ ਰੀਜਨਲ ਪ੍ਰੋਗਰਾਮ ਮੈਨੇਜਰ ਨਿਖਿਲ ਮਹਿਤਾ ਤੇ ਰੋਬੋਟਿਕਸ ਲੈਬ ਦੇ ਇੰਚਾਰਜ ਦਲਬੀਰ ਸਿੰਘ ਸ਼ਾਮਲ ਹੋਏ।ਇਸ ਮੌਕੇ ਮਾਸ਼ਾ ਸਜਦੇ ਨੇ ਆਪਣੇ ਪਿਤਾ ਡਾ. ਬਲਜੀਤ ਸਿੰਘ ਦੀ ਯਾਦ 'ਚ ਵਿਦਿਆਰਥੀਆਂ ਲਈ ਦਾਨ ਦਿੱਤਾ, ਜਿਸ ਤਹਿਤ ਸਕੂਲ ਦੇ ਪੰਜ ਵਿਦਿਆਰਥੀਆਂ ਨੂੰ 20,000 ਰੁਪਏ ਦੀ ਸਕਾਲਰਸ਼ਿਪ ਦਿੱਤੀ ਗਈ।ਇਸ ਮੌਕੇ ਵਿਦਿਆਰਥੀਆਂ ਵੱਲੋਂ ਰੋਬੋਟਿਕਸ ਨਾਲ ਸਬੰਧਤ ਪ੍ਰੋਗਰਾਮ ਪੇਸ਼ ਕੀਤੇ ਗਏ।

## ਸਰਬੱਤ ਦਾ ਭਲਾ ਟਰੱਸਟ ਨੇ 320 ਲੋੜਵੰਦਾਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾਕਟਰ ਐੱਸ ਪੀ ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਤੇ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ ਜਗਦੀਪ ਸਿੰਘ ਬਰਾੜ ਐੱਮ ਐੱਲ ਏ ਹਲਕਾ ਸ੍ਰੀ ਮੁਕਤਸਰ ਸਾਹਿਬ ਤੇ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ ਵਿੱਚ 320 ਲੋੜਵੰਦਾਂ ਨੂੰ ਦੋ ਲੱਖ ਪੰਜਾਹ ਹਜ਼ਾਰ ਰੁਪਏ ਦੀ ਰਾਸ਼ੀ ਤਕਸੀਮ ਕੀਤੀ ਗਈ।ਇਸ ਮੌਕੇ ਇੱਕ ਸਧਾਰਨ ਸਮਾਗਮ ਦੌਰਾਨ ਹਲਕਾ ਵਿਧਾਇਕ ਨੇ ਡਾਕਟਰ ਓਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਤੇ ਕਿਹਾ ਕਿ ਡਾਕਟਰ ਓਬਰਾਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ਨੂੰ (ਕਿਰਤ ਕਰੋ, ਵੰਡ ਛਕੋ,ਨਾਮ ਜਪੋ) ਅਪਨਾ ਕੇ ਸੱਚੇ ਦਿਲੋਂ ਮਾਨਵਤਾ ਦੀ ਸੇਵਾ ਕਰ ਰਹੇ ਹਨ।ਅਰਵਿੰਦਰਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਲੈਣ ਵਾਲੇ ਕੰਮ ਕਰਨ ਤੋਂ ਅਸਮਰਥ ਬਜ਼ੁਰਗ, ਬਜ਼ੁਰਗ ਵਿਧਵਾਵਾਂ, ਅਨਾਥ ਬੱਚੇ ਤੇ ਕਈ ਬਜ਼ੁਰਗ ਬੁਢਾਪੇ ਕਾਰਨ ਵੱਖ ਵੱਖ ਬੀਮਾਰੀਆਂ ਦੇ ਪੀੜਤ ਹਨ।ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾਕਟਰ ਓਬਰਾਏ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ, ਗੁਰਪਾਲ ਸਿੰਘ ਪਾਲੀ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਮਾਸਟਰ ਰਜਿੰਦਰ ਸਿੰਘ, ਅਸ਼ੋਕ ਕੁਮਾਰ, ਸੁਖਬੀਰ ਸਿੰਘ ਜੈਲਦਾਰ, ਰਣਧੀਰ ਸਿੰਘ ਸਾਗੂ (ਕੈਨੇਡਾ) ਮੀਡੀਆ ਅਡਵਾਈਜ਼ਰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਮੈਨੇਜਰ ਸਾਹਿਬ, ਕਰਨੈਲ ਸਿੰਘ ਰਿਟਾਇਰਡ ਲੈਕਚਰਾਰ, ਗੁਰਜੀਤ ਸਿੰਘ ਜੀਤਾ, ਸਿਮਾਸ, ਉਪਕਾਰ ਸਿੰਘ, ਵਿਕਰਮ ਪੀ ਏ, ਪਰਮਜੀਤ ਸਿੰਘ ਪੱਪਾ, ਜਸਵੀਰ ਕੌਰ ਕੱਕੇ ਸੰਧੂ ਸਰਹਾਲੀ ਕਲਾਂ ਆਦਿ ਹਾਜ਼ਰ ਸਨ।

## ਮਜ਼ਦੂਰਾਂ ਦੀਆਂ ਹੱਕੀ ਮੰਗਾਂ ਨੂੰ ਲੈ ਕੇ ਮਹਿਲ ਕਲਾਂ 'ਚ ਵਿਸ਼ਾਲ ਰੈਲੀ 27 ਨੂੰ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ)**-ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਵੱਖ ਵੱਖ ਮਜ਼ਦੂਰ ਜਥੇਬੰਦੀਆਂ ਵੱਲੋਂ ਵਿਸ਼ਾਲ ਰੈਲੀ 27 ਜੂਨ ਨੂੰ ਦਾਣਾ ਮੰਡੀ ਮਹਿਲ ਕਲਾਂ ਵਿਖੇ ਕੀਤੀ ਜਾ ਰਹੀ ਹੈ।ਇਹ ਜਾਣਕਾਰੀ ਭਾਈ ਲਾਲੋ ਪੰਜਾਬੀ ਮੰਚ ਦੇ ਕਨਵੀਨਰ ਹਰਜੀਤ ਸਿੰਘ ਖਿਆਲੀ ਨੇ ਰੈਲੀ ਦੀ ਤਿਆਰੀ ਸਬੰਧੀ ਇੱਥੇ ਗੁਰਦੁਆਰਾ ਸਾਹਿਬ ਵਿਖੇ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਦਿੱਤੀ।ਇਸ ਮੌਕੇ ਭਾਈ ਲਾਲੋ ਪੰਜਾਬੀ ਮੰਚ, ਮਜ਼ਦੂਰ ਮੁਕਤੀ ਮੋਰਚਾ, ਲਾਲ ਝੰਡਾ ਮਨਰੇਗਾ ਵਰਕਰ ਯੂਨੀਅਨ ਦੇ ਆਗੂਆਂ, ਵਰਕਰਾਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਬੋਲਦਿਆਂ ਕਾਮਰੇਡ ਗੁਰਪ੍ਰੀਤ ਸਿੰਘ ਰੂੜੇਕੇ, ਬਲਦੇਵ ਸਿੰਘ ਸਹਿਜੜਾ, ਮੇਜਰ ਸਿੰਘ ਸਹਿਜੜਾ ਨੇ ਸਮੂਹ ਕਿਰਤੀ ਲੋਕਾਂ ਨੂੰ ਲਾਮਬੰਦ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਰੈਲੀ ਦਾ ਮੁੱਖ ਮਕਸਦ ਮਨਰੇਗਾ ਤਹਿਤ ਮਜ਼ਦੂਰਾਂ ਦੇ ਲੇਖੇ ਸਮੇਂ 'ਤੇ ਕਰਮਚਾਰੀਆਂ ਦਾ ਭੁਗਤਾਨ, ਸੀ ਐੱਚ ਸੀ ਮਹਿਲ ਕਲਾਂ 'ਚ ਡਾਕਟਰਾਂ ਤੇ ਹੋਰ ਕਰਮਚਾਰੀਆਂ ਦੀਆਂ ਖਾਲੀ ਅਸਾਮੀਆਂ ਨੂੰ ਪੂਰਾ ਕਰਵਾਉਣਾ ਹੈ।ਆਗੂਆਂ ਨੇ ਕਿਹਾ ਕਿ ਕਹਿਰ ਦੀ ਮਹਿੰਗਾਈ ਦੇ ਦੌਰ ਵਿੱਚ ਰੁਜ਼ਗਾਰ ਨਾ ਮਿਲਣ ਕਾਰਨ ਮਜ਼ਦੂਰ ਪਰਿਵਾਰਾਂ ਦੇ ਚੁੱਲ੍ਹੇ ਠੰਢੇ ਹੋ ਕੇ ਰਹਿ ਗਏ ਹਨ।ਕੇਂਦਰ ਤੇ ਸੂਬਾ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਕਰਕੇ ਅੱਜ ਮਜ਼ਦੂਰ ਵਰਗ ਭੁੱਖਮਰੀ ਦੀ ਕਗਾਰ 'ਤੇ ਪਹੁੰਚ ਗਿਆ ਹੈ।ਉਨ੍ਹਾਂ ਕਿਹਾ ਕਿ ਮਜ਼ਦੂਰ ਸਰਕਾਰਾਂ ਦੀ ਝਾਕ ਛੱਡ ਕੇ ਕਿਰਤੀ ਲੋਕਾਂ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਮਜ਼ਦੂਰ ਜਥੇਬੰਦੀਆਂ ਦੀ ਅਗਵਾਈ ਹੇਠ ਆਵਾਜ਼ ਬੁਲੰਦ ਕਰਨੀ ਪਵੇਗੀ।ਇਸ ਮੌਕੇ ਆਗੂਆਂ ਨੇ ਮਜ਼ਦੂਰਾਂ ਨੂੰ ਡਿਊਟੀਆਂ ਵੰਡ ਕੇ ਕਾਫ਼ਲਿਆਂ ਦੇ ਰੂਪ ਵਿੱਚ 27 ਜੂਨ ਨੂੰ ਦਾਣਾ ਮੰਡੀ ਮਹਿਲ ਕਲਾਂ ਪਹੁੰਚਣ ਦੀ ਅਪੀਲ ਕੀਤੀ।ਇਸ ਮੌਕੇ ਪੂਰਨ ਸਿੰਘ ਗਹਿਲ, ਜਗਸੀਰ ਸਿੰਘ ਖਿਆਲੀ, ਅਮਨ ਮਾਂਗੇਵਾਲ, ਕੁਲਵੰਤ ਕੌਰ ਸੱਦੋਵਾਲ, ਦਰਸ਼ਨ ਸਿੰਘ ਸਹਿਜੜਾ, ਮੁਖਤਿਆਰ ਸਿੰਘ ਧਨੇਰ, ਬਸੰਤ ਸਿੰਘ, ਦੇਵ ਸਿੰਘ ਲੋਹਗੜ੍ਹ, ਡਾ. ਸ਼ਿੰਗਾਰਾ ਸਿੰਘ, ਅੰਮ੍ਰਿਤਪਾਲ ਸਿੰਘ, ਬਲਿਹਾਰ ਸਿੰਘ ਮੂੰਮ, ਸਿਮਰਜੀਤ ਕੌਰ, ਮਨਜੀਤ ਕੌਰ ਮਹਿਲ ਕਲਾਂ, ਅਮਨਦੀਪ ਕੌਰ ਆਦਿ ਹਾਜ਼ਰ ਸਨ।

## ਮਾਤਾ ਗੁਜਰੀ ਕਾਲਜ ਵਿਖੇ ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਲਈ ਵਜ਼ੀਫ਼ੇ ਉਪਲੱਬਧ : ਜਗਦੀਪ ਚੀਮਾ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੀ ਉੱਤਰੀ ਭਾਰਤ ਦੀ ਸਿਰਮੌਰ ਸਿੱਖਿਆ ਸੰਸਥਾ ਮਾਤਾ ਗੁਜਰੀ ਕਾਲਜ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਵਿੱਦਿਅਕ ਵਰ੍ਹੇ 2025-26 ਵਿੱਚ ਦਾਖਲਿਆਂ ਨੂੰ ਲੈ ਕੇ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।ਕਾਲਜ ਗਵਰਨਿੰਗ ਬਾਡੀ ਦੇ ਸਕੱਤਰ ਸ੍ਰ. ਜਗਦੀਪ ਸਿੰਘ ਚੀਮਾ ਨੇ ਆਪਣੀ ਖੁਸ਼ੀ ਜ਼ਾਹਰ ਕਰਦਿਆਂ ਦੱਸਿਆ ਕਿ ਕਾਲਜ ਵਿਖੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਅੰਮ੍ਰਿਤਧਾਰੀ ਸਕਾਲਰਸ਼ਿਪ, ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਆਰਥਿਕ ਪੱਖੋਂ ਕਮਜ਼ੋਰ ਤੇ ਹੋਣਹਾਰ ਵਿਦਿਆਰਥੀਆਂ ਨੂੰ ਸਰਬੱਤ ਦਾ ਭਲਾ ਵਜ਼ੀਫ਼ਾ ਤੇ ਕਾਲਜ ਸਟਾਫ਼ ਵੱਲੋਂ ਪੂਅਰ ਏਡ ਵਜ਼ੀਫ਼ਾ ਦੇਣ ਤੋਂ ਇਲਾਵਾ ਪ੍ਰੋਫੈਸ਼ਨਲ ਕੋਰਸਾਂ ਦੇ ਲੋੜਵੰਦ ਤੇ ਹੋਣਹਾਰ ਗੁਰਸਿੱਖ ਵਿਦਿਆਰਥੀਆਂ ਲਈ ਸਤਨਾਮ ਸਰਬ ਕਲਿਆਨ ਟਰੱਸਟ ਵਜ਼ੀਫ਼ਾ ਅਤੇ ਸਿੱਖ ਤੇ ਗੈਰ-ਸਿੱਖ ਲੋੜਵੰਦ ਤੇ ਹੁਸ਼ਿਆਰ ਵਿਦਿਆਰਥੀਆਂ ਲਈ ਐਜੂਕੇਟ ਪੰਜਾਬ ਪ੍ਰੋਜੈਕਟ ਆਦਿ ਵਜ਼ੀਫ਼ੇ ਉਪਲੱਬਧ ਹਨ।

ਉਨ੍ਹਾਂ ਦੱਸਿਆ ਕਿ ਲੋੜਵੰਦ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇਣ ਤੋਂ ਇਲਾਵਾ ਕਾਲਜ ਦੇ ਪੁਰਾਣੇ ਵਿਦਿਆਰਥੀਆਂ, ਸਮਾਜ ਸੇਵਕਾਂ ਤੇ ਅਧਿਆਪਕਾਂ ਵੱਲੋਂ ਵੀ ਵੱਖ-ਵੱਖ ਸਕਾਲਰਸ਼ਿਪਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਸ ਦੇ ਨਾਲ ਹੀ ਜ਼ਰੂਰਤਮੰਦ ਵਿਦਿਆਰਥੀਆਂ ਲਈ ਆਸਾਨ ਕਿਸ਼ਤਾਂ ਵਿੱਚ ਫ਼ੀਸਾਂ ਦੇਣ ਦੀ ਸਹੂਲਤ ਵੀ ਉਪਲੱਬਧ ਹੈ।ਇਸ ਮੌਕੇ ਕਾਲਜ ਦੇ ਵਾਈਸ ਪ੍ਰਿੰਸੀਪਲ ਤੇ ਐਡਮਿਸ਼ਨ ਕੋਆਰਡੀਨੇਟਰ ਡਾ. ਬਿਕਰਮਜੀਤ ਸਿੰਘ ਨੇ ਦੱਸਿਆ ਕਿ ਕਾਲਜ ਦਾ ਦਾਖ਼ਲਾ ਸੈੱਲ ਵਿਦਿਆਰਥੀਆਂ ਦੀ ਸਹੂਲਤ ਲਈ ਹਰ ਸ਼ਨੀਵਾਰ ਤੇ ਗਜ਼ਟਿਡ ਛੁੱਟੀ ਵਾਲੇ ਦਿਨ ਵੀ ਖੁੱਲ੍ਹਾ ਰਹਿੰਦਾ ਹੈ।ਇਸ ਮੌਕੇ ਕਾਲਜ ਦੇ ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ ਤੇ ਡਾ. ਜਗਦੀਸ਼ ਸਿੰਘ ਹਾਜ਼ਰ ਸਨ।ਵਰਣਨਯੋਗ ਹੈ ਕਿ ਕਾਲਜ ਵਿਖੇ ਉੱਚ ਕੋਟੀ ਦੀਆਂ ਖੇਡ ਸਹੂਲਤਾਂ ਪ੍ਰਦਾਨ ਕਰਨ ਲਈ ਖੇਡ ਸਟੇਡੀਅਮ, ਲੜਕੀਆਂ ਤੇ ਲੜਕਿਆਂ ਦੇ ਵੱਖੋ-ਵੱਖਰੇ ਹੋਸਟਲ ਤੇ ਪਲੇਸਮੈਂਟ ਸੈੱਲ ਵੀ ਕਾਰਜਸ਼ੀਲ ਹੈ।

## ਸ਼੍ਰੋਮਣੀ ਸਾਹਿਤਕਾਰ ਇਨਸਾਫ਼ ਦੀ ਉਡੀਕ 'ਚ !

**ਬਠਿੰਡਾ (ਬਖਤੌਰ ਢਿੱਲੋਂ)**-ਕਰੀਬ ਇੱਕ ਮਹੀਨੇ ਦਾ ਸਮਾਂ ਲੰਘ ਜਾਣ ਦੇ ਬਾਵਜੂਦ ਪੁਲਸ ਨਾ ਤਾਂ ਸ਼੍ਰੋਮਣੀ ਸਾਹਿਤਕਾਰ ਸ੍ਰੀ ਅਤਰਜੀਤ ਕਹਾਣੀਕਾਰ ਦੇ ਚੋਰੀ ਹੋਏ ਡਾਲਰ ਬਰਾਮਦ ਕਰਵਾ ਸਕੀ ਹੈ ਅਤੇ ਨਾ ਹੀ ਕਥਿਤ ਦੋਸ਼ੀ ਵਿਰੁੱਧ ਕੋਈ ਕਾਰਵਾਈ ਕੀਤੀ ਗਈ ਹੈ। ਸ੍ਰੀ ਅਤਰਜੀਤ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਉਸਾਰੀ ਦਾ ਕੰਮ ਚਲਦਾ ਸੀ, ਪਰ ਉਮਰ ਜ਼ਿਆਦਾ ਤੇ ਬੀਮਾਰ ਹੋਣ ਸਦਕਾ ਉਸ ਦਾ ਬਹੁਤਾ ਕੰਮ ਮਿਸਤਰੀ 'ਤੇ ਹੀ ਨਿਰਭਰ ਸੀ। ਉਸਾਰੀ ਦਾ ਸਾਮਾਨ ਖਰੀਦ ਕੇ ਲਿਆਉਣ ਸੰਬੰਧੀ ਅਸਮਰੱਥਤਾ ਹੋਣ ਕਾਰਨ ਉਸ ਨੇ ਮਿਸਤਰੀ ਗੁਰਪ੍ਰੀਤ ਸਿੰਘ ਨੂੰ ਰਕਮ ਦੇ ਕੇ ਭੇਜਿਆ, ਪਰ ਉਹ ਇਸ ਰਕਮ 'ਚੋਂ ਕੁੱਝ ਰਕਮ ਖੁਰਦ ਬੁਰਦ ਕਰ ਗਿਆ। ਇਸ ਤੋਂ ਬਾਅਦ ਉਸ ਨੇ ਉਨ੍ਹਾਂ ਦੇ ਘਰ ਰੱਖੇ ਕੁੱਝ ਅਮਰੀਕਨ ਡਾਲਰ ਵੀ ਚੋਰੀ ਕਰ ਲਏ। ਜਦ ਪਤਾ ਲੱਗਣ 'ਤੇ ਇਸ ਬਾਰੇ ਗੱਲ ਕੀਤੀ ਤਾਂ ਮਿਸਤਰੀ ਗੁਰਪ੍ਰੀਤ ਸਿੰਘ ਧਮਕੀਆਂ ਦੇਣ ਲੱਗ ਪਿਆ। ਉਨ੍ਹਾਂ ਦੱਸਿਆ ਕਿ ਆਖ਼ਰ ਪੁਲਸ ਚੌਕੀ ਸਿਵਲ ਹਸਪਤਾਲ ਵਿਖੇ ਗੁਰਪ੍ਰੀਤ ਸਿੰਘ ਵਿਰੁੱਧ 26 ਮਈ ਨੂੰ ਸ਼ਿਕਾਇਤ ਦਰਜ ਕਰਵਾ ਦਿੱਤੀ। ਇਸ ਉਪਰੰਤ ਰਕਮ ਖੁਰਦ-ਬੁਰਦ ਦਾ ਮਾਮਲਾ ਸਪੱਸ਼ਟ ਹੋਣ 'ਤੇ ਉਹ ਕੁੱਝ ਰਕਮ ਵਾਪਸ ਦੇਣੀ ਮੰਨ ਵੀ ਗਿਆ, ਪਰ ਚੋਰੀ ਹੋਏ ਡਾਲਰਾਂ ਬਾਰੇ ਉਸ ਨੇ ਚੁੱਪ ਵੱਟ ਲਈ। ਸ੍ਰੀ ਅਤਰਜੀਤ ਸਿੰਘ ਨੇ ਦੱਸਿਆ ਕਿ ਕਰੀਬ ਇੱਕ ਮਹੀਨਾ ਬੀਤ ਜਾਣ ਦੇ ਬਾਵਜੂਦ ਪੁਲਸ ਅਜੇ ਤੱਕ ਡਾਲਰ ਬਰਾਮਦ ਨਹੀਂ ਕਰਵਾ ਸਕੀ ਅਤੇ ਨਾ ਹੀ ਕਥਿਤ ਦੋਸ਼ੀ ਵਿਰੁੱਧ ਕੋਈ ਕਾਰਵਾਈ ਕੀਤੀ ਗਈ ਹੈ। ਬਜ਼ੁਰਗ ਸਾਹਿਤਕਾਰ ਨਿਰਾਸ਼ਾ ਦੇ ਆਲਮ ਵਿੱਚ ਇਨਸਾਫ਼ ਦੀ ਉਡੀਕ ਕਰ ਰਿਹਾ ਹੈ, ਪਰ ਮਿਲੇਗਾ ਕਦੋਂ ? ਇਹ ਇੱਕ ਬੁਝਾਰਤ ਬਣਿਆ ਹੋਇਆ ਹੈ।

## ਨਬਾਲਿਗ ਲੜਕੀ ਨਾਲ ਜਬਰ ਜ਼ਨਾਹ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਨਾਬਾਲਗ ਪਰਵਾਸੀ ਲੜਕੀ ਨਾਲ ਉਸ ਦੇ ਰਿਸ਼ਤੇਦਾਰ ਨੌਜਵਾਨ ਵੱਲੋਂ ਜ਼ਬਰਦਸਤੀ ਸਰੀਰਕ ਸਬੰਧ ਬਣਾਉਣ ਤੇ ਕਿਸੇ ਨੂੰ ਦੱਸਣ 'ਤੇ ਜਾਨੋਂ ਮਾਰਨ ਦੀ ਧਮਕੀ ਦੇਣ ਦੇ ਦੋਸ਼ ਹੇਠ ਸਦਰ ਪੁਲਸ ਨੇ ਲਵਲੇਸ਼ ਪੁੱਤਰ ਸੇਵਤਾਰ ਵਾਸੀ ਪਿੰਡ ਉਰਨ (ਉੱਤਰ ਪ੍ਰਦੇਸ਼) ਹਾਲ ਅਬਾਦ ਆਰਾਈ ਮਾਜਰਾ ਖਿਲਾਫ ਪਾਸਕੋ ਐਕਟ ਤੇ ਭਾਰਤੀ ਦੰਡ ਸਹਾਇਤਾ ਦੀਆਂ ਹੋਰ ਧਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ।ਮਾਮਲੇ ਦੀ ਜਾਂਚ ਕਰ ਰਹੇ ਪੁਲਸ ਅਧਿਕਾਰੀ ਗੁਰਦੇਵ ਸਿੰਘ ਨੇ ਦੱਸਿਆ ਕਿ ਪੀੜਤਾ ਦੀ ਮਾਂ ਵੱਲੋਂ ਦਰਜ ਕਰਾਈ ਸ਼ਿਕਾਇਤ ਅਨੁਸਾਰ ਦੋ ਮਹੀਨੇ ਪਹਿਲਾਂ ਉਹ ਆਪਣੇ ਪਿੰਡ ਉੱਤਰ ਪ੍ਰਦੇਸ਼ ਗਈ ਹੋਈ ਸੀ, ਘਰ ਵਾਪਸ ਆਉਣ 'ਤੇ ਉਸ ਦੀ 15 ਸਾਲਾ ਧੀ ਨੇ ਦੱਸਿਆ ਕਿ ਜਦੋਂ ਉਸ ਦਾ ਪਿਤਾ ਵੀ ਉੱਤਰ ਪ੍ਰਦੇਸ਼ ਗਿਆ ਹੋਇਆ ਸੀ ਤਾਂ ਮੁਲਜ਼ਮ ਨੇ ਜ਼ਬਰਦਸਤੀ ਉਸ ਨਾਲ ਸਰੀਰਕ ਸਬੰਧ ਬਣਾਏ। ਇਸੇ ਤਰ੍ਹਾਂ ਮੁਲਜ਼ਮ ਉਸ ਨੂੰ ਧਮਕੀ ਦੇ ਕੇ ਜਬਰ ਜ਼ਨਾਹ ਕਰਦਾ ਰਿਹਾ।ਜਾਂਚ ਅਧਿਕਾਰੀ ਮੁਤਾਬਕ ਪੀੜਤਾ ਦੀ ਸਥਾਨਕ ਹਸਪਤਾਲ ਵਿੱਚੋਂ ਮੈਡੀਕਲ ਜਾਂਚ ਕਰਵਾਈ ਗਈ ਤੇ ਮੈਜਿਸਟਾਰ ਮਜਿਸਟਰੇਟ ਪਾਸ ਬਿਆਨ ਵੀ ਦਰਜ ਕਰਵਾਏ ਗਏ।ਜਾਂਚ ਅਧਿਕਾਰੀ ਨੇ ਮੁਲਜ਼ਮ ਨੂੰ ਜਲਦੀ ਗ੍ਰਿਫਤਾਰ ਕਰਨ ਦਾ ਭਰੋਸਾ ਦਿੱਤਾ।

## ਮੁੱਖ ਮੰਤਰੀ ਨੇ ਬੁਢਲਾਡਾ 'ਚ ਨਵੀਂ ਅਨਾਜ ਮੰਡੀ ਬਣਾਉਣ ਦਾ ਵਾਅਦਾ ਪੂਰਾ ਕੀਤਾ : ਬੁੱਧ ਰਾਮ

- ਬੁਢਲਾਡਾ ਵਾਸੀਆਂ ਦੀ ਚਿਰੋਕਣੀ ਮੰਗ ਹੋਈ ਪੂਰੀ, ਜਲਦ ਸ਼ੁਰੂ ਹੋਵੇਗਾ ਨਵੀਂ ਅਨਾਜ ਮੰਡੀ ਦਾ ਕੰਮ



**ਬੁਢਲਾਡਾ (ਅਸ਼ੋਕ ਲਾਕੜਾ)**-ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਨੇ ਆਪਣੀ ਬੁਢਲਾਡਾ ਫੇਰੀ ਦੌਰਾਨ ਇੱਥੇ ਨਵੀਂ ਅਨਾਜ ਮੰਡੀ ਬਣਾਉਣ ਦਾ ਕੀਤਾ ਵਾਅਦਾ ਪੂਰਾ ਕਰ ਦਿੱਤਾ ਹੈ।ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰ. ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦਾ ਇਸ ਕਾਰਜ ਲਈ ਧੰਨਵਾਦ ਕਰਦਿਆਂ ਵਿਧਾਇਕ ਹਲਕਾ ਬੁਢਲਾਡਾ ਪ੍ਰਿੰਸੀਪਲ ਸ੍ਰ. ਬੁੱਧ ਰਾਮ ਨੇ ਕਿਹਾ ਕਿ ਹਲਕਾ ਵਾਸੀਆਂ ਦੀ ਚਿਰੋਕਣੀ ਮੰਗ ਪੂਰੀ ਹੋਈ ਹੈ, ਇਸ ਇਤਿਹਾਸਕ ਪ੍ਰਾਪਤੀ 'ਤੇ ਹਲਕਾ ਵਾਸੀਆਂ ਨੂੰ ਵਧਾਈ ਦਿੰਦੇ ਹਨ। ਵਿਧਾਇਕ ਨੇ ਕਿਹਾ ਕਿ ਭੀਖੀ ਤੋਂ ਬੁਢਲਾਡਾ ਕੌਮੀ ਮਾਰਗ 'ਤੇ ਸਥਿਤ ਇਹ 51.01 ਏਕੜ ਪੁੱਡਾ ਦੀ ਜਗ੍ਹਾ ਜਿਸ ਦੀ ਕੀਮਤ 33.31 ਕਰੋੜ ਰੁਪਏ ਸੀ, ਹੁਣ ਪੰਜਾਬ ਸਰਕਾਰ ਨੇ ਮੰਡੀਕਰਨ ਬੋਰਡ ਅਧੀਨ ਇਹ ਜ਼ਮੀਨ ਦੀ ਰਜਿਸਟਰੀ ਕਰਵਾ ਲਈ ਹੈ।ਇਸ ਜ਼ਮੀਨ 'ਤੇ ਨਵੀਂ ਅਨਾਜ ਮੰਡੀ ਦੀ ਉਸਾਰੀ ਕੀਤੀ ਜਾਵੇਗੀ।ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਵਿਕਾਸ ਲਈ ਉਲੀਕੇ ਮਾਡਲ ਵਿੱਚ ਇਹ ਪ੍ਰਾਪਤੀ ਇਕ ਸੁਨਹਿਰੀ ਮੀਲ ਪੱਥਰ ਸਿੱਧ ਹੋਵੇਗੀ।ਉਨ੍ਹਾਂ ਕਿਹਾ ਕਿ ਨਵੀਂ ਅਨਾਜ ਮੰਡੀ ਦਾ ਕੰਮ ਛੇਤੀ ਸ਼ੁਰੂ ਹੋ ਜਾਵੇਗਾ।ਇਸ ਨਾਲ ਆੜ੍ਹਤੀਆਂ, ਵਪਾਰੀਆਂ ਕਿਸਾਨਾਂ, ਮਜ਼ਦੂਰਾਂ, ਪੱਲੇਦਾਰਾਂ, ਟਰਾਂਸਪੋਰਟ ਯੂਨੀਅਨਾਂ ਆਦਿ ਨੂੰ ਬਹੁਤ ਫਾਇਦਾ ਹੋਵੇਗਾ।ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਉਨ੍ਹਾਂ ਦੇ ਇਸ ਪ੍ਰੋਜੈਕਟ ਦਾ ਸੁਪਨਾ ਪੂਰਾ ਕਰਨ ਲਈ ਉਹ ਧੰਨਵਾਦ ਕਰਦੇ ਹਨ।ਇਸ ਮੌਕੇ ਐੱਸ ਡੀ ਐੱਮ ਬੁਢਲਾਡਾ ਗਗਨਦੀਪ ਸਿੰਘ, ਚੇਅਰਮੈਨ ਮਾਰਕੀਟ ਕਮੇਟੀ ਬੁਢਲਾਡਾ ਸਤੀਸ਼ ਸਿੰਗਲਾ, ਚੇਅਰਮੈਨ ਕੋਆਪਰੇਟਿਵ ਸੁਸਾਇਟੀ ਸੋਹਣਾ ਸਿੰਘ ਕਲੀਪੁਰ ਆਦਿ ਮੌਜੂਦ ਸਨ।

## ਕਾਉਂਕੇ 'ਚ ਪੀਰ ਬਾਬਾ ਰੌਸ਼ਨ ਸ਼ਾਹ ਦਾ ਮੇਲਾ ਤੇ ਭੰਡਾਰਾ ਕਰਵਾਇਆ

**ਗਾਇਕ ਜੋੜੀ ਬਿੱਟੂ ਖੰਨੇਵਾਲਾ ਤੇ ਹਰਲੀਨ ਅਖਤਰ ਸਮੇਤ ਅਨੇਕਾਂ ਕਲਾਕਾਰਾਂ ਨੇ ਲਗਵਾਈ ਹਾਜ਼ਰੀ**



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬੇਟ ਇਲਾਕੇ ਦੇ ਪਿੰਡ ਕਾਉਂਕੇ ਵਿਖੇ ਪੀਰ ਬਾਬਾ ਰੌਸ਼ਨ ਸ਼ਾਹ ਜੀ ਦਾ ਸਾਲਾਨਾ ਮੇਲਾ ਤੇ ਭੰਡਾਰਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਵੇਰ ਸਮੇਂ ਪੀਰ ਬਾਬਾ ਰੌਸ਼ਨ ਸ਼ਾਹ ਜੀ ਦੀ ਮਜ਼ਾਰ 'ਤੇ ਮੁੱਖ ਸੇਵਾਦਾਰ ਬਾਬਾ ਬੂਟਾ ਸਿੰਘ, ਨਗਰ ਨਿਵਾਸੀਆਂ ਤੇ ਪ੍ਰਬੰਧਕ ਕਮੇਟੀ ਵੱਲੋਂ ਚਾਦਰ ਚੜ੍ਹਾਈ ਗਈ। ਮੇਲੇ ਵਿੱਚ ਸੰਗੀਤਕਾਰ ਸੁਰਿੰਦਰ ਬੱਬੂ ਦੀ ਅਗਵਾਈ ਵਿੱਚ ਕੱਵਾਲ ਲਾਲੀ ਹੰਸ ਨੇ ਸੂਫ਼ੀਆਨਾ ਮਹਿਫਲ ਸਜਾਈ। ਗਾਇਕ ਜੋੜੀ ਮਹਿੰਦਰ ਮਿੰਦੀ ਤੇ ਸਿੰਮੀ ਰੰਧਾਵਾਂ ਤੇ ਗੀਤਾਂ ਤੋਂ ਬਾਅਦ ਗਾਇਕ ਜੋੜੀ ਬਿੱਟੂ ਖੰਨੇਵਾਲਾ ਤੇ ਹਰਲੀਨ ਅਖਤਰ ਨੇ 'ਸਾਈਂ 'ਤੇ ਸਦੀਕ ਸੱਦਣਾ, ਨਿੱਤ ਨਿੱਤ ਨੀਂ ਬੁੜੇ ਨੇ ਮਰਨਾ ਤੇ ਲੀਡਰਾਂ ਪੰਜਾਬ ਲੁੱਟਿਆ, ਮੈਨੂੰ ਤੂੰ ਲੁੱਟਿਆ ਮੁਟਿਆਰੇ' ਆਦਿ ਗੀਤ ਗਾ ਕੇ ਮੇਲੀਆਂ ਦਾ ਮਨੋਰੰਜਨ ਕੀਤਾ। ਮੇਲੇ 'ਚ ਪੁੱਜੇ ਕਲਾਕਾਰਾਂ ਨੂੰ ਮੁੱਖ ਸੇਵਾਦਾਰ ਬਾਬਾ ਬੂਟਾ ਸਿੰਘ, ਜਸਪਾਲ ਸਿੰਘ ਪ੍ਰਧਾਨ, ਗੁਰਦੇਵ ਸਿੰਘ ਫੌਜੀ ਖਜ਼ਾਨਚੀ, ਅਵਤਾਰ ਸਿੰਘ ਕਾਉਂਕੇ ਗੀਤਕਾਰ, ਸਾਬਕਾ ਸਰਪੰਚ ਪੂਰਨ ਸਿੰਘ, ਬੂਟਾ ਸਿੰਘ ਕੋਰੀਆ, ਨਿਰਮਲ ਸਿੰਘ ਬਿੱਟੂ, ਬਾਬਾ ਗੁਰਦੇਵ ਸਿੰਘ, ਮਹਿੰਦਰ ਸਿੰਘ, ਜੋਗਾ ਸਿੰਘ, ਨਾਜਰ ਸਿੰਘ ਆਸਟ੍ਰੀਆ, ਗੁਰਦੇਵ ਸਿੰਘ, ਵਲੈਤ ਸਿੰਘ, ਸੁੱਚਾ ਸਿੰਘ ਯੂਐੱਸਏ, ਰਿੰਕਾ ਅਮਰੀਕਾ, ਸੋਨੀ ਅਮਰੀਕਾ ਨੇ ਸਨਮਾਨਤ ਕੀਤਾ। ਆਈਆਂ ਸੰਗਤਾਂ ਲਈ ਠੰਢੇ-ਮਿੱਠੇ ਪਾਣੀ ਦੀ ਛਬੀਲ ਤੇ ਅਤੁੱਟ ਲੰਗਰ ਵਰਤਾਏ ਗਏ। ਮੇਲੇ ਦੇ ਅਖੀਰ ਵਿੱਚ ਪ੍ਰਧਾਨ ਜਸਪਾਲ ਸਿੰਘ ਨੇ ਮੇਲੇ 'ਚ ਪੁੱਜੇ ਕਲਾਕਾਰਾਂ, ਸੰਗਤਾਂ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।

## ਔਰਤ ਦੀ ਲਾਸ਼ ਮਿਲਣ 'ਤੇ ਪਤੀ, ਸੱਸ ਸਣੇ 3 'ਤੇ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਪਿੰਡ ਚੱਕ ਪਾਲੀਵਾਲਾ ਉਰਫ ਮੋਹਲਾ ਵਿਖੇ ਖੇਤਾਂ ਵਿੱਚੋਂ ਇੱਕ ਔਰਤ ਦੀ ਲਾਸ਼ ਮਿਲਣ 'ਤੇ ਪਤੀ ਤੇ ਸੱਸ ਸਣੇ 3 ਲੋਕਾਂ ਵਿਰੁੱਧ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ-ਐੱਸ.ਐੱਚ.ਓ. ਪਰਮਜੀਤ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਦਵਿੰਦਰ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਪਾਲੀਵਾਲਾ ਵੱਲੋਂ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਉਸ ਦੀ (ਮੁੱਦਈ) ਭੈਣ ਕਿਰਨਾ ਰਾਣੀ ਦੀ ਲਾਸ਼ ਪਿੰਡ ਚੱਕ ਪਾਲੀਵਾਲਾ ਉਰਫ ਮੋਹਲਾ ਵਾਲਾ ਦੇ ਖੇਤ ਵਿੱਚੋਂ ਮਿਲੀ ਹੈ, ਜਿਸ 'ਤੇ ਸ਼ਿਕਾਇਤਕਰਤਾ ਦਵਿੰਦਰ ਸਿੰਘ ਦੁਆਰਾ ਦਰਜ ਕਰਵਾਏ ਗਏ ਬਿਆਨਾਂ ਦੇ ਅਧਾਰ 'ਤੇ ਥਾਣਾ ਵੈਰੋਕੇ ਵਿਖੇ ਮ੍ਰਿਤਕ ਔਰਤ ਦੇ ਪਤੀ ਵਿਕਰਮ ਸਿੰਘ ਪੁੱਤਰ ਹਰਬੰਸ ਸਿੰਘ, ਸੱਸ ਬੌਬੀ ਪਤਨੀ ਹਰਬੰਸ ਸਿੰਘ ਤੇ ਮੰਗਲ ਸਿੰਘ ਉਰਫ ਬਾਬਾ ਵਾਸੀਆਨ ਮੁਹੰਮਦ ਪੀਰਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।

## ਸ਼ੋਕ ਸਮਾਚਾਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਦਵਿੰਦਰ ਸਿੰਘ ਗਿੱਲ ਦੇ ਪਿਤਾ ਮਲਕੀਤ ਸਿੰਘ ਗਿੱਲ, ਜਿਨ੍ਹਾਂ ਦਾ ਪਿਛਲੇ ਦਿਨੀਂ ਇਟਲੀ ਵਿਖੇ ਦਿਹਾਂਤ ਹੋ ਗਿਆ ਸੀ, ਉਨ੍ਹਾਂ ਨਮਿੱਤ ਭੋਗ ਤੇ ਅੰਤਿਮ ਅਰਦਾਸ 22 ਜੂਨ ਐਤਵਾਰ ਨੂੰ ਇਤਿਹਾਸਕ ਗੁਰਦੁਆਰਾ ਸ੍ਰੀ ਗਨੀ ਖਾਂ ਨਬੀ ਖਾਂ ਸਾਹਿਬ ਮਾਛੀਵਾੜਾ ਵਿਖੇ 12 ਤੋਂ 1 ਵਜੇ ਤੱਕ ਹੋਵੇਗੀ।



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿਛਲੇ ਦਿਨੀਂ ਸਤਲੁਜ ਦਰਿਆ ਵਿੱਚ ਡੁੱਬਣ ਕਾਰਨ ਨੌਜਵਾਨ ਗੁਰਮੀਤ ਸਿੰਘ ਬਿਲਿੰਗ (ਰਾਜੂ) ਦੀ ਮੌਤ ਹੋ ਗਈ ਸੀ। ਇਸ ਮ੍ਰਿਤਕ ਨੌਜਵਾਨ ਨਮਿੱਤ ਸਹਿਜ ਪਾਠ ਦਾ ਭੋਗ ਤੇ ਅੰਤਿਮ ਅਰਦਾਸ 22 ਜੂਨ ਐਤਵਾਰ ਨੂੰ ਪਿੰਡ ਬਲੀਏਵਾਲ ਦੇ ਗੁਰਦੁਆਰਾ ਸਾਹਿਬ ਵਿਖੇ 12 ਤੋਂ 1 ਵਜੇ ਤੱਕ ਹੋਵੇਗੀ।

## ਘੁਬਾਇਆ ਨੇ ਐੱਫ ਸੀ ਆਈ ਪੰਜਾਬ ਸਲਾਹਕਾਰ ਕਮੇਟੀ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ

- ਵੱਖ-ਵੱਖ ਸਰਕਲਾਂ ਦੇ ਕਾਂਗਰਸੀ ਆਗੂਆਂ ਤੇ ਵਰਕਰਾਂ ਨੇ ਦਿੱਤੀ ਵਧਾਈ



**ਜਲਾਲਾਬਾਦ (ਜੰਗੀਰ ਕੌਰ ਫਲੀਆਂਵਾਲਾ/ਜੀਤ ਕੁਮਾਰ)**-ਭਾਰਤ ਸਰਕਾਰ ਨੇ ਫਿਰੋਜ਼ਪੁਰ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਨੂੰ ਬੀਤੇ ਦਿਨ ਭਾਰਤੀ ਖੁਰਾਕ ਨਿਗਮ (ਐੱਫਸੀਆਈ) ਪੰਜਾਬ ਸਲਾਹਕਾਰ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ। ਅੱਜ ਐੱਫ ਸੀ ਆਈ ਸਲਾਹਕਾਰ ਕਮੇਟੀ ਦੇ ਚੇਅਰਮੈਨ ਦਾ ਅਹੁਦਾ ਸੰਭਾਲਣ ਲਈ ਤਾਜਪੋਸ਼ੀ ਸਮਾਰੋਹ ਚੰਡੀਗੜ੍ਹ ਵਿੱਚ ਕੀਤਾ ਗਿਆ, ਜਿਸ ਦੌਰਾਨ ਵੱਡੀ ਗਿਣਤੀ ਵਿੱਚ ਕਾਂਗਰਸੀ ਆਗੂਆਂ ਦੇ ਨਾਲ-ਨਾਲ ਵੱਖ-ਵੱਖ ਸਰਕਲਾਂ ਦੇ ਵਰਕਰਾਂ ਨੇ ਸ਼ਿਰਕਤ ਕੀਤੀ ਅਤੇ ਉਨ੍ਹਾਂ ਨੂੰ ਗੁਲਦਸਤੇ ਭੇਟ ਕਰਕੇ ਵਧਾਈ ਦਿੱਤੀ।

ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਨੇ ਐੱਫਸੀਆਈ ਪੰਜਾਬ ਸਲਾਹਕਾਰ ਕਮੇਟੀ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ। ਇਸ ਮੌਕੇ ਸਾਬਕਾ ਮੰਤਰੀ ਹੰਸਰਾਜ ਜੋਸਨ, ਸਾਬਕਾ ਵਿਧਾਇਕ ਪਰਮਿੰਦਰ ਸਿੰਘ ਪਿੰਕੀ ਫਿਰੋਜ਼ਪੁਰ, ਰੁਪਿੰਦਰ ਕੌਰ ਰੂਬੀ ਮਲੋਟ ਹਲਕਾ, ਰਜਿੰਦਰ ਕੌਰ ਬੱਲੂਆਣਾ ਹਲਕਾ, ਆਸ਼ੂ ਬਾਗੜ ਫਿਰੋਜ਼ਪੁਰ ਦਿਹਾਤੀ ਹਲਕਾ, ਪ੍ਰੀਤਮ ਸਿੰਘ ਕੋਟਭਾਈ ਸਾਬਕਾ ਵਿਧਾਇਕ, ਹਰਚਰਨ ਸਿੰਘ ਸੋਥਾ, ਜ਼ਿਲ੍ਹਾ ਫਾਜ਼ਿਲਕਾ ਦੇ ਪ੍ਰਧਾਨ ਦਵਿੰਦਰ ਸਿੰਘ ਘਬਾਇਆ ਸਾਬਕਾ ਵਿਧਾਇਕ, ਵਰਿੰਦਰ ਸਿੰਘ ਘਾਬਾ ਸਾਬਕਾ ਵਿਧਾਇਕ, ਵਰਿੰਦਰ ਸਿੰਘ ਘਾਬਾ ਸਾਬਕਾ ਵਿਧਾਇਕ, ਵਰਿੰਦਰ ਸਿੰਘ ਘੁਬਾਇਆ, ਅੰਕਿਤ ਨਾਗਪਾਲ, ਪਵਨ, ਗਗਨਦੀਪ ਸਿੰਘ ਬੌਬੀ, ਸੁਧੀਰ ਹਰਪ੍ਰੀਤ ਸਿੰਘ ਸਿੱਧੂ, ਅੰਮ੍ਰਿਤ ਪਾਲ ਸਿੰਘ ਨੀਲਾ ਮਦਾਨ, ਮਿੰਟੂ ਕਾਮਰਾ, ਸੋਨੂੰ ਦਰਗਨ, ਬਰਜਿੰਦਰ ਕੌਰ, ਸੁਰਿੰਦਰ ਕੰਬੋਜ ਪ੍ਰਧਾਨ, ਰੂਬੀ ਗਿੱਲ, ਮਨਜਿੰਦਰ ਸਿੰਘ ਸ਼ੀਨਾ, ਛਿੰਦਰ ਸਿੰਘ ਮਹਾਲਮ, ਦਰਸ਼ਨ ਵਾਟਸ, ਵਿੱਕੀ ਕੌਂਸਲਰ, ਬਲਵਿੰਦਰ ਸਿੰਘ ਪੱਪੂ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸ ਪਾਰਟੀ ਦੇ ਵਰਕਰ ਹਾਜ਼ਰ ਸਨ। ਅਹੁਦਾ ਸੰਭਾਲਣ ਤੋਂ ਬਾਅਦ ਸ੍ਰ. ਸ਼ੇਰ ਸਿੰਘ ਘੁਬਾਇਆ ਨੇ ਸੋਨੀਆ ਗਾਂਧੀ, ਰਾਹੁਲ ਗਾਂਧੀ, ਕਾਂਗਰਸ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਮਲਿਕ ਅਰਜਨ ਖੜਗੇ, ਕਾਂਗਰਸ ਪਾਰਟੀ ਪੰਜਾਬ ਪ੍ਰਦੇਸ਼ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਸਮੁੱਚੀ ਕਾਂਗਰਸ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕੀਤਾ।

## ਡਾ. ਦੇਵ ਪ੍ਰਕਾਸ਼ ਚੌਧਰੀ ਇਟਲੀ 'ਚ ਡੇਵਿਡ ਸੁਦਰਲੈਂਡ ਐਵਾਰਡ ਨਾਲ ਸਨਮਾਨਤ




**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਦੇ ਡਿਪਾਰਟਮੈਂਟ ਆਫ ਰੀਨਲ ਟ੍ਰਾਂਸਪਲਾਂਟ ਸਰਜਰੀ ਦੇ ਅਸਿਸਟੈਂਟ ਪ੍ਰੋਫੈਸਰ ਡਾ. ਦੇਵ ਪ੍ਰਕਾਸ਼ ਚੌਧਰੀ ਨੂੰ ਇਟਲੀ ਦੇ ਪੀਸਾ ਸ਼ਹਿਰ ਵਿੱਚ ਹੋਏ ਇੰਟਰਨੈਸ਼ਨਲ ਪੈਂਕਰੀਆਸ ਐਂਡ ਆਇਸਲੈਟ ਟ੍ਰਾਂਸਪਲਾਂਟ ਐਸੋਸੀਏਸ਼ਨ ਦੀ 20ਵੀਂ ਵਿਸ਼ਵ ਕਾਨਫਰੰਸ ਦੌਰਾਨ ਡੇਵਿਡ ਸੁਦਰਲੈਂਡ ਡਿਸਟਿੰਗੁਇਸ਼ਡ ਸਕਾਲਰਸ਼ਿਪ ਐਵਾਰਡ ਨਾਲ ਨਵਾਜਿਆ ਗਿਆ।ਇਸ ਉਪਲੱਬਧੀ ਦੀ ਸਰਾਹਨਾ ਕਰਦਿਆਂ ਡਾਇਰੈਕਟਰ ਪ੍ਰੋ. ਵਿਵੇਕ ਲਾਲ ਨੇ ਕਿਹਾ ਕਿ ਡਾ. ਚੌਧਰੀ ਨੂੰ ਮਿਲਿਆ ਡੇਵਿਡ ਸੁਦਰਲੈਂਡ ਐਵਾਰਡ ਪੀਜੀਆਈ ਦੀ ਟ੍ਰਾਂਸਪਲਾਂਟ ਇਨੋਵੇਸ਼ਨ ਵਿੱਚ ਵਿਸ਼ਵ ਪੱਧਰੀ ਅਗਵਾਈ ਦਾ ਸਬੂਤ ਪੇਸ਼ ਕਰਦਾ ਹੈ।ਪੈਂਕਰੀਆਸ ਟ੍ਰਾਂਸਪਲਾਂਟੇਸ਼ਨ ਵਿੱਚ ਉਨ੍ਹਾਂ ਦੀ ਅਗਵਾਈ ਵਾਲਾ ਕੰਮ ਮਰੀਜ਼ ਦੀ ਦੇਖਭਾਲ ਤੇ ਖੋਜ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਇਹ ਮੰਨਿਆ ਪ੍ਰਮੰਨਿਆ ਐਵਾਰਡ ਮਰਹੂਮ ਡਾ. ਡੇਵਿਡ ਸੁਦਰਲੈਂਡ, ਜੋ ਕਿ ਪੈਂਕਰੀਆਸ ਟ੍ਰਾਂਸਪਲਾਂਟ ਦੇ ਜਨਕ ਮੰਨੇ ਜਾਂਦੇ ਹਨ, ਦੇ ਨਾਮ 'ਤੇ ਰੱਖਿਆ ਗਿਆ ਹੈ ਤੇ ਹਰ ਦੋ ਸਾਲਾਂ ਵਿੱਚ ਉਸ ਯੁਵਾ ਟ੍ਰਾਂਸਪਲਾਂਟ ਸਰਜਨ ਨੂੰ ਦਿੱਤਾ ਜਾਂਦਾ ਹੈ, ਜੋ ਕਿ ਕਲੀਨੀਕਲ ਹੁਨਰ ਤੇ ਖੋਜ ਵਿੱਚ ਉੱਚ ਮਿਆਰੀ ਦਾ ਪ੍ਰਦਰਸ਼ਨ ਕਰਦਾ ਹੈ।

ਇਸ ਐਵਾਰਡ ਰਾਹੀਂ ਡਾ. ਚੌਧਰੀ ਨੂੰ ਵਿਸ਼ਵ ਦੀਆਂ ਤਿੰਨ ਪ੍ਰਮੁੱਖ ਟ੍ਰਾਂਸਪਲਾਂਟ ਸੈਂਟਰਾਂ (ਯੂਨੀਵਰਸਿਟੀ ਆਫ ਮਿਨੇਸੋਟਾ, ਯੂਨੀਵਰਸਿਟੀ ਆਫ ਪੈਨਸਿਲਵੇਨੀਆ ਤੇ ਇੰਡਿਆਨਾ ਯੂਨੀਵਰਸਿਟੀ) ਨਾਲ ਸਾਂਝੇਦਾਰੀ ਤੇ ਉਨ੍ਹਾਂ ਵਿਖੇ ਆਧੁਨਿਕ ਖੋਜ ਵਿੱਚ ਭਾਗ ਲੈਣ ਦਾ ਮੌਕਾ ਮਿਲੇਗਾ।ਜਾਣਕਾਰੀ ਅਨੁਸਾਰ ਡਾ. ਚੌਧਰੀ ਸਾਲ 2023 ਵਿੱਚ ਪੀਜੀਆਈ ਦੇ 36ਵੇਂ ਦਿਕਸ਼ਾਂਤ ਸਮਾਰੋਹ ਦੌਰਾਨ ਭਾਰਤ ਦੇ ਪਹਿਲੇ ਟ੍ਰਾਂਸਪਲਾਂਟੇਸ਼ਨ ਸਰਜਨ ਬਣੇ।ਡਾ. ਦੇਵ ਪ੍ਰਕਾਸ਼ ਚੌਧਰੀ ਨੇ ਕਿਹਾ ਕਿ ਇਹ ਐਵਾਰਡ ਮੇਰੇ ਲਈ ਬਹੁਤ ਹੀ ਅਹਿਮ ਹੈ, ਇਹ ਪੀਜੀਆਈ ਵਿੱਚ ਮੇਰਾ ਪਹਿਲਾ ਅੰਤਰਰਾਸ਼ਟਰੀ ਐਵਾਰਡ ਹੈ, ਜੋ ਕਿ ਮੈਂ ਫੈਕਲਟੀ ਮੈਂਬਰ ਹੋਣ ਦੇ ਨਾਤੇ ਜਿੱਤਿਆ ਹੈ।ਉਨ੍ਹਾਂ ਕਿਹਾ ਕਿ ਮੈਂ ਇਹ ਐਵਾਰਡ ਆਪਣੇ ਗੁਰੂ ਡਾ. ਆਸ਼ੀਸ਼ ਸ਼ਰਮਾ ਨੂੰ ਸਮਰਪਤ ਕਰਦਾ ਹਾਂ, ਜਿਨ੍ਹਾਂ ਦੀ ਦੂਰਦਰਸ਼ਤਾ, ਰਹਿਨੁਮਾਈ ਤੇ ਮਰੀਜ਼ ਦੀ ਸੰਭਾਲ ਪ੍ਰਤੀ ਨਿਰੰਤਰ ਸਮਰਪਣ ਨੇ ਸਾਨੂੰ ਪੀਜੀਆਈ ਵਿਚ ਗੁਣਵੱਤਾ ਦੀ ਜਾਚ ਸਿਖਾਈ।ਉਨ੍ਹਾਂ ਨਿਦੇਸ਼ਕ ਡਾ. ਵਿਵੇਕ ਲਾਲ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਦੀ 'ਮਰੀਜ਼ ਪਹਿਲਾਂ' ਨੀਤੀ ਨੇ ਪੀਜੀਆਈ ਵਿੱਚ ਇਕ ਅਜਿਹਾ ਮਾਹੌਲ ਸਿਰਜਿਆ ਹੈ, ਜੋ ਸਾਨੂੰ ਹਮੇਸ਼ਾ ਅੱਗੇ ਵਧਣ ਲਈ ਉਤਸ਼ਾਹਤ ਕਰਦਾ ਹੈ।ਡਾ. ਆਸ਼ੀਸ਼ ਸ਼ਰਮਾ ਮੁਖੀ ਡਿਪਾਰਟਮੈਂਟ ਆਫ ਰੀਨਲ ਟ੍ਰਾਂਸਪਲਾਂਟ ਸਰਜਰੀ ਨੇ ਕਿਹਾ ਕਿ ਇਹ ਸੰਸਥਾ ਤੇ ਸਾਡੇ ਟ੍ਰਾਂਸਪਲਾਂਟ ਵਿਭਾਗ ਲਈ ਗੌਰਵ ਪਲ ਹੈ।

ਉਨ੍ਹਾ ਕਿਹਾ ਕਿ ਡੇਵਿਡ ਸੁਦਰਲੈਂਡ ਐਵਾਰਡ ਸਭ ਤੋਂ ਉੱਚੇ ਸਨਮਾਨਾਂ ਵਿੱਚੋਂ ਇੱਕ ਹੈ, ਜੋ ਕਿ ਉਨ੍ਹਾਂ ਯੁਵਾ ਸਰਜਨਾਂ ਨੂੰ ਦਿੱਤਾ ਜਾਂਦਾ ਹੈ, ਜੋ ਆਪਣੇ ਕੰਮ ਰਾਹੀਂ ਪੈਂਕਰੀਆਸ ਟ੍ਰਾਂਸਪਲਾਂਟ ਖੇਤਰ ਨੂੰ ਨਵੀਨਤਾ ਤੇ ਵਿਕਾਸ ਵੱਲ ਲੈ ਜਾਂਦੇ ਹਨ।

## 10 ਗ੍ਰਾਮ ਹੈਰੋਇਨ ਤੇ ਨਕਦੀ ਸਮੇਤ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਗਸ਼ਤ ਦੌਰਾਨ ਲਿੰਕ ਰੋਡ ਕਾਹਨੇਵਾਲਾ ਕੋਲੋਂ ਇਕ ਵਿਅਕਤੀ ਨੂੰ 10 ਗ੍ਰਾਮ ਹੈਰੋਇਨ ਤੇ 90 ਹਜ਼ਾਰ ਰੁਪਏ ਦੀ ਰਾਸ਼ੀ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਦਰ ਦੇ ਐੱਸ.ਐੱਚ.ਓ. ਐੱਸ.ਆਈ. ਅਮਰਜੀਤ ਕੌਰ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਦੇ ਨਾਲ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰਨ ਲਈ ਥਾਣਾ ਸਦਰ ਏਰੀਏ ਵਿੱਚ ਮੌਜੂਦ ਸੀ ਤੇ ਜਦੋਂ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਲਿੰਕ ਰੋਡ ਕਾਹਨੇਵਾਲਾ ਕੋਲ ਪੁੱਜੀ ਤਾਂ ਸਾਹਮਣੇ ਤੋਂ ਇੱਕ ਮੋਨਾ ਵਿਅਕਤੀ ਪੈਦਲ ਤੁਰਿਆ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਦੀ ਗੱਡੀ ਵੇਖ ਕੇ ਆਪਣੇ ਹੱਥ ਵਿੱਚ ਫੜਿਆ ਮੋਮੀ ਲਿਫਾਫਾ ਸੁੱਟ ਕੇ ਭੱਜਣ ਲੱਗਿਆ, ਜਿਸ ਨੂੰ ਪੁਲਸ ਪਾਰਟੀ ਨੇ ਕਾਬੂ ਕਰਕੇ ਉਸ ਦਾ ਨਾਮ-ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਪ੍ਰਿੰਸ ਕੁਮਾਰ ਪੁੱਤਰ ਸੁਰਿੰਦਰ ਪਾਲ ਸਿੰਘ ਵਾਸੀ ਦਸ਼ਮੇਸ਼ ਨਗਰੀ ਜਲਾਲਾਬਾਦ ਵਜੋਂ ਦੱਸਿਆ। ਪੁਲਸ ਨੇ ਤਲਾਸ਼ੀ ਦੌਰਾਨ 10 ਗ੍ਰਾਮ ਹੈਰੋਇਨ ਤੇ 90 ਹਜ਼ਾਰ ਰੁਪਏ ਦੀ ਰਾਸ਼ੀ ਸਮੇਤ ਪ੍ਰਿੰਸ ਕੁਮਾਰ ਨੂੰ ਕਾਬੂ ਕਰਨ ਉਪਰੰਤ ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਸਰਕਾਰ ਦੇ ਵਤੀਰੇ ਦੀ ਸਖ਼ਤ ਨਿੰਦਾ



**ਮਾਨਸਾ (ਆਤਮਾ ਸਿੰਘ ਪਮਾਰ)**-ਦੀ ਰਿਟਾਇਰਡ ਇੰਪਲਾਈਜ਼ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਮਾਨਸਾ ਦੀ ਇੱਕ ਅਹਿਮ ਮੀਟਿੰਗ ਸਥਾਨਕ ਪੈਨਸ਼ਨ ਭਵਨ ਵਿਖੇ ਪ੍ਰਧਾਨ ਸਿਕੰਦਰ ਸਿੰਘ ਘਰਾਂਗਣਾ ਤੇ ਅਜੈਬ ਅਲੀਸ਼ੇਰ ਦੀ ਪ੍ਰਧਾਨਗੀ ਹੇਠ ਹੋਈ।ਆਗੂਆਂ ਨੇ ਪੰਜਾਬ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਮੁਲਾਜ਼ਮਾਂ ਦੀਆਂ ਤਮਾਮ ਅਦਾਇਗੀਆਂ 'ਤੇ ਰੋਕ ਲਗਾਈ ਹੋਈ ਹੈ, ਇਸ ਦੇ ਸਬੰਧ 'ਚ ਜ਼ਿਲ੍ਹਾ ਖਜ਼ਾਨਾ ਅਫ਼ਸਰ ਮਾਨਸਾ ਨੂੰ ਵਫ਼ਦ ਦੇ ਰੂਪ ਵਿੱਚ ਮਿਲਿਆ ਗਿਆ ਕਿ ਮੁਲਾਜ਼ਮਾਂ ਦੇ ਮੈਡੀਕਲ ਬਿੱਲ, ਲੀਵ ਇਨ ਕੈਸ਼ਮੈਂਟ ਤੇ ਹੋਰ ਕਾਫ਼ੀ ਬਿੱਲ ਖਜ਼ਾਨਾ ਦਫਤਰ ਵਿੱਚ ਬਕਾਇਆ ਪਏ ਹਨ ਤਾਂ ਖਜ਼ਾਨਾ ਅਫਸਰ ਨੇ ਜਾਣਕਾਰੀ ਦਿੱਤੀ ਕਿ ਪੰਜਾਬ ਸਰਕਾਰ ਦੇ ਜ਼ੁਬਾਨੀ ਹੁਕਮਾਂ ਕਾਰਨ ਪੇਮੈਂਟ ਨਹੀਂ ਕੀਤੀ ਜਾ ਰਹੀ, ਹੁਕਮ ਆਉਣ 'ਤੇ ਅਦਾਇਗੀਆਂ ਕੀਤੀਆਂ ਜਾਣਗੀਆਂ।ਆਗੂਆਂ ਨੇ ਮੀਟਿੰਗ ਦੌਰਾਨ ਸਰਕਾਰ ਵੱਲੋਂ ਪੰਜਾਬ ਦੀ ਹਜ਼ਾਰਾਂ ਏਕੜ ਜ਼ਮੀਨ ਐਕੁਆਇਰ ਕਰਕੇ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀ ਵੀ ਨਿਖੇਧੀ ਕੀਤੀ ਗਈ। ਆਗੂ ਜਗਦੀਸ਼ ਰਾਏ, ਮੱਖਣ ਸਿੰਘ ਉੱਡਤ, ਸੇਠੀ ਸਿੰਘ ਸਰਾਂ, ਰਾਜ ਕੁਮਾਰ ਰੰਗਾ ਤੇ ਜੀਤ ਸਿੰਘ ਭੁੱਲਰ ਨੇ ਕਿਹਾ ਕਿ ਇਹ ਸਰਕਾਰ ਦੂਜੀਆਂ ਸਰਕਾਰਾਂ ਤੋਂ ਵੀ ਨਿਕੰਮੀ ਸਾਬਿਤ ਹੋਈ ਹੈ, ਜਿਸ ਨੇ 13% ਡੀ ਏ ਦੀਆਂ ਕਈ ਕਿਸ਼ਤਾਂ ਨਹੀਂ ਦਿੱਤੀਆਂ।ਕੰਟਰੈਕਟ, ਆਊਟ ਸੋਰਸਿੰਗ ਤੇ ਉੱਕਾ ਪੁੱਕਾ ਮੁਲਾਜ਼ਮਾਂ ਨੂੰ ਰੈਗੂਲਰ ਨਹੀਂ ਕੀਤਾ।ਮੀਟਿੰਗ ਦੌਰਾਨ ਮੰਗ ਕੀਤੀ ਗਈ ਕਿ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ, 01-01-2016 ਤੋਂ ਬਾਅਦ ਸੇਵਾ ਮੁਕਤ ਹੋਏ ਮੁਲਾਜ਼ਮਾਂ ਨੂੰ 2.59 ਦੇ ਗੁਣਾਂਕ ਨਾਲ ਪੈਨਸ਼ਨ ਦਿੱਤੀ ਜਾਵੇ।ਪ੍ਰੋਬੇਸ਼ਨ ਸਮੇਂ ਦੌਰਾਨ ਪੂਰੀ ਤਨਖਾਹ ਸਮੇਤ ਭੱਤੇ ਦਿੱਤੇ ਜਾਣ।ਇਸ ਸਮੇਂ ਸ਼ਵਿੰਦਰ ਸਿੰਘ ਸਿੱਧੂ, ਜਗਸੀਰ ਢਿੱਲੋਂ, ਬਿੱਕਰ ਮਘਾਣੀਆਂ, ਸੱਤਪਾਲ ਭੈਣੀ, ਭਗਵਾਨ ਦਾਸ ਰੱਲਾ ਨੇ ਮੰਗ ਕੀਤੀ ਕਿ 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਨੂੰ ਕੇਂਦਰੀ ਸਕੇਲ ਦੇਣ ਦੀ ਬਜਾਏ ਪੰਜਾਬ ਦੇ ਪੇਅ ਸਕੇਲ ਦਿੱਤੇ ਜਾਣ।ਪੰਜਾਬ ਸਰਕਾਰ ਨੇ ਮੁਲਾਜ਼ਮਾਂ ਨੂੰ 26 ਜੂਨ ਨੂੰ ਮੀਟਿੰਗ ਦਾ ਸਮਾਂ ਦਿੱਤਾ ਹੈ, ਜੇਕਰ ਮੀਟਿੰਗ ਵਿੱਚ ਮਸਲੇ ਹੱਲ ਨਾ ਕੀਤੇ ਤਾਂ ਸਰਕਾਰ ਖ਼ਿਲਾਫ਼ ਤਿੱਖੇ ਸੰਘਰਸ਼ ਦਾ ਵਿਗਲ ਵਜਾਇਆ ਜਾਵੇਗਾ।

## ਮਨੁੱਖਤਾ ਦੇ ਭਲੇ ਲਈ ਖੂਨਦਾਨ ਕੈਂਪ ਲਗਾਇਆ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਨੁੱਖਤਾ ਦੇ ਭਲੇ ਲਈ ਯੂਨੀਵਰਸਲ ਵੈੱਲਫੇਅਰ ਕਲੱਬ ਪੰਜਾਬ ਤੇ ਹਿਊਮਨ ਵੈੱਲਫੇਅਰ ਫਾਊਂਡੇਸ਼ਨ ਵੱਲੋਂ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਵਿਸ਼ਵ ਖੂਨਦਾਨੀ ਦਿਵਸ ਨੂੰ ਸਮਰਪਤ ਡਾਕਟਰ ਅਰਪਿਤਾ ਦੀ ਅਗਵਾਈ ਹੇਠ 324ਵਾਂ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਦਾ ਨਰਿੰਦਰ ਕੁਮਾਰ ਵਰਮਾ ਨੇ ਖੁਦ 33ਵੀਂ ਵਾਰ ਖੂਨ ਦਾਨ ਕਰਕੇ ਉਦਘਾਟਨ ਕੀਤਾ।ਕੈਂਪ ਵਿੱਚ ਰਾਹੁਲ ਧੀਮਾਨ ਸਨੌਰ ਨੇ ਪਹਿਲੀ ਵਾਰ, ਯੋਗੇਸ਼ ਕੁਮਾਰ ਬਲਬੇੜਾ ਨੇ ਬਲੱਡ ਬੈਂਕ 'ਚ 19ਵੀਂ ਵਾਰ, ਜੱਗਾ ਸਿੰਘ ਫਤਹਿਪੁਰ ਨੇ 18ਵੀਂ ਵਾਰ, ਅਮਰਜੀਤ ਸਿੰਘ ਨੌਗਾਵਾਂ ਪ੍ਰਧਾਨ ਪੰਚਾਇਤ ਯੂਨੀਅਨ ਪਟਿਆਲਾ ਨੇ 15ਵੀਂ ਵਾਰ, ਪ੍ਰੋ. ਸ਼ੇਰ ਸਿੰਘ, ਮਨੀਸ਼, ਜੋਗਾ ਸਿੰਘ ਖੀਵਾ ਥੀਏਟਰ ਕਲਾਕਾਰ, ਗੁਰਪ੍ਰੀਤ ਸਿੰਘ ਬੁੱਧਮੋਰ ਤੇ ਸੁਰਿੰਦਰ ਸਿੰਘ ਨੇ ਵੀ ਖੂਨ ਦਾਨ ਕੀਤਾ।ਵਲੰਟੀਅਰਾਂ ਨੂੰ ਆਸ਼ੀਰਵਾਦ ਦੇਣ ਲਈ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਤੌਰ ਮੁੱਖ ਮਹਿਮਾਨ ਪਹੁੰਚੇ।ਖੂਨਦਾਨੀਆਂ ਨੂੰ ਸਰਟੀਫਿਕੇਟ ਤੇ ਯਾਦਗਾਰੀ ਮੱਗ ਦੇ ਕੇ ਸਨਮਾਨਤ ਕਰਦਿਆਂ ਉਨ੍ਹਾਂ ਕਿਹਾ ਕਿ ਖੂਨ ਦੁਨੀਆ ਦਾ ਸਭ ਤੋਂ ਵਡਮੁੱਲਾ ਦਾਨ ਹੈ, ਜਿਸ ਨਾਲ ਕਿਸੇ ਲੋੜਵੰਦ ਮਰੀਜ਼ ਦੀ ਜਾਨ ਬਚਾਈ ਜਾ ਸਕਦੀ ਹੈ ਤੇ ਨੌਜਵਾਨਾਂ ਵੱਲੋਂ ਖੂਨ ਦਾਨ ਕਰਨਾ ਸ਼ਲਾਘਾਯੋਗ ਹੈ।ਇਸ ਮੌਕੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ, ਚਾਚਾ ਜਗਰਾਜ ਸਿੰਘ ਚਹਿਲ, ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਬਲਵੰਤ ਸਿੰਘ ਢਿਲੋਂ, ਮੈਡਮ ਆਸ਼ਾ ਕਿਰਨ, ਠੇਕੇਦਾਰ ਗੁਰਬਚਨ ਸਿੰਘ, ਭਾਈ ਜਰਨੈਲ ਸਿੰਘ ਝੰਡੀ, ਹਰਮੀਤ ਸਿੰਘ ਬਡੂੰਗਰ, ਅਵਤਾਰ ਸਿੰਘ ਬਲਬੇੜਾ, ਸੁਖਵਿੰਦਰ ਸਿੰਘ, ਕ੍ਰਿਪਾਲ ਸਿੰਘ ਪੰਜੋਲਾ, ਰਣਜੀਤ ਸਿੰਘ, ਹਰਪ੍ਰੀਤ ਸਿੰਘ, ਸੁਰਜਨ ਸਿੰਘ ਨੇ ਵਧ ਚੜ੍ਹ ਕੇ ਸਹਿਯੋਗ ਦਿੱਤਾ।

## ਸਮਾਜ ਸੇਵੀ ਧਰਮ ਪਾਲ ਜੈਨ ਵੱਲੋਂ ਸਰਕਾਰੀ ਹਸਪਤਾਲ ਨੂੰ ਪੱਖੇ ਭੇਟ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਸਾਹਿਬ ਦੇ ਉੱਘੇ ਸਮਾਜ ਸੇਵਕ ਧਰਮ ਪਾਲ ਜੈਨ ਵੱਲੋਂ ਸਰਕਾਰੀ ਹਸਪਤਾਲ ਮਾਛੀਵਾੜਾ ਸਾਹਿਬ ਨੂੰ 10 ਪੱਖੇ ਛੱਤ ਵਾਲੇ ਭੇਟ ਕੀਤੇ ਗਏ, ਜੋ ਕਿ ਬਹੁਤ ਹੀ ਸ਼ਲਾਘਾਯੋਗ ਕਾਰਜ ਹੈ। ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਨੇ ਕਿਹਾ ਕਿ ਇਨ੍ਹਾਂ ਪੱਖਿਆਂ ਦੀ ਸਹੂਲਤ ਹਸਪਤਾਲ ਆਉਣ ਵਾਲੇ ਮਰੀਜ਼ਾਂ ਨੂੰ ਮਿਲੇਗੀ। ਡਾ. ਜਸਦੇਵ ਸਿੰਘ ਨੇ ਦੱਸਿਆ ਕਿ ਧਰਮ ਪਾਲ ਜੈਨ ਹਸਪਤਾਲ ਦੀ ਸੇਵਾ ਲਈ ਹਰ ਸਮੇਂ ਤਤਪਰ ਰਹਿੰਦੇ ਹਨ। ਇਸ ਮੌਕੇ ਪ੍ਰਦੀਪ ਸਿੰਘ ਬਲਾਕ ਐਜੂਕੇਟਰ, ਪਰਮਵੀਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਮੇਲ, ਜਸਵੀਰ ਸਿੰਘ ਮਲਟੀਪਰਪਜ਼ ਹੈਲਥ ਵਰਕਰ ਮੇਲ, ਮਨਿੰਦਰ ਸਿੰਘ ਕੰਪਿਊਟਰ ਓਪਰੇਟਰ, ਸਰਬਜੀਤ ਸਿੰਘ ਬੀ.ਐੱਸ.ਏ., ਬਵਦੀਪ ਕੌਰ, ਗੁਰਪ੍ਰੀਤ ਕੌਰ ਤੇ ਸੁਸ਼ੀਲ ਕੁਮਾਰ ਤੋਂ ਇਲਾਵਾ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

## ਝੂਠਾ ਪ੍ਰਚਾਰ ਫੈਲਾਉਣ ਵਾਲਿਆਂ ਵਿਰੁੱਧ ਧਰਨਾ, ਵਿਧਾਇਕ ਸੇਖੋਂ ਨੂੰ ਦਿੱਤਾ ਮੰਗ ਪੱਤਰ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਸਥਾਨਕ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ/ਕਾਲਜ ਦੀਆਂ ਸਮੂਹ ਕਰਮਚਾਰੀ ਜਥੇਬੰਦੀਆਂ 'ਚੋਂ ਗੁਰੂ ਗੋਬਿੰਦ ਸਿੰਘ ਮੈਡੀਕਲ ਟੀਚਰਜ਼ ਐਸੋਸੀਏਸ਼ਨ ਫਰੀਦਕੋਟ, ਮੈਡੀਕਲ ਸਟੂਡੈਂਟ ਯੂਨੀਅਨ, ਰੈਜ਼ੀਡੈਂਟ ਡਾਕਟਰਜ਼ ਐਸੋਸੀਏਸ਼ਨ ਫਰੀਦਕੋਟ ਤੇ ਬਾਬਾ ਫਰੀਦ ਨਰਸਿੰਗ ਐਸੋਸੀਏਸ਼ਨ ਫਰੀਦਕੋਟ ਦੀਆਂ ਸਾਰੀਆਂ ਸੰਸਥਾਵਾਂ ਨੇ ਸਵੇਰੇ ਹਸਪਤਾਲ ਦੇ ਓਪੀਡੀ ਦੇ ਸਾਹਮਣੇ ਐਮਰਜੈਂਸੀ ਸੇਵਾਵਾਂ ਨੂੰ ਪ੍ਰਭਾਵਿਤ ਕੀਤੇ ਬਿਨਾਂ ਹਸਪਤਾਲ ਤੇ ਇਸ ਦੇ ਕਰਮਚਾਰੀਆਂ ਬਾਰੇ ਗਲਤ ਪ੍ਰਚਾਰ ਫੈਲਾਉਣ ਵਾਲਿਆਂ ਵਿਰੁੱਧ 2 ਘੰਟੇ ਦਾ ਧਰਨਾ ਦਿੱਤਾ, ਜਿਸ ਵਿੱਚ ਵੱਡੀ ਗਿਣਤੀ ਵਿੱਚ ਡਾਕਟਰ, ਰੈਜ਼ੀਡੈਂਟ ਡਾਕਟਰ, ਨਰਸਿੰਗ ਸਟਾਫ, ਪੈਰਾ ਮੈਡੀਕਲ ਸਟਾਫ ਤੇ ਵਿਦਿਆਰਥੀਆਂ ਨੇ ਹਿੱਸਾ ਲਿਆ।ਇਸ ਮੌਕੇ ਸੰਗਠਨਾਂ ਦੇ ਅਹੁਦੇਦਾਰਾਂ ਨੇ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਜਿਹੇ ਸ਼ਰਾਰਤੀ ਅਨਸਰਾਂ ਵਿਰੁੱਧ ਤੁਰੰਤ ਤੇ ਸਖ਼ਤ ਕਾਰਵਾਈ ਕਰਨ ਦੀ ਸਰਕਾਰ ਤੋਂ ਮੰਗ ਕੀਤੀ।ਉਨ੍ਹਾਂ ਇਸ ਪ੍ਰਦਰਸ਼ਨ ਤੋਂ ਬਾਅਦ ਫਰੀਦਕੋਟ ਦੇ ਵਿਧਾਇਕ ਮਾਨਯੋਗ ਗੁਰਦਿੱਤ ਸਿੰਘ ਸੇਖੋਂ ਨੂੰ ਇੱਕ ਮੰਗ ਪੱਤਰ ਸੌਂਪਿਆ ਗਿਆ, ਜਿਸ ਵਿੱਚ ਸ਼ਰਾਰਤੀ ਅਨਸਰਾਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਗਈ।

## ਗੁਰੂ ਨਾਨਕ ਕਾਲਜ ਦੇ ਐੱਨ ਸੀ ਸੀ ਕੈਡਿਟ ਰਾਸ਼ਟਰੀ ਕੈਂਪ ਲਈ ਚੁਣੇ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਐੱਨ ਸੀ ਸੀ ਕੈਡਿਟ 'ਏਕ ਭਾਰਤ ਸ੍ਰੇਸ਼ਟ ਭਾਰਤ' ਕੈਂਪ ਲਈ ਚੁਣੇ ਗਏ।ਇਹ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ 19 ਪੰਜਾਬ ਬਟਾਲੀਅਨ ਲੁਧਿਆਣਾ ਦੇ ਲੈਫਟੀਨੈਂਟ ਕਰਨਲ ਫੈਜ਼ਨ ਜਾਹੂਰ, ਐੱਸ. ਐੱਮ ਸੁਖਦੇਵ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਕਾਲਜ ਦੇ ਐੱਨ ਸੀ ਸੀ ਕੈਡਿਟ ਡੀ.ਐੱਸ.ਬੀ. ਇੰਟਰਨੈਸ਼ਨਲ ਪਬਲਿਕ ਸਕੂਲ, ਰਿਸ਼ੀਕੇਸ਼ ਉਤਰਾਖੰਡ ਵਿਖੇ 17 ਤੋਂ 28 ਜੂਨ 2025 ਤੱਕ ਲੱਗ ਰਹੇ 'ਏਕ ਭਾਰਤ ਸ੍ਰੇਸ਼ਟ ਭਾਰਤ' ਰਾਸ਼ਟਰੀ ਕੈਂਪ ਲਈ ਚੁਣੇ ਗਏ ਹਨ।ਐੱਨ ਸੀ ਸੀ ਯੂਨਿਟ ਦੇ ਏ.ਐੱਨ.ਓ. ਲੈਫਟੀਨੈਂਟ ਸੰਦੀਪ ਸਿੰਘ ਹੁੰਦਲ ਦੀ ਅਗਵਾਈ ਵਿੱਚ ਸੀਨੀਅਰ ਅੰਡਰ ਅਫ਼ਸਰ ਕੈਡਿਟ ਹਰਮਨਦੀਪ ਕੌਰ, ਕੈਡਿਟ ਸੌਰਭ ਕੁਮਾਰ, ਕੈਡਿਟ ਗੁਰਸਿਮਰ ਕੌਰ ਬਰਾੜ, ਕੈਡਿਟ ਰਾਜਵੀਰ ਸਿੰਘ, ਕੈਡਿਟ ਰੋਹਿਤ ਕੁਮਾਰ, ਕੈਡਿਟ ਦਿਵਾਂਕਰ ਇਸ ਕੈਂਪ ਵਿੱਚ ਕਾਲਜ ਦੀ ਪ੍ਰਤਿਨਿਧਤਾ ਕਰ ਰਹੇ ਹਨ।ਇਸ ਰਾਸ਼ਟਰੀ ਕੈਂਪ ਵਿੱਚ ਚੁਣੇ ਜਾਣ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ, ਜਨਰਲ ਸਕੱਤਰ ਡਾ. ਪਵਿੱਤਰਪਾਲ ਸਿੰਘ ਪਾਂਗਲੀ, ਪ੍ਰਬੰਧਕੀ ਕਮੇਟੀ ਦੇ ਮੈਂਬਰ ਸਾਹਿਬਾਨ ਤੇ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਏ.ਐੱਨ.ਓ. ਲੈਫਟੀਨੈਂਟ ਸਨਦੀਪ ਸਿੰਘ ਹੁੰਦਲ ਤੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ।

## ਵਿਸ਼ਵ ਖੂਨਦਾਨੀ ਦਿਵਸ 'ਤੇ ਖੂਨਦਾਨੀ ਤੇ ਸੰਸਥਾਵਾਂ ਦਾ ਸਨਮਾਨ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਵਿਸ਼ਵ ਖੂਨਦਾਨੀ ਦਿਵਸ ਮੌਕੇ ਸਿਵਿਲ ਹਸਪਤਾਲ ਮੋਗਾ ਵੱਲੋਂ ਸਿਵਿਲ ਸਰਜਨ ਡਾ. ਪ੍ਰਦੀਪ ਮਹਿੰਦਰਾ ਦੀ ਅਗਵਾਈ ਹੇਠ ਡੀ.ਆਈ.ਓ. ਡਾ. ਅਸ਼ੋਕ ਸਿੰਗਲਾ, ਐੱਸ.ਐੱਮ.ਓ. ਡਾ. ਗਗਨਦੀਪ ਸਿੱਧੂ, ਬੀ.ਟੀ.ਓ. ਡਾ. ਅਕੁੰਨਸ਼ਾ ਮਿੱਤਲ, ਐੱਮ.ਐੱਲ.ਟੀ. ਸਟੀਫਨ, ਕੌਂਸਲਰ ਕੁਲਦੀਪ ਸਿੰਘ ਆਦਿ ਵੱਲੋਂ ਖੂਨਦਾਨੀਆਂ ਤੇ ਵੱਖ ਵੱਖ ਸੁਸਾਇਟੀਆਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈੱਲਫੇਅਰ ਸੁਸਾਇਟੀ ਫ਼ਰੀਦਕੋਟ, ਪੰਜਾਬ ਸੋਸ਼ਲ ਸੁਸਾਇਟੀ ਪੰਜਾਬ, ਸਾਂਝ ਬਲੱਡ ਵੈੱਲਫ਼ੇਅਰ ਕਲੱਬ ਫ਼ਰੀਦਕੋਟ, ਗੁਰਦਵਾਰਾ ਲੰਗਰ ਮਾਤਾ ਖੀਵੀ ਜੀ ਫ਼ਰੀਦਕੋਟ, ਬਲੱਡ ਸੇਵਾ ਸੁਸਾਇਟੀ ਮੋਗਾ, ਬਾਬਾ ਫਰੀਦ ਸੇਵਾ ਸੁਸਾਇਟੀ ਆਦਿ ਨੂੰ ਸਮਾਜ ਸੇਵਾ ਦੇ ਖੇਤਰ ਵਿੱਚ ਵਧੀਆ ਸੇਵਾਵਾਂ ਨਿਭਾਉਣ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਗੁਰਜੀਤ ਸਿੰਘ ਹੈਰੀ ਢਿੱਲੋਂ, ਪੰਕਜ ਦਿਓੜਾ, ਗੁਰਪ੍ਰੀਤ ਸਿੰਘ, ਅਰਸ਼ਦੀਪ ਸਿੰਘ, ਧਰਮਿੰਦਰ ਸਿੰਘ, ਗੁਰਜੋਤ ਸਿੰਘ, ਰਾਘਵ ਸ਼ਰਮਾ, ਗੁਰਪ੍ਰੀਤ ਸਿੰਘ ਗਿੱਲ, ਲਵਦੀਪ, ਗੁਰਵਿੰਦਰ ਕੌਰ, ਸਾਰੀ ਟੀਮ ਸ਼ਾਮਲ ਹੋਈ।

# 150 ਤੋਂ ਵੱਧ ਨਸ਼ਾ ਤਸਕਰਾਂ ਦੀਆਂ ਜ਼ਮਾਨਤਾਂ ਕਰਾਉਣ ਵਾਲੇ ਰੇਨੂੰ ਕਾਂਤ ਗਰੋਹ ਦਾ ਪਰਦਾ ਫਾਸ਼

**ਸਮਾਣਾ/ਪਟਿਆਲਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ/ਰਾਜਿੰਦਰ ਥਿੰਦ)**-ਪਟਿਆਲਾ ਦੇ ਐੱਸ.ਐੱਸ.ਪੀ. ਸ੍ਰੀ ਵਰੁਣ ਸ਼ਰਮਾ ਨੇ ਦੱਸਿਆ ਕਿ ਪਟਿਆਲਾ ਪੁਲਸ ਵੱਲੋਂ 150 ਤੋਂ ਵੱਧ ਨਸ਼ਾ ਤਸਕਰਾਂ ਦੀਆਂ ਜਾਲ੍ਹੀ ਜ਼ਮਾਨਤਾਂ ਕਰਾਉਣ ਵਾਲੇ 9 ਵਿਅਕਤੀ ਕਾਬੂ ਕੀਤੇ ਗਏ ਹਨ, ਜਿਨ੍ਹਾਂ ਕੋਲੋਂ 4 ਜਾਲ੍ਹੀ ਮੋਹਰਾਂ, 22 ਫ਼ਰਦਾਂ, ਅਧਾਰ ਕਾਰਡ ਤੇ ਹੋਰ ਦਸਤਾਵੇਜ਼ ਵੀ ਬਰਾਮਦ ਹੋਣ ਸਮੇਤ ਜਾਲ੍ਹੀ ਦਸਤਾਵੇਜ਼ ਤਿਆਰ ਕਰਨ ਲਈ 1 ਟੈਬ ਸੈਮਸੰਗ ਅਤੇ 1 ਮੈਮਰੀਕਾਰਡ ਵੀ ਮਿਲਿਆ ਹੈ।



ਪ੍ਰੈੱਸ ਨੋਟ ਜਾਰੀ ਕਰਦਿਆਂ ਵਰੁਣ ਸ਼ਰਮਾ ਨੇ ਦੱਸਿਆ ਕਿ ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਯੁੱਧ ਨਸ਼ਿਆ ਵਿਰੁੱਧ ਚਲਾਈ ਮੁਹਿੰਮ ਤਹਿਤ ਉਸ ਸਮੇਂ ਕਾਮਯਾਬੀ ਮਿਲੀ, ਜਦੋਂ ਐੱਸ ਪੀ ਜਾਂਚ ਗੁਰਬੰਸ ਸਿੰਘ ਬੈਂਸ ਤੇ ਡੀਐੱਸਪੀ ਜਾਂਚ ਰਾਜੇਸ਼ ਕੁਮਾਰ ਮਲਹੋਤਰਾ ਦੀ ਅਗਵਾਈ ਵਿੱਚ ਇੰਸਪੈਕਟਰ ਪ੍ਰਦੀਪ ਸਿੰਘ ਬਾਜਵਾ ਇੰਚਾਰਜ ਸੀ.ਆਈ.ਏ. ਪਟਿਆਲਾ ਸਮੇਤ ਪੁਲਸ ਪਾਰਟੀ ਵੱਲੋਂ ਇਸ ਮੁਹਿੰਮ ਤਹਿਤ ਨਸ਼ਾ ਤਸਕਰਾਂ, ਇਰਾਦਾ ਕਤਲ, ਧੋਖਾਧੜੀ ਤੇ ਹੋਰ ਸੰਗੀਨ ਜੁਰਮਾਂ ਤਹਿਤ ਜੇਲ੍ਹਾਂ 'ਚ ਬੰਦ ਅਪਰਾਧੀਆਂ ਦੀਆਂ ਜ਼ਮਾਨਤਾਂ ਲਈ ਜਾਲ੍ਹੀ ਦਸਤਾਵੇਜ਼ ਤਿਆਰ ਕਰਕੇ ਅਸਲ ਵਿਅਕਤੀਆਂ ਦੀ ਜਗ੍ਹਾ 'ਤੇ ਆਪਣੇ ਗਰੋਹ ਦੇ ਮੈਂਬਰਾਂ ਦੇ ਜਾਲ੍ਹੀ ਦਸਤਾਵੇਜ਼ ਤਿਆਰ ਕਰਕੇ ਸਬੰਧਤ ਮਾਨਯੋਗ ਅਦਾਲਤਾਂ ਤੋਂ 150 ਤੋਂ ਵੱਧ ਨਸ਼ਾ ਤਸਕਰਾਂ ਦੀਆਂ ਜ਼ਮਾਨਤਾਂ ਕਰਾਉਣ ਵਾਲੇ ਰੇਨੂੰ ਕਾਂਤ ਗਰੋਹ ਦਾ ਪਰਦਾਫਾਸ਼ ਕਰਕੇ ਰੇਨੂੰ ਕਾਂਤ ਪੁੱਤਰ ਮਲੂਕ ਦਾਸ ਵਾਸੀ ਪਟਿਆਲਾ ਇਨਕਲੇਵ ਸਨੌਰ, ਸਤਪਾਲ ਉਰਫ ਸੰਨੀ ਪੁੱਤਰ ਘਨੱਈਆ ਲਾਲ ਵਾਸੀ ਦਸਮੇਸ਼ ਨਗਰ ਕੋਟਕਪੂਰਾ ਰੋਡ ਸ੍ਰੀ ਮੁਕਤਸਰ ਸਾਹਿਬ, ਗੁਰਦੀਪ ਸਿੰਘ ਉਰਫ ਰਵੀ ਪੁੱਤਰ ਹਰਚੰਦ ਸਿੰਘ ਵਾਸੀ ਪਿੰਡ ਦਿੱਤੂਪੁਰ ਜੱਟਾਂ ਪਟਿਆਲਾ, ਹਾਕਮ ਸਿੰਘ ਪੁੱਤਰ ਚਰਨ ਸਿੰਘ ਵਾਸੀ ਛੱਜੂਭੱਟ ਥਾਣਾ ਸਦਰ ਨਾਭਾ, ਕੁਲਵਿੰਦਰ ਸਿੰਘ ਉਰਫ ਰੋਹਿਤ ਪੁੱਤਰ ਨਿਰਮਲ ਸਿੰਘ ਵਾਸੀ ਮਹਾਵੀਰ ਕਲੌਨੀ ਭਵਾਨੀਗੜ੍ਹ, ਲਵਪ੍ਰੀਤ ਸਿੰਘ ਉਰਫ ਲਵੀ ਪੁੱਤਰ ਫ਼ੱਕਰ ਸਿੰਘ ਵਾਸੀ ਵਾਰਡ ਨੰਬਰ 9 ਭਵਾਨੀਗੜ੍ਹ, ਸੰਦੀਪ ਸਿੰਘ ਉਰਫ ਗੱਗੀ ਪੁੱਤਰ ਰਣਧੀਰ ਸਿੰਘ, ਧੀਰਾ ਸਿੰਘ ਪੁੱਤਰ ਲੀਲਾ ਸਿੰਘ ਤੇ ਜਗਦੀਪ ਸਿੰਘ ਉਰਫ ਦੀਪ ਪੁੱਤਰ ਰਣਧੀਰ ਸਿੰਘ ਸਾਰੇ ਵਾਸੀਆਨ ਬਾਬਾ ਸੰਗਤਸਰ ਨਗਰ ਭਵਾਨੀਗੜ੍ਹ ਨੂੰ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਐੱਸ ਐੱਸ ਪੀ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਇਨ੍ਹਾਂ ਦੇ ਕਬਜ਼ੇ ਵਿੱਚੋਂ 4 ਜਾਲ੍ਹੀ ਮੋਹਰਾਂ, 22 (ਫ਼ਰਦਾਂ, ਅਧਾਰ ਕਾਰਡ ਤੇ ਹੋਰ ਦਸਤਾਵੇਜ਼) ਅਤੇ ਜਾਲ੍ਹੀ ਦਸਤਾਵੇਜ਼ ਤਿਆਰ ਕਰਨ ਲਈ ਇੱਕ ਟੈਬ ਸੈਮਸੰਗ ਸਮੇਤ ਮੈਮਰੀ ਕਾਰਡ ਤੇ ਆਈ 20 ਕਾਰ ਆਦਿ ਬਰਾਮਦ ਕਰਾਉਣ ਦੀ ਸਫਲਤਾ ਹਾਸਲ ਹੋਈ ਹੈ।

ਘਟਨਾ ਦਾ ਵੇਰਵਾ ਦਿੰਦਿਆਂ ਜ਼ਿਲ੍ਹਾ ਪੁਲਸ ਮੁਖੀ ਨੇ ਦੱਸਿਆ ਸੀ.ਆਈ.ਏ. ਪਟਿਆਲਾ ਨੂੰ 19 ਜੂਨ 2025 ਨੂੰ ਗੁਪਤ ਸੂਚਨਾ ਮਿਲੀ ਕਿ ਰੇਨੂੰ ਕਾਂਤ ਨੇ ਇਕ ਗਰੋਹ ਬਣਾਇਆ ਹੋਇਆ ਹੈ, ਜੋ ਨਸ਼ਾ ਤਸਕਰਾਂ ਤੇ ਹੋਰ ਸੰਗੀਨ ਜੁਰਮਾਂ ਤਹਿਤ ਜੇਲ੍ਹਾਂ ਵਿੱਚ ਬੰਦ ਅਪਰਾਧੀਆਂ ਦੀਆਂ ਜ਼ਮਾਨਤਾਂ ਕਰਾਉਣ ਲਈ ਆਪਣੇ ਗਰੋਹ ਦੇ ਮੈਂਬਰਾਂ ਨਾਲ ਮਿਲ ਕੇ ਜਾਲ੍ਹੀ ਦਸਤਾਵੇਜ਼ ਤਿਆਰ ਕਰਕੇ ਮਾਨਯੋਗ ਅਦਾਲਤਾਂ ਨੂੰ ਹਨੇਰੇ ਵਿੱਚ ਰੱਖ ਕੇ ਆਪਸੀ ਮਿਲੀਭੁਗਤ ਨਾਲ ਜਾਲ੍ਹੀ/ਫਰਜ਼ੀ ਜ਼ਮਾਨਤਾ ਕਰਾਉਂਦੇ ਹਨ।ਇਸ ਤਹਿਤ ਰੇਨੂੰ ਕਾਂਤ, ਸਤਪਾਲ ਉਰਫ ਸੰਨੀ, ਗੁਰਦੀਪ ਸਿੰਘ ਉਰਫ ਰਵੀ, ਹਾਕਮ ਸਿੰਘ, ਕੁਲਵਿੰਦਰ ਸਿੰਘ ਉਰਫ ਰੋਹਿਤ, ਸੰਦੀਪ ਸਿੰਘ ਉਰਫ ਗੱਗੀ, ਲਵਪ੍ਰੀਤ ਸਿੰਘ ਲਵੀ ਤੇ ਧੀਰਾ ਸਿੰਘ ਖਿਲਾਫ ਮੁਕੱਦਮਾ ਨੰਬਰ 77 ਮਿਤੀ 19.06.2025 ਅ/ਧ 318 (4), 319 (2), 336(3), 338, 340 (2), 111, 61(2) ਬੀ.ਐੱਨ.ਐੱਸ. ਥਾਣਾ ਲਾਹੌਰੀ ਗੇਟ ਦਰਜ ਕੀਤਾ ਗਿਆ ਹੈ।

ਐੱਸ ਐੱਸ ਪੀ ਨੇ ਦੱਸਿਆ ਕਿ ਤਫ਼ਤੀਸ਼ ਦੌਰਾਨ 20 ਜੂਨ 2025 ਨੂੰ ਰੇਨੂੰ ਕਾਂਤ, ਸਤਪਾਲ ਉਰਫ ਸੰਨੀ, ਗੁਰਦੀਪ ਸਿੰਘ ਉਰਫ ਰਵੀ, ਹਾਕਮ ਸਿੰਘ, ਕੁਲਵਿੰਦਰ ਸਿੰਘ ਉਰਫ ਰੋਹਿਤ ਨੂੰ ਨੇੜੇ ਬਾਰਾਦਰੀ ਨੇੜੇ ਲੇਬਰ ਕੋਰਟ ਤੋਂ ਗ੍ਰਿਫ਼ਤਾਰ ਗ੍ਰਿਫਤਾਰ ਕੀਤਾ ਗਿਆ ਤੇ ਸੰਦੀਪ ਸਿੰਘ ਉਰਫ ਗੱਗੀ, ਲਵਪ੍ਰੀਤ ਸਿੰਘ ਲਵੀ, ਧੀਰਾ ਸਿੰਘ ਤੇ ਜਗਦੀਪ ਸਿੰਘ ਉਰਫ ਦੀਪ ਨੂੰ 21 ਜੂਨ 2025 ਨੂੰ ਨੇੜੇ ਪੁਰਾਣਾ ਬੱਸ ਅੱਡਾ ਵਿਕਾਸ ਨਗਰ ਤੋਂ ਗ੍ਰਿਫਤਾਰ ਕੀਤਾ ਗਿਆ।ਐੱਸ.ਐੱਸ.ਪੀ. ਪਟਿਆਲਾ ਨੇ ਦੱਸਿਆ ਕਿ ਇਸ ਗਰੋਹ ਦਾ ਮੁੱਖ ਸਰਗਨਾ ਰੇਨੂੰ ਕਾਂਤ ਹੈ ਤੇ ਇਸ ਗਰੋਹ ਦੇ ਕਈ ਮੈਂਬਰਾਂ ਖਿਲਾਫ਼ ਪਹਿਲਾਂ ਹੀ ਧੋਖਾਧੜੀ ਤੇ ਹੋਰ ਜੁਰਮਾਂ ਤਹਿਤ ਮੁਕੱਦਮੇ ਦਰਜ ਹਨ ਅਤੇ ਇਹ ਗਰੋਹ ਜੇਲ੍ਹ ਵਿੱਚ ਬੰਦ ਅਪਰਾਧੀਆਂ, ਜਿਨ੍ਹਾਂ ਦੀ ਮਾਨਯੋਗ ਅਦਾਲਤਾਂ ਤੋਂ ਜਮਾਨਤਾਂ ਹੋ ਜਾਂਦੀਆਂ ਸਨ ਤਾਂ ਉਨ੍ਹਾਂ ਦੋਸ਼ੀਆਂ ਨਾਲ ਸੰਪਰਕ ਕਰਕੇ ਜਮਾਨਤਾਂ ਭਰਾਉਣ ਲਈ ਮਾਲ ਮਹਿਕਮੇ ਵਿੱਚ ਆਨਲਾਈਨ ਫਰਦਾਂ ਕਢਾਉਣ ਲਈ ਟੋਕਨ ਹਾਸਲ ਕਰਨ ਲਈ ਅਪਲਾਈ ਕਰਦੇ ਹਨ, ਫਰਦ ਕਢਾਉਣ ਲਈ ਤਹਿਸੀਲਦਾਰ ਦੀ ਜਾਲ੍ਹੀ ਮੋਹਰ ਤੇ ਦਸਤਖਤ ਕਰਕੇ ਹਲਕਾ ਪਟਵਾਰੀ ਦੀ ਰਿਪੋਰਟ ਜਾਲ੍ਹੀ ਤਿਆਰ ਕਰਕੇ ਫ਼ਰਦਾਂ ਕਢਵਾ ਲੈਂਦੇ ਸੀ ਅਤੇ ਫਿਰ ਪੰਚਾਇਤ ਮੈਂਬਰ (ਪੰਚ) ਦਾ ਸ਼ਨਾਖ਼ਤੀ ਕਾਰਡ ਜਾਲ੍ਹੀ ਤਿਆਰ ਕਰਕੇ ਬੀਡੀਪੀਓ ਦੀ ਜਾਲ੍ਹੀ ਮੋਹਰਾਂ ਲਾ ਕੇ, ਜਾਲ੍ਹੀ ਦਸਤਖਤ ਕਰਕੇ ਜਾਲ੍ਹੀ ਸ਼ਨਾਖ਼ਤੀ ਕਾਰਡ ਤਿਆਰ ਕਰਦੇ ਸੀ, ਫਰਦ ਵਾਲੇ ਅਸਲ ਵਿਅਕਤੀ ਦੀ ਜਗ੍ਹਾ ਆਪਣੇ ਗਰੋਹ ਦੇ ਮੈਂਬਰਾਂ ਦੀ ਫੋਟੋਆਂ ਲਗਾ ਕੇ ਸਾਰੇ ਸਬੰਧਤ ਕਾਗਜ਼ਾਤ ਤਿਆਰ ਕਰਕੇ ਸਬੰਧਤ ਮਾਨਯੋਗ ਅਦਾਲਤ ਤੋਂ ਦੋਸ਼ੀਆਨ ਦੀਆਂ ਜਮਾਨਤਾਂ ਭਰਾਉਂਦੇ ਸੀ।ਉਨ੍ਹਾਂ ਦੱਸਿਆ ਕਿ ਇਨ੍ਹਾਂ ਨੇ ਪਿਛਲੇ ਅਰਸੇ ਦੌਰਾਨ 150 ਤੋਂ ਵੱਧ ਨਸ਼ਾ ਤਸਕਰ, ਇਰਾਦਾ ਕਤਲ ਤੇ ਹੋਰ ਸੰਗੀਨ ਜੁਰਮਾਂ ਦੇ ਦੋਸ਼ੀਆਨ ਦੀਆਂ ਜਾਲ੍ਹੀ ਜਮਾਨਤਾਂ ਭਰਾਈਆਂ ਹਨ ਅਤੇ ਇਨ੍ਹਾਂ ਵੱਲੋਂ ਜਾਲ੍ਹੀ ਜਮਾਨਤਾਂ ਭਰਾਉਣ ਨਾਲ ਵਾਰ ਵਾਰ ਜੁਰਮ ਕਰਨ ਵਾਲੇ ਨਸ਼ਾ ਤਸਕਰ ਤੇ ਹੋਰ ਅਪਰਾਧੀ ਜੇਲ੍ਹਾਂ ਵਿੱਚੋਂ ਬਾਹਰ ਆਏ ਹਨ।ਉਨ੍ਹਾਂ ਹੋਰ ਕਿਹਾ ਕਿ ਜਮਾਨਤ ਭਰਾਉਣ ਸਮੇਂ ਕੋਰਟ ਦੀ ਵੈੱਬਸਾਇਟ ਤੋਂ ਓਟੀਪੀ ਜਾਰੀ ਹੁੰਦਾ ਹੈ, ਜੋ ਉਹ ਓਟੀਪੀ ਨੂੰ ਮਿਲੀਭੁਗਤ ਤੇ ਜਾਅਲਸਾਜ਼ੀ ਕਰਕੇ ਹਾਸਲ ਕਰਦੇ ਹਨ, ਇਸ ਬਾਰੇ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ?ਐੱਸ.ਐੱਸ.ਪੀ. ਪਟਿਆਲਾ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਦੋਸ਼ੀਆਨ ਨੂੰ ਅਦਾਲਤ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ। ਇਸ ਗਰੋਹ ਦੀ ਪੁੱਛਗਿੱਛ ਦੌਰਾਨ ਹੋਰ ਜਿਹੜੇ ਵੀ ਵਿਅਕਤੀਆਂ ਦੇ ਨਾਮ ਸਾਹਮਣੇ ਆਏ, ਉਨ੍ਹਾਂ ਖਿਲਾਫ ਵੀ ਕਾਰਵਾਈ ਕੀਤੀ ਜਾਵੇਗੀ।

# ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਬਠੋਈ ਕਲਾਂ ਜ਼ਮੀਨ ਮਾਮਲੇ ਨੂੰ ਲੈ ਕੇ ਡੀ ਸੀ ਦਫ਼ਤਰ ਅੱਗੇ ਕਾਨਫਰੰਸ

**ਕੇਂਦਰ ਤੇ ਸੂਬਾ ਸਰਕਾਰ ਦੀਆਂ ਨੀਤੀਆਂ ਤੋਂ ਕਿਸਾਨ ਸੁਚੇਤ ਰਹਿਣ : ਜੋਗਿੰਦਰ ਉਗਰਾਹਾਂ**

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਬਠੋਈ ਕਲਾਂ ਦੇ ਜ਼ਮੀਨ ਮਾਮਲੇ ਨੂੰ ਲੈ ਕੇ ਡਿਪਟੀ ਕਮਿਸ਼ਨਰ ਦਫ਼ਤਰ ਪਟਿਆਲਾ ਅੱਗੇ ਵੱਡੀ ਕਾਨਫਰੰਸ ਕੀਤੀ ਗਈ।ਇਸ ਕਾਨਫਰੰਸ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਔਰਤਾਂ ਤੇ ਮਰਦਾਂ ਨੇ ਸ਼ਮੂਲੀਅਤ ਕੀਤੀ।ਇਹ ਇਕੱਤਰਤਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਭਾਈਚਾਰਕ ਏਕਤਾ ਨੂੰ ਤੋੜ ਕਰਕੇ ਕਿਸਾਨਾਂ-ਮਜ਼ਦੂਰਾਂ ਵਿੱਚ ਫੁੱਟ ਪਾਉਣ ਦੇ ਰੋਸ ਵਜੋਂ ਕੀਤੀ ਗਈ।ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਭਾਕਿਯੂ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਅਪਣਾਈਆਂ ਨੀਤੀਆਂ ਦਾ ਜ਼ੋਰਦਾਰ ਵਿਰੋਧ ਕਰਦੇ ਹੋਏ ਕਿਸਾਨਾਂ ਨੂੰ ਸੁਚੇਤ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਸਰਕਾਰਾਂ ਲੋਕਾਂ ਦੇ ਮਸਲਿਆਂ ਦੇ ਹੱਲ ਕਰਨ ਦੇ ਸਮਰੱਥ ਨਹੀਂ ਹੁੰਦੀਆਂ ਤਾਂ ਇਹ ਲੋਕਾਂ ਦੇ ਭਾਈਚਾਰਕ ਸਾਂਝ ਨੂੰ ਕੋਝੀਆਂ ਚਾਲਾਂ ਨਾਲ ਤੋੜਦੀਆਂ ਹਨ ਤਾਂ ਜੋ ਕਾਰਪੋਰੇਟਾਂ ਦੇ ਹੇਜ ਪੁਗਾਏ ਜਾ ਸਕਣ।ਬਲਦੇਵ ਸਿੰਘ ਬਠੋਈ ਕਲਾਂ ਨੇ ਜ਼ਮੀਨ 'ਤੇ ਅਬਾਦਕਾਰਾਂ ਦੇ ਮਾਲਕੀ ਹੱਕਾਂ ਨੂੰ ਦਰੁਸਤ ਕਰਦੇ ਕਾਨੂੰਨੀ ਦਸਤਾਵੇਜ਼ਾਂ ਦਾ ਹਵਾਲਾ ਪੇਸ਼ ਕੀਤਾ।ਉਨ੍ਹਾਂ ਵੱਲੋਂ 1972 ਤੋਂ ਹੁਣ ਤੱਕ ਦੀਆਂ ਸਾਰੀਆਂ ਕਾਰਵਾਈਆਂ ਨੂੰ ਇਕੱਠ ਸਾਹਮਣੇ ਰੱਖਿਆ।ਇਨ੍ਹਾਂ ਤੋਂ ਇਲਾਵਾ ਸੂਬਾ ਆਗੂ ਝੰਡਾ ਸਿੰਘ ਜੇਠੂਕੇ ਨੇ ਦੱਸਿਆ ਕਿ ਸਰਕਾਰ



ਪਿੰਡਾਂ ਵਿੱਚ ਕਿਸਾਨਾਂ, ਮਜ਼ਦੂਰਾਂ ਤੇ ਹੋਰ ਕਿਰਤੀ ਲੋਕਾਂ ਨੂੰ ਜਾਤ, ਧਰਮ ਤੇ ਹੋਰ ਵੰਡ ਪਾਊ ਨੀਤੀਆਂ ਰਾਹੀਂ ਉਲਝਾ ਕੇ ਜ਼ਮੀਨਾਂ ਕੌਡੀਆਂ ਦੇ ਭਾਅ ਹਾਸਲ ਕਰਕੇ ਵੱਡੇ ਕਾਰਪੋਰੇਟ ਦੇ ਹਵਾਲੇ ਕਰਨਾ ਚਾਹੁੰਦੀ ਹੈ। ਆਗੂਆਂ ਨੇ ਦੱਸਿਆ ਕਿ ਸਰਕਾਰ ਲੈਂਡ ਬੈਂਕ ਬਣਾਉਣ ਦੇ ਮਨਸੂਬੇ ਤਹਿਤ ਪਹਿਲਾਂ ਸ਼ਾਮਲਾਟੀ, ਮੁਸ਼ਤਰਕਾ ਮਾਲਕ, ਹੋਰ ਸਾਂਝੀਆਂ ਜ਼ਮੀਨਾਂ ਹੜੱਪਣ ਦੀ ਵਿਉਂਤ ਬਣਾਈ ਹੋਈ ਹੈ।ਇਸ ਤੋਂ ਬਾਅਦ ਲੈਂਡ ਪੂਲਿੰਗ, ਭਾਰਤ ਮਾਲਾ, ਰਿੰਗ ਰੋਡ, ਬਾਈਪਾਸ, ਅਰਬਨ ਅਸਟੇਟਾਂ ਤੇ ਹੋਰ ਬੇਲੋੜੇ ਪ੍ਰੋਜੈਕਟਾਂ ਰਾਹੀਂ ਪੰਜਾਬ ਦੀ ਵੱਡੀ ਗਿਣਤੀ ਨੂੰ ਜ਼ਮੀਨਾਂ ਵਿੱਚੋਂ ਬਾਹਰ ਕਰਨਾ ਹੈ।ਆਗੂਆਂ ਵੱਲੋਂ ਜਾਣੂ ਕਰਵਾਇਆ ਗਿਆ ਕਿ ਪੰਜਾਬ ਭਰ ਵਿੱਚ 700 ਪਿੰਡਾਂ ਦੀਆਂ ਜ਼ਮੀਨਾਂ ਨੂੰ ਸਰਕਾਰ ਪਹਿਲੇ ਸੱਟੇ ਹੜੱਪਣ ਲਈ ਤਰਲੋ ਮੱਛੀ ਹੋ ਰਹੀ ਹੈ।ਸੂਬਾ ਔਰਤ ਆਗੂ ਹਰਿੰਦਰ ਬਿੰਦੂ ਤੇ ਪਟਿਆਲਾ ਜ਼ਿਲ੍ਹੇ ਤੋਂ ਆਗੂ ਮਨਦੀਪ ਕੌਰ ਬਾਰਨ ਨੇ ਇਹ ਜ਼ਮੀਨਾਂ ਬਚਾਉਣ ਲਈ ਔਰਤਾਂ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ ਤੇ ਸ਼ਾਮਲ ਔਰਤਾਂ ਨੂੰ ਸੰਘਰਸ਼ਾਂ ਪ੍ਰਤੀ ਲਾਮਬੰਦ ਕੀਤਾ।

ਆਗੂਆਂ ਵੱਲੋਂ ਇਸ ਮਾਮਲੇ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੀ ਮਾੜੀ ਕਾਰਗੁਜ਼ਾਰੀ 'ਤੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੱਲੋਂ ਲੋਕਾਂ ਦੀ ਭਾਈਚਾਰਕ ਸਾਂਝ ਨੂੰ ਢਾਹ ਲਾਉਣ ਦੇ ਕਾਰਜ ਕੀਤੇ ਜਾ ਰਹੇ ਹਨ। ਕਾਨਫਰੰਸ ਦੌਰਾਨ ਮੰਗ ਕੀਤੀ ਗਈ ਕਿ ਡੀਡੀਪੀਓ ਪਟਿਆਲਾ ਤੇ ਬੀਡੀਪੀਓ ਪਟਿਆਲਾ-1 ਦੇ ਖਿਲਾਫ ਲੋਕਾਂ ਦੀਆਂ ਸਾਂਝ ਨੂੰ ਵਿਗਾੜਨ ਤਹਿਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਇਸ ਸਬੰਧੀ ਮੰਗ ਪੱਤਰ ਡਿਪਟੀ ਕਮਿਸ਼ਨਰ ਦੇ ਨਾਮ 'ਤੇ ਏ ਡੀ ਸੀ ਵਿਕਾਸ ਰਾਹੀਂ ਸੌਂਪਿਆ ਗਿਆ।ਇਨ੍ਹਾਂ ਤੋਂ ਇਲਾਵਾ ਸੂਬਾ ਆਗੂ ਸ਼ਿੰਗਾਰਾ ਸਿੰਘ ਮਾਨ, ਜਗਤਾਰ ਕਾਲਾਝਾੜ, ਅਮਰੀਕ ਸਿੰਘ ਗੰਢੂਆਂ, ਜਸਵਿੰਦਰ ਸਿੰਘ ਬਰਾਸ, ਬਲਰਾਜ ਜੋਸ਼ੀ, ਸੁਖਮਿੰਦਰ ਸਿੰਘ ਬਾਰਨ, ਜਗਮੇਲ ਸਿੰਘ ਗਾਜੇਵਾਸ ਨੇ ਵੀ ਸੰਬੋਧਨ ਕੀਤਾ।

## ਕਾਤਰਾਂ

### ਹੈਰੋਇਨ ਸਮੇਤ ਕਾਬੂ

**ਸ਼ੇਰਪੁਰ (ਰਵੀ ਟਿੱਬਾ)**-ਪੰਜਾਬ ਸਰਕਾਰ ਤੇ ਪੰਜਾਬ ਪੁਲਸ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਤਹਿਤ ਮਾਨਯੋਗ ਡੀ.ਜੀ.ਪੀ. ਸਾਹਿਬ ਪੰਜਾਬ ਤੇ ਸ: ਸਰਤਾਜ ਸਿੰਘ ਚਾਹਲ ਆਈ.ਪੀ.ਐੱਸ. ਸੀਨੀਅਰ ਕਪਤਾਨ ਪੁਲਿਸ ਸੰਗਰੂਰ ਜੀ ਦੀਆ ਹਦਾਇਤਾ ਅਨੁਸਾਰ ਸ੍ਰੀ ਦਮਨਬੀਰ ਸਿੰਘ ਪੀ.ਪੀ.ਐਸ,ਉਪ ਕਪਤਾਨ ਪੁਲਸ ਸਬ ਡਵੀਜ਼ਨ ਧੂਰੀ ਦੀ ਸੁਪਰਵੀਜ਼ਨ ਹੇਠ ਥਾਣੇਦਾਰ ਬਲੌਰ ਸਿੰਘ ਮੁੱਖ ਅਫਸਰ ਥਾਣਾ ਸ਼ੇਰਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮੇਤ ਪੁਲਸ ਪਾਰਟੀ ਦੇ ਗਸ਼ਤ ਦੌਰਾਨ ਛਿੰਦਾ ਸਿੰਘ ਪੁੱਤਰ ਭੋਲਾ ਸਿੰਘ ਵਾਸੀ ਪੱਤੀ ਖਲੀਲ ਸ਼ੇਰਪੁਰ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ ਵਿੱਚੋਂ 7 ਗਰਾਮ ਹੈਰੋਇਨ ਬਰਾਮਦ ਕਰਾਈ ਗਈ। ਇਸ ਦੇ ਖਿਲਾਫ ਮੁਕੱਦਮਾ ਥਾਣਾ ਸ਼ੇਰਪੁਰ ਦਰਜ ਕੀਤਾ ਗਿਆ।

### ਲਟੇਰੇ ਲੜਕੀ ਤੋਂ ਪਰਸ ਖੋਹ ਕੇ ਫਰਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਕੈਂਟ ਵਿਖੇ ਅਣਪਛਾਤੇ ਵਿਅਕਤੀਆਂ ਵੱਲੋਂ ਆਟੋ 'ਤੇ ਜਾ ਰਹੀ ਇਕ ਲੜਕੀ ਕੋਲੋਂ ਪਰਸ ਖੋਹਣ ਨਾਲ ਚੱਲਦੇ ਆਟੋ ਤੋਂ ਬਾਹਰ ਡਿੱਗਣ ਨਾਲ ਸੱਟਾਂ ਲੱਗਣ ਨਾਲ ਜ਼ਖਮੀ ਹੋ ਗਈ। ਇਸ ਸਬੰਧੀ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਸ਼ਿਕਾਇਤਕਰਤਾ ਲੜਕੀ ਦੇ ਬਿਆਨਾਂ 'ਤੇ ਅਣਪਛਾਤੇ ਦੋ ਨੌਜਵਾਨਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸਾਰਿਕਾ ਪੁੱਤਰੀ ਰਵੀ ਕ੍ਰਿਸ਼ਨ ਗੁਪਤਾ ਵਾਸੀ ਮਕਾਨ ਨੰਬਰ 137-ਪੀ ਬਾਜ਼ਾਰ ਨੰਬਰ 1 ਫਿਰੋਜ਼ਪੁਰ ਕੈਂਟ ਨੇ ਦੱਸਿਆ ਕਿ ਉਹ ਕਮਲ ਗਰਗ ਸੀਏ ਸਾਹਮਣੇ ਸੈਂਟਰਲ ਜੇਲ੍ਹ ਫਿਰੋਜ਼ਪੁਰ ਪਾਸ ਪ੍ਰਾਈਵੇਟ ਨੌਕਰੀ ਕਰਦੀ ਹੈ। ਸਾਰਿਕਾ ਨੇ ਦੱਸਿਆ ਕਿ ਉਸ ਦੇ ਪਰਸ ਵਿੱਚ 20 ਹਜ਼ਾਰ ਰੁਪਏ ਨਗਦ, ਇਕ ਮਟਰੋਲਾ ਦਾ ਸਮਾਰਟ ਫੋਨ, ਇਕ ਗੋਲਡ ਚੇਨ, ਇਕ ਕਵਰ ਸਮੇਤ ਚਸ਼ਮਾ, ਆਧਾਰ ਕਾਰਡ ਤੇ ਜ਼ਰੂਰੀ ਕਾਗਜ਼ਾਤ ਸਨ। ਸਾਰਿਕ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਵਿਨੋਦ ਕੁਮਾਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋ ਮੋਟਰਸਾਈਕਲ ਸਵਾਰਾਂ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

### ਏਅਰਟੈੱਲ ਕੰਪਨੀ ਦੇ ਟਾਵਰ ਤੋਂ 2 ਬੀਬੀਯੂ ਕਾਰਡ ਤੇ ਐਸਸਰੀ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਏਅਰਟੈੱਲ ਕੰਪਨੀ ਦੇ ਟਾਵਰ ਤੋਂ ਅਣਪਛਾਤੇ ਵਿਅਕਤੀਆਂ ਵੱਲੋਂ 2 ਬੀਬੀਯੂ ਕਾਰਡ ਤੇ ਐਸਸਰੀ ਚੋਰੀ ਕਰਨ ਦੀ ਖਬਰ ਮਿਲੀ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਗੁਰਪ੍ਰੀਤ ਸਿੰਘ ਸਕਿਊਰਟੀ ਸੁਪਰਵਾਈਜ਼ਰ ਇੰਡਸ ਪ੍ਰਾਈਵੇਟ ਲਿਮ. ਕੰਪਨੀ ਮਕਾਨ ਨੰਬਰ ਐੱਸ-40 ਇੰਡਸਟਰੀਅਲ ਏਰੀਆ, ਹਰਸ਼ਾ ਕੰਪਾਊਂਡ ਸਾਈਟ-2 ਕਾਲੋਨੀ ਰੋਡ ਗਾਜੀਆਬਾਦ ਉੱਤਰ ਪ੍ਰਦੇਸ਼ ਨੇ ਦੱਸਿਆ ਕਿ ਉਹ ਬਤੌਰ ਸਕਿਊਰਟੀ ਸੁਪਰਵਾਈਜ਼ਰ ਇੰਡਸ ਪ੍ਰਾਈਵੇਟ ਲਿਮਟਿਡ ਕੰਪਨੀ ਵਿੱਚ ਕੰਮ ਕਰਦਾ ਹੈ ਤੇ ਮੇਰੇ ਅੰਡਰ ਆਉਂਦੇ ਟਾਵਰ, ਜਿਸ ਦਾ ਨੰਬਰ 1350328 ਜੋ ਕਿ ਟਿਉਬਵੈੱਲ ਨੰਬਰ 9 ਫਿਰੋਜ਼ਪੁਰ ਕੈਂਟ ਵਿਖੇ ਲੱਗਾ ਹੈ ਤੋਂ ਮਿਤੀ 26 ਮਈ 2025 ਦੀ ਦਰਮਿਆਨੀ ਰਾਤ ਨੂੰ ਅਣਪਛਾਤੇ ਬੰਦਿਆਂ ਵੱਲੋਂ ਟਾਵਰ ਤੋਂ ਏਅਰਟੈਲ ਕੰਪਨੀ ਦੇ ਬੀਬੀਯੂ ਕਾਰਡ ਨਾਲ ਐਸਸਰੀ ਚੋਰੀ ਕਰਕੇ ਲੈ ਗਏ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਰਮਨ ਕੁਮਾਰ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਪਤੀ-ਪਤਨੀ ਦੀ ਮੌਤ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਰਾਇਪੁਰ ਨਜ਼ਦੀਕ ਵਾਪਰੇ ਇੱਕ ਸੜਕ ਹਾਦਸੇ 'ਚ ਇੱਕ ਮੋਟਰਸਾਈਕਲ ਸਵਾਰ ਪਤੀ-ਪਤਨੀ ਦੀ ਮੌਤ ਹੋ ਗਈ।ਪ੍ਰਾਪਤ ਜਾਣਕਾਰੀ ਅਨੁਸਾਰ ਰਣਜੀਤ ਸਿੰਘ ਵਾਸੀ ਪਿੰਡ ਜੱਲੋਵਾਲ ਨੇ ਪੁਲਸ ਨੂੰ ਦੱਸਿਆ ਕਿ ਉਹ ਪਿੰਡ ਜੱਲੋਵਾਲ ਤੇ ਪਿੰਡ ਰਾਇਪੁਰ ਵਿਖੇ ਪਸ਼ੂਆਂ ਦਾ ਗੋਹਾ ਕੂੜਾ ਚੁੱਕਣ ਦਾ ਕੰਮ ਕਰਦੇ ਹਨ।ਬੀਤੇ ਦਿਨ ਜਦੋਂ ਉਸ ਦਾ ਭਰਾ ਲਖਵੀਰ ਸਿੰਘ ਤੇ ਭਰਜਾਈ ਹਰਦੀਪ ਕੌਰ ਕੰਮ 'ਤੇ ਜਾ ਰਹੇ ਸਨ ਤਾਂ ਪਿੰਡ ਰਾਇਪੁਰ ਦਾ ਚੌਰਸਤਾ ਕਰਾਸ ਕਰਦੇ ਸਮੇਂ ਤੇਜ਼ ਰਫਤਾਰ ਕਾਰ ਨੰਬਰ ਪੀ.23.ਏ.ਏ-0306 ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਇੰਨੀ ਜ਼ੋਰ ਨਾਲ ਟੱਕਰ ਮਾਰੀ ਕਿ ਮੋਟਰਸਾਈਕਲ ਦੇ ਪਰਖੱਚੇ ਉੱਡ ਗਏ ਤੇ ਉਕਤ ਤੇਜ਼ ਰਫਤਾਰ ਕਾਰ ਬੇਕਾਬੂ ਹੋ ਕੇ ਨੇੜਲੇ ਝੋਨੇ ਦੇ ਖੇਤਾਂ 'ਚ ਉੱਤਰ ਗਈ।ਇਸ ਹਾਦਸੇ ਕਾਰਨ ਉਸ ਦੇ ਭਰਾ ਲਖਵੀਰ ਸਿੰਘ (40) ਤੇ ਭਰਜਾਈ ਹਰਦੀਪ ਕੌਰ (35) ਦੀ ਮੌਤ ਹੋ ਗਈ।ਰਣਜੀਤ ਸਿੰਘ ਦੇ ਬਿਆਨਾਂ 'ਤੇ ਕਾਰ ਦੇ ਕਥਿਤ ਚਾਲਕ ਕਪਿਲ ਹਾਂਡਾ ਵਾਸੀ ਮੰਡੀ ਗੋਬਿੰਦਗੜ੍ਹ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਖੇੜੀ ਨੌਧ ਸਿੰਘ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਘਰ 'ਚੋਂ ਸੋਨਾ ਤੇ ਨਗਦੀ ਚੋਰੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਇਕ ਵਿਅਕਤੀ ਦੇ ਘਰ 'ਚੋਂ ਅਣਪਛਾਤੇ ਚੋਰਾਂ ਵੱਲੋਂ ਸੋਨਾ ਤੇ 48 ਹਜ਼ਾਰ ਰੁਪਏ ਦੀ ਨਗਦੀ ਚੋਰੀ ਕਰਨ ਦੀ ਖਬਰ ਮਿਲੀ ਹੈ।

ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ 35, 331 (4) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਮਨ ਮੈਣੀ ਪੁੱਤਰ ਖੀਵਾ ਦਾਸ ਮੈਣੀ ਵਾਸੀ ਪੀਰਾਂ ਵਾਲਾ ਮੁਹੱਲਾ ਫਿਰੋਜ਼ਪੁਰ ਸ਼ਹਿਰ ਨੇ ਦੱਸਿਆ ਕਿ 15 ਜੂਨ 2025 ਦੀ ਸ਼ਾਮ ਨੂੰ ਉਹ ਅਤੇ ਮੇਰੀ ਪਤਨੀ ਤੇ ਮੇਰਾ ਲੜਕਾ ਰਿਤਵਿੱਕ ਰੋਟੀ ਪਾਣੀ ਖਾ ਕੇ ਆਪਣੇ ਕਮਰੇ ਵਿੱਚ ਸੌਂ ਗਏ ਸੀ, ਜੋ ਇਕ ਕਮਰਾ, ਜਿਸ ਵਿਚ ਅਲਮਾਰੀ ਤੇ ਬੈੱਡ ਪਿਆ ਹੈ, ਜੋ ਅਲਮਾਰੀ ਦੇ ਲਾਕਰ ਵਿੱਚ ਮੇਰਾ ਕੁਝ ਸੋਨਾ ਤੇ 48 ਹਜ਼ਾਰ ਰੁਪਏ ਨਗਦੀ ਰੱਖੇ ਹੋਏ ਸੀ, ਜੋ ਕੋਈ ਅਣਪਛਾਤਾ ਵਿਅਕਤੀ ਨੇ ਮੇਰਾ ਸੋਨਾ ਤੇ 48 ਹਜ਼ਾਰ ਰੁਪਏ ਨਗਦੀ 15-16 ਜੂਨ 2025 ਦੀ ਦਰਮਿਆਨੀ ਰਾਤ ਨੂੰ ਚੋਰੀ ਕਰਕੇ ਲੈ ਗਿਆ।

ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਗੁਰਮੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਯੋਗ ਅੰਦਰਲੇ ਤੇ ਬਾਹਰਲੇ ਸਵੈ ਦੀ ਇਕਸਾਰਤਾ ਹੈ : ਪ੍ਰੋ. ਵਿਵੇਕ ਲਾਲ

**ਸਮਰਾਲਾ (ਸੁਰਜੀਤ ਸਿੰਘ)**-ਪੀ ਜੀ ਆਈ ਚੰਡੀਗੜ੍ਹ ਵੱਲੋਂ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ, ਜਿਸ ਦਾ ਆਯੋਜਨ ਸੰਸਥਾ ਦੇ ਕੋਲਾਬੋਰੇਟਿਵ ਸੈਂਟਰ ਫਾਰ ਮਾਈਂਡ-ਬਾਡੀ ਇੰਟਰਵੇਨਸ਼ਨ ਥਰੂ ਯੋਗਾ ਵੱਲੋਂ ਕੀਤੀ ਗਈ।ਇਸ ਸਮਾਗਮ ਵਿੱਚ 3,350 ਤੋਂ ਵੱਧ ਡਾਕਟਰਾਂ, ਹੈਲਥ ਕੇਅਰ ਵਰਕਰਾਂ, ਫੈਕਲਟੀ ਮੈਂਬਰਾਂ, ਵਿਦਿਆਰਥੀਆਂ, ਸਟਾਫ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਉਤਸ਼ਾਹ ਪੂਰਵਕ ਭਾਗ ਲਿਆ।ਭਾਰਤੀ ਆਯੂਸ਼ ਮੰਤਰਾਲੇ ਦੀ ਅਗਵਾਈ ਹੇਠ ਚੱਲ ਰਹੇ ਕਾਮਨ ਯੋਗਾ ਪ੍ਰੋਟੋਕੋਲ ਦਾ ਅਭਿਆਸ ਕੀਤਾ ਗਿਆ, ਜਿਸ ਨੂੰ ਪੀਜੀਆਈ ਵੱਲੋਂ ਵਿਗਿਆਨਕ ਤੌਰ 'ਤੇ ਪ੍ਰਮਾਣਤ ਕੀਤਾ ਗਿਆ ਹੈ।ਯੋਗਾ ਸੈਂਟਰ ਦੇ ਸਰਟੀਫਾਈਡ ਟ੍ਰੇਨਰਾਂ ਨੇ ਇਹ ਅਭਿਆਸ ਕਰਵਾਇਆ।ਡਾਇਰੈਕਟਰ ਪ੍ਰੋ. ਵਿਵੇਕ ਲਾਲ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਯੋਗ ਅੰਦਰੂਨੀ ਤੇ ਬਾਹਰੀ ਸਵੈ ਦੀ ਇਕਸਰਤਾ ਹੈ। ਇਹ ਇੱਕ ਅਜਿਹਾ ਅਭਿਆਸ ਹੈ, ਜੋ ਸਰੀਰਕ ਤੰਦਰੁਸਤੀ, ਮਾਨਸਿਕ ਸ਼ੁੱਧਤਾ ਤੇ ਭਾਵਨਾਤਮਕ ਸੰਤੁਲਨ ਨੂੰ ਉਤਸ਼ਾਹਤ ਕਰਦਾ ਹੈ।ਇਹ ਮਨੁੱਖੀ ਜੀਵਨ ਵਿੱਚ ਸਦਭਾਵਨਾ ਤੇ ਆਤਮ-ਸ਼ਾਂਤੀ ਨੂੰ ਵਧਾਉਣ ਲਈ ਅਤਿ ਜ਼ਰੂਰੀ ਹੈ।ਉਨ੍ਹਾਂ ਨੇ ਵਿਦਿਆਰਥੀਆਂ, ਅਧਿਆਪਕਾਂ, ਸਟਾਫ ਤੇ ਪਰਿਵਾਰਾਂ ਨੂੰ ਅਪੀਲ ਕੀਤੀ ਕਿ ਉਹ ਯੋਗ ਨੂੰ ਆਪਣੇ ਜੀਵਨ ਦਾ ਅਭਿੰਨ ਹਿੱਸਾ ਬਣਾਉਣ।ਯੋਗਾ ਸੈਂਟਰ ਦੇ ਇੰਚਾਰਜ ਪ੍ਰੋ. ਅਕਸ਼ੈ ਆਨੰਦ ਨੇ ਸੀਨੀਅਰ ਅਧਿਕਾਰੀਆਂ ਦਾ ਸਵਾਗਤ ਕੀਤਾ ਤੇ ਸਾਰੇ ਭਾਗੀਦਾਰਾਂ ਦਾ ਧੰਨਵਾਦ ਕੀਤਾ।ਉਨ੍ਹਾਂ ਦੱਸਿਆ ਕਿ ਯੋਗਾ ਸੈਂਟਰ ਪੀਜੀਆਈ ਦੇ ਆਊਟਡੋਰ ਵਿਭਾਗਾਂ ਵੱਲੋਂ ਭੇਜੇ 153 ਮਰੀਜ਼ਾਂ ਨੂੰ ਯੋਗ ਥੈਰੇਪੀ ਮੁਹੱਈਆ ਕਰਵਾ ਰਿਹਾ ਹੈ।ਸੈਂਟਰ ਹਫ਼ਤੇ ਦੇ ਸੱਤ ਦਿਨ ਚੱਲਦਾ ਹੈ ਤੇ 19 ਵਿਭਾਗਾਂ ਵਿੱਚ ਨਿਯਮਤ ਯੋਗਾ ਸੈਸ਼ਨ ਕਰਵਾਇਆ ਜਾਂਦਾ ਹੈ।ਪ੍ਰੋ. ਵਿਪਿਨ ਕੌਸ਼ਲ, ਮੈਡੀਕਲ ਸੁਪਰਡੈਂਟ, ਨੇ ਭਾਗ ਲੈ ਰਹੇ ਲੋਕਾਂ ਦੇ ਉਤਸ਼ਾਹ ਤੇ ਸਮਰਪਣ ਦੀ ਸ਼ਲਾਘਾ ਕੀਤੀ।ਇਸ ਮੌਕੇ ਡਾ. ਬਲਰਾਜਾ, ਡਾ. ਇਸ਼ਿਤਾ ਸੂਦ ਐੱਮ ਡੀ, ਡੀ ਐੱਮ, ਡਾ. ਨਵਨੀਤ, ਡਾ. ਕਨੁਪ੍ਰਿਆ ਤੇ ਡਾ. ਪੂਜਾ ਨੂੰ ਯੋਗਾ ਰਿਸਰਚ ਵਿੱਚ ਯੋਗਦਾਨ ਲਈ ਸਨਮਾਨਤ ਕੀਤਾ ਗਿਆ।



# 455 ਗ੍ਰਾਮ ਹੈਰੋਇਨ, ਪਿਸਟਲ ਤੇ ਮੋਟਰਸਾਈਕਲ ਸਮੇਤ 4 ਗ੍ਰਿਫ਼ਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਫਿਰੋਜ਼ਪੁਰ ਪੁਲਿਸ ਨੇ ਵੱਖ ਵੱਖ ਥਾਵਾਂ ਤੋਂ ਗਸ਼ਤ ਤੇ ਚੈਕਿੰਗ ਦੌਰਾਨ 455 ਗ੍ਰਾਮ ਹੈਰੋਇਨ, ਇਕ ਪਿਸਟਲ ਤੇ ਇਕ ਮੋਟਰਸਾਈਕਲ ਸਮੇਤ 4 ਤਸਕਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ।

ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਗਸ਼ਤ 'ਤੇ ਸੀ ਤਾਂ ਦੋਸ਼ੀਆਨ ਲੱਖਣ ਪੁੱਤਰ ਪਰਮਜੀਤ ਉਰਫ ਪੰਮਾ ਵਾਸੀ ਕੁੱਲਗੜ੍ਹੀ, ਲੱਡੂ ਪੁੱਤਰ ਵਿਕਟਰ ਵਾਸੀ ਪਿੰਡ ਨੂਰਪੁਰ ਸੇਠਾਂ ਨੂੰ ਸ਼ੱਕ ਦੀ ਬਿਨਾਅ 'ਤੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 51 ਗ੍ਰਾਮ ਹੈਰੋਇਨ, 1 ਪਿਸਟਲ 32 ਬੋਰ ਸਮੇਤ 3 ਰੌਂਦ ਜ਼ਿੰਦਾ ਬਰਾਮਦ ਹੋਏ। ਥਾਣਾ ਸਦਰ ਫਿਰੋਜ਼ਪੁਰ ਪੁਲਸ ਦੇ ਐੱਸਆਈ ਸੁਖਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਦੌਰਾਨੇ ਗਸ਼ਤ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਗੁਰਜੀਤ ਸਿੰਘ ਪੁੱਤਰ ਸੁਖਜੀਤ ਸਿੰਘ ਵਾਸੀ ਖਾਨੇ ਕੇ ਅਹਿਲ ਹੈਰੋਇਨ ਵੇਚਣ ਦਾ ਆਦੀ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਕਾਬੂ ਕਰਕੇ ਉਸ ਕੋਲੋਂ 400 ਗ੍ਰਾਮ ਹੈਰੋਇਨ, ਇਕ ਮੋਟਰਸਾਈਕਲ ਸਪਲੈਂਡਰ ਨੰਬਰ ਪੀਬੀ 04 ਏਸੀ 1028 ਬਰਾਮਦ ਕੀਤਾ। ਇਸੇ ਹੀ ਥਾਣੇ ਦੀ ਪੁਲਸ ਦੇ ਐੱਸ ਆਈ ਤਰਸੇਮ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਇਲਾਕੇ ਵਿੱਚ ਗਸ਼ਤ ਕਰ ਰਹੀ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਜੋਗਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪੀਰਾਂ ਵਾਲਾ (ਕੈਨਾਲ ਕਲੌਨੀ) ਹੈਰੋਇਨ ਵੇਚਣ ਦਾ ਆਦੀ ਹੈ ਅਤੇ ਉਹ ਅੱਜ ਵੀ ਹੈਰੋਇਨ ਵੇਚ ਰਿਹਾ ਹੈ। ਪੁਲਸ ਨੇ ਦੱਸਿਆ ਕਿ ਉਕਤ ਜਗ੍ਹਾ 'ਤੇ ਛਾਪੇਮਾਰੀ ਕਰਕੇ ਦੋਸ਼ੀ ਕੋਲੋਂ 5 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ।

# ਯੋਗ ਮਨ ਨੂੰ ਸ਼ਾਂਤੀ ਦੇ ਨਾਲ-ਨਾਲ ਸਰੀਰ ਨੂੰ ਨਿਰੋਗ ਵੀ ਰੱਖਦੈ : ਅਮਨ ਅਰੋੜਾ

**ਯੋਗ ਕਿਰਿਆਵਾਂ ਨੂੰ ਰੋਜ਼ਾਨਾ ਦੀ ਜ਼ਿੰਦਗੀ 'ਚ ਸ਼ਾਮਲ ਕਰਨ ਲਈ ਪ੍ਰੇਰਿਆ**

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਨੇ ਕਿਹਾ ਹੈ ਕਿ ਅੱਜ ਦੀ ਦੌੜ ਭੱਜ ਦੀ ਮਨੁੱਖੀ ਜ਼ਿੰਦਗੀ ਵਿੱਚ ਮਨ ਦੀ ਸ਼ਾਂਤੀ ਬਹੁਤ ਜ਼ਰੂਰੀ ਹੈ, ਜਿਹੜੀ ਕਿ ਯੋਗਾ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।ਯੋਗਾ ਮਨ ਨੂੰ ਸ਼ਾਂਤੀ ਪ੍ਰਦਾਨ ਕਰਵਾਉਣ ਦੇ ਨਾਲ ਨਾਲ ਇਹ ਸਰੀਰ ਨੂੰ ਨਿਰੋਗ ਵੀ ਰੱਖਦਾ ਹੈ।ਉਨ੍ਹਾਂ ਆਮ ਲੋਕਾਂ ਤੇ ਹਾਜ਼ਰੀਨ ਨੂੰ ਯੋਗ ਕਿਰਿਆਵਾਂ ਨੂੰ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਸ਼ਾਮਲ ਕਰਨ ਲਈ ਪ੍ਰੇਰਿਆ।ਉਨ੍ਹਾਂ ਦੱਸਿਆ ਕਿ ਸਾਨੂੰ ਆਪਣੇ ਆਲੇ ਦੁਆਲੇ ਆਮ ਜਨਤਾ ਨੂੰ ਵੀ ਯੋਗ ਪ੍ਰਤੀ ਜਾਗਰੂਕ ਕਰਨਾ ਚਾਹੀਦਾ ਹੈ, ਤਾਂ ਜੋ ਆਪਣੀ ਤੇ ਆਪਣੇ ਸਹਿਕਰਮੀਆਂ ਦੀ ਸਿਹਤ ਤੰਦਰੁਸਤ ਰਹੇ ਅਤੇ ਉਨ੍ਹਾਂ ਦੀ ਜ਼ਿੰਦਗੀ ਵਿੱਚ ਖੁਸ਼ਹਾਲੀ ਰਹੇ।ਉਹ ਅੱਜ ਸੁਨਾਮ ਸ਼ਹਿਰ ਵਿਖੇ ਭਾਰਤ ਵਿਕਾਸ ਪ੍ਰੀਸ਼ਦ ਤੇ ਸਹਿਯੋਗੀ ਪਤੰਜਲੀ ਯੋਗ ਸਮਿਤੀ, ਅਗਰਵਾਲ ਸਭਾ, ਲਾਇੰਨਜ਼ ਕਲੱਬ, ਸ਼੍ਰੀ ਸੂਰਜਕੁੰਡ ਐੱਸ ਵੀ ਐੱਮ ਵੱਲੋਂ ਗੀਤਾ ਭਵਨ ਮੰਦਿਰ ਕੰਪਲੈਕਸ ਵਿਖੇ, ਰੋਟਰੀ ਕਲੱਬ ਸੁਨਾਮ ਵੱਲੋਂ ਰੋਟਰੀ ਕੰਪਲੈਕਸ ਵਿਖੇ, ਸਵੇਰ ਕੀ ਸੈਰ ਤੇ ਸ਼ਹੀਦ ਉਧਮ ਸਿੰਘ ਯੋਗਾ ਗਰੁੱਪ ਵੱਲੋਂ ਸ਼ਹੀਦ ਉਧਮ ਸਿੰਘ ਸਰਕਾਰੀ ਕਾਲਜ ਵਿਖੇ ਮਨਾਏ ਗਏ ਅੰਤਰ ਰਾਸ਼ਟਰੀ ਯੋਗਾ ਦਿਵਸ ਸਮਾਗਮਾਂ ਨੂੰ ਸ਼ਿਰਕਤ ਕਰਨ ਉਪਰੰਤ ਸੰਬੋਧਨ ਕਰ ਰਹੇ ਸਨ।ਇਸ ਮੌਕੇ ਉਨ੍ਹਾਂ ਕਿਹਾ ਕਿ ਇਕੱਲੇ ਜ਼ਿਲ੍ਹਾ ਸੰਗਰੂਰ ਵਿੱਚ ਹੀ ਰੋਜ਼ਾਨਾ 372 ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਨ੍ਹਾਂ ਦਾ 5000 ਤੋਂ ਵਧੇਰੇ ਆਮ ਲੋਕ ਲਾਭ ਲੈ ਰਹੇ ਹਨ।



ਉਨ੍ਹਾਂ ਸ਼ਹਿਰ ਵਾਸੀਆਂ ਨੂੰ ਸੀ ਐੱਮ ਦੀ ਯੋਗਸ਼ਾਲਾ ਦਾ ਲਾਹਾ ਲੈਣ ਤੇ ਯੋਗ ਕਿਰਿਆਵਾਂ ਨੂੰ ਰੋਜ਼ਾਨਾ ਦੀ ਜ਼ਿੰਦਗੀ ਵਿੱਚ ਸ਼ਾਮਲ ਕਰਨ ਲਈ ਪ੍ਰੇਰਿਆ।ਇਸ ਮੌਕੇ ਵੱਖ ਵੱਖ ਸਮਾਗਮਾਂ ਵਿੱਚ ਮਾਰਕੀਟ ਕਮੇਟੀ ਸੁਨਾਮ ਦੇ ਚੇਅਰਮੈਨ ਮੁਕੇਸ਼ ਜੁਨੇਜਾ, ਰਵੀ ਕਮਲ ਗੋਇਲ, ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਰਾਕੇਸ਼ ਕੁਮਾਰ, ਬਲਵਿੰਦਰ ਬਾਂਸਲ, ਰਵਿੰਦਰ ਹੈਪੀ, ਮਹਿਲਾ ਆਗੂ ਸੀਮਾ ਰਾਣੀ, ਰੋਟਰੀ ਕਲੱਬ ਦੇ ਪ੍ਰਧਾਨ ਦਵਿੰਦਰਪਾਲ ਸਿੰਘ, ਹਨੀਸ਼ ਸਿੰਗਲਾ, ਰਾਜਨ ਸਿੰਗਲਾ, ਅਮਨਦੀਪ ਸ਼ਾਸ਼ਤਰੀ, ਜੋਨਸ ਗੁਪਤਾ ਸਵੇਰ ਦੀ ਸੈਰ ਤੇ ਐੱਸ ਯੂ ਐੱਸ ਯੋਗਾ ਗਰੁੱਪ ਦੇ ਮੈਂਬਰ ਮਨਪ੍ਰੀਤ ਬਾਂਸਲ, ਗੁਰਦੀਪ ਸਿੰਘ, ਕੁਨਾਲ ਗੋਇਲ, ਅਸ਼ੋਕ ਗਾਂਧੀ, ਚਮਕੌਰ ਸਿੰਘ ਤੇ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀ ਹਾਜ਼ਰ ਸਨ।

# ਜਾਲ੍ਹੀ ਦਸਤਾਵੇਜ਼ ਤਿਆਰ ਕਰਕੇ ਜ਼ਮੀਨ ਵੇਚਣ ਦੇ ਦੋਸ਼ 'ਚ ਕੇਸ ਦਰਜ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਵਿਦੇਸ਼ ਗਏ ਵਿਅਕਤੀ ਦੀ ਕਰੋੜਾਂ ਰੁਪਏ ਦੀ ਜ਼ਮੀਨ ਦੇ ਜਾਲ੍ਹੀ ਕਾਗਜ਼ਾਤ ਤਿਆਰ ਕਰਕੇ ਅਤੇ ਜਾਲ੍ਹੀ ਦਸਖਤਾਂ ਰਾਹੀਂ ਜ਼ਮੀਨ ਹੋਰ ਲੋਕਾਂ ਨੂੰ ਵੇਚਣ ਦੇ ਦੋਸ਼ ਹੇਠ ਸਿਟੀ ਪੁਲਸ ਨੇ ਪੰਜ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਕੁਲਦੀਪ ਸਿੰਘ ਵਾਸੀ ਪਿੰਡ ਕਕਰਾਲਾ, ਰਣਜੋਧਵੀਰ ਸਿੰਘ ਪੁੱਤਰ ਸੁਰਜੀਤ ਸਿੰਘ ਤੇ ਪਰਮਜੀਤ ਕੌਰ ਪੁੱਤਰੀ ਸੁਰਜੀਤ ਸਿੰਘ ਪਿੰਡ ਜਨਾਲ ਥਾਣਾ ਦਿੜ੍ਹਬਾ ਸੰਗਰੂਰ ਅਤੇ ਹੋਰ ਦੋ ਅਣਪਛਾਤੇ ਵਿਅਕਤੀ ਸ਼ਾਮਲ ਹਨ।ਸਿਟੀ ਪੁਲਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਅਨੂਪ ਸਿੰਘ ਪੁੱਤਰ ਅਨੋਖ ਸਿੰਘ ਵਾਸੀ ਥਾਨੇਸਰ ਜ਼ਿਲ੍ਹਾ ਕੁਰੂਕਸ਼ੇਤਰ ਤੇ ਪਰਮਜੀਤ ਕੌਰ ਨਿਵਾਸੀ ਪਿੰਡ ਕੋਟਲੀ ਵੱਲੋਂ ਉੱਚ ਪੁਲਸ ਅਫਸਰਾਂ ਕੋਲ ਦਿੱਤੀਆਂ ਸ਼ਿਕਾਇਤਾਂ ਅਨੁਸਾਰ ਮੁਲਜ਼ਮਾਂ ਨੇ ਵਿਦੇਸ਼ ਵਿੱਚ ਰਹਿ ਰਹੇ ਅਨੂਪ ਸਿੰਘ ਦੇ ਪੁੱਤਰ ਬਲਰਾਜ ਸਿੰਘ ਤੇ ਬਖਸ਼ਿੰਦਰ ਸਿੰਘ ਦੇ ਜਾਲ੍ਹੀ ਆਧਾਰ ਕਾਰਡ, ਪੈੱਨ ਕਾਰਡ ਤੇ ਹੋਰ ਜਾਲ੍ਹੀ ਦਸਤਾਵੇਜ਼ ਤਿਆਰ ਕਰਕੇ ਜਾਲ੍ਹੀ ਦਸਖ਼ਤਾਂ ਰਾਹੀਂ ਪਿੰਡ ਬੰਮਣਾ 'ਚ ਸਥਿਤ ਲਗਭਗ 20 ਕਨਾਲ ਕਰੋੜਾਂ ਰੁਪਏ ਦੀ ਜ਼ਮੀਨ ਹੋਰ ਲੋਕਾਂ ਨੂੰ ਵੇਚ ਕੇ ਦੋਨਾਂ ਧਿਰਾਂ ਨਾਲ ਧੋਖਾਧੜੀ ਕੀਤੀ ਹੈ। ਇੱਥੋਂ ਤੱਕ ਕਿ ਰਜਿਸਟਰੀ ਕਰਾਉਣ ਵੇਲੇ ਵਿਦੇਸ਼ ਵਿੱਚ ਮੌਜੂਦ ਪੁੱਤਰ ਦੀ ਥਾਂ 'ਤੇ ਕਿਸੇ ਹੋਰ ਵਿਅਕਤੀ ਨੂੰ ਖੜਾ ਕਰਕੇ ਉਸ ਦੇ ਜਾਲ੍ਹੀ ਦਸਤਖਤ ਕਰਵਾ ਕੇ ਰਜਿਸਟਰੀ ਕਰਵਾਈ ਗਈ। ਸ਼ਿਕਾਇਤਕਰਤਾ ਮੁਤਾਬਕ ਮੁਲਜ਼ਮਾਂ 'ਤੇ ਪਹਿਲਾਂ ਵੀ ਧੋਖਾਧੜੀ ਦੇ ਕੇਸ ਦਰਜ ਹਨ।

ਉੱਚ ਅਧਿਕਾਰੀਆਂ ਵੱਲੋਂ ਜਾਂਚ ਕਰਨ ਤੇ ਕਾਨੂੰਨੀ ਸਲਾਹ ਮਸ਼ਵਰਾ ਕਰਨ ਉਪਰੰਤ ਇਸ ਨੂੰ ਧੋਖਾਧੜੀ ਦਾ ਮਾਮਲਾ ਪਾਇਆ ਗਿਆ ਹੈ, ਜਿਸ ਦੇ ਆਧਾਰ 'ਤੇ ਸਿਟੀ ਪੁਲਸ ਨੇ ਪੰਜ ਲੋਕਾਂ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਏਟਕ ਦੀ ਸੂਬਾ ਪੱਧਰੀ ਮੀਟਿੰਗ ਭਲਕੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਦੀ ਸੂਬਾ ਕਾਰਜਕਾਰਨੀ ਕਮੇਟੀ ਦੀ ਮਹੀਨਾਵਾਰ ਮੀਟਿੰਗ 23 ਜੂਨ ਨੂੰ ਸਵੇਰੇ ਠੀਕ 10-30 ਵਜੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਰੱਖੀ ਗਈ ਹੈ।ਇਹ ਜਾਣਕਾਰੀ ਦਿੰਦੇ ਹੋਏ ਜਥੇਬੰਦੀ ਦੇ ਸੂਬਾਈ ਵਰਕਿੰਗ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ ਤੇ ਗੁਰਜੀਤ ਸਿੰਘ ਘੋੜੇਵਾਹ ਤੇ ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਦੱਸਿਆ ਕਿ ਮੀਟਿੰਗ ਦੌਰਾਨ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ ਅਨੁਸਾਰ 14 ਜੂਨ ਨੂੰ ਲੁਧਿਆਣਾ ਵਿਖੇ ਹੋਈ ਸੂਬਾ ਪੱਧਰੀ ਰੈਲੀ ਦਾ ਰੀਵਿਊ ਕੀਤਾ ਜਾਵੇਗਾ।

ਮੀਟਿੰਗ ਦੌਰਾਨ ਪੰਜਾਬ ਦੇ ਖਜ਼ਾਨਾ ਵਿਭਾਗ ਵੱਲੋਂ ਪਿਛਲੇ ਢਾਈ ਮਹੀਨਿਆਂ ਤੋਂ ਪੈਨਸ਼ਨਰਾਂ ਦੀ ਲੀਵ ਇਨਕੈਸ਼ਮੈਂਟ ਦੇ ਬਿੱਲਾਂ ਤੇ ਹੋਰ ਵੱਖ ਵੱਖ ਅਦਾਇਗੀਆਂ ਕਰਨ 'ਤੇ ਲਗਾਈਆਂ ਗਈਆਂ ਅਣ-ਐਲਾਨੀਆਂ ਪਾਬੰਦੀਆਂ ਸਬੰਧੀ ਵਿਚਾਰ ਵਟਾਂਦਰਾ ਕਰਕੇ ਸੰਘਰਸ਼ ਦੀ ਰੂਪ ਰੇਖਾ ਉਲੀਕੀ ਜਾਵੇਗੀ।ਇਸ ਦੇ ਨਾਲ ਹੀ 27 ਜੂਨ ਨੂੰ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੇ ਪ੍ਰਮੁੱਖ ਆਗੂ ਸਾਥੀ ਬਲਵਿੰਦਰ ਸਿੰਘ ਸੰਧੂ ਦੀ ਬਰਸੀ ਦੇ ਪ੍ਰੋਗਰਾਮ ਨੂੰ ਸਫਲ ਬਣਾਉਣ ਸਬੰਧੀ, ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ ਦੇਸ਼ ਦੀਆਂ 10 ਕੇਂਦਰੀ ਟਰੇਡ ਯੂਨੀਅਨਾਂ ਵੱਲੋਂ 9 ਜੁਲਾਈ ਨੂੰ ਦੇਸ਼-ਵਿਆਪੀ ਹੜਤਾਲ ਦੀ ਹਮਾਇਤ ਵਿੱਚ ਰੈਲੀਆਂ ਵਿੱਚ ਸ਼ਾਮਲ ਹੋਣ ਸਬੰਧੀ ਅਤੇ 21-25 ਸਤੰਬਰ ਨੂੰ ਚੰਡੀਗੜ੍ਹ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਦੀ ਹੋ ਰਹੀ ਕੌਮੀ ਕਾਨਫਰੰਸ ਸਬੰਧੀ ਵਿਚਾਰ ਵਟਾਂਦਰਾ ਕਰਕੇ ਅਗਲੇ ਫੈਸਲੇ ਕੀਤੇ ਜਾਣਗੇ।ਆਗੂਆਂ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਸੂਬਾ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਸਮੂਹ ਜ਼ਿਲ੍ਹਾ ਬਾਡੀਆਂ/ਬ੍ਰਾਂਚਾਂ ਦੇ ਪ੍ਰਧਾਨ ਤੇ ਜਨਰਲ ਸਕੱਤਰ ਵੀ ਸ਼ਾਮਲ ਹੋਣਗੇ।

# ਟਰੈਕਟਰ ਤੇ ਮੋਟਰਸਾਈਕਲ ਦੀ ਟੱਕਰ 'ਚ ਇਕ ਜ਼ਖ਼ਮੀ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਟਰੈਕਟਰ ਤੇ ਮੋਟਰਸਾਈਕਲ ਦੀ ਟੱਕਰ ਵਿੱਚ ਮੋਟਰਸਾਈਕਲ ਸਵਾਰ ਦੇ ਜ਼ਖ਼ਮੀਂ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਟਰੈਕਟਰ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰੌਕੀ ਪੁੱਤਰ ਗੁਰਦੀਪ ਸਿੰਘ ਵਾਸੀ ਚਾਂਦੀ ਵਾਲਾ ਨੇ ਦੱਸਿਆ ਕਿ 19 ਜੂਨ 2025 ਨੂੰ ਕਰੀਬ 8 ਵਜੇ ਰਾਤ ਦੇ ਉਹ ਆਪਣੇ ਮੋਟਰਸਾਈਕਲ ਹੀਰੋ ਸਪਲੈਂਡਰ ਨੰਬਰ ਪੀਬੀ 05 ਏਪੀ 6033 'ਤੇ ਆਪਣੇ ਦੋਸਤ ਵਿੱਕੀ ਪੁੱਤਰ ਕਿੱਕਰ ਸਿੰਘ ਨੂੰ ਛੱਡਣ ਗਿਆ ਸੀ, ਜਦ ਉਹ ਉਸ ਨੂੰ ਛੱਡ ਕੇ ਵਾਪਸ ਆ ਰਿਹਾ ਸੀ ਤਾਂ ਪਿੰਡ ਤੋਂ ਕਰੀਬ 200 ਗਜ ਪਿੱਛੇ ਮਨਜੀਤ ਸਿੰਘ ਪੁੱਤਰ ਸਤਨਾਮ ਸਿੰਘ ਚਾਂਦੀ ਵਾਲਾ ਦੇ ਘਰ ਲਾਗੇ ਪੁੱਜਾ ਤਾਂ ਮਨਜੀਤ ਸਿੰਘ ਨੇ ਘਰੋਂ ਬਾਹਰ ਆਪਣਾ ਟਰੈਕਟਰ ਮਹਿੰਦਰਾ ਬਿਨਾਂ ਲਾਇਟਾਂ ਜਗਾਏ ਬੜੀ ਤੇਜ਼ ਤੇ ਲਾਪ੍ਰਵਾਹੀ ਨਾਲ ਕੱਢ ਕੇ ਗਲਤ ਸਾਈਡ ਲਿਆ ਕੇ ਉਸ ਵਿੱਚ ਮਾਰਿਆ, ਜਿਸ ਨਾਲ ਉਸ ਦੇ ਸੱਟਾਂ ਲੱਗੀਆਂ ਤੇ ਉਸ ਦਾ ਮੋਟਰਸਾਈਕਲ ਵੀ ਟੁੱਟ ਗਿਆ। ਰੌਕੀ ਨੇ ਦੱਸਿਆ ਕਿ ਉਸ ਦਾ ਇਲਾਜ ਅਨਿਲ ਬਾਗੀ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਟਰੈਕਟਰ ਚਾਲਕ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ...ਪਰ ਸਕੂਲਾਂ 'ਚ ਅਧਿਆਪਕਾਂ ਦੀਆਂ ਹਜ਼ਾਰਾਂ ਪੋਸਟਾਂ ਫਿਰ ਵੀ ਖਾਲੀ : ਲੈਕਚਰਾਰ ਯੂਨੀਅਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਪੰਜਾਬ ਦੀ ਮੀਟਿੰਗ ਸੂਬਾ ਪ੍ਰਧਾਨ ਸੰਜੀਵ ਕੁਮਾਰ ਦੀ ਪ੍ਰਧਾਨਗੀ ਵਿੱਚ ਹੋਈ। ਇਸ ਮੀਟਿੰਗ ਵਿੱਚ ਪੰਜਾਬ ਵਿੱਚ ਸਕੂਲ ਸਿੱਖਿਆ ਦੇ ਸੰਬੰਧ ਵਿੱਚ ਚਰਚਾ ਕੀਤੀ ਗਈ।

ਇਸ ਬਾਰੇ ਦੱਸਦੇ ਹੋਏ ਸੰਜੀਵ ਕੁਮਾਰ ਨੇ ਕਿਹਾ ਕਿ ਸਿੱਖਿਆ ਮਨੁੱਖ ਦੇ ਸਰਬਾਂਗੀ ਵਿਕਾਸ ਦਾ ਰਾਹ ਖੋਲ੍ਹਦੀ ਹੈ। ਇਸ ਲਈ ਸਿੱਖਿਆ ਅਧਾਰਿਆ (ਅਦਾਰਿਆਂ) ਦੀ ਪ੍ਰਬੰਧਕੀ ਪ੍ਰਣਾਲੀ ਦੀ ਮਜ਼ਬੂਤੀ, ਮਾਨਵੀ ਸੰਸਾਧਨ ਸੰਪਨਤਾ ਤੇ ਢਾਂਚਾਗਤ ਵਿਕਾਸ ਮਹੱਤਵਪੂਰਨ ਸਥਾਨ ਰੱਖਦਾ ਹੈ। ਪਿਛਲੇ ਸਮੇਂ ਵਿੱਚ ਪੰਜਾਬ ਦੇ ਸਕੂਲਾਂ ਦੇ ਢਾਂਚਾਗਤ ਵਿਕਾਸ ਦੇ ਵੱਡੇ ਯਤਨ ਹੋਏ, ਜਿਨ੍ਹਾਂ ਨੂੰ ਬੂਰ ਵੀ ਪਿਆ ਹੈ। ਮੌਜੂਦਾ ਸਮੇਂ ਵਿੱਚ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀਆਂ ਸਿੱਖਿਆ ਜ਼ਰੂਰਤਾਂ ਦਾ ਹਰ ਸਾਧਨ ਮੌਜੂਦ ਹੈ, ਪਰ ਮਾਨਵੀ ਸੰਸਾਧਨਾ ਦੀ ਕਮੀ ਵੱਡੇ ਪੱਧਰ 'ਤੇ ਖਟਕਦੀ ਹੈ। ਅੱਜ ਵੀ ਪੰਜਵੀਂ ਤੱਕ ਅਧਿਆਪਕ-ਵਿਦਿਆਰਥੀ ਅਨੁਪਾਤ 1:30, ਦਸਵੀਂ ਤੱਕ ਇਹ ਅਨੁਪਾਤ 1:40 ਤੇ ਸੀਨੀਅਰ ਸੈਕੰਡਰੀ ਵਿੱਚ ਇਹ ਅਨੁਪਾਤ 1:50 ਹੈ, ਜਿਸ ਵਿੱਚ 10 ਫੀਸਦੀ ਵਾਧਾ ਕਰਦੇ ਹੋਏ ਵਿਦਿਆਰਥੀਆਂ ਦੀ ਗਿਣਤੀ ਕ੍ਰਮਵਾਰ 33, 43 ਤੇ 55 ਤੱਕ ਹੋ ਸਕਦੀ ਹੈ। ਜਦੋਂ ਇਸ ਵਰਤਾਰੇ ਨੂੰ ਅਸੀਂ ਸਵਿਟਜ਼ਰਲੈਂਡ, ਫਿਨਲੈਂਡ ਜਾਂ ਵਲਾਇਤ ਨਾਲ਼ ਤੁਲਨਾਉਂਦੇ ਹਾਂ ਤਾਂ ਪੰਜਾਬ ਵਿੱਚ ਅਧਿਆਪਕ-ਸਿੱਖਿਆਰਥੀ ਸਿੱਖਿਆ ਅਨੁਪਾਤ ਬਹੁਤ ਜ਼ਿਆਦਾ ਅਸੰਤੁਲਿਤ ਨਜ਼ਰ ਆਉਂਦਾ ਹੈ ਤੇ ਇਹ ਅਨੁਪਾਤ ਕ੍ਰਮਵਾਰ 1:20, 1:30 ਤੇ 1:35 ਹੋਣਾ ਚਾਹੀਦਾ ਹੈ।

ਇਸ ਦੇ ਨਾਲ਼ ਹੀ ਹੈਰਾਨੀਜਨਕ ਤੱਥ ਤਾਂ ਇਹ ਹੈ ਕਿ ਉਕਤ ਅਨੁਪਾਤ ਨਿਰਧਾਰਤ ਕਰਦੇ ਸਮੇਂ ਸਿੱਖਿਆਰਥੀਆਂ ਦੇ ਬੌਧਿਕ ਪੱਧਰ, ਮਨੋਅਵਸਥਾ, ਖੇਤਰੀ ਵਖਰੇਵੇਂ, ਸਕੂਲਾਂ ਵਿੱਚ ਕਮਰਿਆਂ ਦੀ ਸਮਰੱਥਾ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਸਿੱਖਿਆਰਥੀ-ਅਧਿਆਪਕ ਅਨੁਪਾਤ ਦਰੁਸਤ ਕਰਨ ਨਾਲ਼ ਪੰਜਾਬ ਵਿੱਚ ਅਧਿਆਪਨ ਦੀਆਂ ਹਜ਼ਾਰਾਂ ਅਸਮੀਆਂ ਨਵੀਆਂ ਬਣਨਗੀਆਂ, ਜਿਸ ਨਾਲ਼ ਬੇਰੁਜ਼ਗਾਰ ਅਧਿਆਪਕਾਂ ਲਈ ਨੌਕਰੀ ਦੇ ਮੌਕੇ ਪੈਦਾ ਹੋਣਗੇ।



ਯੂਨੀਅਨ ਦੇ ਜਨਰਲ ਸਕੱਤਰ ਸ੍ਰ. ਬਲਰਾਜ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਵਿੱਚ ਜਿਹੜੇ ਮਾਨਵ ਸੰਸਾਧਨ ਉਪਲਬਧ ਹਨ, ਉਨ੍ਹਾਂ ਦੀਆਂ ਪੂਰੀਆਂ ਸੇਵਾਵਾਂ ਨਹੀਂ ਲਈਆਂ ਜਾ ਰਹੀਆਂ। ਪੰਜਾਬ ਵਿੱਚ ਅਧਿਆਪਨ ਦੀ ਯੋਗਤਾ ਪੂਰੀ ਕਰਨ ਵਾਲੇ ਲੱਖਾਂ ਬੇਰੁਜ਼ਗਾਰ ਉਮੀਦਵਾਰ ਹੋਣ ਦੇ ਬਾਵਜੂਦ ਸਰਕਾਰੀ ਸਕੂਲਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਈ ਟੀ ਟੀ, ਮਾਸਟਰ/ਮਿਸਟ੍ਰੈੱਸ, ਲੈਕਚਰਾਰ, ਸੀ ਐਂਡ ਵੀ ਦੀਆਂ ਅਸਾਮੀਆਂ ਖ਼ਾਲੀ ਹਨ। ਸੂਬਾ ਸਕੱਤਰ ਜਨਰਲ ਸ. ਰਵਿੰਦਰਪਾਲ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਦੇ ਸਕੂਲਾਂ ਨੂੰ ਸਹੀ ਅਰਥਾਂ ਵਿੱਚ ਸਿੱਖਿਆ ਕ੍ਰਾਂਤੀ ਵੱਲ ਲੈ ਕੇ ਜਾਣ ਲਈ ਸਰਕਾਰੀ ਸਕੂਲਾਂ ਵਿੱਚ ਸਕੂਲ ਮੁਖੀ ਦਾ ਹੋਣਾ ਅਤਿਅੰਤ ਜ਼ਰੂਰੀ ਹੈ, ਜਦੋਂਕਿ ਵਿਭਾਗ ਇਸ ਪਾਸੇ ਕਾਰਜ ਕਰਨ ਤੋਂ ਅਵੇਸਲਾ ਹੈ। ਪੰਜਾਬ ਵਿੱਚ ਤਕਰੀਬਨ 1918 ਸੀਨੀਅਰ ਸੈਕੰਡਰੀ ਸਕੂਲ ਹਨ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਜੋ ਪ੍ਰਿੰਸੀਪਲਾਂ ਵਿੱਚੋਂ ਲਗਦੇ ਹਨ, ਦੀਆਂ 46 ਅਸਾਮੀਆਂ ਹਨ, ਇਸ ਦੇ ਨਾਲ਼ ਹੀ ਚੰਡੀਗੜ੍ਹ ਵਿੱਚ ਪ੍ਰਿੰਸੀਪਲ ਦੀਆਂ 6 ਅਸਾਮੀਆਂ ਪ੍ਰਤੀ ਨਿਯੁਕਤੀ ਦੀਆਂ ਹਨ, ਜੋ ਕੁੱਲ ਮਿਲਾ ਕੇ 1980 ਹੋਣੀਆਂ ਚਾਹੀਦੀਆਂ ਹਨ ਪਰ ਵਿਭਾਗ ਕੋਲ਼ ਪ੍ਰਿੰਸੀਪਲ ਦੀਆਂ ਕੁੱਲ 1950 ਅਸਾਮੀਆਂ ਦੀ ਮਨਜ਼ੂਰੀ ਹੈ, ਜੋ ਵੱਖ ਵੱਖ ਡੀ ਪੀ ਸੀ ਤੇ ਮਾਨਯੋਗ ਉੱਚ-ਅਦਾਲਤ ਵਿੱਚ ਦਰਸਾਈ ਗਈ ਹੈ। ਜ਼ਿਕਰਯੋਗ ਹੈ ਕਿ ਮੌਜੂਦਾ ਸਮੇਂ ਵਿੱਚ ਵਿਭਾਗ ਦੇ ਅਨੁਸਾਰ 890 ਦੇ ਕਰੀਬ ਪ੍ਰਿੰਸੀਪਲ ਦੀਆਂ ਪੋਸਟਾਂ ਖ਼ਾਲੀ ਹਨ, ਜੇਕਰ ਸਕੂਲਾਂ ਦੀ ਗੱਲ ਕਰੀਏ ਤਾਂ 950 ਦੇ ਕਰੀਬ ਸਕੂਲ ਖ਼ਾਲੀ ਪਏ ਹਨ, ਕਿਉਕਿ ਜ਼ਿਲ੍ਹਾ ਸਿੱਖਿਆ ਸੰਸਥਾਵਾਂ ਤੇ ਹੋਰ ਅਦਾਰਿਆਂ ਵਿੱਚ ਕੰਮ ਕਰ ਰਹੇ ਅਧਿਕਾਰੀ ਪ੍ਰਿੰਸੀਪਲ ਦੀਆਂ ਇਨ੍ਹਾਂ 1950 ਅਸਾਮੀਆਂ ਦਾ ਹਿੱਸਾ ਹਨ।

ਇਸ ਮੀਟਿੰਗ ਬਾਰੇ ਦੱਸਦੇ ਹੋਏ ਸ੍ਰ. ਜਸਪਾਲ ਸਿੰਘ ਸੰਗਰੂਰ ਨੇ ਕਿਹਾ ਕਿ ਸਿੱਖਿਆ ਅਦਾਰੇ ਵਿਦਿਆਰਥੀਆਂ ਦੀ ਭਲਾਈ ਲਈ ਹਨ, ਪਰ ਅੱਜ ਦੇ ਸਮੇਂ ਪੰਜਾਬ ਸਕੂਲ ਸਿੱਖਿਆ ਬੋਰਡ ਵਿਦਿਆਰਥੀਆਂ 'ਤੇ ਲਗਾਤਾਰ ਫੀਸਾਂ ਦਾ ਬੋਝ ਵਧਾ ਰਿਹਾ ਹੈ, ਜਿਸ ਨਾਲ਼ ਗਰੀਬ ਘਰਾਂ ਦੇ ਵਿਦਿਆਰਥੀਆਂ ਦਾ ਪੜ੍ਹਨਾ ਹੋਰ ਮੁਸ਼ਕਲ ਹੋ ਰਿਹਾ ਹੈ। ਭਾਵੇਂ ਕਿ ਅਧਿਆਪਕ ਆਪਣੇ ਕੋਲੋਂ ਕੁਝ ਵਿਦਿਆਰਥੀਆਂ ਦੀ ਮਾਲੀ ਮਦਦ ਕਰਦੇ ਹਨ, ਪਰ ਸਰਕਾਰ ਦੇ ਪੱਧਰ 'ਤੇ ਫੀਸਾਂ ਘਟਾਉਣ ਦਾ ਕੰਮ ਕਰਨਾ ਚਾਹੀਦਾ ਹੈ ਅਤੇ ਨਾਲ਼ ਹੀ ਪ੍ਰੀਖਿਆ ਸੈਂਟਰ ਪਿੱਤਰੀ ਸਕੂਲਾਂ ਵਿੱਚ ਬਣਾਏ ਜਾਣੇ ਚਾਹੀਦੇ ਹਨ, ਜਿਸ ਨਾਲ਼ ਵਿਦਿਆਰਥੀਆਂ ਦੀ ਖੱਜਲ ਖੁਆਰੀ ਘਟ ਸਕੇ। ਮੀਟਿੰਗ ਵਿੱਚ ਵਿੱਤੀ ਤੇ ਹੋਰ ਮੁੱਦੇ ਵਿਚਾਰੇ ਗਏ। ਇਸ ਸੰਬੰਧੀ ਦਸਦਿਆਂ ਸੂਬਾ ਪ੍ਰੈੱਸ ਸਕੱਤਰ ਰਣਬੀਰ ਸਿੰਘ ਸੋਹਲ ਨੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਮੰਗ ਕੀਤੀ ਕਿ ਵਿਦਿਆਰਥੀ-ਅਧਿਆਪਕ ਅਨੁਪਾਤ ਨੂੰ ਸੰਤੁਲਿਤ ਕੀਤਾ ਜਾਵੇ, ਸਕੂਲਾਂ ਵਿੱਚ ਹਰ ਵਰਗ ਦੇ ਅਧਿਆਪਕਾਂ ਦੀਆਂ ਖ਼ਾਲੀ ਪਈਆਂ ਅਸਾਮੀਆਂ ਨੂੰ ਪੁਰ ਕੀਤਾ ਜਾਵੇ ਤੇ ਨਿਯਮਾਂ ਨੂੰ ਸੋਧਦੇ ਹੋਏ ਫੀਡਰ ਕਾਡਰਾਂ ਤੋਂ ਪ੍ਰਿੰਸੀਪਲ ਦੀਆਂ ਤਰੱਕੀਆਂ ਵਿਦਿਆਰਥੀ ਹਿੱਤ ਵਿੱਚ ਜਲਦ ਤੋਂ ਜਲਦ ਕੀਤੀਆਂ ਜਾਣ ਤਾਂ ਜੋ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦਾ ਮੁਹਾਂਦਰਾ ਹੋਰ ਨਿਖਾਰਿਆ ਜਾ ਸਕੇ।

ਇਸ ਮੌਕੇ ਜਥੇਬੰਦੀ ਦੇ ਮੁੱਖ ਸਲਾਹਕਾਰ ਸੁਖਦੇਵ ਸਿੰਘ ਰਾਣਾ, ਸੀਨੀਅਰ ਮੀਤ ਪ੍ਰਧਾਨ ਅਮਨ ਸ਼ਰਮਾ, ਜਗਤਾਰ ਸਿੰਘ ਸੈਦੋਕੇ, ਅਵਤਾਰ ਸਿੰਘ ਰੋਪੜ, ਰਾਮਵੀਰ ਸਿੰਘ, ਅਮਰਜੀਤ ਸਿੰਘ ਵਾਲੀਆ, ਬਲਦੀਸ਼ ਕੁਮਾਰ ਐੱਸ ਬੀ ਐੱਸ ਨਗਰ, ਜਗਤਾਰ ਸਿੰਘ ਹੁਸ਼ਿਆਰਪੁਰ, ਬਲਜੀਤ ਸਿੰਘ ਕਪੂਰਥਲਾ, ਤੇਜਿੰਦਰ ਸਿੰਘ ਤਰਨ ਤਾਰਨ, ਕੌਸ਼ਲ ਕੁਮਾਰ ਪਠਾਨਕੋਟ, ਚਮਕੌਰ ਸਿੰਘ ਫਰੀਦਕੋਟ, ਗੁਰਪ੍ਰੀਤ ਸਿੰਘ ਬਠਿੰਡਾ, ਲਖਵਿੰਦਰ ਸਿੰਘ ਮਾਨਸਾ, ਚਰਨ ਦਾਸ ਮੁਕਤਸਰ, ਜੀਤ ਸਿੰਘ, ਕਲਦੀਪ ਸਿੰਘ ਗਰੇਵਰ, ਕਰਮਜੀਤ ਸਿੰਘ ਫਤਿਹਗੜ੍ਹ ਸਾਹਿਬ ਆਦਿ ਮੌਜੂਦ ਸਨ।

# ਵਿਸ਼ਵ ਪੰਜਾਬੀ ਸਭਾ ਵੱਲੋਂ ਟੋਰਾਂਟੋ 'ਚ ਤਿੰਨ ਰੋਜ਼ਾ ਅੰਤਰਰਾਸ਼ਟਰੀ ਕਾਨਫ਼ਰੰਸ

**ਡਾ. ਵਰਿਆਮ ਸੰਧੂ ਨੇ ਪ੍ਰਧਾਨਗੀ ਕਰਦਿਆਂ ਮਾਂ ਬੋਲੀ ਵਿਕਾਸ ਆਪੋ ਆਪਣੇ ਘਰੋਂ ਸ਼ੁਰੂ ਕਰਨ ਦਾ ਪ੍ਰਣ ਕਰਵਾਇਆ**

**ਲੁਧਿਆਣਾ (ਰੈਕਟਰ ਕਥੂਰੀਆ)**

ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਤੇ ਸਾਂਝ ਨੂੰ ਹੋਰ ਮਜ਼ਬੂਤ ਕਰਨ, ਨਿਖਾਰਨ ਤੇ ਤਰਾਸ਼ਣ ਦੇ ਮਨੋਰਥ ਨਾਲ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਡਾ. ਦਲਬੀਰ ਸਿੰਘ ਕਥੂਰੀਆ ਕੈਨੇਡਾ ਚੇਅਰਮੈਨ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਅਗਵਾਈ ਹੇਠ ਛੇਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਕੈਨੇਡਾ ਦੇ ਸ਼ਹਿਰ ਬਰੈਂਪਟਨ (ਟੋਰੰਟੋ) ਦੇ ਵਿਸ਼ਵ ਪੰਜਾਬੀ ਭਵਨ ਵਿਖੇ ਅੱਜ ਬੜੇ ਉਤਸ਼ਾਹ ਨਾਲ ਸ਼ੁਰੂ ਹੋ ਗਈ ਹੈ।ਕਾਨਫਰੰਸ ਦਾ ਆਰੰਭ ਸਿੱਖ ਰਹੁ-ਰੀਤਾਂ ਨਾਲ ਸ੍ਰ. ਸੁਬੇਗ ਸਿੰਘ ਕਥੂਰੀਆ ਵੱਲੋਂ ਰਸਭਿੰਨੇ ਸ਼ਬਦ ਗਾਇਨ ਨਾਲ ਕੀਤੀ ਗਈ।ਇਸ ਉਪਰੰਤ ਸ੍ਰੀ ਰਿੰਟੂ ਭਾਟੀਆ ਵੱਲੋਂ ਸ਼ਬਦ ਗਾਇਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਉਪਰੰਤ ਡਾ. ਦਲਬੀਰ ਸਿੰਘ ਕਥੂਰੀਆ, ਸ਼੍ਰੋਮਣੀ ਪੰਜਾਬੀ ਲੇਖਕ ਡਾ. ਵਰਿਆਮ ਸਿੰਘ ਸੰਧੂ, ਪੰਜਾਬ ਯੂਨੀਵਰਸਿਟੀ ਦੇ ਸਾਬਕਾ ਡੀਨ ਡਾ. ਜਸਪਾਲ ਕੌਰ ਕਾਂਗ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਚਾਂਸਲਰ ਡਾ. ਗੁਰਲਾਭ ਸਿੰਘ, ਡਾ. ਪਰਗਟ ਸਿੰਘ ਬੱਗਾ, ਸ੍ਰ. ਇੰਦਰਜੀਤ ਸਿੰਘ ਬੱਲ, ਡਾ. ਬਲਵਿੰਦਰ ਸਿੰਘ ਧਾਲੀਵਾਲ, ਡਾ. ਅਮਰਜੀਤ ਕੌਂਕੇ, ਰੂਪ ਕਾਹਲੋਂ ਤੇ ਉਚੇਚੇ ਤੌਰ 'ਤੇ ਪਹੁੰਚੇ ਚੜ੍ਹਦੀਕਲਾ ਟਾਈਮ ਟੀ ਵੀ ਦਿੱਲੀ ਦੇ ਡਾਇਰੈਕਟਰ ਸ੍ਰ. ਅੰਮ੍ਰਿਤਪਾਲ ਸਿੰਘ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਸਮਾਰੋਹ ਦਾ ਉਦਘਾਟਨ ਕੀਤਾ ਗਿਆ।ਸਮਾਰੋਹ ਦਾ ਸਵਾਗਤੀ ਭਾਸ਼ਨ ਵਿਸ਼ਵ ਪੰਜਾਬੀ ਸਭਾ ਦੇ ਸਰਪ੍ਰਸਤ ਸ੍ਰ. ਇੰਦਰਜੀਤ ਸਿੰਘ ਬੱਲ ਵੱਲੋਂ ਪੜ੍ਹਿਆ ਗਿਆ।ਉਪਰੰਤ ਗੁਰਲਾਭ ਸਿੰਘ ਵੱਲੋਂ ਉਦਘਾਟਨੀ ਸ਼ਬਦ ਬੋਲੇ ਗਏ।ਕੁੰਜੀਵਤ ਭਾਸ਼ਣ ਡਾ. ਜਸਪਾਲ ਕੌਰ ਕਾਂਗ ਵੱਲੋਂ ਦਿੱਤਾ ਗਿਆ, ਜਿਸ ਵਿੱਚ ਉਨ੍ਹਾਂ ਗੁਰੂ ਆਸ਼ੇ ਅਨੁਸਾਰੀ ਸਮਾਜ ਸਿਰਜਣ ਦੀ ਲੋੜ 'ਤੇ ਜ਼ੋਰ ਦਿੱਤਾ।ਪ੍ਰਧਾਨਗੀ ਭਾਸ਼ਣ ਦਿੰਦਿਆਂ ਸ਼੍ਰੋਮਣੀ ਪੰਜਾਬੀ ਲੇਖਕ ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਵੱਲੋਂ ਇਹ ਕਾਨਫਰੰਸ ਕਰਕੇ ਪੂਰੇ ਵਿਸ਼ਵ ਨੂੰ ਮਾਂ ਬੋਲੀ ਪੰਜਾਬੀ ਦੇ ਵਿਕਾਸ ਲਈ ਸੁਚੇਤ ਕੀਤਾ ਹੈ।ਉਨ੍ਹਾਂ ਕਿਹਾ ਕਿ ਇਹ ਸਫ਼ਰ ਸਾਨੂੰ ਆਪੋ ਆਪਣੇ ਘਰੋਂ ਸ਼ੁਰੂ ਕਰਨਾ ਪਵੇਗਾ।ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਵਿਸਾਰਨ ਕਰਕੇ ਹੀ ਅਸੀਂ ਬਹੁਤੇ ਕਸ਼ਟ ਸਹਾਰ ਰਹੇ ਹਾਂ।ਅੰਤ ਵਿੱਚ ਡਾ. ਪ੍ਰਗਟ ਸਿੰਘ ਬੱਗਾ ਨੇ ਧੰਨਵਾਦ ਦੇ ਸ਼ਬਦ ਕਹੇ।ਪ੍ਰੋ. ਜਗੀਰ ਸਿੰਘ ਕਾਹਲੋਂ, ਡਾ. ਗੁਰਪ੍ਰੀਤ ਕੌਰ ਤੇ ਡਾ. ਅਮਰਦੀਪ ਬਿੰਦਰਾ ਵੱਲੋਂ ਮੰਚ ਸੰਚਾਲਕ ਦੀ ਭੂਮਿਕਾ ਬਾਖ਼ੂਬੀ ਨਿਭਾਈ ਗਈ। ਕਾਨਫਰੰਸ ਵਿੱਚ ਉੱਘੇ ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਸਾਬਕਾ ਵਿਧਾਇਕ ਤੇ ਪ੍ਰਸਿੱਧ ਪੱਤਰਕਾਰ ਕੰਵਰ ਸੰਧੂ, ਬਿੱਟੂ ਸੰਧੂ, ਜਸਵਿੰਦਰ ਸਿੰਘ ਰੁਪਾਲ, ਪੂਰਨ ਸਿੰਘ ਪਾਂਧੀ, ਰਜਵੰਤ ਕੌਰ ਸੰਧੂ, ਡਾ. ਜਾਗੀਰ ਸਿੰਘ ਨੂਰ, ਸੁਰਿੰਦਰ ਪ੍ਰੀਤ ਘਣੀਆ, ਕੰਵਲਜੀਤ ਸਿੰਘ ਲੱਕੀ, ਦਲਬੀਰ ਸਿੰਘ ਰਿਆੜ, ਪਾਕਿਸਤਾਨੀ ਲੇਖਕਾਂ ਤਾਹਿਰਾ ਸਰਾ, ਲੋਕ ਗਾਇਕ ਹਸਨੈਨ ਅਕਬਰ, ਕਵਿੱਤਰੀ ਸੁਰਜੀਤ ਕੌਰ, ਪ੍ਰੋ. ਕੁਲਜੀਤ ਕੌਰ, ਡਾ. ਨਵਜੋਤ ਕੌਰ ਤੇ ਕਈ ਹੋਰ ਲੇਖਕ ਹਾਜ਼ਰ ਸਨ।



# ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਸੰਸਥਾਵਾਂ ਨੇ ਮਨਾਇਆ ਯੋਗ ਦਿਵਸ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਵਿੱਦਿਅਕ ਅਦਾਰੇ ਖ਼ਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਅਤੇ ਖ਼ਾਲਸਾ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ ਵਿਖੇ ਸਰੀਰ ਨੂੰ ਤੰਦਰੁਸਤ ਰੱਖਣ, ਜ਼ਿੰਦਗੀ 'ਚ ਖ਼ੁਸ਼ਹਾਲੀ ਅਤੇ ਸਫਲਤਾ ਨੂੰ ਹਾਸਲ ਕਰਨ ਦੇ ਮਕਸਦ ਤਹਿਤ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਮੌਕੇ ਵਿਦਿਆਰਥੀਆਂ ਨੂੰ ਯੋਗ ਦੇ ਗੁਣਾਂ ਤੋਂ ਜਾਣੂ ਕਰਵਾਇਆ ਗਿਆ।ਇੰਜੀਨੀਅਰਿੰਗ ਕਾਲਜ ਵਿਖੇ ਡਾਇਰੈਕਟਰ ਮੰਜੂ ਬਾਲਾ ਅਤੇ ਫ਼ਿਜ਼ੀਕਲ ਐਜੂਕੇਸ਼ਨ ਕਾਲਜ ਵਿਖੇ ਪ੍ਰਿੰਸੀਪਲ ਡਾ. ਕੰਵਲਜੀਤ ਸਿੰਘ ਦੀ ਰਹਿਨੁਮਾਈ ਹੇਠ ਆਯੋਜਿਤ ਇਸ ਪ੍ਰੋਗਰਾਮ 'ਚ ਵਿਦਿਆਰਥੀਆਂ ਦੇ ਯੋਗ ਦੇ ਵੱਖ-ਵੱਖ ਆਸਣ ਕਰਵਾਏ ਗਏ। ਇਸ ਸਬੰਧੀ ਡਾ. ਮੰਜੂ ਬਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 24 ਪੰਜਾਬ ਬਟਾਲੀਅਨ ਐੱਨਸੀਸੀ., ਅੰਮ੍ਰਿਤਸਰ ਦੇ ਸਹਿਯੋਗ ਨਾਲ 2 ਰੋਜ਼ਾ ਯੋਗ ਸੰਗਮ ਦਾ ਆਯੋਜਨ ਕੀਤਾ ਗਿਆ ਜਿਸ 'ਚ ਉਕਤ ਐੱਨ. ਸੀ. ਸੀ. ਤੋਂ ਸੂਬੇਦਾਰ ਗੁਰਬਚਨ ਸਿੰਘ ਅਤੇ ਹੌਲਦਾਰ ਗੁਰਵਿੰਦਰ ਵੱਲੋਂ ਕਾਲਜ ਫੈਕਲਟੀ, ਐੱਨ. ਸੀ. ਸੀ. ਕੈਡਿਟਾਂ, ਵਿਦਿਆਰਥੀਆਂ ਤੋਂ ਇਲਾਵਾ ਖਾਲਸਾ ਕਾਲਜ ਪਬਲਿਕ ਸਕੂਲ, ਖਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਅਤੇ ਲਿਟਲ ਫਲਾਵਰ ਪਬਲਿਕ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਯੋਗਾ ਨੂੰ ਅਨੁਸ਼ਾਸਿਤ ਜੀਵਨ ਦੇ ਢੰਗ ਵਜੋਂ ਅਪਨਾਉਣ ਲਈ ਉਤਸ਼ਾਹਿਤ ਕੀਤਾ ਜਦਕਿ ਐਜੂਕੇਸ਼ਨ ਕਾਲਜ ਵਿਖੇ ਯੋਗਾ ਵਿਭਾਗ ਦੇ ਸਹਾਇਕ ਪ੍ਰੋਫੈਸਰ ਕੇਸਰ ਸਿੰਘ ਵੱਲੋਂ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਯੋਗ ਅਭਿਆਸ ਕਰਵਾਇਆ ਗਿਆ।ਇਸ ਮੌਕੇ ਡਾ. ਮੰਜੂ ਬਾਲਾ ਅਤੇ ਡਾ. ਕੰਵਲਜੀਤ ਸਿੰਘ ਨੇ ਕਿਹਾ ਕਿ ਯੋਗਾ ਸਿਰਫ਼ ਇਕ ਸਰੀਰਿਕ ਗਤੀਵਿਧੀ ਨਹੀਂ ਹੈ, ਸਗੋਂ ਜੀਵਨ ਦਾ ਇਕ ਪੂਰਾ ਦਰਸ਼ਨ ਹੈ।ਉਨ੍ਹਾਂ ਕਿਹਾ ਕਿ ਇਹ ਸਰੀਰ ਨੂੰ ਮਜ਼ਬੂਤ ਕਰਨ, ਮਨ ਨੂੰ ਮਜ਼ਬੂਤ ਕਰਨ ਅਤੇ ਆਤਮਾ ਨੂੰ ਸ਼ਾਂਤ ਕਰਨ ਦਾ ਵਿਗਿਆਨ ਹੈ।ਉਨ੍ਹਾਂ ਵਿਦਿਆਰਥੀਆਂ ਅਤੇ ਕੈਡਿਟਾਂ ਵੱਲੋਂ ਇਮਾਨਦਾਰੀ ਅਤੇ ਅਨੁਸ਼ਾਸਨ ਨਾਲ ਯੋਗ ਅਭਿਆਸ ਕਰਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਯੋਗ ਸਮਾਗਮ ਨੌਜਵਾਨ ਪੀੜ੍ਹੀ ਨੂੰ ਸਿਹਤਮੰਦ, ਸੁਚੇਤ ਅਤੇ ਉਦੇਸ਼ਪੂਰਨ ਜੀਵਨ ਜਿਊਣ ਲਈ ਪ੍ਰੇਰਿਤ ਕਰਨ ਲਈ ਜ਼ਰੂਰੀ ਹਨ।ਉਨ੍ਹਾਂ ਕਿਹਾ ਕਿ ਯੋਗਾ ਨੂੰ ਸਿਰਫ਼ ਇਕ ਦਿਨ ਦਾ ਪ੍ਰੋਗਰਾਮ ਨਹੀਂ, ਸਗੋਂ ਇਕ ਰੋਜ਼ਾਨਾ ਆਦਤ ਬਣਨਾ ਚਾਹੀਦਾ ਹੈ।ਇਸ ਮੌਕੇ ਡਾ. ਮੰਜੂ ਬਾਲਾ ਅਤੇ ਪ੍ਰਿੰ: ਡਾ. ਕੰਵਲਜੀਤ ਸਿੰਘ ਨੇ ਕਿਹਾ ਕਿ ਯੋਗਾ ਸੈਸ਼ਨ ਆਯੂਸ਼ ਮੰਤਰਾਲੇ ਦੁਆਰਾ ਨਿਰਧਾਰਤ ਸਾਂਝੇ ਯੋਗਾ ਪ੍ਰੋਟੋਕੋਲ ਦੌਰਾਨ ਵਿਦਿਆਰਥੀਆਂ ਦੁਆਰਾ ਤਾਡਾਸਨ, ਪਛਿਮੋਤਾਸਨ, ਉਤਾਨਪਾਦਾਸਨ, ਭੁਜੰਗਾਸਨ ਅਤੇ ਨੌਕਾਸਨ ਸਮੇਤ ਕਈ ਆਸਣ ਕੀਤੇ ਗਏ।ਉਨ੍ਹਾਂ ਕਿਹਾ ਕਿ ਹਰੇਕ ਸੈਸ਼ਨ ਆਸਣ ਸੁਧਾਰ, ਸਾਹ ਨਿਯਮਨ ਅਤੇ ਅੰਦਰੂਨੀ ਸ਼ਾਂਤੀ 'ਤੇ ਕੇਂਦ੍ਰਿਤ ਸੀ।




# ਸੇਵਾ ਕੇਂਦਰਾਂ 'ਚ ਮਾਲ ਵਿਭਾਗ ਤੇ ਟਰਾਂਸਪੋਰਟ ਵਿਭਾਗ ਦੀਆਂ ਨਵੀਆਂ ਸੇਵਾਵਾਂ ਸ਼ੁਰੂ: ਰੰਧਾਵਾ

ਗੁਰਦਾਸਪੁਰ (ਜਨਕ ਮਹਾਜਨ)- ਪੰਜਾਬ ਸਰਕਾਰ ਦੇ ਈ-ਗਵਰਨੈਂਸ ਵਿਭਾਗ ਵਲੋਂ ਸੇਵਾ ਕੇਂਦਰਾਂ ਵਿਚ ਮਾਲ ਵਿਭਾਗ ਦੀਆਂ ਛੇ ਨਵੀਆਂ ਸੇਵਾਵਾਂ ਅਤੇ ਟਰਾਂਸਪੋਰਟ ਵਿਭਾਗ ਦੀਆਂ 29 ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਇਸ ਤਰ੍ਹਾਂ ਪੰਜਾਬ ਸਰਕਾਰ ਵਲੋਂ ਈ-ਗਵਰਨੈਂਸ ਵਿੱਚ ਲਗਾਤਾਰ ਤੇਜ਼ੀ ਨਾਲ ਕੰਮ ਕਰਦੇ ਹੋਏ ਸੇਵਾ ਕੇਂਦਰਾਂ ਵਲੋਂ ਦਿੱਤੀ ਜਾਣ ਵਾਲੀਆਂ ਸੇਵਾਵਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਨੇ ਮਾਲ ਵਿਭਾਗ ਸਬੰਧੀ ਸੇਵਾਵਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਲ ਵਿਭਾਗ ਦੀਆਂ ਛੇ ਨਵੀਆਂ ਸੇਵਾਵਾਂ ਸੇਵਾ ਕੇਂਦਰ ਰਾਹੀਂ ਲਈ ਜਾ ਸਕਦੀਆਂ ਹਨ। ਹੁਣ ਡਿਜੀਟਲ ਫ਼ਰਦ ਸੇਵਾ ਕੇਂਦਰਾਂ ਵਿੱਚੋਂ ਲਈ ਜਾ ਸਕਦੀ ਹੈ ਅਤੇ ਇਹ ਫ਼ਰਦ ਬਿਨੈਕਰਤਾ ਦੇ ਫ਼ੋਨ 'ਤੇ ਵਟਸਐਪ ਨੰਬਰ 'ਤੇ ਵੀ ਭੇਜੀ ਜਾਵੇਗੀ। ਇਸੇ ਤਰ੍ਹਾਂ ਦੂਜੀ ਸੇਵਾ ਵਿੱਚ ਵਿਰਾਸਤੀ ਇੰਤਕਾਲ ਲਈ ਸੇਵਾ ਕੇਂਦਰ ਵਿੱਚ ਅਰਜ਼ੀ ਦਿੱਤੀ ਜਾ ਸਕਦੀ ਹੈ, ਤੀਜੀ ਸੇਵਾ ਵਿੱਚ ਰਜਿਸਟਰਡ ਵਸੀਕੇ ਦੇ ਆਧਾਰ ਇੰਤਕਾਲ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ, ਚੌਥੀ ਸੇਵਾ ਵਿੱਚ ਫ਼ਰਦ ਬਦਰ ਦੀ ਐਂਟਰੀ ਕਰਵਾਈ ਜਾ ਸਕਦੀ ਹੈ, ਜਿਸ ਵਿੱਚ ਫ਼ਰਦ ਦੇ ਰਿਕਾਰਡ ਵਿੱਚ ਦਰੁਸਤੀ ਕਰਵਾਈ ਜਾ ਸਕਦੀ ਹੈ। ਇਸੇ ਤਰ੍ਹਾਂ ਪੰਜਵੀਂ ਸੇਵਾ ਵਿੱਚ ਰਪਟ ਦੀ ਐਂਟਰੀ ਲਈ ਅਰਜ਼ੀ ਦਿੱਤੀ ਜਾ ਸਕਦੀ ਹੈ ਜਿਸ ਦੀ ਲੋਨ ਅਤੇ ਕੋਰਟ ਕੇਸਾਂ ਸਬੰਧੀ ਜ਼ਰੂਰਤ ਪੈਂਦੀ ਹੈ। ਉਨ੍ਹਾਂ ਦੱਸਿਆ ਕਿ ਛੇਵੀਂ ਸੇਵਾ ਵਿੱਚ ਸਬਸਕ੍ਰਿਪਸ਼ਨ ਦੀ ਨਵੀਂ ਸਰਵਿਸ ਦਿੱਤੀ ਗਈ ਹੈ ਜਿਸ ਵਿੱਚ ਬਿਨੈਕਰਤਾ ਆਪਣਾ ਜ਼ਮੀਨ ਦਾ ਖਾਤਾ ਇੰਟਰ ਕਰਵਾ ਕੇ ਉਸਨੂੰ ਸਕਿਓਰ ਕਰ ਸਕਦਾ ਹੈ ਕਿਉਂਕਿ ਇਸ ਨਾਲ ਬਿਨੈਕਰਤਾ ਦੇ ਤੁਹਾਡੇ ਫ਼ੋਨ 'ਤੇ ਵਟਸਐਪ ਮੈਸੇਜ ਅਤੇ ਈਮੇਲ ਆਵੇਗੀ ਜੇ ਕੋਈ ਵੀ ਉਨ੍ਹਾਂ ਦੀ ਜ਼ਮੀਨ ਦੇ ਇਸ ਖਾਤੇ ਨਾਲ ਛੇੜਛਾੜ ਕਰਦਾ ਹੈ -ਭਾਵ ਕੋਈ ਟਰਾਂਜੈਕਸਨ ਕਰਦਾ ਹੈ ਤਾਂ ਉਸ ਬਾਰੇ ਪਤਾ ਲੱਗ ਜਾਵੇਗਾ। ਇਸ ਤਰ੍ਹਾਂ ਲੋਕ ਕਿਤੇ ਵੀ ਬੈਠੇ ਅੱਪਡੇਟ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਬਿਹਤਰ ਸੇਵਾਵਾਂ ਦੇਣ ਲਈ ਨਿਰੰਤਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਤਰ੍ਹਾਂ ਇੰਨਾਂ ਸੇਵਾਵਾਂ ਨੂੰ ਘਰ ਬੈਠੇ ਹੀ ਲੈਣ ਲਈ 1076 ਨੰਬਰ ਡਾਇਲ ਕਰ ਸਕਦੇ ਹਾਂ, ਜਿਸ ਤੋਂ ਬਾਅਦ ਲੋਕ ਆਪਣੇ ਟਾਈਮ ਦੇ ਹਿਸਾਬ ਨਾਲ ਦੱਸ ਕੇ ਘਰੋਂ ਬੈਠੇ ਹੀ ਇੰਨਾਂ ਸੇਵਾਵਾਂ ਦਾ ਲਾਭ ਲੈ ਸਕਦੇ ਹੋ ਜਿਸ ਦੀ ਵਾਧੂ ਫ਼ੀਸ ਸਿਰਫ਼ 50 ਰੁਪਏ ਰੱਖੀ ਗਈ ਹੈ।

# ਸੀ ਐੱਚ ਸੀ ਸਰਹਾਲੀ ਵਿਖੇ ਵਿਸ਼ਵ ਯੋਗ ਦਿਵਸ ਮਨਾਇਆ

ਚੋਹਲਾ ਸਾਹਿਬ (ਰਮਨ ਚੱਢਾ)-ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ ਡਾਕਟਰ ਵਰਿੰਦਰਪਾਲ ਕੌਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸੀ. ਐੱਚ. ਸੀ. ਸਰਹਾਲੀ ਵਿਖੇ ਵਿਸ਼ਵ ਯੋਗ ਦਿਵਸ ਬੜੇ ਹੀ ਉਤਸ਼ਾਹ ਨਾਲ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰ: ਸੀਐੱਚਸੀ ਸਰਹਾਲੀ ਦੀ ਯੋਗ ਅਗਵਾਈ ਹੇਠ ਮਨਾਇਆ ਗਿਆ। ਇਸ ਸਮੇਂ ਡਾਕਟਰ ਗਿੱਲ ਨੇ ਦੱਸਿਆ ਕਿ ਵਿਸ਼ਵ ਯੋਗ ਦਿਵਸ ਮੌਕੇ ਵੱਖ-ਵੱਖ ਯੋਗ ਆਸਣ ਵਰਵਾਏ ਗਏ। ਉਨ੍ਹਾਂ ਦੱਸਿਆ ਕਿ ਯੋਗ ਕਰਨ ਨਾਲ ਸਾਡਾ ਸਰੀਰਕ ਅਤੇ ਮਾਨਸਿਕ ਵਿਕਾਸ ਹੁੰਦਾ ਹੈ ਅਤੇ ਸਾਡਾ ਸਰੀਰ ਭਿਆਨਕ ਬਿਮਾਰੀਆਂ ਤੋਂ ਬਚਿਆ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਵਿਸ਼ਵ ਭਰ ਵਿੱਚ ਯੋਗ ਕਰਵਾਇਆ ਜਾਂਦਾ ਹੈ ਜਿਸ ਨਾਲ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਸਰੀਰਕ ਤੰਦਰੁਸਤੀ ਮਿਲ ਰਹੀ ਹੈ ਅਤੇ ਉਨ੍ਹਾਂ ਦਾ ਸਰੀਰ ਰੋਗ ਰਹਿਤ ਹੋ ਰਿਹਾ ਹੈ। ਇਸ ਸਮੇਂ ਡਾ. ਸੰਦੀਪ ਕੌਰ ਮੈਡੀਕਲ ਅਫਸਰ ਨੇ ਦੱਸਿਆ ਕਿ ਸਾਨੂੰ ਆਪਣੀ ਰੁਝੇਵੇਂ ਭਰੀ ਜ਼ਿੰਦਗੀ ਵਿੱਚੋਂ ਕੁਝ ਸਮਾਂ ਕੱਢ ਕੇ ਯੋਗ ਕਰਨਾ ਚਾਹੀਦਾ ਹੈ ਜਿਸ ਨਾਲ ਜਿੱਥੇ ਸਾਡਾ ਸਰੀਰ ਬਿਮਾਰੀਆਂ ਤੋਂ ਬਚਦਾ ਹੈ ਉਥੇ ਸਾਡਾ ਮਾਨਸਿਕ ਵਿਕਾਸ ਵੀ ਹੁੰਦਾ ਹੈ। ਇਸ ਸਮੇਂ ਡਾ. ਵਿਵੇਕ ਸ਼ਰਮਾ, ਜਤਿੰਦਰ ਕੌਰ ਐੱਲ ਟੀ, ਰੁਪਿੰਦਰ ਕੌਰ ਸਟਾਫ ਨਰਸ, ਸੰਦੀਪ ਕੌਰ ਚੰਬਾ ਸਟਾਫ ਨਰਸ, ਸਨਦੀਪ ਕੌਰ ਪੰਨੂ ਸਟਾਫ ਨਰਸ, ਨਰਿੰਦਰ ਕੌਰ ਸਟਾਫ ਨਰਸ, ਪ੍ਰਭਜੋਤ ਕੌਰ ਫਾਰਮੇਸੀ ਅਫਸਰ ਆਦਿ ਹਾਜ਼ਰ ਸਨ।



# ਵਿਸ਼ਵ ਯੋਗਾ ਦਿਵਸ ਮੌਕੇ ਆਰ ਡੀ ਖੋਸਲਾ ਸਕੂਲ 'ਚ ਬਲਾਕ ਪੱਧਰੀ ਪ੍ਰੋਗਰਾਮ

ਬਟਾਲਾ (ਤਰਲੋਕ ਬੱਗਾ)-ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਜੋ ਕਿ ਹਰ ਸਾਲ 21 ਜੂਨ ਨੂੰ ਮਨਾਇਆ ਜਾਂਦਾ ਹੈ, 'ਤੇ ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿੱਚ ਬਲਾਕ ਪੱਧਰ 'ਤੇ ਇੱਕ ਵਿਸ਼ਾਲ ਯੋਗਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਤਹਿਸੀਲਦਾਰ ਅਰਜਨ ਸਿੰਘ ਗਰੇਵਾਲ, ਸਕੂਲ ਪ੍ਰਿੰਸੀਪਲ ਡਾ. ਬਿੰਦੂ ਭੱਲਾ, ਬੀਡੀਪੀਓ ਬਲਜੀਤ ਸਿੰਘ, ਡੀਪੀਆਰਓ ਹਰਜਿੰਦਰ ਸਿੰਘ ਕਲਸੀ, ਆਯੁਰਵੈਦਿਕ ਮੈਡੀਕਲ ਅਫਸਰ ਡਾ. ਅਮਿਤ ਵਰਮਾ, ਡਾ. ਰਵਿੰਦਰ ਸਿੰਘ ਸਿਵਲ ਹਸਪਤਾਲ, ਜਸਬੀਰ ਸਿੰਘ ਇੰਚਾਰਜ ਪੋਲੀਟੈਕਨਿਕ, ਦਲਜੀਤ ਕੌਰ ਇੰਚਾਰਜ ਸੀ.ਐੱਮ. ਯੋਗਸ਼ਾਲਾ ਕਾਲਜ ਵੱਲੋਂ ਜੋਤੀ ਜਗਾ ਕੇ ਕੀਤੀ ਗਈ।ਯੋਗਾ ਦੀ ਮਹੱਤਤਾ ਬਾਰੇ ਦੱਸਦੇ ਹੋਏ ਸਕੂਲ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਕਿਹਾ ਕਿ ਯੋਗਾ ਸਿਰਫ਼ ਇੱਕ ਕਸਰਤ ਨਹੀਂ ਹੈ, ਸਗੋਂ ਜੀਵਨ ਜਿਊਣ ਦੀ ਇੱਕ ਕਲਾ ਹੈ, ਜੋ ਮਨ, ਸਰੀਰ ਅਤੇ ਆਤਮਾ ਨੂੰ ਸੰਤੁਲਿਤ ਰੱਖਦੀ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਯੋਗਾ ਅਪਣਾਉਣਾ ਚਾਹੀਦਾ ਹੈ।ਪ੍ਰੋਗਰਾਮ ਵਿੱਚ ਸਾਰਿਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਯੋਗਾ ਇੰਸਟ੍ਰਕਟਰਾਂ ਦੁਆਰਾ ਵੱਖ-ਵੱਖ ਯੋਗਾਸਨ ਅਤੇ ਪ੍ਰਾਣਾਯਾਮ ਦਾ ਅਭਿਆਸ ਕੀਤਾ ਗਿਆ।ਸੂਰਜ ਨਮਸਕਾਰ, ਵਜਰਾਸਨ, ਭੁਜੰਗਾਸਨ, ਤਾੜ ਆਸਣ, ਮਕਰਾਸਨ ਅਤੇ ਪ੍ਰਾਣਾਯਾਮ ਆਦਿ ਵਿਸ਼ੇਸ਼ ਤੌਰ ਤੇ ਸਿਖਾਏ ਗਏ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੈ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਸਾਰਿਆਂ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਦੀਆਂ ਬਹੁਤ-ਬਹੁਤ ਮੁਬਾਰਕਾਂ ਦਿੱਤੀਆਂ ਅਤੇ ਪ੍ਰਣ ਕੀਤਾ ਕਿ ਯੋਗਾ ਨੂੰ ਰੋਜ਼ਾਨਾ ਜੀਵਨ ਦਾ ਹਿੱਸਾ ਬਣਾ ਕੇ ਅਸੀਂ ਇੱਕ ਸਿਹਤਮੰਦ ਸਮਾਜ ਦਾ ਨਿਰਮਾਣ ਕਰਾਂਗੇ।



# ਕੋਟ ਸਿਵੀਆਂ ਵਿਖੇ ਬਾਬਾ ਪੀਰਾਂ ਸਾਹਬਾ ਦਾ ਜੁੜਿਆ ਸਾਲਾਨਾ ਮੇਲਾ

## * ਗਾਇਕਾ ਮੈਂਡੀ ਕਾਲੜਾ, ਹਰਪ੍ਰੀਤ ਢਿੱਲੋਂ ਤੇ ਸਿੰਮ ਕੌਰ ਨੇ ਆਵਾਜ਼ ਦਾ ਜਾਦੂ ਬਿਖੇਰਿਆ

ਝਬਾਲ, (ਹਰਜਿੰਦਰ ਸਿੰਘ ਸੋਨੀ)-ਪਿੰਡ ਕੋਟ ਸਿਵੀਆਂ ਵਿਖੇ ਸਥਿਤ ਦਰਗਾਹ ਪੀਰ ਬਾਬਾ ਪੀਰਾਂ ਸਾਹਬਾ ਵਿਖੇ ਹਰ ਸਾਲ ਵਾਂਗ ਇਸ ਸਾਲ ਵੀ ਸਾਲਾਨਾ ਮੇਲਾ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਪਿੰਡ ਕੋਟ ਸਿਵੀਆਂ ਅਤੇ ਨਗਰ ਵਾਸੀਆਂ ਦੇ ਪੂਰਨ ਸਹਿਯੋਗ ਨਾਲ ਬੜੀ ਧੂਮਧਾਮ ਨਾਲ ਮਨਾਇਆ ਗਿਆ।ਪਵਿੱਤਰ ਦਰਗਾਹ 'ਤੇ ਚਾਦਰ ਚੜ੍ਹਾਉਣ ਦੀ ਰਸਮ ਪ੍ਰਧਾਨ ਦਰਸ਼ਨ ਸਿੰਘ,ਜਸਵੰਤ ਸਿੰਘ,ਹੀਰਾ ਸਿੰਘ, ਰਸ਼ਪਾਲ ਸਿੰਘ, ਮਾਸਟਰ ਗੁਰਚਰਨ ਸਿੰਘ,

ਸਵਰਨ ਸਿੰਘ, ਸਵਰਨ ਸਿੰਘ ਭਾਈਆ, ਤੇਜਿੰਦਰ ਸਿੰਘ ਵਿੱਕੀ ਸਰਪੰਚ, ਜਤਿੰਦਰ ਸਿੰਘ ਕਰਿਆਨਾ ਸਟੋਰ ਝਬਾਲ ਆਦਿ ਵੱਲੋਂ ਚੜ੍ਹਾਏ ਜਾਣ ਉਪ੍ਰੰਤ ਆਯੋਜਿਤ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਪੰਜਾਬੀ ਸੱਭਿਆਚਾਰਕ ਗਰੁੱਪ ਵੱਲੋਂ ਪੰਜਾਬੀ ਵਿਰਸੇ ਸਬੰਧੀ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ ਜਦਕਿ ਇਸ ਮੌਕੇ ਪੁੱਜੀ ਪ੍ਰਸਿੱਧ ਗਾਇਕਾਂ ਮੈਂਡੀ ਕਾਲੜਾ ਅਤੇ ਗਾਇਕ ਜੋੜੀ ਹਰਪ੍ਰੀਤ ਢਿੱਲੋਂ ਮਿਸ ਸਿੰਮ ਕੌਰ ਵੱਲੋਂ ਵੱਡੀ ਤਾਦਾਦ 'ਚ ਪੰਡਾਲ ਵਿੱਚ ਬੈਠੇ ਸਰੋਤਿਆਂ ਨੂੰ ਆਪਣੀ ਗਾਇਕੀ ਨਾਲ ਮੰਤਰ ਮੁਗਧ ਕੀਤਾ।ਸ਼ਾਮ ਵੇਲੇ ਪੰਜਾਬ ਦੀਆਂ ਨਾਮਵਰ ਕਬੱਡੀ ਟੀਮਾਂ ਭਾਈ ਲੱਧੂ ਕਲੱਬ, ਵਿਚਾਲੇ ਕਰਵਾਏ ਪ੍ਰਦਰਸ਼ਨੀ ਮੈਚ ਵਿੱਚ 100 ਡਾਲਰਾਂ ਦੇ ਜੱਫੇ ਲਗਾਏ ਗਏ।ਪ੍ਰਬੰਧਕ ਕਮੇਟੀ ਵੱਲੋਂ ਜੇਤੂ ਟੀਮ ਨੂੰ ਦਿਲਕਸ਼ ਨਗਦ ਇਨਾਮ ਦੇ ਕੇ ਨਿਵਾਜਿਆ ਗਿਆ।ਇਸ ਮੌਕੇ ਪ੍ਰਧਾਨ ਦਰਸ਼ਨ ਸਿੰਘ, ਮਾਸਟਰ ਗੁਰਚਰਨ ਸਿੰਘ ਕੋਟ, ਹੀਰਾ ਸਿੰਘ, ਸਰਪੰਚ ਤੇਜਿੰਦਰ ਸਿੰਘ ਵਿੱਕੀ ਕੋਟ ਸਿਵੀਆਂ, ਸਾਬਕਾ ਮੈਂਬਰ ਸ਼ਾਮ ਸਿੰਘ ਕੋਟ, ਸਰਪੰਚ ਸੋਨੂੰ ਬਰਾੜ ਦੋਦੇ, ਆੜ੍ਹਤੀ ਜਤਿੰਦਰ ਸਿੰਘ, ਸਰਵਣ ਸ਼ਾਹ ਕੋਟ, ਰਵਿੰਦਰਪਾਲ ਸਿੰਘ ਝਬਾਲ, ਮੈਂਬਰ ਪੰਚਾਇਤ ਜਸਵੰਤ ਸਿੰਘ, ਰਵਿੰਦਰ ਸਿੰਘ, ਗੁਰਵਿੰਦਰ ਸਿੰਘ, ਰੇਸ਼ਮ ਸਿੰਘ, ਜਸਪਾਲ ਸਿੰਘ, ਬਲਵਿੰਦਰ ਸਿੰਘ ਤੋਂ ਇਲਾਵਾ ਸੋਨੂੰ ਰਾਣੀ ਵਲਾਹ ਕਿਸਾਨ ਸੇਵਾ ਸੈਂਟਰ ਝਬਾਲ, ਭਲਵਾਨ ਮਲਕੀਤ ਚੀਮਾਂ, ਭਲਵਾਨ ਪਿੰਕਪਾਲ ਸਿੰਘ, ਬਲਕਾਰ ਸਿੰਘ ਛਾਪਾ, ਪਿਊਸ਼ ਧਵਨ, ਸੋਨੂੰ ਮੁਨੀਮ ਕੋਟ, ਮੁਨਸ਼ੀ ਭੋਜੀਆ, ਰਾਜਬੀਰ ਸੰਧੂ, ਜੀਤਾ ਬਘਿਆੜੀ ਅਤੇ ਪਿੰਡ ਵਾਸੀ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਵੀ ਹਾਜ਼ਰ ਸਨ।



# ਨਜਾਇਜ਼ ਸ਼ਰਾਬ ਸਮੇਤ ਗ੍ਰਿਫ਼ਤਾਰ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਮਾਨਯੋਗ ਡਾਇਰੈਕਟਰ ਜਨਰਲ ਪੁਲਸ, ਪੰਜਾਬ ਅਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਥਾਣਾ ਕਾਹਨੂੰਵਾਨ ਵਿਖੇ ਬਲਵੰਤ ਸਿੰਘ ਉਰਫ ਬੰਤੂ ਨੂੰ ਕਾਬੂ ਕਰਕੇ ਉਸ ਪਾਸੋਂ 7500 ਐੱਮਐੱਲ ਸ਼ਰਾਬ ਨਜਾਇਜ਼ ਬ੍ਰਾਮਦ ਕੀਤੀ ਗਈ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ ਥਾਣਾ ਕਾਹਨੂੰਵਾਨ ਵਿਖੇ ਦਰਜ ਰਜਿਸਟਰ ਕੀਤਾ ਗਿਆ।ਥਾਣਾ ਦੀਨਾਨਗਰ ਵਿਖੇ ਜੋਨੀ ਉਰਫ ਜੋਨੂੰ ਨੂੰ ਕਾਬੂ ਕਰਕੇ ਉਸ ਪਾਸੋਂ 15000 ਐੱਮਐੱਲ ਸ਼ਰਾਬ ਬ੍ਰਾਮਦ ਕੀਤੀ ਗਈ, ਜਿਸ 'ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ, 123, 62 ਥਾਣਾ ਦੀਨਾਨਗਰ ਵਿਖੇ ਦਰਜ ਰਜਿਸਟਰ ਕੀਤਾ ਗਿਆ।ਥਾਣਾ ਸਦਰ ਗੁਰਦਾਸਪੁਰ ਵਿਖੇ ਅਭਿਸ਼ੇਕ ਉਰਫ ਅਭੀ ਨੂੰ ਕਾਬੂ ਕਰਕੇ ਉਸ ਪਾਸੋਂ 11250 ਐੱਮਐੱਲ ਸ਼ਰਾਬ ਬ੍ਰਾਮਦ ਕੀਤੀ ਗਈ, ਜਿਸ 'ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ ਥਾਣਾ ਸਦਰ ਗੁਰਦਾਸਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ।ਜ਼ਿਲਾ ਪੁਲਸ ਮੁਖੀ ਗੁਰਦਾਸਪੁਰ ਆਦਿੱਤਯ ਨੇ ਜ਼ਿਲ੍ਹੇ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਗੈਰ-ਕਾਨੂੰਨੀ/ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਸ ਨੂੰ ਦਿੱਤੀ ਜਾਵੇ, ਗੈਰ-ਕਾਨੂੰਨੀ/ਨਸ਼ਿਆਂ ਦੇ ਕਾਰੋਬਾਰ ਵਿੱਚ ਸ਼ਾਮਿਲ ਵਿਅਕਤੀਆਂ ਦੇ ਖਿਲਾਫ ਠੋਸ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# 32 ਬੋਰ ਦਾ ਪਿਸਤੌਲ ਤੇ ਮੈਗਜ਼ੀਨ ਸਮੇਤ ਕਾਬੂ

ਗੁਰਦਾਸਪੁਰ (ਜਨਕ ਮਹਾਜਨ)-ਪੁਰਾਣਾ ਸ਼ਾਲਾ ਪੁਲਸ ਨੂੰ ਉਸ ਸਮੇਂ ਵੱਡੀ ਸਫ਼ਲਤਾ ਹੱਥ ਲੱਗੀ ਜਦੋਂ ਇਕ ਵਿਅਕਤੀ ਨੂੰ ਪਿਸਟਲ 32 ਬੋਰ ਸਮੇਤ ਮੈਗਜ਼ੀਨ ਮੌਕੇ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਏ. ਐੱਸ. ਆਈ. ਰਣਬੀਰ ਸਿੰਘ ਨੇ ਦੱਸਿਆ ਕਿ ਖਾਸ ਮੁੱਖਬਰ ਦੀ ਸੂਚਨਾ 'ਤੇ ਟੀ ਪੁਆਇੰਟ ਬਹਾਦਰ ਪਟੜੀ ਨਹਿਰ 'ਤੇ ਨਾਕਾਬੰਦੀ ਕੀਤੀ ਹੋਈ ਸੀ ਕਿ ਇਸੇ ਦੌਰਾਨ ਅਸ਼ੋਕ ਕੁਮਾਰ ਪੁੱਤਰ ਨਿਸ਼ਾਨ ਵਾਸੀ ਵਾਸੀ ਅੌਜਲਾ ਦੀ ਤਲਾਸ਼ੀ ਲਈ ਜਿਸ ਪਾਸੋਂ 32 ਬੋਰ ਪਿਸਟਲ ਨਜਾਇਜ਼ ਤੇ ਮੈਗਜ਼ੀਨ ਬਰਾਮਦ ਕੀਤੀ ਗਈ। ਪੁਲਸ ਨੇ ਉਕਤ ਵਿਅਕਤੀ ਖਿਲਾਫ ਆਰਮਜ਼ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਮਨਦੀਪ ਕੌਰ ਨੂੰ ਕਰਨਾਟਕ ਦੇ ਘੱਟ ਗਿਣਤੀ ਕਮਿਸ਼ਨ ਦੀ ਮੈਂਬਰ ਬਣਨ 'ਤੇ ਵਧਾਈ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਕਰਨਾਟਕ ਸਰਕਾਰ ਨੂੰ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਵਜੋਂ ਇੱਕ ਸਿੱਖ ਔਰਤ ਨੂੰ ਪ੍ਰਤੀਨਿਧਤਾ ਦੇਣ 'ਤੇ ਵਧਾਈ ਦਿੱਤੀ ਹੈ। ਨਿਹੰਗ ਮੁਖੀ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕਿ ਕਰਨਾਟਕ ਸਰਕਾਰ ਦੇ ਘੱਟ ਗਿਣਤੀ ਭਲਾਈ ਮੰਤਰੀ ਜਨਾਬ ਜ਼ਮੀਰ ਅਹਿਮਦ ਖਾਨ ਨੂੰ ਇੱਕ ਪੱਤਰ ਲਿੱਖ ਕੇ ਬਿਦਰ ਤੋਂ ਸਰਦਾਰਨੀ ਮਨਦੀਪ ਕੌਰ ਨੂੰ ਕਰਨਾਟਕ ਰਾਜ ਵਿੱਚ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਲੈਣ 'ਤੇ ਪ੍ਰਸੰਨਤਾ ਜਤਾਈ ਹੈ ਤੇ ਉਨ੍ਹਾਂ ਦਾ ਧੰਨਵਾਦ ਕੀਤਾ ਹੈ।ਉਨ੍ਹਾਂ ਕਿਹਾ ਕਿ ਮਨਦੀਪ ਕੌਰ ਦਾ ਘੱਟ ਗਿਣਤੀ ਕਮਿਸ਼ਨ 'ਚ ਹਿੱਸੇਦਾਰ ਬਣਨਾ ਔਰਤਾਂ ਅਤੇ ਘੱਟ ਗਿਣਤੀਆਂ ਲਈ ਸ਼ੁਭ ਸ਼ਗਨ ਹੈ। ਕਰਨਾਟਕ ਰਾਜ ਵਿੱਚ ਇਹ ਪਹਿਲਾ ਮੌਕਾ ਹੈ ਕਿ ਜਦ ਕਿਸੇ ਔਰਤ ਨੂੰ ਘੱਟ ਗਿਣਤੀ ਕਮਿਸ਼ਨ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ ਹੈ। ਬਾਬਾ ਬਲਬੀਰ ਸਿੰਘ ਨੇ ਮਨਦੀਪ ਕੌਰ ਨੂੰ ਇਸ ਨਿਯੁਕਤੀ 'ਤੇ ਵਧਾਈ ਦਿੱਤੀ ਹੈ।

# ਤੰਦਰੁਸਤ ਬਣਾਉਣ 'ਚ ਅਹਿਮ ਭੂਮਿਕਾ ਨਿਭਾਅ ਰਹੀ ਹੈ ਸੀ ਐੱਮ ਦੀ ਯੋਗਸ਼ਾਲਾ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਵੱਖ ਵੱਖ ਸਥਾਨਾਂ 'ਤੇ 'ਸੀ.ਐਮ ਦੀ ਯੋਗਸ਼ਾਲਾ' ਤਹਿਤ ਯੋਗਾ ਕਰਵਾਇਆ ਗਿਆ।ਇਹ ਜਾਣਕਾਰੀ ਸੁਰਿੰਦਰ ਕੁਮਾਰ ਝਾ ਜ਼ਿਲ੍ਹਾ ਕੋਆਰਡੀਨੇਟਰ ਰੂਪਨਗਰ ਨੇ ਦਿੰਦੇ ਹੋਏ ਦੱਸਿਆ ਕਿ ਯੋਗ ਸਾਡੇ ਦੇਸ਼ ਦੀ ਪ੍ਰਾਚੀਨ ਅਤੇ ਗੌਰਵਸ਼ਾਲੀ ਪ੍ਰੰਪਰਾ ਹੈ, ਜੋ ਸਰੀਰਕ, ਮਾਨਸਿਕ ਅਤੇ ਆਤਮਿਕ ਸ਼ੁੱਧੀ ਦਾ ਮਾਧਿਅਮ ਬਣ ਚੁੱਕੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਤੇਜ਼ ਰਫ਼ਤਾਰ ਜੀਵਨਸ਼ੈਲੀ ਅਤੇ ਵੱਧਦੇ ਤਣਾਅ ਨਾਲ ਨਜਿੱਠਣ ਲਈ ਯੋਗ ਇਕ ਵਧੀਆ ਉਪਰਾਲਾ ਹੈ, ਜਿਸ ਨਾਲ ਵਿਅਕਤੀ ਨਾ ਕੇਵਲ ਤੰਦਰੁਸਤ ਰਹਿ ਸਕਦਾ ਹੈ ਬਲਕਿ ਨਸ਼ੇ ਵਰਗੀ ਬੁਰਾਈ ਤੋਂ ਵੀ ਦੂਰ ਰਹਿ ਸਕਦਾ ਹੈ।ਸੀ.ਐਮ ਦੀ ਯੋਗਸ਼ਾਲਾ ਰਾਹੀਂ ਹਰ ਨਾਗਰਿਕ ਨੂੰ ਲਾਭ ਮਿਲ ਰਿਹਾ ਹੈ।ਇਹ ਪਹਿਲ ਪੰਜਾਬ ਨੂੰ ਤੰਦਰੁਸਤ ਬਣਾਉਣ ਦੀ ਦਿਸ਼ਾ ਵਿਚ ਮੀਲ ਦਾ ਪੱਥਰ ਸਿੱਧ ਹੋ ਰਹੀ ਹੈ।ਪ੍ਰੋਗਰਾਮ ਦਾ ਉਦੇਸ਼ ਯੋਗ ਰਾਹੀਂ ਸਿਹਤਮੰਦ, ਅਨੁਸ਼ਾਸਿਤ ਅਤੇ ਨਸ਼ਾ ਮੁਕਤ ਸਮਾਜ ਵੱਲ ਵੱਧਣਾ ਹੈ, ਇਸ ਨੂੰ ਆਪਣੇ ਰੋਜ਼ਾਨਾ ਦੇ ਜੀਵਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ।ਪ੍ਰੋਗਰਾਮ ਵਿਚ ਮਾਹਿਰ ਯੋਗ ਟੀਚਰਾਂ ਵੱਲੋਂ ਯੋਗ ਦੇ ਵੱਖ-ਵੱਖ ਆਸਣ, ਲਾਭਾਂ ਅਤੇ ਅਭਿਆਸ ਵਿਧੀਆਂ ਦੀ ਜਾਣਕਾਰੀ ਦਿੱਤੀ ਗਈ।

# ਜ਼ਮੀਨ ਨੂੰ ਵਾਹੁਣ ਤੋਂ ਰੋਕਣ 'ਤੇ ਵਿਅਕਤੀ ਖਿਲਾਫ ਮਾਮਲਾ ਦਰਜ

ਗੁਰਦਾਸਪੁਰ (ਜਨਕ ਮਹਾਜਨ)-ਪੁਲਸ ਸਟੇਸ਼ਨ ਪੁਰਾਣਾ ਸ਼ਾਲਾ ਅੰਦਰ ਪੈਂਦੇ ਪਿੰਡ ਅਰਜਨਪੁਰ ਗੁੰਜੀਆਂ ਦੀ ਵਸਨੀਕ ਮਨਜੀਤ ਕੌਰ ਪਤਨੀ ਨਿਰਮਲ ਸਿੰਘ ਆਪਣੀ ਜ਼ਮੀਨ ਵਾਹ ਰਹੇ ਸਨ ਜਿਨ੍ਹਾਂ ਨੂੰ ਮੱਖਣ ਸਿੰਘ ਪੁੱਤਰ ਹਜ਼ਾਰਾ ਸਿੰਘ ਵਾਸੀ ਬੱਬੇਹਾਲੀ ਨੇ ਰੋਕਿਆ ਤੇ ਗਾਲੀ-ਗਲੋਚ ਕੀਤਾ। ਇਸ ਦੀ ਸ਼ਿਕਾਇਤ ਉਪ ਪੁਲਸ ਕਪਤਾਨ ਨੂੰ ਦਿੱਤੀ ਗਈ। ਜਾਂਚ ਪੜਤਾਲ ਕਰਨ ਤੋਂ ਬਾਅਦ ਪੁਲਸ ਨੇ ਮੱਖਣ ਸਿੰਘ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।


## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

ਵਿਸ਼ਾ : ਤਕਸੀਮ ਕੇਸ ਵੱਲੋਂ ਭਾਗ ਸਿੰਘ ਪੁੱਤਰ ਤਰਲੋਕ ਸਿੰਘ ਪੁੱਤਰ ਲਾਲ ਸਿੰਘ ਵਾਸੀ ਪੱਤੋ ਹੀਰਾ ਸਿੰਘ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਖੇਵਟ ਨੰ. 719/702, 705/688 ਖਤੌਨੀ ਨੰ. 821, 837 ਤੇ 844 ਵਾਕਿਆ ਰਕਬਾ ਪਿੰਡ ਪੱਤੋ ਹੀਰਾ ਸਿੰਘ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਉਪਰੋਕਤ ਅਨੁਵਾਨ ਕੇਸ ਦੀ ਤਰੀਕ ਪੇਸ਼ੀ ਮਿਤੀ 27-06-2025 ਮੁਕੱਰਰ ਹੈ। ਉਪਰੋਕਤ ਕੇਸ ਵਿੱਚ ਹੇਠ ਲਿਖੇ ਵਿਅਕਤੀਆਂ ਦੀ ਸਧਾਰਨ ਤਰੀਕੇ ਨਾਲ ਤਲਬੀ ਨਹੀਂ ਕੀਤੀ ਜਾ ਸਕੀ ਹੈ। ਇਸ ਲਈ ਉਨ੍ਹਾਂ ਦੇ ਖਿਲਾਫ ਆਰਡਰ 5 ਰੂਲ 20 ਸੀ ਪੀ ਸੀ ਦੀ ਕਾਰਵਾਈ ਆਰੰਭੀ ਜਾਂ ਰਹੀ ਹੈ ਅਤੇ ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਅਸਾਲਤਨ ਜਾਂ ਵਕਾਲਤਨ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋਣ ਅਤੇ ਆਪਣਾ ਪੱਖ ਪੇਸ਼ ਕਰਨ। ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਬਾਅਦ ਵਿੱਚ ਕੋਈ ਇਤਰਾਜ਼ ਮੰਨਣਯੋਗ ਨਹੀਂ ਹੋਵੇਗਾ।

(1) ਧੰਨ ਕੌਰ ਪੁੱਤਰੀ (2) ਪ੍ਰੀਤਮ ਸਿੰਘ (3) ਜੰਗੀਰ ਸਿੰਘ ਪੁੱਤਰਾਨ ਮਿੱਤ ਸਿੰਘ ਪੁੱਤਰ ਗੁਰਮੁਖ ਸਿੰਘ (4) ਅਜੀਤ ਸਿੰਘ ਪੁੱਤਰ ਬਚਨ ਸਿੰਘ ਪੁੱਤਰ ਕਾਲਾ ਸਿੰਘ (5) ਚਮਕੌਰ ਸਿੰਘ ਪੁੱਤਰ ਬਦਨ ਸਿੰਘ ਪੁੱਤਰ ਕਾਲਾ ਸਿੰਘ (6) ਸੁਰਜੀਤ ਸਿੰਘ ਪੁੱਤਰ ਬਦਨ ਸਿੰਘ ਪੁੱਤਰ ਕਾਲਾ ਸਿੰਘ (7) ਅਵਤਾਰ ਸਿੰਘ (8) ਭੁਪਿੰਦਰ ਸਿੰਘ ਪੁੱਤਰ ਬਲਵੀਰ ਸਿੰਘ ਪੁੱਤਰ ਨਿਰਮਲ ਸਿੰਘ (9) ਸੁਰਜੀਤ ਕੌਰ ਪੁੱਤਰੀ ਕਰਮ ਸਿੰਘ ਪੁੱਤਰ ਹਰਨਾਮ ਸਿੰਘ (10) ਤੇਜਿੰਦਰ ਸਿੰਘ ਪੁੱਤਰ ਮਲਕੀਤ ਸਿੰਘ ਪੁੱਤਰ ਮੱਖਨ ਸਿੰਘ (11) ਕੁਲਵਿੰਦਰਜੀਤ ਸਿੰਘ (12) ਦਵਿੰਦਰ ਸਿੰਘ ਪੁੱਤਰਾਨ ਗੁਰਦਿਆਲ ਸਿੰਘ ਪੁੱਤਰ ਗੱਜਣ ਸਿੰਘ ਸਾਰੇ ਵਾਸੀਆਨ ਪਿੰਡ ਪੱਤੋ ਹੀਰਾ ਸਿੰਘ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ।

ਸਹੀ/- ਸਹਾਇਕ ਕੁਲੈਕਟਰ, ਦਰਜਾ ਪਹਿਲਾ, ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ

## ਕੋਰਟ ਨੋਟਿਸ

ਬਾ-ਅਦਾਲਤ ਸ੍ਰੀਮਤੀ ਸਲੋਚਨਾ ਦੇਵੀ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਭੋਗਪੁਰ (ਜਲੰਧਰ)

ਵਿਸ਼ਾ : ਰਿਕਾਰਡ ਮਾਲ ਵਾਕਿਆ ਰਕਬਾ ਪਿੰਡ ਚਰੜ ਹ: ਬ: 10, ਸਬ-ਤਹਿਸੀਲ ਭੋਗਪੁਰ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ ਵਿੱਚ ਵਿਅਕਤੀ ਦਾ ਨਾਂਅ ਕੁਲਵਿੰਦਰ ਸਿੰਘ ਪੁੱਤਰ ਨਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਦਰਜ ਹੈ, ਜਿਸ ਦੀ ਦਰੁਸਤੀ ਰਿਕਾਰਡ ਮਾਲ ਵਿੱਚ ਸੁਖਵਿੰਦਰ ਸਿੰਘ ਪੁੱਤਰ ਨਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਦੇ ਨਾਂਅ ਦਾ ਇੰਦਰਾਜ਼ ਕਰਨ ਸੰਬੰਧੀ। ਜਿਸ ਦੀ ਦਰੁਸਤੀ ਕਰਨ ਸੰਬੰਧੀ।

ਉਪਰੋਕਤ ਲਿਖੇ ਅਨੁਵਾਨ ਦੇ ਕੇਸ ਵਿੱਚ ਅਦਾਲਤ ਨੂੰ ਸ੍ਰੀ ਸੁਰਜੀਤ ਸਿੰਘ ਉਰਫ ਸੁਰਜੀਤ ਗਾਖਲ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਬੜਚੂਹੀ ਜ਼ਿਲ੍ਹਾ ਜਲੰਧਰ ਪਾਸੋਂ ਇੱਕ ਦਰਖਾਸਤ ਪ੍ਰਾਪਤ ਹੋਈ ਹੈ ਕਿ ਉਕਤ ਰਿਕਾਰਡ ਮਾਲ ਵਾਕਿਆ ਰਕਬਾ ਪਿੰਡ ਚਰੜ, ਹ: ਬ: 10, ਸਬ-ਤਹਿਸੀਲ ਭੋਗਪੁਰ, ਤਹਿਸੀਲ ਆਦਮਪੁਰ, ਜ਼ਿਲ੍ਹਾ ਜਲੰਧਰ ਵਿੱਚ ਪ੍ਰਾਰਥੀ ਦੇ ਰਿਸ਼ਤੇਦਾਰ ਦਾ ਨਾਂਅ ਕੁਲਵਿੰਦਰ ਸਿੰਘ ਪੁੱਤਰ ਨਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਦਰਜ ਹੈ, ਜਿਸ ਦੀ ਦਰੁਸਤੀ ਸੰਬੰਧੀ ਬਿਨੈ ਪੱਤਰ ਪ੍ਰਾਪਤ ਹੋਇਆ ਹੈ ਕਿ ਵਿਅਕਤੀ ਦਾ ਅਸਲ ਅਤੇ ਸਹੀ ਨਾਂਅ ਸੁਖਵਿੰਦਰ ਸਿੰਘ ਪੁੱਤਰ ਨਵਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਹੈ। ਜੇਕਰ ਇਸ ਨਾਂਅ ਦਰੁਸਤੀ ਪ੍ਰਕਾਸ਼ਨਾ ਦੇ ਸੰਬੰਧ ਵਿੱਚ ਕਿਸੇ ਵੀ ਵਿਅਕਤੀ ਆਮ ਜਾਂ ਖਾਸ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਮਿਤੀ 07.07. 25 ਦੁਪਹਿਰ 2.00 ਵਜੇ ਤੱਕ ਨਿਮਨਹਸਤਾਖਰ ਦੀ ਅਦਾਲਤ ਵਿੱਚ ਪੇਸ਼ ਹੋ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਕੋਈ ਵੀ ਉਜਰ ਕਾਬਲੇ ਸਮਾਇਤ ਨਹੀਂ ਹੋਵੇਗਾ।

ਇਹ ਨੋਟਿਸ ਅੱਜ ਨੰ. 265/ਰੀਡਰ 20/6/25 ਨੂੰ ਮੋਹਰ ਅਦਾਲਤ ਤੇ ਨਿਮਨ ਹਸਤਾਖਰ ਹੇਠ ਜਾਰੀ ਹੋਇਆ ਹੈ।

ਸਹੀ/- ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਭੋਗਪੁਰ।

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਫਾਸਟ ਟਰੈਕ ਕੋਰਟ, ਸ਼ਹੀਦ ਭਗਤ ਸਿੰਘ ਨਗਰ

ਮਿਸਲ ਨੰ. 32 ਐੱਫ ਟੀ ਸੀ ਦਾਇਰ ਮਿਤੀ : 06-05-2024

ਪਿੰਡ/ਰਕਬਾ : ਬਰਨਾਲਾ ਕਲਾਂ 01, ਅਗਲੀ ਪੇਸ਼ੀ ਮਿਤੀ : 04-07-2025

ਕੇਸ ਕਿਸਮ : ਤਕਸੀਮ

1. ਜਰਨੈਲ ਸਿੰਘ ਪੁੱਤਰ ਗਿਆਨ ਸਿੰਘ ਪੁੱਤਰ ਬੇਅੰਤ ਸਿੰਘ ਪਿੰਡ ਬਰਨਾਲਾ ਕਲਾਂ, ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਹਾਲ ਵਾਸੀ ਇੰਗਲੈਂਡ .. (ਧਿਰ ਅੱਵਲ)

ਬਨਾਮ

(1) ਰਘੂਬੀਰ ਸਿੰਘ ਪੁੱਤਰ ਭਾਗ ਮੱਲ ਪੁੱਤਰ ਮੁਣਸੀ (2) ਅਜੀਤ ਸਿੰਘ ਪੁੱਤਰ ਨਾਰੰਗ ਸਿੰਘ ਪੁੱਤਰ ਗੁੱਜਰ ਸਿੰਘ (3) ਚਮਨ ਸਿੰਘ ਪੁੱਤਰ ਨਾਜਰ ਸਿੰਘ ਪੁੱਤਰ ਰਾਮ ਸੁੱਖ (4) ਕੁੱਲਵੀਰ ਸਿੰਘ ਪੁੱਤਰ ਨਾਜਰ ਸਿੰਘ ਪੁੱਤਰ ਰਾਮ ਸੁੱਖ (5) ਬਖਸ਼ੀਸ਼ ਸਿੰਘ ਪੁੱਤਰ ਨਾਜਰ ਸਿੰਘ ਪੁੱਤਰ ਰਾਮ ਸੁੱਖ (6) ਅਮਰਜੀਤ ਸਿੰਘ ਪੁੱਤਰ ਨਾਜਰ ਸਿੰਘ ਪੁੱਤਰ ਰਾਮ ਸੁੱਖ (7) ਜੁਝਾਰ ਸਿੰਘ ਪੁੱਤਰ ਹਰੀ ਸਿੰਘ ਪੁੱਤਰ ਰਾਮ ਸੁੱਖ (8) ਸੁਰਿੰਦਰ ਕੌਰ ਪਤਨੀ ਦਵਿੰਦਰਪਾਲ ਸਿੰਘ ਪੁੱਤਰ ਗੁਰਬਖਸ਼ ਸਿੰਘ (9) ਜਸਵਿੰਦਰ ਸਿੰਘ ਪੁੱਤਰ ਤਲਵਨ ਸਿੰਘ ਪੁੱਤਰ ਰਤਨ ਸਿੰਘ (10) ਸਰਵਨ ਸਿੰਘ ਪੁੱਤਰ ਜਗੀਰੀ ਸਿੰਘ ਪੁੱਤਰ ਗੰਗੂ (11) ਹਰਦਿਆਲ ਸਿੰਘ ਪੁੱਤਰ ਜਗੀਰੀ ਪੁੱਤਰ ਗੰਗੂ ਪਿੰਡ ਬਰਨਾਲਾ ਕਲਾਂ 02, ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, (12) ਸੁਰਿੰਦਰ ਕੌਰ ਪਤਨੀ ਦਵਿੰਦਰਪਾਲ ਸਿੰਘ Dadwal R/o 67, Kennedy Blud Sllistion of L9R OL9 Canada (ਉੱਤਰਵਾਦੀਆਨ)

ਉਕਤ ਮੁਕੱਦਮੇ ਵਿੱਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਮੁਦਾਇਲਾ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 4/7/25 ਦੀ ਤਰੀਕ ਪੇਸ਼ੀ ਨਿਸ਼ਚਿਤ ਕਰਕੇ ਇਸ ਇਸ਼ਤਿਹਾਰ ਰਾਹੀਂ ਉੱਤਰਵਾਦੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਰੀਕ ਪੇਸ਼ੀ 'ਤੇ ਅਦਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਉਣ। ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਯਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 18/6/25 ਨੂੰ ਮੇਰੇ ਦਸਤਖਤਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਜਾਂਦਾ ਹੈ।

ਜ਼ਿਲ੍ਹਾ ਮਾਲ ਅਫਸਰ-ਕਮ-ਏ ਸੀ ਫਸਟ ਗ੍ਰੇਡ, ਸ਼ਹੀਦ ਭਗਤ ਸਿੰਘ ਨਗਰ।

ਨੰ. 1159/ਰੀਡਰ/ਡੀ.ਆਰ.ਓ. ਮਿਤੀ 19.06.2025

## ਨਿਲਾਮੀ ਨੋਟਿਸ

ਸਰਕਾਰੀ ਹਾਈ ਸਕੂਲ ਮੋਦੇ, ਅੰਮ੍ਰਿਤਸਰ ਵਿਖੇ 4 ਕਮਰਿਆਂ ਦਾ ਇੱਕ ਬਲਾਕ ਅਤੇ 2 ਕਮਰਿਆਂ ਦੇ ਇੱਕ ਬਲਾਕ ਦੇ ਅਨਸੇਫ਼ ਬਲਾਕਾਂ ਨੂੰ ਢਾਹੁਣ ਲਈ ਅਤੇ 15 ਦਿਨਾਂ ਦੇ ਅੰਦਰ ਸਾਈਟ ਕਲੀਅਰ ਕਰਨ ਲਈ ਇੱਛੁਕ ਠੇਕੇਦਾਰਾਂ ਨੂੰ ਨਿਲਾਮੀ ਵਿਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ।ਬਲਾਕ ਦਾ ਕੁੱਲ ਰਕਬਾ 1750 ਵਰਗ ਫੁੱਟ, ਜਿਸ ਵਿਚ ਕੁੱਲ 6 ਕਮਰੇ, 6 ਦਰਵਾਜ਼ੇ, 21 ਬਾਰੀਆਂ ਹਨ।ਇਸ ਬਲਾਕ ਦੀ ਬਾਹਰਲੀ ਦੀਵਾਰ ਨਹੀਂ ਢਾਹੀ ਜਾਵੇਗੀ। ਨਿਲਾਮੀ ਮਿਤੀ 25/06/2025 ਨੂੰ ਦੁਪਹਿਰ 12:00 ਵਜੇ ਸਕੂਲ ਦਫ਼ਤਰ ਵਿਖੇ ਹੋਵੇਗੀ।

ਨਿਲਾਮੀ ਦੀਆਂ ਸ਼ਰਤਾਂ : 1. ਨਿਲਾਮੀ ਵਿਚ ਸ਼ਾਮਿਲ ਹੋਣ ਲਈ ਇੱਛੁਕ ਠੇਕੇਦਾਰ 20,000 /- ਰੁਪਏ ਦਾ ਡਰਾਫਟ (Security ਦੇ ਰੂਪ ਵਿਚ) ਨਿਲਾਮੀ ਤੋਂ 2 ਘੰਟੇ ਪਹਿਲਾਂ ਸਕੂਲ ਦਫ਼ਤਰ ਵਿਖੇ ਜਮ੍ਹਾਂ ਕਰਵਾਉਣਗੇ। ਇਸ ਤੋਂ ਬਿਨਾਂ ਠੇਕੇਦਾਰ ਨੂੰ ਨਿਲਾਮੀ ਵਿੱਚ ਬੈਠਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਡਰਾਫਟ ਜਮ੍ਹਾਂ ਕਰਵਾਉਣ ਦਾ ਸਮਾਂ ਮਿਤੀ : 25/06/2025 ਸਵੇਰੇ 9:00 ਵਜੇ ਤੋਂ 11:00 ਵਜੇ ਤੱਕ ਹੋਵੇਗਾ। (2) ਨਿਲਾਮੀ ਵਿੱਚ ਜਿਸ ਦੀ ਬੋਲੀ ਸਭ ਤੋਂ ਵੱਧ ਜਾਵੇਗੀ, ਉਸ ਨੂੰ ਹੀ ਠੇਕਾ ਦਿੱਤਾ ਜਾਵੇਗਾ। (3) ਨਿਲਾਮੀ ਦੀ ਬੋਲੀ ਦੇਣ ਤੋਂ ਪਹਿਲਾਂ ਇੱਛੁਕ ਠੇਕੇਦਾਰ ਵੱਲੋਂ ਅਨਸੇਫ਼ 6 ਕਮਰਿਆਂ ਦੇ ਬਲਾਕ ਨੂੰ ਨਿੱਜੀ ਰੂਪ ਵਿਚ ਵੇਖ ਲਿਆ ਜਾਵੇ ਅਤੇ ਵੇਖਣ ਉਪਰੰਤ ਹੀ ਬੋਲੀ ਦਿੱਤੀ ਜਾਵੇ। (4) ਬੋਲੀ ਉਪਰੰਤ ਜਿਸ ਵੀ ਠੇਕੇਦਾਰ ਨੂੰ ਇਸ ਕੰਮ ਦੀ ਬੋਲੀ ਦਿੱਤੀ ਜਾਵੇਗੀ, ਉਹ ਬੋਲੀ ਦੀ ਰਕਮ ਦਾ ਡਰਾਫਟ ਸਕੂਲ ਦਫ਼ਤਰ ਵਿਖੇ ਮਿਤੀ 25/06/2025 ਨੂੰ ਦੁਪਹਿਰ 3.00 ਵਜੇ ਤੱਕ ਜਮ੍ਹਾਂ ਕਰਵਾਏਗਾ। ਬੋਲੀ ਦੀ ਸਾਰੀ ਰਕਮ ਜਮ੍ਹਾਂ ਕਰਵਾਉਣ ਉਪਰੰਤ ਹੀ ਠੇਕੇਦਾਰ ਨੂੰ ਕਮਰਿਆਂ ਦੇ ਬਲਾਕ ਨੂੰ ਢਾਹੁਣ ਦੀ ਇਜਾਜ਼ਤ ਦਿੱਤੀ ਜਾਵੇਗੀ। (5) ਜਿਸ ਨੂੰ ਵੀ ਠੇਕਾ ਦਿੱਤਾ ਜਾਵੇਗਾ, ਉਸ ਤੋਂ ਇਲਾਵਾ ਬਾਕੀ ਰਹਿੰਦੇ ਠੇਕੇਦਾਰਾਂ ਨੂੰ Security ਦਾ ਡਰਾਫਟ ਵਾਪਸ ਕਰ ਦਿੱਤਾ ਜਾਵੇਗਾ। (6) ਨਿਲਾਮੀ ਉਪਰੰਤ ਯੋਗ ਠੇਕੇਦਾਰ ਉਪਰੋਕਤ ਮਿੱਥੇ ਸਮੇਂ ਵਿਚ ਜੇ ਸਾਈਟ ਕਲੀਅਰ ਨਹੀਂ ਕਰੇਗਾ, ਤਾਂ 10,000/- ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਦੇਣ ਦਾ ਪਾਬੰਦ ਹੋਵੇਗਾ। (7) ਅਨਸੇਫ਼ ਬਲਾਕ ਢਾਹੁਣ ਦੇ ਸਮੇਂ ਦੌਰਾਨ ਜੇ ਕੋਈ ਵੀ ਜਾਨੀ-ਮਾਲੀ ਨੁਕਸਾਨ ਹੁੰਦਾ ਹੈ, ਤਾਂ ਉਸ ਦੀ ਨਿਰੋਲ ਜ਼ਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਉਸ ਦੀ ਭਰਪਾਈ ਠੇਕੇਦਾਰ ਵੱਲੋਂ ਕੀਤੀ ਜਾਵੇਗੀ। ਵੱਲੋਂ

ਕੰਵਲਜੀਤ ਸਿੰਘ ਜ਼ਿਲ੍ਹਾ ਸਿਖਿਆ ਅਫ਼ਸਰ ( ਸੈਕੰਡਰੀ ) ਅੰਮ੍ਰਿਤਸਰ, ਗੁਰਦੇਵ ਸਿੰਘ ਹੈਡਮਾਸਟਰ, ਸਰਕਾਰੀ ਹਾਈ ਸਕੂਲ ਮੋਦੇ, ਅੰਮ੍ਰਿਤਸਰ ਅਤੇ ਸਕੂਲ ਮੈਨੇਜਮੈਂਟ ਕਮੇਟੀ ਮੋਦੇ ਅੰਮ੍ਰਿਤਸਰ। ਮੋਬਾਇਲ ਨੰਬਰ 97790 -55990

## AXIS BANK

Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana- 141001

Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025

Registered Office: 'Trishul', 3rd Floor, opposite Samartheswar Temple, Law garden, Ellisbridge, Ahmadabad-380006

ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਊਰਿਟਾਈਜ਼ੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਿਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਊਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਨਿਕਲਦੀ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਗਰੰਟਰ ਦਾ ਨਾਂਅ/ਪਤਾ | ਡਿਮਾਂਡ ਨੋਟਿਸ ਦੀ ਮਿਤੀ / ਐੱਨ ਪੀ ਏ ਮਿਤੀ / ਕਬਜ਼ੇ ਦੀ ਮਿਤੀ / ਬਕਾਇਆ ਰਕਮ |
|---|---|---|
| 1. | (1) ਮੈਸ : ਦਸਮੇਸ਼ ਟ੍ਰੇਡਿੰਗ ਕੰਪਨੀ, ਰਾਹੀਂ ਇਸ ਦੇ ਮਾਲਕ (ਸ੍ਰੀ ਭਗਵਾਨ ਸਿੰਘ) ਮੰਡੀ ਬੁਚੇ ਨੰਗਲ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ, ਪੰਜਾਬ-143512 (2) ਸ੍ਰੀ ਭਗਵਾਨ ਸਿੰਘ ਪੁੱਤਰ ਦਲੀਪ ਸਿੰਘ, ਪਿੰਡ ਲੱਖਣ ਖੁਰਦ, ਡਾਕਖਾਨਾ ਲੱਖਣ ਕਲਾਂ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ, ਪੰਜਾਬ 143512 (3) ਸ੍ਰੀ ਮਨਪ੍ਰੀਤ ਸਿੰਘ ਪੁੱਤਰ ਭਗਵਾਨ ਸਿੰਘ, ਪਿੰਡ ਲੱਖਣ ਖੁਰਦ, ਡਾਕਖਾਨਾ ਲੱਖਣ ਕਲਾਂ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ, ਪੰਜਾਬ-143512 | 06 ਮਾਰਚ 2025 / 20 ਫਰਵਰੀ 2025 / 19 ਜੂਨ 2025 / ਰੁ. 21,54,038/- (ਇੱਕੀ ਲੱਖ ਚੁਰੰਜਾ ਹਜ਼ਾਰ ਅਠੱਤੀ ਰੁਪਏ ਕੇਵਲ) |

ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਵਸੀਕਾ ਨੰ. 431 ਮਿਤੀ 08.08.2017 ਅਨੁਸਾਰ ਮਨਪ੍ਰੀਤ ਸਿੰਘ ਪੁੱਤਰ ਭਗਵਾਨ ਸਿੰਘ ਦੇ ਨਾਂਅ 'ਤੇ ਪਲਾਟ ਰਕਬਾ 1 ਕਨਾਲ 5 ਮਰਲੇ 'ਤੇ ਨਿਰਮਤ ਮਕਾਨ ਖਸਰਾ 6 ਕਿਲਾ 12/2/3/2(2-10), ਜਮ੍ਹਾਂਬੰਦੀ ਸਾਲ 2014-15, ਹਦਬਸਤ ਨੰ. 124, ਪਿੰਡ ਲੱਖਣ ਖੁਰਦ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ। ਹੱਦਾਂ :- ਉੱਤਰ : ਭਗਵਾਨ ਸਿੰਘ, ਦੱਖਣ : ਰਸਤਾ, ਪੂਰਬ : ਪ੍ਰਭਜੋਤ ਸਿੰਘ, ਪੱਛਮ : ਭਗਵਾਨ ਸਿੰਘ।

ਮਿਤੀ 22.06.2025, ਸਥਾਨ : ਗੁਰਦਾਸਪੁਰ ਸਹੀ/- ਅਧਿਕਾਰਤ ਅਫ਼ਸਰ, ਐਕਸਿਸ ਬੈਂਕ ਲਿਮਟਿਡ

# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਮੈਂ ਜਗਮੋਹਨ ਸਿੰਘ ਪਿੰਡ ਤਿੱਬੜ ਦਾ ਰਹਿਣ ਵਾਲਾ ਹਾਂ । ਮੇਰੀ ਜ਼ਮੀਨ ਵਿੱਚ ਮੇਰੇ ਪਿਤਾ ਜੋਗਿੰਦਰ ਸਿੰਘ ਦਾ ਟਿਊਬਵੈੱਲ ਹੈ, ਜਿਸ ਦਾ ਖਾਤਾ ਨੰਬਰ G-395 ਹੈ । ਇਸ ਵਿੱਚ ਹੋਈ ਹਿੱਸੇਦਾਰ ਨਹੀਂ ਹੈ । ਇਹ ਕੁਨੈਕਸ਼ਨ ਮੇਰੇ ਪਿਤਾ ਦਾ ਨਾਮ ਤੋਂ ਕੱਟ ਕੇ ਮੇਰੇ ਨਾਮ ਕੀਤਾ ਜਾਵੇ, ਮੇਰੇ ਪਿਤਾ ਦੀ ਮੌਤ ਹੋ ਚੁੱਕੀ ਹੈ।

ਮੈਂ, ਕਮਲਜੀਤ ਕੌਰ ਪੁੱਤਰੀ ਗੁਰਦੇਵ ਸਿੰਘ ਵਾਸੀ ਪਿੰਡ ਚਵਿੰਡਾ ਦੇਵੀ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰੀ ਜੀ ਐੱਨ ਐੱਮ, ਬੀ ਐੱਸ ਸੀ ਨਰਸਿੰਗ, ਐੱਮ ਐੱਸ ਸੀ ਨਰਸਿੰਗ ਦੀਆਂ ਡਿਗਰੀਆਂ ਅਤੇ ਦਸਵੀਂ ਤੇ ਬਾਰ੍ਹਵੀਂ ਦੇ ਸਕੂਲ ਸਰਟੀਫਿਕੇਟ ਕਿਧਰੇ ਗੁੰਮ ਹੋ ਗਏ ਹਨ, ਜਿਸ ਦੀ ਡੀ ਡੀ ਆਰ 17.06.25 ਨੂੰ ਥਾਣਾ ਕੱਥੂਨੰਗਲ, ਅੰਮ੍ਰਿਤਸਰ ਵਿਖੇ ਦਰਜ ਕਰਵਾ ਦਿੱਤੀ ਹੈ, ਜਿਸ ਦਾ ਯੂਨੀਕ ਆਈ ਡੀ ਨੰ. 3230716 ਹੈ।

## ਬੇਦਖਲੀ ਨੋਟਿਸ

ਮੈਂ, ਪਿੰਕੀ ਪਤਨੀ ਸਵ. ਨਫੇ ਸਿੰਘ ਵਾਸੀ ਮਕਾਨ ਨੰ. ਬੀ ਐੱਕਸ-879/832, ਬਲਦੇਵ ਨਗਰ, ਨੇੜੇ ਕਿਸ਼ਨਪੁਰਾ, ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰਾਹੁਲ ਅਤੇ ਉਸ ਦੀ ਪਤਨੀ ਪੂਨਮ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (12158)

ਮੈ ਹੰਸਾ ਸਿੰਘ ਪੁੱਤਰ ਕਿਸ਼ਨ ਸਿੰਘ ਵਾਸੀ ਪਿੰਡ ਹਜਾਰਾ ਸਿੰਘ ਵਾਲਾ ਤਹਿਸੀਲ ਤੇ ਜਿਲਾ ਫਿਰੋਜਪੁਰ ਦਾ ਰਹਿਣ ਵਾਲਾ ਹਾਂ ਅਤੇ ਬਿਆਨ ਹਲਫੀਆ ਕਰਦਾ ਹਾ।ਇਹ ਕਿ ਮੇਰਾ ਲੜਕਾ ਜਸਵਿੰਦਰ ਸਿੰਘ ਅਤੇ ਮੇਰੀ ਨੂੰਹ ਪਾਸ਼ੋ ਰਾਣੀ ਪਤਨੀ ਜਸਵਿੰਦਰ ਸਿੰਘ ਜੋ ਕਿ ਬੁਰੀ ਸੰਗਤ ਵਿਚ ਪੈ ਗਏ ਹਨ, ਮੇਰੇ ਕਹਿਣੇ ਤੋ ਬਾਹਰ ਹਨ। ਸਾਡੇ ਨਾਲ ਲੜਾਈ ਝਗੜਾ ਕਰਦੇ ਹਨ ।ਇਹ ਕਿ ਮੈ ਆਪਣੇ ਲੜਕੇ ਜਸਵਿੰਦਰ ਸਿੰਘ ਅਤੇ ਆਪਣੀ ਨੂੰਹ ਪਾਸ਼ੋ ਰਾਣੀ ਨੂੰ ਆਪਣੀ ਚੱਲ-ਅਚੱਲ ਹੋ ਜਾਇਦਾਦ ਤੋ ਬੇਦਖਲ ਕਰਦਾ ਹੈ ਅਤੇ ਇਸ ਨਾਲ ਲੈਣ ਦੇਣ ਕਰਨ ਵਾਲਾ ਵਿਅਕਤੀ ਖੁੱਦ ਜਿਮੇਵਾਰ ਹੋਵੇਗਾ।

ਮੈਂ, ਨਿਰਭੈ ਸਿੰਘ ਪੁੱਤਰ ਜੀਤ ਸਿੰਘ ਵਾਸੀ ਪੱਤੀ ਚੇਲਾ, ਮੱਲੇਆਣਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਵੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਅਮਰੀਕ ਚੰਦ ਪੁੱਤਰ ਸ੍ਰੀ ਨਰੰਜਨ ਦਾਸ ਵਾਸੀ ਪਿੰਡ ਪ੍ਰਤਾਪੁਰਾ, ਡਾਕਖਾਨਾ ਲੋਹਾਰ ਪ੍ਰਤਾਪੁਰਾ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਮਨੀ ਅਤੇ ਉਸ ਦੀ ਪਤਨੀ ਲਛਮੀ ਉਰਫ ਲੱਛੋ ਅਤੇ ਮੇਰਾ ਦੂਸਰਾ ਲੜਕਾ ਸੰਨੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਅਸ਼ਵਨੀ ਕੁਮਾਰ ਪੁੱਤਰ ਤਾਰਾ ਚੰਦ ਅਤੇ ਮਨੀਸ਼ਾ ਪਤਨੀ ਅਸ਼ਵਨੀ ਕੁਮਾਰ ਦੋਨੋਂ ਵਾਸੀਆਨ ਮਕਾਨ ਨੰ. 227, ਮੁਹੱਲਾ ਕਠਾਰੀਆ, ਬਸਤੀ ਬਾਵਾ ਖੇਲ, ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡੀ ਲੜਕੀ ਪ੍ਰਿਆ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਅਸ਼ੋਕ ਕੁਮਾਰ ਮੋਂਗਾ ਪੁੱਤਰ ਸ੍ਰੀ ਪਿਆਰਾ ਲਾਲ ਵਾਸੀ ਮਕਾਨ ਨੰ. 376, ਸ਼ਹੀਦ ਭਗਤ ਸਿੰਘ ਕਾਲੋਨੀ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ Savita, ਪੁੱਤਰ Sahil ਅਤੇ ਪੁੱਤਰੀ Priyanka ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸ਼ਿੰਦੋ ਪਤਨੀ ਸਵ. ਕੇਵਲ ਵਾਸੀ ਪਿੰਡ ਤੱਲਾ, ਡਾਕਖਾਨਾ ਮਿਆਣੀ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਰਣਜੀਤ ਸਿੰਘ, ਨੂੰਹ ਰੀਨਾ ਗਿੱਲ, ਪੋਤਰੀ ਪ੍ਰਿਅੰਕਾ, ਅਰੋਹੀ, ਪੋਤਰਾ ਆਸ਼ਿਸ਼ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ, ਜਿਸ ਕਰਕੇ ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। (ਬਹਿਲ)

## ਬੇਦਖਲੀ ਨੋਟਿਸ

ਮੈਂ ਅਮਰਜੀਤ ਕੌਰ ਪਤਨੀ ਹਰਭਜਨ ਸਿੰਘ ਵਾਸੀ ਪਿੰਡ ਦਿਲਾਵਲਪੁਰ, ਤਹਿਸੀਲ ਖਡੂਰ ਸਾਹਿਬ, ਜਿਲ੍ਹਾ ਤਰਨ ਤਾਰਨ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਗੁਰਨਿਸ਼ਾਨ ਸਿੰਘ ਗਲਤ ਸੰਗਤ ਵਿਚ ਪੈ ਗਿਆ ਹੈ ਤੇ ਮੇਰੇ ਕਹਿਣੇ ਤੋਂ ਬਾਹਰ ਹੈ ।ਮੈਂ ਇਸ ਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ।ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਹਰਮੇਲ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਮਹੇਸ਼ ਨਗਰ ਧੂਰੀ (ਸੰਗਰੂਰ) ਆਪਣੀ ਲੜਕੀ ਗੁਰਸਿਮਰਨਜੀਤ ਕੌਰ ਪੁਰਬਾ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖ਼ੁਦ ਜ਼ਿੰਮੇਵਾਰ ਹੋਣਗੇ।

ਮੈਂ ਤਾਈਬ ਪੁੱਤਰ ਰਸੋਲ ਮਿਆਂ, ਵਾਸੀ ਮਕਾਨ ਨੰ.2049, ਗਲੀ ਨੰ.1, ਮਸੀਤ ਵਾਲੀ ਕਿਸ਼ਨ ਕੋਟ ਨਜਦੀਕ ਪੁਲਿਸ ਥਾਣਾਂ ਇਸਲਾਮਾਬਾਦ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਨਾਜਰ ਅਲੀ ਉਸਦੀ ਪਤਨੀ ਸੁਸਮਾ ਮੇਰੇ ਕਹਿਣੇ ਤੋ ਬਾਹਰ ਹਨ, ਤੇ ਆਪਣੀ ਮਨ ਮਰਜੀ ਕਰਦੇ ਹਨ।ਇਸ ਲਈ ਮੈ ਇਹਨਾ ਨੂੰ ਅਪਣੀ ਚੱਲ ਅਚੱਲ ਜਾਇਦਾਦ ਤੋ ਬੇਦਖਲ ਕਰਦਾ ਹਾ। ਇਹਨਾ ਨਾਲ ਕਿਸੇ ਵੀ ਤਰ੍ਹਾ ਦਾ ਲੈਣ ਦੇਣ ਕਰਨ ਵਾਲਾ ਖੁਦ ਜੁਮੇਵਾਰ ਹੋਵੇਗਾ ਮੇਰਾ ਤੇ ਮੇਰੇ ਪਰਿਵਾਰ ਦੇ ਦੂਜੇ ਮੈਂਬਰਾ ਦਾ ਇਹਨਾ ਨਾਲ ਖੂਨੀ ਰਿਸ਼ਤਾ ਖਤਮ ਹੋ ਗਿਆ ਹੈ।

ਮੈਂ ਮਨਦੀਪ ਕੌਰ ਪਤਨੀ ਲੇਟ ਸ਼੍ਰੀ ਹਰਜੀਤ ਸਿੰਘ ਵਾਸੀ ਮਕਾਨ ਨੰ 184, ਏਕਤਾ ਨਗਰ ਫੇਸ-1 ਰਾਮਾ ਮੰਡੀ ਜ਼ਿਲ੍ਹਾ ਵਾ ਤਹਿਸੀਲ ਜਲੰਧਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਸਨਮਿੰਦਰ ਸਿੰਘ ਉਰਫ ਸੰਨੀ ਨੂੰ ਜੋ ਕਿ ਮੇਰੇ ਕਹਿਣ ਤੋ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਜਿੰਦਗੀ ਅਤੇ ਚਲ ਅਚੱਲ ਜਾਇਦਾਦ ਤੋ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮਨਦੀਪ ਕੌਰ ਪਤਨੀ ਪਲਵਿੰਦਰ ਸਿੰਘ ਵਾਸੀ ਮਕਾਨ ਨੰ. ਪੀ-74, ਬਾਬਾ ਦੀਪ ਸਿੰਘ ਜੀ ਇਨਕਲੇਵ ਦਾਣਾ ਮੰਡੀ ਮੂਲੇ ਚੱਕ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਗੁਰਸਿਮਰਨ ਸਿੰਘ ਸਿਮਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਬਲਦੀਸ਼ ਕੌਰ ਪਤਨੀ ਇੰਦਰਜੀਤ ਸਿੰਘ ਵਾਸੀ ਪਿੰਡ ਖੀਰਾਂਵਾਲੀ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਰਾਜਬੀਰ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (12157

## ਨਾਂਅ ਦੀ ਬਦਲੀ

ਮੈਂ, ਅਮਨਦੀਪ ਸਿੰਘ ਵਾਸੀ ਮਕਾਨ ਨੰ. 105, ਟਾਵਰ ਇਨਕਲੇਵ, ਫੇਜ਼-3, ਡਾਕਖਾਨਾ ਵਡਾਲਾ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੈਂ ਆਪਣਾ ਨਾਂਅ ਅਮਨਦੀਪ ਤੋਂ ਬਦਲ ਕੇ ਅਮਨਦੀਪ ਸਿੰਘ ਗਿੱਲ ਸਪੁੱਤਰ ਪ੍ਰਤਾਪ ਸਿੰਘ ਗਿੱਲ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

## Change of Name

I, Rakesh Kumar Khanna S/o Kamal Kishore Khanna R/o 179, Maqbool Road, Near Puda Bhawan, Anand Avenue, Amritsar, Punjab have changed my name from Rakesh Kumar Khanna to Rakesh Khanna.

I, Sarbjeet Singh S/o Mukhtiar Singh R/o H.No. 121, Urban Estate , Phase-II, Jalandhar, have changed my name from Sarbjeet Singh to Sarbjit Singh. Please note.

I, Vicky Yadav S/o Hori Lal R/o H.No. 9, Gali No.1, Ram Bali Chowk, Vishal Vihar, Batala Road, Amritsar, Punjab have changed my name from Vicky Yadav to Vicky Kumar.

## Change of Name

I, Amrik Kaur D/o Avtar Singh W/o Harpal Singh R/o VPO Kaler Tehsil Lopoke District Amritsar have changed my name from Amrik Kaur to Sharnjeet Kaur

I, Priya Mahajan D/o Sunil Mahajan W/o Aman Kumar R/o 2579/18, Gali No.1, Ram Tirath Road, Putlighar, District Amritsar have changed my name from Priya Mahajan to Priya

I, Jugraj Singh S/o Ravinder Singh R/o Pind Tirathpur, Fatehpur Rajputan PO Fatehpur Rajputan District Amritsar have declare that Jugraj is my Given name and Singh is my Surname

I, Nitish Kumar S/o Deepak Kumar R/o Ward No.12, Fatehgarh Churian, Tehsil Batala District Gurdaspur have declare that Nitish is my Given name and Singh is my Surname

I, Kuldip Kaur W/o Jasjit Singh R/o H.No.-1, Verowal Road, Khuh Guru Arjan Dev, Jandiala Guru Tehsil & Distt. Amritsar, Punjab-143115 India have changed my name from Kuldip Kaur to Kuldeep Kaur. Concerned Note.

I, Sukhjinder Singh S/o Udham Singh R/o. Village Jabbowal, P.O Wara Bodh Singh Tehsil Sutanpur Lodhi Distt. Kapurthala Punjab have Changed my minor Daughter name from Arpan to Arpan Kaur

I Davinder Kumar S/O Gian Chand R/O H.No.E.S-538, Tubewell Wali Gali Abadpura Jalandhar, Punjab, have changed my name to Kumar Davinder Given Name Davinder Surname Kumar . All please note.

I, Jatinder Kaur W/o Amrik Singh R/o 466, Celebration Enclave, Tarn Taran Road, Amritsar, Punjab have changed my name from Jatinder Kaur to Harpreet Kaur.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਅਜੋਕੀ ਭੱਜ ਦੌੜ ਵਾਲੀ ਜ਼ਿੰਦਗੀ 'ਚ ਯੋਗਾ ਸਿਹਤ ਲਈ ਇੱਕ ਵਰਦਾਨ: ਬਲਬੀਰ ਸਿੰਘ ਪੰਨੂ

ਬਟਾਲਾ (ਤਰਲੋਕ ਬੱਗਾ)-ਸਥਾਨਕ ਪੰਡਿਤ ਮੋਹਨ ਲਾਲ ਐੱਸ. ਡੀ. ਕਾਲਜ (ਲੜਕੀਆਂ) ਡੇਰਾ ਰੋਡ ਫ਼ਤਿਹਗੜ੍ਹ ਚੂੜੀਆਂ ਵਿਖੇ ਮੁੱਖ ਮੰਤਰੀ ਯੋਗਸ਼ਾਲਾ ਦੇ ਬੈਨਰ ਹੇਠ ਐੱਸ. ਡੀ. ਐੱਮ. ਕੁਲਦੀਪ ਚੰਦ ਦੀ ਅਗਵਾਈ ਵਿੱਚ 11ਵਾਂ ਅੰਤਰਰਾਸ਼ਟਰੀ ਤਹਿਸੀਲ ਪੱਧਰੀ ਯੋਗ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਬਲਬੀਰ ਸਿੰਘ ਪੰਨੂ ਹਲਕਾ ਇੰਚਾਰਜ ਆਪ ਫਤਿਹਗੜ੍ਹ ਚੂੜੀਆਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਪਰਮਿੰਦਰ ਸਿੰਘ ਤਹਿਸੀਲਦਾਰ, ਕਾਲਜ ਮੈਨੇਜਮੈਂਟ ਮੈਂਬਰ ਗੋਰਖ ਨਾਥ, ਵਿਨੇਸ਼ ਸ਼ੁਕਲਾ, ਕਾਲਜ ਪ੍ਰਿੰ. ਪ੍ਰੋ. ਪ੍ਰਦੀਪ ਕੌਰ, ਯੋਗਾ ਟ੍ਰੇਨਰ ਪੰਕਜ ਅਤੇ ਸਥਾਨਿਕ ਪ੍ਰਸ਼ਾਸਨਿਕ ਅਧਿਕਾਰੀ ਵਿਸ਼ੇਸ਼ ਤੌਰ 'ਤੇ ਇਸ ਕੈਂਪ ਵਿੱਚ ਮੌਜੂਦ ਰਹੇ।ਇਸ ਮੌਕੇ ਡਾ. ਮਨਪ੍ਰੀਤ ਕੌਰ ਆਯੂਰਵੈਦਿਕ ਤੇ ਯੂਨਾਨੀ ਮੈਡੀਕਲ ਅਫ਼ਸਰ ਦੀ ਯੋਗਾ ਟੀਮ ਵੱਲੋਂ ਯੋਗ ਦੇ ਵੱਖ-ਵੱਖ ਆਸਣ ਕਰਵਾਏ ਗਏ, ਜਿਸ ਵਿੱਚ ਸਥਾਨਕ ਲੋਕਾਂ, ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਉਤਸ਼ਾਹ ਨਾਲ ਯੋਗ ਦੇ ਗੁਰ ਸਿੱਖੇ।ਕਾਲਜ ਵੱਲੋਂ ਮੁੱਖ ਮਹਿਮਾਨ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਦਾ ਸਵਾਗਤ ਕਰਕੇ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ।

ਆਯੂਰਵੈਦਿਕ ਤੇ ਯੂਨਾਨੀ ਅਫ਼ਸਰ ਡਾ. ਮਨਪ੍ਰੀਤ ਕੌਰ ਨੇ ਕਾਲਜ ਪ੍ਰਿੰ. ਪ੍ਰੋ. ਪ੍ਰਦੀਪ ਕੌਰ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ।ਇਸ ਮੌਕੇ ਬੋਲਦਿਆਂ ਬਲਬੀਰ ਸਿੰਘ ਪੰਨੂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਗਾਇਆ ਇਹ ਯੋਗ ਕੈਂਪ ਇੱਕ ਸ਼ਲਾਘਾਯੋਗ ਕਾਰਜ ਹੈ ਤੇ ਅਜੋਕੀ ਭੱਜ ਦੌੜ ਵਾਲੀ ਜ਼ਿੰਦਗੀ ਵਿੱਚ ਯੋਗਾ ਸਿਹਤ ਲਈ ਇੱਕ ਵਰਦਾਨ ਹੈ।ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਰੋਜ਼ਮਰਾ ਜ਼ਿੰਦਗੀ ਵਿੱਚ ਯੋਗ ਨਾਲ ਜ਼ਰੂਰ ਜੁੜਨਾ ਚਾਹੀਦਾ ਹੈ।ਉਨ੍ਹਾਂ ਐੱਸਡੀਐੱਮ, ਤਹਿਸੀਲਦਾਰ, ਕਾਲਜ ਮੈਨੇਜਮੈਂਟ, ਸਟਾਫ਼, ਸਕੂਲੀ ਅਧਿਆਪਕਾਂ, ਸਕੂਲੀ ਵਿਦਿਆਰਥੀਆਂ ਤੇ ਸ਼ਹਿਰ ਨਿਵਾਸੀਆਂ ਵੱਲੋਂ ਉਲੀਕੇ ਇਸ ਸਾਂਝੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਤੇ ਕਾਲਜ ਦੇ ਵਿਹੜੇ ਵਿੱਚ ਆਏ ਹੋਏ ਸਮੂਹ ਇਲਾਕਾ ਨਿਵਾਸੀਆਂ ਦੇ ਸਹਿਯੋਗ ਲਈ ਧੰਨਵਾਦ ਕੀਤਾ।



# ਯੋਗਾ ਮਨੁੱਖ ਦੀ ਤੰਦਰੁਸਤੀ ਦਾ ਦੂਸਰਾ ਨਾਂਅ ਹੈ : ਕੰਗ




ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)- ਸ੍ਰੀ ਗੁਰੂ ਰਾਮਦਾਸ ਨਰਸਿੰਗ ਇੰਸਟੀਟਿਊਟ ਪੰਧੇਰ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ।ਕਾਲਜ ਦੇ ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ, ਪ੍ਰਿੰਸੀਪਲ ਹਰਜਿੰਦਰਪਾਲ ਕੌਰ ਕੰਗ ਦੀ ਅਗਵਾਈ ਹੇਠ ਕਰਵਾਏ ਗਏ ਇਸ ਯੋਗ ਕੈਂਪ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਭਾਗ ਲਿਆ ਗਿਆ ਅਤੇ ਯੋਗ ਅਭਿਆਸ ਕੀਤੇ ਗਏ।ਇਸ ਸਾਲ ਯੋਗਾ ਦਿਵਸ ਦਾ ਥੀਮ ਇੱਕ ਧਰਤੀ, ਇੱਕ ਸਿਹਤ ਲਈ ਯੋਗਾ ਸੀ।ਇਸ ਥੀਮ ਦੇ ਤਹਿਤ ਹੀ ਕਾਲਜ ਅੰਦਰ ਯੋਗਾ ਦਿਵਸ ਮਨਾਇਆ ਗਿਆ।ਯੋਗ ਅਭਿਆਸ ਦੌਰਾਨ ਵਿਦਿਆਰਥੀਆਂ ਨੂੰ ਡਾ. ਅਨਿਲ ਕੁਮਾਰ ਦੀਵੇਦੀ ਕਾਨਪੁਰ ਨੇ ਵੱਖ-ਵੱਖ ਆਸਣ ਕੀਤੇ ਗਏ ਅਤੇ ਕਰਵਾਏ ਗਏ।ਇਸ ਮੌਕੇ ਵਿਦਿਆਰਥੀਆਂ ਨੇ ਖੁਦ ਰੋਜ਼ਾਨਾ ਯੋਗਾ ਕਰਨ ਅਤੇ ਆਪਣੇ ਪਰਿਵਾਰਾਂ ਨੂੰ ਯੋਗਾ ਕਰਨ ਲਈ ਪ੍ਰੇਰਿਤ ਕਰਨ ਦਾ ਪ੍ਰਣ ਲਿਆ।ਇਸ ਮੌਕੇ ਪ੍ਰਿੰਸੀਪਲ ਹਰਜਿੰਦਰਪਾਲ ਕੌਰ ਕੰਗ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਯੋਗਾ ਸਾਨੂੰ ਤੰਦਰੁਸਤ ਰੱਖਣ ਵਿੱਚ ਮੁੱਖ ਰੋਲ ਅਦਾ ਕਰਦੇ ਹਨ।ਉਨ੍ਹਾਂ ਕਿਹਾ ਕਿ ਰੋਜ਼ਾਨਾ ਯੋਗਾ ਕਰਨ ਨਾਲ ਅਸੀਂ ਮਾਨਸਿਕ ਬਿਮਾਰੀਆਂ ਤੋਂ ਵੀ ਬਚਦੇ ਹਾਂ ਅਤੇ ਸਾਨੂੰ ਸਰੀਰਕ ਰੋਗ ਵੀ ਨਹੀਂ ਲੱਗਦੇ ਹਨ।ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ ਨੇ ਕਿਹਾ ਕਿ ਯੋਗਾ ਤੰਦਰੁਸਤੀ ਦਾ ਦੂਸਰਾ ਨਾਮ ਹੈ। ਉਨ੍ਹਾਂ ਕਿਹਾ ਕਿ ਅੱਜਕੱਲ੍ਹ ਦੇ ਯੁੱਗ ਵਿੱਚ ਮਾਨਸਿਕ ਰੋਗ ਬਹੁਤ ਜ਼ਿਆਦਾ ਹਨ ਜਿਨ੍ਹਾਂ ਤੋਂ ਬਚਣ ਅਤੇ ਖੁਦ ਨੂੰ ਤੰਦਰੁਸਤ ਰੱਖਣ ਵਾਸਤੇ ਸਾਨੂੰ ਯੋਗਾ ਰੋਜ਼ਾਨਾ ਕਰਨਾ ਚਾਹੀਦਾ ਹੈ।ਇਸ ਮੌਕੇ ਨਰਸਿੰਗ ਕਾਲਜ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

# ਗੁਰੂ ਸਾਗਰ ਪਬਲਿਕ ਸਕੂਲ 'ਚ ਕਰਵਾਏ ਯੋਗਾ ਦੇ ਵੱਖ-ਵੱਖ ਆਸਣ

ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)- ਗੁਰੂ ਸਾਗਰ ਪਬਲਿਕ ਸਕੂਲ ਪੰਧੇਰ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ।ਮੈਨੇਜਿੰਗ ਡਾਇਰੈਕਟਰ ਅਵਤਾਰ ਸਿੰਘ ਕੰਗ, ਚੇਅਰਪਰਸਨ ਹਰਜਿੰਦਰਪਾਲ ਕੌਰ ਕੰਗ ਅਤੇ ਪ੍ਰਬੰਧਕ ਡਾ. ਆਨੰਦਜੀਤ ਕੌਰ ਦੇ ਦਿਸ਼ਾ ਨਿਰਦੇਸਾਂ ਹੇਠ ਕਰਵਾਏ ਗਏ ਇਸ ਯੋਗ ਕੈਂਪ ਵਿੱਚ ਪ੍ਰਿੰਸੀਪਲ ਮੀਨਾਕਸ਼ੀ ਮਹਿਤਾ ਦੀ ਅਗਵਾਈ ਹੇਠ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਨ ਵੱਲੋਂ ਭਾਗ ਲਿਆ ਗਿਆ ਅਤੇ ਯੋਗ ਅਭਿਆਸ ਕੀਤੇ ਗਏ।ਆਨਲਾਇਨ ਮੂਡ ਵਿੱਚ ਕਰਵਾਏ ਗਏ ਯੋਗ ਅਭਿਆਸ ਵਿੱਚ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਯੋਗਾ ਕੀਤਾ ਅਤੇ ਅੱਗੇ ਤੋਂ ਰੋਜ਼ਾਨਾ ਯੋਗਾ ਕਰਨ ਅਤੇ ਆਪਣੇ ਮਾਪਿਆਂ ਨੂੰ ਵੀ ਯੋਗਾ ਕਰਨ ਬਾਰੇ ਪ੍ਰੇਰਿਤ ਕਰਨ ਅਤੇ ਯੋਗਾ ਬਿਮਾਰੀਆਂ ਤੋ ਕਿਵੇਂ ਬਚਾਉਂਦਾ ਹੈ। ਉਸਦੇ ਬਾਰੇ ਜਾਣਕਾਰੀ ਦਿੱਤੀ ਗਈ। ਯੋਗਾ ਦੌਰਾਨ ਨਸ਼ਿਆਂ ਦੇ ਬੁਰੇ ਪ੍ਰਭਾਵ ਬਾਰੇ ਵੀ ਜਾਣਕਾਰੀ ਦਿੱਤੀ ਗਈ ਅਤੇ ਉਸ ਤੋਂ ਬਚਾਵ ਵਾਸਤੇ ਯੋਗਾ ਦੇ ਯੋਗਦਾਨ ਬਾਰੇ ਵਿਦਿਆਰਥੀਆਂ ਨੂੰ ਦੱਸਿਆ ਗਿਆ।



## ਦੋ ਘੰਟੇ ਦੇ ਮੀਂਹ ਨੇ ਸੜਕਾਂ 'ਤੇ ਕਰ ਦਿੱਤਾ ਪਾਣੀ ਹੀ ਪਾਣੀ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**- ਬਰਸਾਤੀ ਮੌਸਮ ਦੇ ਪਹਿਲੇ ਮੀਂਹ ਨੇ ਹੁਸ਼ਿਆਰਪੁਰ ਸ਼ਹਿਰ ਦੀਆਂ ਨੀਵੀਆਂ ਥਾਵਾਂ 'ਤੇ ਬਣਾ ਦਿੱਤਾ ਹੜ੍ਹਾਂ ਵਰਗਾ ਮਾਹੌਲ। ਅਜਿਹਾ ਹਰ ਬਰਸਾਤ ਵਿੱਚ ਹੁੰਦਾ ਹੈ ਪਰ ਪ੍ਰਸ਼ਾਸਨ ਨੂੰ ਇਸ ਗੱਲ ਦੀ ਕੋਈ ਫਿਕਰ ਨਹੀਂ ਕਿ ਲੋਕ ਬਰਸਾਤੀ ਮੌਸਮ ਵਿੱਚ ਪਰੇਸ਼ਾਨ ਹੁੰਦੇ ਹਨ। ਇਥੋਂ ਤੱਕ ਕਿ ਟੁੱਟੀਆਂ ਹੋਈਆਂ ਸੜਕਾਂ ਦੀ ਵੀ ਬਰਸਾਤ ਤੋਂ ਪਹਿਲਾਂ ਰਿਪੇਅਰ ਨਹੀਂ ਕਰਵਾਈ ਜਾਂਦੀ ਜਿਸ ਕਰਕੇ ਸੜਕਾਂ ਦੇ ਵੱਡੇ ਵੱਡੇ ਟੋਏ ਬਰਸਾਤੀ ਮੌਸਮ ਵਿੱਚ ਐਕਸੀਡੈਂਟ ਦਾ ਕਾਰਨ ਬਣਦੇ ਹਨ ਤੇ ਕਈ ਵਾਰ ਜਾਨਲੇਵਾ



ਸਾਬਤ ਵੀ ਹੁੰਦੇ ਹਨ। ਬਰਸਾਤ ਦੀਆਂ ਜਿਹੜੀਆਂ ਤਸਵੀਰਾਂ ਕੈਮਰੇ ਵਿੱਚ ਕੈਦ ਕੀਤੀਆਂ ਗਈਆਂ ਹਨ ਉਹ ਸ਼ਹਿਰ ਹੁਸ਼ਿਆਰਪੁਰ ਦਾ ਸਭ ਤੋਂ ਪੌਸ਼ ਇਲਾਕੇ ਮਾਡਲ ਟਾਊਨ ਦੀਆਂ ਹਨ। ਹਰ ਸਾਲ ਬਰਸਾਤ ਤੋਂ ਪਹਿਲਾਂ ਅਫਸਰਾਂ ਵੱਲੋਂ ਦਾਅਵੇ ਅਤੇ ਵਾਅਦੇ ਕੀਤੇ ਜਾਂਦੇ ਨੇ ਕਿ ਹੜ੍ਹਾਂ ਵਰਗੀ ਸਥਿਤੀ ਨਾਲ ਨਜਿੱਠਣ ਦੀਆਂ ਤਿਆਰੀਆਂ ਕਰ ਲਈਆਂ ਗਈਆਂ ਨੇ, ਪਰ ਇਹ ਤਿਆਰੀਆਂ ਕਿੰਨੀਆਂ ਕੁ ਕਰ ਲਈਆਂ ਗਈਆਂ ਨੇ ਇਹ ਹਰ ਤਸਵੀਰਾਂ ਦੇ ਦ੍ਰਿਸ਼ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਦੱਸਣ ਲਈ ਕਾਫੀ ਹਨ। ਰਾਹਗੀਰਾਂ ਨੇ ਦੁੱਖ ਬਿਆਨ ਕਰਦਿਆਂ ਦੱਸਿਆ ਕਿ ਸ਼ਹਿਰ ਵਿੱਚ ਕੇਵਲ ਡੇਢ ਘੰਟੇ ਦੀ ਬਾਰਸ਼ ਤੋਂ ਬਾਅਦ ਹੀ ਹਾਲਾਤ ਬਦ ਤੋਂ ਬਦਤਰ ਹੋ ਗਈ। ਉਹਨਾਂ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਹਰ ਸਾਲ ਬਰਸਾਤੀ ਮੌਸਮ ਵਿੱਚ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਦਸੂਹਾ ਅਤੇ ਪਠਾਨਕੋਟ ਵਾਲੇ ਪਾਸੇ ਤੋਂ ਆਉਣ ਵਾਲੇ ਵਹੀਕਲ, ਐਂਬੂਲੈਂਸ ਅਤੇ ਹੋਰ ਐਮਰਜੈਂਸੀ ਸਾਧਨਾਂ ਲਈ ਬਾਜ਼ਾਰ, ਬੱਸ ਸਟੈਂਡ ਅਤੇ ਸਰਕਾਰੀ ਹਸਪਤਾਲ ਲਈ ਇਹ ਰਾਸਤਾ ਵਾਇਆ ਰੋਸ਼ਨ ਗਰਾਊਂਡ ਸ਼ਾਟਕਟ ਵੀ ਪੈਂਦਾ ਹੈ ਤੇ ਇਹ ਵੀ ਦੱਸ ਦਈਏ ਕਿ ਹਲਕਾ ਸ਼ਾਮਚੁਰਾਸੀ ਦੇ ਵਿਧਾਇਕ ਅਤੇ ਪੰਜਾਬ ਕੈਬਨਟ ਵਿੱਚ ਮੰਤਰੀ ਡਾਕਟਰ ਰਵਜੋਤ ਸਿੰਘ ਦਾ ਹੁਸ਼ਿਆਰਪੁਰ ਸਥਿਤ ਦਫਤਰ ਇਸ ਥਾਂ ਤੋਂ ਮਹਿਜ 200 ਮੀਟਰ ਦੀ ਦੂਰੀ 'ਤੇ ਸਥਿਤ ਹੈ।

## ਜ਼ਮੀਨੀ ਵਿਵਾਦ 'ਚ ਭੂ-ਮਾਫੀਆ 'ਤੇ ਨਜਾਇਜ਼ ਕਬਜ਼ਾ ਕਰਨ ਦਾ ਦੋਸ਼

**ਮੋਹਾਲੀ (ਗੁਰਜੀਤ ਬਿੱਲਾ)**- ਇਥੇ ਮੋਹਾਲੀ ਪ੍ਰੈਸ ਕਲੱਬ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਪੀੜਤ ਕਰਨੈਲ ਸਿੰਘ ਵਾਸੀ ਬਸੀ ਸੇਖਾਂ, ਵਾਰਡ ਨੰ: 2, ਜ਼ੀਰਕਪੁਰ-ਰਾਜਪੁਰਾ ਮੇਨ ਰੋਡ, ਬਨੂੜ ਉਤੇ ਸਥਿਤ ਘਰ ਵਿਚ ਰਹਿੰਦੇ ਸਨ, ਜੋ ਕਿ ਲਾਲ ਲਕੀਰ ਅੰਦਰ ਪੈਂਦਾ ਹੈ। ਉਹਨਾਂ ਦੱਸਿਆ ਕਿ ਇਸ ਮਕਾਨ ਉਤੇ ਮੇਰਾ ਅਤੇ ਮੇਰੇ ਭਰਾ ਜਸਮੀਤ ਸਿੰਘ ਦਾ ਕਬਜ਼ਾ ਹੈ। ਉਹਨਾਂ ਦਾ ਪਰਵਾਰ ਕਰੀਬ 50 ਸਾਲਾਂ ਤੋਂ ਇਸ ਮਕਾਨ ਵਿਚ ਰਹਿ ਰਿਹਾ ਹੈ ਅਤੇ ਆਪਣੇ ਪਰਵਾਰ ਦਾ ਗੁਜ਼ਾਰਾ ਇਕ ਕਿਰਾਏ ਦਾ ਟੈਂਪੂ ਲੈ ਕੇ ਚਲਾ ਰਿਹਾ ਹੈ।ਉਹਨਾਂ ਦੱਸਿਆ ਕਿ ਆਪਣੇ ਆਪ ਨੂੰ ਪ੍ਰਾਪਰਟੀ ਡੀਲਰ ਦੱਸਣ ਵਾਲੇ ਦਵਿੰਦਰ ਕੁਮਾਰ ਪੁਰੀ ਅਤੇ ਹਰਜੋਤ ਸਿੰਘ ਵੱਲੋਂ ਬਲਜਿੰਦਰ ਕੌਰ ਨਾਲ ਮਿਲ ਕੇ 2020 ਵਿਚ ਜਾਅਲੀ ਕਾਗਜ਼ ਬਣਾ ਕੇ ਕਰੋੜਾਂ ਦੀ ਜਾਇਦਾਦ ਹੜੱਪਣ ਦੀ ਕਥਿਤ ਕੋਸ਼ਿਸ਼ ਕੀਤੀ ਗਈ। ਇਸ ਤਹਿਤ ਦਵਿੰਦਰ ਕੁਮਾਰ ਪੁਰੀ ਖਿਲਾਫ ਥਾਣਾ ਬਨੂੜ ਵਿਖੇ ਪਰਚਾ ਵੀ ਦਰਜ ਹੈ ਅਤੇ ਇਹ ਵਿਅਕਤੀ ਜ਼ਮਾਨਤ 'ਤੇ ਬਾਹਰ ਹੈ। ਉਹਨਾਂ ਇਹ ਵੀ ਕਿਹਾ ਕਿ ਦਵਿੰਦਰ ਪੁਰੀ ਖਿਲਾਫ ਪਹਿਲਾਂ ਵੀ ਜਾਅਲੀ ਐਨ ਓ ਸੀ ਦੇਣ ਦਾ ਪਰਚਾ ਦਰਜ ਹੈ। ਉਹਨਾਂ ਭਰੇ ਮਨ ਨਾਲ ਦੱਸਿਆ ਕਿ ਸਾਡੀ ਪੁਸ਼ਤੈਨੀ ਜ਼ਮੀਨ ਉਤੇ ਉਪਰੋਕਤ ਦਵਿੰਦਰ ਕੁਮਾਰ ਪੁਰੀ ਵੱਲੋਂ ਬੀਤੀ 17 ਤਰੀਕ ਨੂੰ ਹਰਜੋਤ ਸਿੰਘ (ਜਿਸ ਕੋਲ ਅਸਲਾ ਵੀ ਹੈ) ਅਤੇ ਆਪਣੇ 20-25 ਗੁੰਡਾ ਸਾਥੀਆਂ ਨਾਲ ਮਿਲ ਕੇ ਜਬਰਦਸਤੀ ਸਾਡਾ ਘਰ ਜੇ ਸੀ ਬੀ ਨਾਲ ਢਾਹ ਦਿੱਤਾ ਅਤੇ ਆਪਣਾ ਕਬਜ਼ਾ ਕਰਕੇ ਰਸਤਾ ਮੇਨ ਰੋਡ ਵੱਲ ਖੋਲ੍ਹ ਲਿਆ। ਉਹਨਾਂ ਦੱਸਿਆ ਕਿ ਉਪਰੋਕਤ ਵਿਅਕਤੀਆਂ



ਵੱਲੋਂ ਕਥਿਤ ਤੌਰ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣ ਕਾਰਨ ਉਹ ਪਰਵਾਰ ਸਮੇਤ ਇਧਰ-ਉਧਰ ਧੱਕੇ ਖਾਣ ਲਈ ਮਜਬੂਰ ਹਨ ਅਤੇ ਅਸਲੇ ਦੇ ਬਲ ਉਤੇ ਡਰਾਇਆ ਅਤੇ ਧਮਕਾਇਆ ਵੀ ਜਾ ਰਿਹਾ ਹੈ। ਉਹਨਾਂ ਕਿਹਾ ਕਿ ਮੇਰੇ ਪਰਵਾਰ ਨਾਲ ਨਜਾਇਜ਼ ਧੱਕਾ ਹੋਇਆ ਹੈ ਪਰ ਸਰਕਾਰੇ-ਦਰਬਾਰੇ ਕੋਈ ਸੁਣਵਾਈ ਨਹੀਂ ਹੋ ਰਹੀ।ਪੀੜਤ ਕਰਨੈਲ ਸਿੰਘ ਨੇ ਦੱਸਿਆ ਕਿ ਮੋਹਾਲੀ ਦੀ ਮਾਣਯੋਗ ਅਦਾਲਤ ਨੇ ਉਪਰੋਕਤ ਵਿਅਕਤੀਆਂ ਖਿਲਾਫ਼ ਜਾਅਲੀ ਦਸਤਾਵੇਜ਼ਾਂ ਦੇ ਆਧਾਰ ਉਤੇ ਕਬਜ਼ਾ ਕਰਨ ਖਿਲਾਫ਼ ਪਹਿਲਾਂ ਹੀ ਫੈਸਲਾ ਸਾਡੇ ਹੱਕ ਵਿਚ ਸੁਣਾ ਦਿੱਤਾ ਹੈ ਪਰ ਉਪਰੋਕਤ ਵਿਅਕਤੀ ਇਸ ਤੋਂ ਬਾਅਦ ਵੀ ਕੋਰਟ ਵਿਚ ਛੁੱਟੀਆਂ ਹੋਣ ਕਾਰਨ ਪੁਲਸ ਦੀ ਕਥਿਤ ਮਿਲੀਭੁਗਤ ਸਦਕਾ ਸਾਡੀ ਕਰੋੜਾਂ ਦੀ ਜ਼ਮੀਨ ਦੱਬੀ ਬੈਠੇ ਹਨ। ਉਹਨਾਂ ਦੱਸਿਆ ਕਿ ਦਵਿੰਦਰ ਕੁਮਾਰ ਪੁਰੀ ਵੱਲੋਂ ਮਕਾਨ ਉਤੇ ਕੀਤੇ ਨਜਾਇਜ਼ ਕਬਜ਼ੇ ਦੇ ਸਬੰਧ ਵਿਚ ਉਹਨਾਂ ਨੇ ਡੀ ਜੀ ਪੀ ਪੰਜਾਬ, ਡੀ ਐਸ ਪੀ ਪਟਿਆਲਾ ਅਤੇ 112 ਉਤੇ ਕਾਲ ਵੀ ਕੀਤੀ ਪਰ ਕੋਈ ਸੁਣਵਾਈ ਨਹੀਂ ਹੋਈ। ਉਹਨਾਂ ਦੱਸਿਆ ਕਿ ਬਨੂੜ ਥਾਣਾ ਮੁਖੀ ਵੀ ਸਾਡੇ ਉਪਰ ਉਪਰੋਕਤ ਵਿਅਕਤੀਆਂ ਨਾਲ ਸਮਝੌਤਾ ਕਰਨ ਦਾ ਦਬਾਅ ਪਾ ਰਿਹਾ ਹੈ।ਅਖੀਰ ਵਿਚ ਪੀੜਤ ਕਰਨੈਲ ਸਿੰਘ ਅਤੇ ਜਸਮੀਤ ਸਿੰਘ ਨੇ ਮੁੱਖ ਮੰਤਰੀ ਪੰਜਾਬ, ਡੀ ਜੀ ਪੀ ਪੰਜਾਬ ਅਤੇ ਐਸ ਐਸ ਪੀ ਨੂੰ ਅਪੀਲ ਕੀਤੀ ਹੈ ਕਿ ਉਹਨਾਂ ਨੂੰ ਘਰ ਦਾ ਕਬਜ਼ਾ ਦਿਵਾਇਆ ਜਾਵੇ ਅਤੇ ਨਜਾਇਜ਼ ਕਬਜ਼ਾ ਕਰਨ ਵਾਲੇ ਦਵਿੰਦਰ ਕੁਮਾਰ ਪੁਰੀ ਅਤੇ ਹਰਜੋਤ ਸਿੰਘ ਆਦਿ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ।ਜਦੋਂ ਦਵਿੰਦਰ ਕੁਮਾਰ ਪੁਰੀ ਤੇ ਹਰਜੋਤ ਸਿੰਘ ਨੂੰ ਉਹਨਾਂ 'ਤੇ ਲੱਗੇ ਦੋਸ਼ਾਂ ਸਬੰਧੀ ਫੋਨ 'ਤੇ ਗੱਲਬਾਤ ਕੀਤੀ ਗਈ ਤਾਂ ਉਹਨਾਂ ਦੱਸਿਆ ਕਿ ਉਪਰੋਕਤ ਦੋਸ਼ ਨਿਰੇ ਝੂਠੇ ਅਤੇ ਬੇਬੁਨਿਆਦ ਹਨ। ਦਵਿੰਦਰ ਪੁਰੀ ਨੇ ਕਿਹਾ ਕਿ ਉਹਨਾਂ ਨੂੰ ਇਹ ਜ਼ਮੀਨ ਕਰਨੈਲ ਸਿੰਘ ਦੀ ਭੈਣ ਵੱਲੋਂ ਕੁਝ ਸਾਲ ਪਹਿਲਾਂ ਗਲਤ ਢੰਗ ਨਾਲ ਵੇਚੀ ਗਈ ਸੀ। ਜਿਸ ਤੋਂ ਬਾਅਦ ਕਰਨੈਲ ਸਿੰਘ ਨੇ 420 ਦਾ ਪਰਚਾ ਆਪਣੀ ਭੈਣ ਅਤੇ ਉਸ ਉਤੇ ਕਰਵਾ ਦਿੱਤਾ ਅਤੇ ਹੁਣ ਉਹ ਜ਼ਮਾਨਤ ਉਤੇ ਬਾਹਰ ਹੈ। ਬਾਕੀ ਜਿਹੜੀ ਇਹਨਾਂ ਵੱਲੋਂ ਘਰ ਢਾਹੁਣ ਦੀ ਗੱਲ ਕੀਤੀ ਗਈ ਹੈ, ਇਸ ਨਾਲ ਮੇਰਾ ਕੋਈ ਸਬੰਧ ਨਹੀਂ ਹੈ। ਇਹ ਘਰ ਕਰਨੈਲ ਸਿੰਘ ਦੇ ਭਰਾ ਜਗਨੈਲ ਸਿੰਘ, ਜਿਸਦੀ ਮੌਤ ਹੋ ਚੁੱਕੀ ਹੈ, ਉਸ ਦੇ ਦੇ ਪੁੱਤਰਾਂ ਗੁਰਪ੍ਰੀਤ ਅਤੇ ਜਸਪ੍ਰੀਤ ਵੱਲੋਂ ਆਪਣੇ ਹਿੱਸੇ ਆਉਂਦੀ ਜ਼ਮੀਨ ਦੀ ਦੀਵਾਰ ਹੀ ਤੋੜੀ ਗਈ ਹੈ। ਇਹਨਾਂ ਵੱਲੋਂ ਆਪਣੇ ਨਾਂਅ ਕੀਤੀ ਗਈ ਜ਼ਮੀਨ ਦੀ ਵਸੀਅਤ ਵੀ ਦਿਖਾਈ। ਉਹਨਾਂ ਕਿਹਾ ਕਿ ਸਾਡਾ ਦਵਿੰਦਰ ਪੁਰੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਇਹ ਦੋਵੇਂ ਮਾਮਲੇ ਵੱਖ ਵੱਖ ਹਨ, ਜਿਸ ਨੂੰ ਕਰਨੈਲ ਸਿੰਘ ਵੱਲੋਂ ਪ੍ਰੈਸ ਵਿਚ ਇਕ ਕਹਾਣੀ ਬਣਾ ਕੇ ਪੇਸ਼ ਕੀਤਾ ਗਿਆ ਹੈ।

## ਸਾਂਝੇ ਘੋਲਾਂ ਦਾ ਬਹੁਤ ਵੱਡਾ ਹਾਮੀ ਸੀ ਜਥੇਦਾਰ ਕਸ਼ਮੀਰ ਸਿੰਘ ਜੰਡਿਆਲਾ : ਪੱਬਵਾਂ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਸਾਥੀ ਹੰਸ ਰਾਜ ਪੱਬਵਾਂ ਨੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਮੁੱਖ ਬੁਲਾਰੇ ਜਥੇਦਾਰ ਕਸ਼ਮੀਰ ਸਿੰਘ ਜੰਡਿਆਲਾ ਜੋ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਆਪਣੇ ਸਾਥੀਆਂ ਨੂੰ ਸਦੀਵੀ ਵਿਛੋੜਾ ਦੇ ਗਏ ਹਨ ਉਹ ਕਿਸਾਨੀ ਲਹਿਰ ਦੇ ਸਿਰਕੱਢ ਆਗੂ ਸਨ।ਸਾਥੀ ਜੀ ਦੀ ਬੇਵਕਤੀ ਮੌਤ ਹੋ ਜਾਣ ਨਾਲ ਲੋਕ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਹ ਹਰ ਥਾਂ ਧੱਕੇ ਦੇ ਖਿਲਾਫ ਖੜ੍ਹਨ ਵਾਲੇ ਸਾਥੀਆਂ ਵਿੱਚੋਂ ਸਨ। ਲਤੀਫਪੁਰ ਮੁੜ ਵਸੇਰਾ ਮੋਰਚੇ ਵਿੱਚ ਉਨ੍ਹਾਂ ਦਾ ਅਹਿਮ ਯੋਗਦਾਨ ਰਿਹਾ। ਜੋ ਹਰ ਹਾਲਤ ਵਿੱਚ ਸਰਕਾਰ ਵੱਲੋਂ ਉਜਾੜੇ ਗਏ ਲੋਕਾਂ ਦੇ ਪੱਖ ਵਿੱਚ ਜਾਨ ਤਲੀ ਤੇ ਰੱਖ ਕੇ ਲੜਦਾ ਸੀ। ਦਿੱਲੀ ਅੰਦੋਲਨ ਵੇਲੇ ਵੀ ਕਿਸਾਨੀ ਨੂੰ ਲਾਮਬੰਦ ਕਰਨ ਵਿੱਚ ਕੋਈ ਕਸੂਰ ਨਹੀਂ ਛੱਡੀ। ਉਹ ਮਜ਼ਦੂਰ ਜਮਾਤ ਦੇ ਵੀ ਬਹੁਤ ਵੱਡੇ ਹਿਤੈਸ਼ੀ ਸਨ। ਸਾਂਝੇ ਘੋਲਾਂ ਦਾ ਬਹੁਤ ਵੱਡਾ ਹਾਮੀ ਸੀ। ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਸਾਥੀ ਕਸ਼ਮੀਰ ਸਿੰਘ ਜੰਡਿਆਲਾ ਦੀ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕਰਦੀ ਹੈ ਅਤੇ ਸਮਝਦੀ ਹੈ ਕਿ ਜਦੋਂ ਪੰਜਾਬ ਸਰਕਾਰ ਅਤੇ ਸੈਂਟਰ ਦੀ ਫਾਸ਼ੀਵਾਦੀ ਸਰਕਾਰ ਦਾ ਕਿਸਾਨੀ ਘੋਲਾਂ 'ਤੇ ਜ਼ੋਰਦਾਰ ਹੱਲਾ ਹੋਵੇ ਤਾਂ ਸਾਥੀ ਕਸ਼ਮੀਰ ਸਿੰਘ ਵਰਗੇ ਸਾਥੀਆਂ ਘਾਟ ਮਹਿਸੂਸ ਹੁੰਦੀ ਹੈ। ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਸਾਥੀ ਜੀ ਨੂੰ ਲਾਲ ਸਲਾਮ।

## ਡੇਂਗੂ 'ਤੇ ਵਾਰ : ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਵੱਖ-ਵੱਖ ਥਾਈਂ ਨਿਰੀਖਣ

**ਮੋਹਾਲੀ (ਗੁਰਜੀਤ ਬਿੱਲਾ)**- ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ ਮੁਹਿੰਮ ਤਹਿਤ ਸਿਵਲ ਸਰਜਨ ਡਾ. ਸੰਗੀਤਾ ਜੈਨ ਦੀ ਅਗਵਾਈ ਹੇਠ ਜ਼ਿਲ੍ਹਾ ਸਿਹਤ ਵਿਭਾਗ ਦੀਆਂ ਟੀਮਾਂ ਨੇ ਸ਼ੁੱਕਰਵਾਰ ਜ਼ਿਲ੍ਹੇ ਵਿਚ ਵੱਖ-ਵੱਖ ਥਾਈਂ ਜਾ ਕੇ ਚੈਕਿੰਗ ਕੀਤੀ। ਡਾ. ਜੈਨ ਨੇ ਦਸਿਆ ਕਿ ਸਿਹਤ ਟੀਮਾਂ ਨੇ ਵਿਸ਼ੇਸ਼ ਤੌਰ 'ਤੇ ਨਰਸਰੀਆਂ, ਖ਼ਾਲੀ ਪਲਾਟਾਂ ਅਤੇ ਨਿਰਮਾਣ ਸਥਾਨਾਂ 'ਤੇ ਡੇਂਗੂ ਬੁਖ਼ਾਰ ਲਈ ਜ਼ਿੰਮੇਵਾਰ ਮੱਛਰ ਦਾ ਲਾਰਵਾ ਲੱਭਣ ਲਈ ਕੰਟਰੋਲ ਚੈੱਕ ਕੀਤੇ ਅਤੇ ਮੱਛਰ ਦੀ ਪੈਦਾਇਸ਼ ਵਾਲੀਆਂ ਹੋਰ ਸੰਭਾਵੀ ਥਾਵਾਂ ਦਾ ਨਿਰੀਖਣ ਕੀਤਾ। ਮੌਕੇ 'ਤੇ ਮੌਜੂਦ ਲੋਕਾਂ ਨੂੰ ਡੇਂਗੂ ਬੁਖ਼ਾਰ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਵੀ ਸਮਝਾਇਆ। ਨਿਰੀਖਣ ਟੀਮਾਂ ਵਿਚ ਖ਼ਾਸ ਤੌਰ 'ਤੇ ਜ਼ਿਲ੍ਹੇ ਦੇ ਨਰਸਿੰਗ ਕਾਲਜਾਂ ਦੇ ਵਿਦਿਆਰਥੀ ਅਤੇ ਆਸ਼ਾ ਵਰਕਰ ਸ਼ਾਮਲ ਸਨ।ਸਿਵਲ ਸਰਜਨ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ 'ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਸਾਰੇ ਜ਼ਿਲ੍ਹੇ ਵਿਚ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਅਧਿਕਾਰੀਆਂ ਸਮੇਤ ਹੋਰ ਸਟਾਫ਼ ਜਿਥੇ ਘਰ-ਘਰ ਜਾ ਕੇ ਸਰਵੇਖਣ ਕਰ ਰਹੇ ਹਨ, ਉਥੇ ਚਾਲਾਨ ਕੱਟਣ ਦੀ ਕਾਰਵਾਈ ਵੀ ਕੀਤੀ ਜਾ ਰਹੀ ਹੈ। ਸਰਵੇ ਦੌਰਾਨ ਕੰਟੇਨਰ, ਗਮਲੇ, ਕੂਲਰ, ਫ਼ਰਿੱਜ, ਬਕਸੇ ਅਤੇ ਹੋਰ ਸਮਾਨ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਡੇਂਗੂ ਤੋਂ ਬਚਣ ਦਾ ਇਕੋ-ਇਕ ਕਾਰਗਰ ਤਰੀਕਾ ਹੈ ਕਿ ਕਿਸੇ ਵੀ ਥਾਂ 'ਤੇ ਪਾਣੀ ਖੜ੍ਹਾ ਨਾ ਹੋਣ ਦਿਤਾ ਜਾਵੇ।ਡਾ. ਜੈਨ ਨੇ ਦੱਸਿਆ ਕਿ ਡੇਂਗੂ ਬੁਖ਼ਾਰ ਫੈਲਾਉਣ ਵਾਲੇ ਮੱਛਰ ਦਾ ਲਾਰਵਾ ਕੁੱਝ ਦਿਨਾਂ ਵਿਚ ਖ਼ਤਰਨਾਕ ਮੱਛਰ ਦਾ ਰੂਪ ਲੈ ਲੈਂਦਾ ਹੈ ਜਿਹੜਾ ਵਿਅਕਤੀ ਦੀ ਜਾਨ ਵੀ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਡੇਂਗੂ ਬੁਖ਼ਾਰ ਹੋਣ ਦਾ ਕੋਈ ਪੱਕਾ ਮੌਸਮ ਨਹੀਂ ਪਰ ਆਮ ਤੌਰ 'ਤੇ ਇਹ ਬੁਖ਼ਾਰ ਜੁਲਾਈ ਤੋਂ ਲੈ ਕੇ



ਨਵੰਬਰ ਅਖ਼ੀਰ ਤੱਕ ਜ਼ਿਆਦਾ ਹੁੰਦਾ ਹੈ। ਡੇਂਗੂ ਬੁਖ਼ਾਰ ਫੈਲਾਉਣ ਵਾਲਾ ਮੱਛਰ ਦਿਨ ਵੇਲੇ ਕੱਟਦਾ ਹੈ ਅਤੇ ਸਾਫ਼ ਪਾਣੀ ਵਿਚ ਪੈਦਾ ਹੁੰਦਾ ਹੈ। ਸਰਕਾਰੀ ਸਿਹਤ ਸੰਸਥਾਵਾਂ ਵਿਚ ਡੇਂਗੂ ਦੀ ਜਾਂਚ ਅਤੇ ਇਲਾਜ ਮੁਫ਼ਤ ਹੁੰਦਾ ਹੈ। ਜਾਣਕਾਰੀ ਲਈ ਸਿਹਤ ਵਿਭਾਗ ਦੀ ਹੈਲਪਲਾਈਨ ਨੰਬਰ 104 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਐਚ.ਐਸ. ਚੀਮਾ, ਡਾ. ਪਰਮਿੰਦਰਜੀਤ ਸਿੰਘ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ, ਡਾ. ਹਰਮਨਦੀਪ ਕੌਰ ਸਮੇਤ ਸਿਹਤ ਅਧਿਕਾਰੀ ਤੇ ਸਿਹਤ ਵਰਕਰ ਮੌਜੂਦ ਸਨ।

## ਦਰਬਾਰ ਸ਼ਾਹ ਮਸਤ ਸੱਯਦ ਦਾ ਮੇਲਾ ਤੇ ਛਿੰਝ 24 ਤੋਂ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਦਰਬਾਰ ਬਾਬਾ ਸ਼ਾਹ ਮਸਤ ਜੀ ਸਯਦ ਪਿੰਡ ਪੱਟੀ (ਹੁਸ਼ਿਆਰਪੁਰ) ਵਿਖੇ ਮੇਲਾ ਸ਼ਾਹ ਮਸਤਾਂ ਦਾ ਅਤੇ ਛਿੰਝ 24-25-26 ਜੂਨ ਨੂੰ ਮਨਾਇਆ ਜਾ ਰਿਹਾ ਹੈ ।ਮੁੱਖ ਪ੍ਰਬੰਧਕ ਸੁੱਖਾ ਸੰਘਾ ਦੱਸਿਆ ਕਿ 24 ਜੂਨ ਨੂੰ ਝੰਡੇ ਅਤੇ ਚਿਰਾਗਾਂ ਦੀ ਰਸਮ ਸ਼ਾਮ 5-00 ਵਜੇ ਅਤੇ ਅਮਰ ਕਵਾਲ ਰਾਤ 7-00 ਵਜੇ ਮਹਿਫਲੇ ਕਵਾਲ ਦੇਰ ਰਾਤ ਤੱਕ ਸਜਾਉਣਗੇ । 25 ਜੂਨ ਨੂੰ ਸਵੇਰੇ 9-00 ਚਾਦਰ ਦੀ ਰਸਮ ਹੋਵੇਗੀ ਅਤੇ ਮੇਲੇ ਵਿੱਚ ਪਹੁੰਚ ਰਹੇ ਕਲਾਕਾਰ ਹਨੀ ਸਿੱਧੂ,ਮੁਕੇਸ਼ ਇਨਾਇਤ ,ਗੁਰੂ ਧਾਲੀਵਾਲ ,ਸ਼ਮਸ਼ੇਰ ਚੀਨਾ ਐਂਡ ਗੁਰਪ੍ਰੀਤ ਕੌਰ ,ਬਲਰਾਜ ,ਹਰਦੀਪ ਬੱਲ,ਗੁਰਸਾਹਿਬ ਸਿੰਘ ਰੋਪੜ ,ਕੁਲਦੀਪ ਮਾਹੀ ਅਤੇ ਅਮਨ ਡੁਮੇਲੀ ਮੇਲੇ ਤੇ ਆਈਆਂ ਸੰਗਤਾਂ ਦਾ ਗੀਤਾਂ ਰਾਹੀਂ ਮਨੋਰੰਜਨ ਕਰਨਗੇ ।ਆਖ਼ਰੀ ਦਿਨ 26 ਜੂਨ ਨੂੰ ਪਹਿਲਵਾਨ ਸੂਰਤ ਸਿੰਘ ਚੀਮਾ,ਪਹਿਲਵਾਨ ਸਤਨਾਮ ਸਿੰਘ ਚੀਮਾ ਅਤੇ ਪਹਿਲਵਾਨ ਗੁਰਨਾਮ ਸਿੰਘ ਚੀਮਾ ਦੀ ਯਾਦ ਨੂੰ ਸਮਰਪਿਤ ਛਿੰਝ ਮੇਲਾ ਕਰਵਾਇਆ ਜਾਵੇਗਾ । ਸਵੇਰੇ 11-00 ਖੁੱਲਾ ਅਖਾੜਾ ਹੋਵੇਗਾ, ਸ਼ਾਮ 4-00 ਤੱਕ ਛਿੰਝ ਮੇਲਾ ਚਲੇਗਾ । ਇਸ ਮੇਲੇ ਦੇ ਮੁੱਖ ਮਹਿਮਾਨ ਡਾਕਟਰ ਰਾਜ ਕੁਮਾਰ ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ ਅਤੇ ਡਾਕਟਰ ਇਸ਼ਾਕ ਕੁਮਾਰ ਮੈਂਬਰ ਵਿਧਾਨ ਸਭਾ ਹਲਕਾ ਚੱਬੇਵਾਲ ਹੋਣਗੇ । ਰਨਬੀਰ ਢਾਕਾ ਇੰਟਰਨੈਸ਼ਨਲ ਕੁਸ਼ਤੀ ਕੋਚ ਰੋਹਤਕ ਨੂੰ ਸਨਮਾਨਿਤ ਕੀਤਾ ਜਾਵੇਗਾ ।ਇਸ ਮੇਲੇ ਵਿੱਚ ਪਹਿਲਵਾਨ ਸੰਦੀਪ ਖੰਨਾ ,ਮਨੀ ਸੰਧੀ,ਜੱਸਾ ਪੱਟੀ,ਸੋਨੂੰ ਕਾਂਗੜਾ ,ਨਰਿੰਦਰ ਕਾਂਗੜਾ,ਅਤੇ ਕਰਨ ਪੀ ਏ ਪੀ ਭਾਗ ਲੈਣਗੇ ।ਇਸ ਮੇਲੇ ਦਾ ਮਨੋਰੰਜਨ ਉੱਘੇ ਕਲਾਕਾਰ ਅਰੁਣ ਗੋਸਵਾਮੀ ਅਤੇ ਜਗਪਾਲ ਸੰਧੂ ਕਰਨਗੇ ।ਮੇਲੇ ਦੇ ਪ੍ਰਬੰਧਕਾਂ ਨੂੰ ਨੰਬਰਦਾਰ ਤਰਲੋਚਨ ਸਿੰਘ ਚੀਮਾ,ਏ ਐਸ ਆਈ ਪਲਵਿੰਦਰ ਸਿੰਘ ਚੀਮਾ,ਏ ਐਸ ਆਈ ਕੁਲਦੀਪ ਸਿੰਘ ਚੀਮਾ, ਕੁਲਵੰਤ ਸਿੰਘ ਚੀਮਾ ਯੂ ਐਸ ਏ,ਹਰਿੰਦਰ ਸਿੰਘ ਸਹੋਤਾ ਯੂ ਐਸ ਏ,ਗੁਰਮੇਜ ਸਿੰਘ ਚੀਮਾ, ਬਲਵੀਰ ਸਿੰਘ ਚੀਮਾ, ਦਿਲਜੀਤ ਸਿੰਘ ਸਹੋਤਾ ਦੁਬਈ ,ਸਮੂਹ ਐਨ ਆਰ ਆਈ ਅਤੇ ਸਮੂਹ ਨਗਰ ਨਿਵਾਸੀ ਸਹਿਯੋਗ ਕਰ ਰਹੇ ਹਨ।

## 70 ਪਾਬੰਦੀਸ਼ੁਦਾ ਨਸ਼ੀਲੀਆਂ ਗੋਲੀਆਂ ਸਮੇਤ ਦੋ ਔਰਤਾਂ ਕਾਬੂ

**ਫਿਲੌਰ (ਨਿਰਮਲ)**- ਥਾਣਾ ਮੁਖੀ ਫਿਲੌਰ ਇੰਸਪੈਕਟਰ ਸੰਜੀਵ ਕਪੂਰ ਨੇ ਦੱਸਿਆ ਕਿ ਪੁਲਸ ਚੌਕੀ ਗੰਨਾ ਪਿੰਡ (ਫਿਲੌਰ) ਦੇ ਇੰਚਾਰਜ ਥਾਣੇਦਾਰ ਸੁਖਦੇਵ ਸਿੰਘ ਨੇ 170 ਪਾਬੰਦੀਸ਼ੁਦਾ ਨਸ਼ੀਲੀਆਂ ਗੋਲੀਆਂ ਸਮੇਤ ਦੋ ਔਰਤਾਂ ਨੂੰ ਕਾਬੂ ਕੀਤਾ ਗਿਆ ਹੈ। ਔਰਤਾਂ ਦੀ ਪਹਿਚਾਣ ਦਾਰੋ ਪਤਨੀ ਕਰਨੈਲ ਰਾਮ ਵਾਸੀ ਗੰਨਾ ਪਿੰਡ (ਫਿਲੌਰ) ਵਜੋਂ ਹੋਈ ਹੈ, ਜਿਸ ਕੋਲੋਂ 40 ਪਾਬੰਦੀਸ਼ੁਦਾ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਦੂਸਰੀ ਔਰਤ ਕਮਲਜੀਤ ਕੌਰ ਪਤਨੀ



ਕਰਨੈਲ ਚੰਦ ਵਾਸੀ ਗੰਨਾ ਪਿੰਡ (ਫਿਲੌਰ) ਤੋਂ 130 ਪਾਬੰਦੀਸ਼ੁਦਾ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਇਨ੍ਹਾਂ ਦੋਵਾਂ ਔਰਤਾਂ ਵਿਰੁੱਧ ਥਾਣਾ ਫਿਲੌਰ ਵਿੱਚ ਐਨ.ਡੀ.ਪੀ ਐਸ ਐਕਟ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਜਾਰੀ ਹੈ।

## ਬਾਂਸਲ ਗੋਤ ਜਠੇਰੇ ਖੱਤਰੀ ਦਾ ਸਾਲਾਨਾ ਜੋੜ ਮੇਲਾ ਅੱਜ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਫੁਗਲਾਣਾ ਵਿਖੇ ਬਾਂਸਲ ਗੋਤ ਜਠੇਰੇ ਖੱਤਰੀ ਦੇ ਅਸਥਾਨ 'ਤੇ ਬਾਂਸਲ ਗੋਤ ਜਠੇਰੇ ਖੱਤਰੀ ਦਾ ਸਾਲਾਨਾ ਮੇਲਾ 22 ਜੂਨ ਨੂੰ ਕਰਵਾਇਆ ਜਾ ਰਿਹਾ ਹੈ।ਅਸ਼ਵਨੀ ਬਾਂਸਲ ਫੁਗਲਾਣਾ ਨੇ ਦੱਸਿਆ ਕਿ 22 ਜੂਨ ਨੂੰ ਸਭ ਤੋਂ ਪਹਿਲਾਂ ਵੱਡੇ ਵੱਡੇਰਿਆਂ ਦੀ ਪੂਜਾ ਅਰਚਨਾ ਕੀਤੀ ਜਾਵੇਗੀ। ਉਪਰੰਤ ਸਮੂਹ ਸੰਗਤਾਂ ਵਲੋਂ ਝੰਡੇ ਦੀ ਰਸਮ ਅਦਾ ਕੀਤੀ ਜਾਵੇਗੀ ਤੇ ਪੰਜਾਬ ਦੇ ਨਾਮਵਰ ਕਲਾਕਾਰ ਬਾਬਾ ਜੀ ਦੇ ਗੁਣਗਾਨ ਕਰਨਗੇ। ਸੰਗਤਾਂ ਲਈ ਛਬੀਲ, ਚਾਹ ਪਕੌੜੇ ਅਤੇ ਬਾਬਾ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

## ਨੌਜਵਾਨਾਂ ਦੇ ਵਿਕਾਸ ਲਈ ਪੰਜਾਬ ਸਰਕਾਰ ਦੇ ਉਪਰਾਲੇ ਦੀ ਰੀਤਪ੍ਰੀਤ ਪਾਲ ਸਿੰਘ ਨੇ ਕੀਤੀ ਸ਼ਲਾਘਾ

**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)**- ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ (ਰਜਿ.) ਫਗਵਾੜਾ ਦੇ ਪ੍ਰਧਾਨ ਰੀਤਪ੍ਰੀਤ ਪਾਲ ਸਿੰਘ ਨੇ ਚੰਡੀਗੜ੍ਹ ਵਿਖੇ ਪੰਜਾਬ ਯੂਥ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਪਰਮਿੰਦਰ ਸਿੰਘ ਗੋਲਡੀ ਦੇ ਨਾਲ ਉਹਨਾਂ ਦੇ ਦਫਤਰ ਵਿਖੇ ਮੁਲਾਕਾਤ ਕੀਤੀ। ਇਸ ਦੌਰਾਨ ਉਹਨਾਂ ਨੇ ਪੰਜਾਬ ਸਰਕਾਰ ਵਲੋਂ ਨੌਜਵਾਨਾਂ ਦੇ ਵਿਕਾਸ ਲਈ ਬੋਰਡ ਦਾ ਗਠਨ ਕਰਕੇ ਕੀਤੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾ ਪੰਜਾਬ ਦੀ ਜਵਾਨੀ ਨੂੰ ਨਵੀਂ ਸੇਧ ਦੇਣ ਲਈ ਬੋਰਡ ਦੇ ਚੇਅਰਮੈਨ ਨੂੰ ਕਈ ਸੁਝਾਅ ਵੀ ਦਿੱਤੇ। ਮੁਲਾਕਾਤ ਸਬੰਧੀ ਜਾਣਕਾਰੀ ਦਿੰਦਿਆਂ ਉਹਨਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਚੇਅਰਮੈਨ ਗੋਲਡੀ ਨੇ ਭਰੋਸਾ ਦਿੱਤਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸੂਬੇ ਦੀ ਆਮ ਆਦਮੀ ਪਾਰਟੀ ਸਰਕਾਰ ਨੌਜਵਾਨਾਂ ਦੀ ਭਲਾਈ



ਲਈ ਵਚਨਬੱਧ ਹੈ। ਉਹਨਾਂ ਕਿਹਾ ਕਿ ਨੌਜਵਾਨਾਂ ਨੂੰ ਬੋਰਡ ਵਲੋਂ ਹਰੇਕ ਖੇਤਰ 'ਚ ਅੱਗੇ ਵਧਣ ਲਈ ਹਰ ਸੰਭਵ ਸਹਿਯੋਗ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਸਪੋਰਟਸ ਇਕ ਵਧੀਆ ਪਲੇਟਫਾਰਮ ਹੋ ਸਕਦਾ ਹੈ। ਜੇਕਰ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਜੰਗੀ ਪੱਧਰ 'ਤੇ ਉਪਰਾਲਾ ਕੀਤਾ ਜਾਵੇ ਤਾਂ ਨੌਜਵਾਨ ਖੇਡਾਂ 'ਚ ਆਪਣਾ ਵਧੀਆ ਭਵਿੱਖ ਤਲਾਸ਼ ਕਰ ਸਕਦੇ ਹਨ। ਉਹਨਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਸਰਕਾਰ ਦਾ ਕੋਈ ਵੀ ਉਪਰਾਲਾ ਤਾਂ ਹੀ ਸਫਲ ਹੋ ਸਕਦਾ ਹੈ ਜੇਕਰ ਆਮ ਲੋਕਾਂ ਦੀ ਉਸ ਵਿਚ ਸ਼ਮੂਲੀਅਤ ਅਤੇ ਪੂਰਾ ਸਹਿਯੋਗ ਹੋਵੇ। ਇਸ ਦੇ ਨਾਲ ਹੀ ਉਹਨਾਂ ਨੇ ਪਿੰਡਾਂ ਦੇ ਨੌਜਵਾਨਾਂ ਨੂੰ ਖਾਸ ਤੌਰ 'ਤੇ ਅਪੀਲ ਕੀਤੀ ਕਿ ਉਹ ਵਿਹਲੇ ਨਾ ਬੈਠਣ ਤੇ ਪਿੰਡਾਂ 'ਚ ਬਣੀਆਂ ਖੇਡ ਕਲੱਬਾਂ ਨਾਲ ਜੁੜਨ ਅਤੇ ਆਪਣੀ ਸਿਹਤ ਦੇ ਪ੍ਰਤੀ ਜਾਗਰੂਕ ਹੋਣ। ਇਸ ਮੌਕੇ ਉਹਨਾਂ ਦੇ ਨਾਲ ਰੈਸਲਿੰਗ ਕੋਚ ਸਾਜਨ ਰਾਜਪੂਤ ਵੀ ਸਨ।

## ਐਡਵੋਕੇਟ ਸੰਜੀਵ ਭਾਰਤੀ ਯੂਥ ਕਾਂਗਰਸ ਲੀਗਲ ਸੈੱਲ ਦੇ ਰਾਸ਼ਟਰੀ ਉਪ ਚੇਅਰਮੈਨ ਬਣੇ

**ਜਲੰਧਰ (ਰਾਜੇਸ਼ ਥਾਪਾ)**- ਭਾਰਤੀ ਯੂਥ ਕਾਂਗਰਸ ਨੇ ਐਡਵੋਕੇਟ ਸੰਜੀਵ ਨੂੰ ਆਪਣੇ ਲੀਗਲ ਸੈੱਲ ਦਾ ਰਾਸ਼ਟਰੀ ਉਪ ਚੇਅਰਮੈਨ ਨਿਯੁਕਤ ਕੀਤਾ ਹੈ। ਪਾਰਟੀ ਵਿੱਚ ਉਨ੍ਹਾਂ ਦੇ ਨਿਰੰਤਰ ਯੋਗਦਾਨ ਅਤੇ ਕਾਨੂੰਨੀ ਲੀਡਰਸ਼ਿਪ ਨੂੰ ਦੇਖਦਿਆਂ ਇਹ ਮਹੱਤਵਪੂਰਨ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ।ਐਡਵੋਕੇਟ ਸੰਜੀਵ ਤਰਨਾਚ, ਜੋ ਪੰਜਾਬ ਦੇ ਜ਼ਿਲ੍ਹਾ ਪਠਾਨਕੋਟ ਦੇ ਪਿੰਡ ਭੋਆ ਨਾਲ ਸਬੰਧਤ ਹਨ, ਨੇ ਆਪਣੀ ਮਿਹਨਤ ਅਤੇ ਲਗਨ ਨਾਲ ਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਬਣਾਈ ਹੈ। ਉਨ੍ਹਾਂ ਨੇ ਇਸ ਤੋਂ ਪਹਿਲਾਂ ਦਿੱਲੀ ਪ੍ਰਦੇਸ਼ ਕਾਂਗਰਸ ਦੀ ਲੀਗਲ ਸੈੱਲ ਦੇ ਇੰਚਾਰਜ ਵਜੋਂ ਉਲਲੇਖਣੀਯ ਕੰਮ ਕੀਤਾ।ਉਨ੍ਹਾਂ ਦੇ ਕੰਮ ਅਤੇ ਸਮਰਪਣ ਨੂੰ ਪਾਰਟੀ ਹਾਈਕਮਾਨ ਨੇ ਮੰਨਿਆ ਅਤੇ ਉਨ੍ਹਾਂ ਨੂੰ ਪਹਿਲਾਂ ਹਿਮਾਚਲ ਪ੍ਰਦੇਸ਼ ਯੂਥ ਕਾਂਗਰਸ ਦੇ ਲੀਗਲ ਸੈੱਲ ਦਾ ਪ੍ਰਦੇਸ਼ ਇੰਚਾਰਜ ਵੀ ਨਿਯੁਕਤ ਕੀਤਾ ਸੀ।ਆਪਣੀ ਨਵੀਂ ਭੂਮਿਕਾ ਵਿੱਚ ਐਡਵੋਕੇਟ ਸੰਜੀਵ ਹੁਣ ਯੂਥ ਕਾਂਗਰਸ ਦੇ ਕਾਨੂੰਨੀ ਮਾਮਲਿਆਂ ਦੀ ਨਿਗਰਾਨੀ ਕਰਨਗੇ। ਉਨ੍ਹਾਂ ਦਾ ਮੁੱਖ ਧਿਆਨ ਦੇਸ਼ ਭਰ ਦੇ ਨੌਜਵਾਨ ਕਾਰਕੁਨਾਂ ਨੂੰ ਕਾਨੂੰਨੀ ਸਹਾਇਤਾ ਤੇ ਮਾਰਗਦਰਸ਼ਨ ਪ੍ਰਦਾਨ ਕਰਨਾ, ਲੀਗਲ ਅਵੇਅਰਨੈੱਸ ਅਤੇ ਲੋੜਵੰਦਾਂ ਨੂੰ ਮੁਫ਼ਤ ਕਾਨੂੰਨੀ ਮਦਦ ਉਪਲਬਧ ਕਰਵਾਉਣਾ ਰਹੇਗਾ।ਐਡਵੋਕੇਟ ਤਰਨਾਚ ਨੇ ਇਸ ਮੌਕੇ ਕਿਹਾ, ਮੈਂ ਆਪਣੇ ਆਪ ਨੂੰ ਇਸ ਜ਼ਿੰਮੇਵਾਰੀ ਲਈ ਚੁਣੇ ਜਾਣ 'ਤੇ ਗਰਵ ਮਹਿਸੂਸ ਕਰਦਾ ਹਾਂ। ਪਾਰਟੀ ਹਾਈਕਮਾਨ ਨੇ ਉਨ੍ਹਾਂ ਦੀ ਅਗਵਾਈ ਅਤੇ ਕਾਨੂੰਨੀ ਤਜਰਬੇ 'ਤੇ ਭਰੋਸਾ ਜਤਾਉਂਦੇ ਹੋਏ ਆਸ ਜਤਾਈ ਹੈ ਕਿ ਉਨ੍ਹਾਂ ਦੀ ਨਿਯੁਕਤੀ ਨਾਲ ਸੰਗਠਨ ਨੂੰ ਰਾਸ਼ਟਰੀ ਪੱਧਰ 'ਤੇ ਲਾਭ ਮਿਲੇਗਾ।



## ਜਥੇਦਾਰ ਕਸ਼ਮੀਰ ਸਿੰਘ ਜੰਡਿਆਲਾ ਦੀ ਸੜਕ ਹਾਦਸੇ 'ਚ ਮੌਤ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**— ਕਿਸਾਨਾਂ, ਮਜ਼ਦੂਰਾਂ ਦੀਆਂ ਹੱਕੀ ਮੰਗਾਂ ਲਈ ਸਰਕਾਰਾਂ ਨਾਲ ਸੰਘਰਸ਼ ਕਰਕੇ ਇਨਸਾਫ਼ ਦਿਵਾਉਣ ਵਾਲਾ ਅਤੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਜ਼ਿਲ੍ਹਾ ਜਲੰਧਰ ਦਾ ਪ੍ਰਮੁੱਖ ਜਥੇਦਾਰ ਆਗੂ ਕਸ਼ਮੀਰ ਸਿੰਘ ਜੰਡਿਆਲਾ ਦਾ ਐਕਸੀਡੈਂਟ ਹੋ ਜਾਣ 'ਤੇ ਹਲਕੇ ਨਕੋਦਰ ਵਿੱਚ ਸੋਗ ਦੀ ਲਹਿਰ ਹੈ। ਜਥੇਦਾਰ ਕਸ਼ਮੀਰ ਸਿੰਘ ਜੰਡਿਆਲਾ ਆਪਣੇ ਖ਼ੂਹ ਤੋਂ ਖੇਤੀਬਾੜੀ ਦਾ ਕੰਮ ਖਤਮ ਕਰ ਕੇ ਆਪਣੇ ਮੋਟਰਸਾਈਕਲ ਸਵਾਰ ਹੋ ਕੇ ਆਪਣੇ ਘਰ ਨੂੰ ਜਾ ਰਿਹਾ ਸੀ ਤਾਂ ਮੋਟਰਸਾਈਕਲ ਦਾ ਸੰਤੁਲਨ ਵਿਗੜਨ ਕਾਰਨ ਦੂਸਰੇ ਮੋਟਰਸਾਈਕਲ ਵਿੱਚ ਟਕਰਾਅ ਗਿਆ।ਸੱਟਾਂ ਜ਼ਿਆਦਾ ਲੱਗਣ ਕਾਰਨ ਜਥੇਦਾਰ ਕਸ਼ਮੀਰ ਸਿੰਘ ਜੰਡਿਆਲਾ ਦੀ ਮੌਤ ਹੋ ਗਈ। ਕਿਸਾਨ ਆਗੂਆਂ ਪ੍ਰਧਾਨ ਕੁਲਵਿੰਦਰ ਸਿੰਘ ਜਵਾਹਰਕੇ , ਰਾਜੀਵ ਜੋਸ਼ੀ , ਹਰਜੀਤ ਸਿੰਘ ਗਹੀਰ, ਜੁਝਾਰ ਸਿੰਘ,ਪੰਮਾ , ਮਨਿੰਦਰ ਸਿੰਘ , ਅਮਰਜੀਤ ਸਿੰਘ , ਪੱਤਰਕਾਰ ਅਵਤਾਰ ਚੰਦ , ਤਾਰਨੀ , ਮੰਟੀ , ਹੰਸ ਰਾਜ ਪੱਬਵਾ , ਸੰਤੋਖ ਸਿੰਘ ਸੰਧੂ ਅਤੇ ਹੋਰ ਵੱਖ ਵੱਖ ਮਜ਼ਦੂਰ ਯੂਨੀਅਨਾਂ, ਮੁਲਾਜ਼ਮ ਵਰਗ ਆਗੂਆਂ, ਵੱਖ ਵੱਖ ਪ੍ਰੈਸ ਕਲੱਬਾਂ, ਪੱਤਰਕਾਰਾਂ ਆਦਿ ਨੇ ਜਥੇਦਾਰ ਕਸ਼ਮੀਰ ਸਿੰਘ ਜੰਡਿਆਲਾ ਦੇ ਪਰਵਾਰ ਨਾਲ਼ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

**ਮਹਿਤਪੁਰ (ਰਾਜਾ)**- ਬਲਾਕ ਪ੍ਰਾਇਮਰੀ ਹੈਲਥ ਸੈਂਟਰ ਮਹਿਤਪੁਰ ਵਲੋਂ ਯੋਗ ਦਿਵਸ ਦੇ ਮੌਕੇ 'ਤੇ ਵੱਖ-ਵੱਖ ਆਯੁਸ਼ਮਾਨ ਆਰੋਗਯ ਕੇਂਦਰਾਂ ਵਿੱਚ ਯੋਗਾ ਸੈਸ਼ਨ ਕਰਵਾਏ ਗਏ। ਸਿਵਲ ਸਰਜਨ ਡਾ. ਗੁਰਮੀਤ ਲਾਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਮਹੇਸ਼ ਕੁਮਾਰ ਪ੍ਰਭਾਕਰ ਦੀ ਅਗਵਾਈ ਹੇਠ, ਪ੍ਰਾਇਮਰੀ ਹੈਲਥ ਸੈਂਟਰ ਮਹਿਤਪੁਰ ਅਤੇ ਇਸ ਦੇ ਅਧੀਨ ਆਉਂਦੇ ਸਾਰੇ ਆਯੁਸ਼ਮਾਨ ਆਰੋਗਯ ਕੇਂਦਰਾਂ ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ।ਇਸ ਮੌਕੇ ਸਾਰੇ ਸਿਹਤ ਕੇਂਦਰਾਂ 'ਤੇ ਯੋਗਾ ਕਰਵਾਇਆ ਗਿਆ, ਜਿਸ ਦੀ ਵਿਵਸਥਾ ਬਲਾਕ ਐਕਸਟੈਂਸ਼ਨ ਐਜੂਕੇਟਰ ਹਿਮਾਲਯਾ ਪ੍ਰਕਾਸ਼ ਵਲੋਂ ਕੀਤੀ ਗਈ। ਇਸ ਵਿਸ਼ੇਸ਼ ਦਿਨ 'ਤੇ ਮੈਡੀਕਲ ਅਫਸਰਜ਼, ਮਲਟੀਪਰਪਜ਼ ਹੈਲਥ ਵਰਕਰ, ਸੈਨੀਟੇਸ਼ਨ ਇੰਸਪੈਕਟਰ, ਏ ਐਨ ਐਮ, ਐਲ ਐਚਵੀ ਅਤੇ ਆਸ਼ਾ ਵਰਕਰਾਂ ਨੇ ਭਾਗ ਲੈ ਕੇ ਲੋਕਾਂ ਨੂੰ ਯੋਗਾ ਦੇ ਲਾਭਾਂ ਬਾਰੇ ਜਾਗਰੂਕ ਕੀਤਾ। ਯੋਗਾ ਦੇ ਜ਼ਰੀਏ ਤੰਦਰੁਸਤੀ, ਮਾਨਸਿਕ ਸ਼ਾਂਤੀ ਅਤੇ ਰੋਗ ਰੋਧਕ ਤਾਕਤ ਵਧਾਉਣ ਦੇ ਲਾਭਾਂ ਨੂੰ ਸਮਝਾਇਆ ਗਿਆ।



## ਕਿਰਤੀ ਕਿਸਾਨ ਯੂਨੀਅਨ ਵੱਲੋਂ ਦੁੱਖ ਪ੍ਰਗਟ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਜਥੇਦਾਰ ਕਸ਼ਮੀਰ ਸਿੰਘ ਜੰਡਿਆਲਾ ਆਗੂ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੀ ਸੜਕ ਹਾਦਸੇ ਵਿੱਚ ਮੌਤ ਹੋ ਜਾਣ 'ਤੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਪਰਵਾਰ ਨਾਲ ਦੁੱਖ ਪ੍ਰਗਟ ਕੀਤਾ ਗਿਆ ਤੇ ਇਸ ਨੂੰ ਕਿਸਾਨ ਸੰਘਰਸ਼ ਲਈ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ਗਿਆ ਹੈ। ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਸਾਥੀ ਹਰ ਸੰਘਰਸ਼ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਂਦਾ ਸੀ, ਅਸੀਂ ਪਰਵਾਰ ਨਾਲ ਹਰ ਮੁਸ਼ਕਲ ਵਿੱਚ ਡਟ ਕੇ ਸਾਥ ਦੇਵਾਂਗੇ। ਇਸ ਮੌਕੇ ਜ਼ਿਲ੍ਹਾ ਸਕੱਤਰ ਗੁਰਕਮਲ ਸਿੰਘ, ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਸੰਧੂ ਨੇ ਦੱਸਿਆ ਕਿ ਇਹ ਕਿਸਾਨ ਜਥੇਬੰਦੀ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ।

## ਸਿਵਲ ਹਸਪਤਾਲ ਦੇ ਲੇਬਰ ਰੂਮ ਦੀ ਵੀਡੀਓ ਬਣਾਉਣ 'ਤੇ ਪਰਚਾ ਦਰਜ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਸਿਵਲ ਹਸਪਤਾਲ ਡੇਰਾਬੱਸੀ ਦੇ ਲੇਬਰ ਰੂਮ ਵਿੱਚ ਇੱਕ ਫਰਜ਼ੀ ਯੂ-ਟਿਊਬਰ ਪੱਤਰਕਾਰ ਵੱਲੋਂ ਵੀਡੀਓ ਬਣਾਉਣ ਨੂੰ ਲੈ ਕੇ ਹਸਪਤਾਲ ਪ੍ਰਸ਼ਾਸਨ ਵਿੱਚ ਹੜਕੰਪ ਮਚ ਗਿਆ। ਐੱਸਐੱਮਓ ਡੇਰਾਬੱਸੀ ਨੇ ਪੁਲਸ ਨੂੰ ਇਸ ਸਬੰਧੀ ਸ਼ਿਕਾਇਤ ਦਰਜ ਕਰਵਾਈ ਹੈ। ਪੁਲਸ ਨੇ ਮਾਮਲਾ ਦਰਜ ਕਰ ਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਐੱਸ ਐੱਮ ਓ ਡੇਰਾਬੱਸੀ ਧਰਮਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਕੱਲ੍ਹ ਸੋਸ਼ਲ ਮੀਡੀਆ ਤੇ ਡੇਰਾਬੱਸੀ ਸਿਵਲ ਹਸਪਤਾਲ ਦੇ ਲੇਬਰ ਰੂਮ ਦੀ ਵੀਡੀਓ ਦੇਖੀ। ਜਿਸ ਤੋਂ ਬਾਅਦ ਉਨ੍ਹਾਂ ਨੇ ਡੇਰਾਬੱਸੀ ਪੁਲਸ ਨੂੰ ਸ਼ਿਕਾਇਤ ਕਰਕੇ ਇਸ ਬਾਰੇ ਆਪਣੇ ਉੱਚ ਅਧਿਕਾਰੀਆਂ ਨੂੰ ਵੀ ਸੂਚਿਤ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਜਸਵੀਰ ਸਿੰਘ ਨਾਂਅ ਦਾ ਇੱਕ ਵਿਅਕਤੀ ਜਿਸ ਨੇ ਆਪਣੇ ਆਪ ਨੂੰ ਯੂ-ਟਿਊਬਰ ਪੱਤਰਕਾਰ ਦੱਸਿਆ, ਚਲਾਕੀ ਨਾਲ ਲੇਬਰ ਰੂਮ ਵਿੱਚ ਦਾਖਲ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਉਸ ਨੇ ਲੇਬਰ ਰੂਮ ਦੀਆਂ ਸੰਵੇਦਨਸ਼ੀਲ ਤਸਵੀਰਾਂ ਅਤੇ ਵੀਡੀਓ ਬਣਾਈਆਂ, ਜਿਸ ਨਾਲ ਮਰੀਜ਼ਾਂ ਦੀ ਗੋਪਨੀਯਤਾ ਭੰਗ ਹੋਈ। ਹਸਪਤਾਲ ਦੇ ਸਟਾਫ ਨੂੰ ਜਦੋਂ ਇਸ ਬਾਰੇ ਪਤਾ ਲੱਗਾ ਉਨ੍ਹਾਂ ਨੇ ਤੁਰੰਤ ਉਸ ਵਿਅਕਤੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਦੋਂ ਤੱਕ ਉਹ ਵਿਅਕਤੀ ਵੀਡੀਓ ਬਣਾ ਚੁੱਕਾ ਸੀ ।ਐੱਸਐੱਮਓ ਡੇਰਾਬੱਸੀ ਧਰਮਿੰਦਰ ਸਿੰਘ ਨੇ ਇਸ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਕਿਹਾ ਕਿ ਇਹ ਹਸਪਤਾਲ ਦੇ ਨਿਯਮਾਂ ਅਤੇ ਮਰੀਜ਼ਾਂ ਦੇ ਅਧਿਕਾਰਾਂ ਦੀ ਘੋਰ ਉਲੰਘਣਾ ਹੈ। ਉਨ੍ਹਾਂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨਾਲ ਜਿੱਥੇ ਹਸਪਤਾਲ ਦੀ ਸੁਰੱਖਿਆ 'ਤੇ ਸਵਾਲ ਖੜ੍ਹੇ ਹੁੰਦੇ ਹਨ, ਉੱਥੇ ਹੀ ਮਰੀਜ਼ਾਂ ਖਾਸ ਕਰਕੇ ਔਰਤਾਂ ਦੀ ਨਿੱਜਤਾ ਨੂੰ ਵੀ ਖਤਰਾ ਪੈਦਾ ਹੁੰਦਾ ਹੈ।ਥਾਣਾ ਮੁਖੀ ਡੇਰਾਬੱਸੀ ਸੁਮਿਤ ਮੋਰ ਨੇ ਦੱਸਿਆ ਕਿ ਡੇਰਾਬੱਸੀ ਐਸਐਮਓ ਵੱਲੋਂ ਦਿੱਤੀ ਗਈ ਸ਼ਿਕਾਇਤ ਦੀ ਜਾਂਚ ਕਰਨ ਤੋਂ ਬਾਅਦ ਯੂ-ਟਿਊਬਰ ਪੱਤਰਕਾਰ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਫਿਲਹਾਲ ਉਕਤ ਵਿਅਕਤੀ ਫਰਾਰ ਹੈ ਜਿਸ ਦੀ ਗ੍ਰਿਫਤਾਰੀ ਲਈ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਅੰਤਰਰਾਸ਼ਟਰੀ ਯੋਗ ਦਿਵਸ ਉਤਸ਼ਾਹ ਨਾਲ ਮਨਾਇਆ

**ਜਲੰਧਰ**- ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜਲੰਧਰ ਨੇ ਨਿਰਭਉ ਸਿੰਘ ਗਿੱਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਅਤੇ ਰਾਹੁਲ ਕੁਮਾਰਫ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਦੀ ਯੋਗ ਰਹਿਨੁਮਾਈ ਹੇਠ ਅੰਤਰਰਾਸ਼ਟਰੀ ਯੋਗ ਦਿਵਸ 2025 ਨੂੰ ਬੜੇ ਉਤਸ਼ਾਹ ਨਾਲ ਮਨਾਇਆ। ਇਹ ਸਮਾਗਮ, ਜੋ ਕਿ ਜ਼ਿਲ੍ਹਾ ਅਦਾਲਤਾਂ ਕੰਪਲੈਕਸ ਜਲੰਧਰ ਵਿਖੇ ਆਯੋਜਿਤ ਕੀਤਾ ਗਿਆ, ਵਿੱਚ ਕਾਨੂੰਨੀ ਪੇਸ਼ੇਵਰਾਂ, ਕਰਮਚਾਰੀਆਂ, ਲੀਗਲ ਐਡ ਡਿਫੈਂਸ ਕੌਂਸਿਲ, ਪੈਰਾ ਲੀਗਲ ਵਲੰਟੀਅਰਾਂ ਅਤੇ ਜਨਤਾ ਦੇ ਮੈਂਬਰਾਂ ਨੇ ਸਰਗਰਮੀ ਨਾਲ ਭਾਗ ਲਿਆ।ਹਰ ਸਾਲ 21 ਜੂਨ ਨੂੰ ਮਨਾਇਆ ਜਾਂਦਾ ਅੰਤਰਰਾਸ਼ਟਰੀ ਯੋਗ ਦਿਵਸ, ਸਰੀਰਕ ਅਤੇ ਮਾਨਸਿਕ ਸਿਹਤ ਲਈ ਯੋਗ ਅਭਿਆਸ ਦੇ ਅਣਗਿਣਤ ਲਾਭਾਂ ਬਾਰੇ ਵਿਸ਼ਵਵਿਆਪੀ ਜਾਗਰੂਕਤਾ ਪੈਦਾ ਕਰਨਾ ਹੈ। ਇਸ ਸਾਲ ਦਾ ਥੀਮ, 'ਇੱਕ ਧਰਤੀ, ਇੱਕ ਸਿਹਤ ਲਈ ਯੋਗ', ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਦੇ ਸਮੁੱਚੀ ਤੰਦਰੁਸਤੀ ਅਤੇ ਨਿਆਂ ਤੱਕ ਪਹੁੰਚ ਨੂੰ ਉਤਸ਼ਾਹਿਤ ਕਰਨ ਦੇ ਮਿਸ਼ਨ ਨਾਲ ਡੂੰਘਾ ਸਬੰਧਤ ਹੈ, ਜੋ ਇੱਕ ਸਿਹਤਮੰਦ ਮਨ ਅਤੇ ਸਰੀਰ ਅਤੇ ਕਿਸੇ ਦੇ ਕਾਨੂੰਨੀ ਅਧਿਕਾਰਾਂ ਦੀ ਮੰਗ ਕਰਨ ਅਤੇ ਬਰਕਰਾਰ ਰੱਖਣ ਦੀ ਯੋਗਤਾ ਵਿਚਕਾਰ ਅੰਦਰੂਨੀ ਸਬੰਧ ਨੂੰ ਪਛਾਣਦਾ ਹੈ।ਜਿਸ ਵਿੱਚ ਸ਼ਾਂਤੀ, ਸਦਭਾਵਨਾ ਅਤੇ ਤਣਾਅ-ਮੁਕਤ ਜੀਵਨ ਨੂੰ ਉਤਸ਼ਾਹਤ ਕਰਨ ਵਿੱਚ ਯੋਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ। ਪ੍ਰਮਾਣਿਤ ਯੋਗ ਇੰਸਟ੍ਰਕਟਰ, ਸਮਿਤਾ ਕਪੂਰ, ਕੁਸਮ ਗੁਪਤਾ ਅਤੇ ਪੂਨਮ ਰਾਜਪੂਤ ਨੇ ਭਾਗੀਦਾਰਾਂ ਨੂੰ ਕਈ ਆਸਣ (ਮੁਦਰਾਵਾਂ), ਪ੍ਰਾਣਾਯਾਮ (ਸਾਹ ਲੈਣ ਦੇ ਅਭਿਆਸ) ਅਤੇ ਧਿਆਨ ਤਕਨੀਕਾਂ ਦਾ ਅ ਭਿ ਆ ਸ ਕਰਵਾਇਆ। ਇਸ ਮੌਕੇ ਹਰਨੇਕ ਸਿੰਘ, ਵਿਮਲ ਸਚਦੇਵਾ, ਯੁਵਰਾਜ ਸਿੰਘ , ਜਗਨ ਨਾਥ ਨੇ ਦੱਸਿਆ ਕਿ ਯੋਗ ਕਾਨੂੰਨੀ ਜਾਗਰੂਕਤਾ ਵਾਂਗ ਵਿਅਕਤੀਆਂ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ। ਸਰੀਰਕ ਅਤੇ ਮਾਨਸਿਕ ਤੰਦਰੁਸਤੀ ਨੂੰ ਉਤਸ਼ਾਹਿਤ ਕਰਕੇ ਅਸੀਂ ਆਪਣੇ ਸਮੁਦਾਏ ਦੇ ਮੈਂਬਰਾਂ ਨੂੰ ਸਿਹਤਮੰਦ, ਵਧੇਰੇ ਲਾਭਕਾਰੀ ਜੀਵਨ ਜੀਉਣ ਦੇ ਯੋਗ ਬਣਾਉਂਦੇ ਹਾਂ, ਜੋ ਬਦਲੇ ਵਿੱਚ ਇੱਕ ਵਧੇਰੇ ਸੂਚਿਤ ਅਤੇ ਨਿਆਂਪੂਰਨ ਸਮਾਜ ਵਿੱਚ ਯੋਗਦਾਨ ਪਾਉਂਦਾ ਹੈ।




## ਯੋਗ ਭਾਰਤ ਦੀ ਦੇਣ, ਜਿਸ ਨੂੰ ਪੂਰੇ ਵਿਸ਼ਵ ਨੇ ਅਪਣਾਇਆ : ਐਨ ਕੇ ਸ਼ਰਮਾ

**ਡੇਰਾਬੱਸੀ (ਵਿਨੈ ਕੁਮਾਰ ਜੈਨ)** ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਸਾਬਕਾ ਵਿਧਾਇਕ ਐਨ.ਕੇ. ਸ਼ਰਮਾ ਨੇ ਕਿਹਾ ਹੈ ਕਿ ਯੋਗ ਸਾਡੇ ਰਿਸ਼ੀ-ਮੁਨੀਆਂ ਦੀ ਦੇਣ ਹੈ, ਪਰ ਕੁਝ ਸਮੇਂ ਤੋਂ ਸਾਡੀ ਇਹ ਪ੍ਰਾਚੀਨ ਪਰੰਪਰਾ ਖਤਮ ਹੋ ਗਈ ਸੀ, ਜਿਸਦਾ ਪ੍ਰਭਾਵ ਮਨੁੱਖਤਾ 'ਤੇ ਪਿਆ। ਸੰਯੁਕਤ ਰਾਸ਼ਟਰ ਨੇ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਵਜੋਂ ਘੋਸ਼ਿਤ ਕਰਕੇ ਭਾਰਤ ਦੀ ਹਜ਼ਾਰਾਂ ਸਾਲ ਪੁਰਾਣੀ ਪਰੰਪਰਾ ਨੂੰ ਮਾਨਤਾ ਦਿੱਤੀ ਹੈ। ਐਨ.ਕੇ. ਸ਼ਰਮਾ ਡੇਰਾਬੱਸੀ ਦੇ ਗੁਲਾਬਗੜ੍ਹ ਦੇ ਵਾਟਿਕਾ ਗਰਾਊਂਡ ਵਿਖੇ ਪਤੰਜਲੀ ਯੋਗਪੀਠ ਦੀ ਅਗਵਾਈ ਹੇਠ ਆਯੋਜਿਤ ਯੋਗ ਰਿਹਰਸਲ ਵਿੱਚ ਮੁੱਖ ਮਹਿਮਾਨ ਵਜੋਂ ਹਿੱਸਾ ਲੈ ਕੇ ਯੋਗ ਅਭਿਆਸੀਆਂ ਨੂੰ ਉਤਸ਼ਾਹਿਤ ਕਰ ਰਹੇ ਸਨ। ਇੱਥੇ ਪਹੁੰਚਣ 'ਤੇ ਇੰਚਾਰਜ ਨਵੀਨ ਚੰਦ ਨੇ ਐਨ.ਕੇ. ਸ਼ਰਮਾ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਸ਼ਰਮਾ ਸ਼ੁਰੂ ਤੋਂ ਹੀ ਯੋਗ ਅਭਿਆਸੀਆਂ ਨਾਲ ਜੁੜੇ ਹੋਏ ਹਨ। ਸ਼ਰਮਾ ਕਈ ਯੋਗ ਕੈਂਪਾਂ ਵਿੱਚ ਵੀ ਹਿੱਸਾ ਲੈਂਦੇ ਰਹੇ ਹਨ। ਸ਼ਰਮਾ ਨੇ ਕਿਹਾ ਕਿ ਯੋਗਾ ਸਿਰਫ਼ ਇੱਕ ਦਿਨ ਲਈ ਨਹੀ, ਸਗੋਂ ਇਸਨੂੰ ਰੋਜ਼ਾਨਾ ਰੁਟੀਨ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਸਵੇਰੇ ਜਲਦੀ ਉੱਠਣ ਦੀ ਆਦਤ ਪੂਰੇ ਦਿਨ ਦੇ ਸ਼ਡਿਊਲ ਨੂੰ ਵਿਵਸਥਿਤ ਬਣਾਉਂਦੀ ਹੈ। ਸਰੀਰਕ ਤੌਰ 'ਤੇ ਤੰਦਰੁਸਤ ਵਿਅਕਤੀ ਆਪਣੇ ਅਤੇ ਆਪਣੇ ਪਰਵਾਰ ਦੇ ਜੀਵਨ ਨੂੰ ਸਫਲ ਬਣਾਉਂਦਾ ਹੈ। ਸਿਹਤਮੰਦ ਵਿਅਕਤੀ ਹੀ ਬਿਹਤਰ ਸਮਾਜ ਦੇ ਨਿਰਮਾਣ ਵਿੱਚ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸ਼ਰਮਾ ਨੇ ਕਿਹਾ ਕਿ ਜਿਸ ਤਰ੍ਹਾਂ 21 ਜੂਨ ਦੇ ਪ੍ਰੋਗਰਾਮ ਲਈ ਜਾਗਰੂਕਤਾ ਰੈਲੀਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ, ਉਸੇ ਤਰ੍ਹਾਂ ਲੋਕਾਂ ਨੂੰ ਯੋਗ ਨਾਲ ਜੋੜਨ ਲਈ ਨਿਯਮਤ ਪ੍ਰੋਗਰਾਮ ਆਯੋਜਿਤ ਕੀਤੇ ਜਾਣੇ ਚਾਹੀਦੇ ਹਨ।ਇਸ ਤੋਂ ਪਹਿਲਾਂ ਮੁਬਾਰਿਕਪੁਰ ਵਿੱਚ ਵੀ ਪਤੰਜਲੀ ਯੋਗਪੀਠ ਵੱਲੋਂ ਆਯੋਜਿਤ ਪ੍ਰੋਗਰਾਮ ਵਿੱਚ ਐਨ ਕੇ ਸ਼ਰਮਾ ਨੇ ਹਿੱਸਾ ਲਿਆ ਅਤੇ ਯੋਗ ਅਭਿਆਸੀਆਂ ਨਾਲ ਗੱਲਬਾਤ ਕੀਤੀ। ਇੱਥੇ ਮਨਵਿੰਦਰ ਸਿੰਘ ਟੋਨੀ ਰਾਣਾ ਅਤੇ ਕਈ ਹੋਰਾਂ ਨੇ ਐਨ ਕੇ ਸ਼ਰਮਾ ਦਾ ਸਵਾਗਤ ਕੀਤਾ। ਇਸ ਮੌਕੇ ਯੋਗ ਅਭਿਆਸੀ ਅਨਿਲ ਸ਼ਰਮਾ, ਦੀਪਕ ਢੀਂਗਰਾ, ਜਗਪਾਲ ਸਿੰਘ, ਸੁਖਵਿੰਦਰ ਸਿੰਘ, ਹਰੀਸ਼ ਕੁਮਾਰ, ਸਰਵਣ ਸਿੰਘ, ਅਨਿਲ ਵਰਮਾ, ਵਿਮਲਾ, ਅੰਜਨਾ, ਰੇਖਾ, ਮੋਨਾ ਸੈਣੀ, ਟੋਨੀ ਵਰਮਾ ਅਤੇ ਰਾਧਾ ਗੁਪਤਾ ਸਮੇਤ ਕਈ ਪਤਵੰਤੇ ਮੌਜੂਦ ਸਨ।



## ਜਲ ਸਰੋਤਾਂ ਦੀ ਉਪਲੱਬਧਤਾ ਤੇ ਪਾਣੀ ਨਾਲ ਸੰਬੰਧੀ ਅਧਿਐਨ ਰਿਪੋਰਟ ਵਿਧਾਨ ਸਭਾ ਕਮੇਟੀ ਨੂੰ ਸੌਂਪੀ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇਂ ਕਮਿਸ਼ਨ ਨੇ ਨੈਸ਼ਨਲ ਇੰਸਟੀਚਿਊਟ ਹਾਈਡ੍ਰੋਲੋਜੀ, ਰੁੜਕੀ ਤੋਂ ਪੰਜਾਬ ਦੇ ਜਲ ਸਰੋਤਾਂ ਦੀ ਉਪਲਬਧਤਾ ਅਤੇ ਪਾਣੀ ਨਾਲ ਸਬੰਧਤ ਹੋਰ ਮੁੱਦਿਆਂ 'ਤੇ ਇੱਕ ਅਧਿਐਨ ਕਰਵਾਇਆ ਹੈ। ਇਸ ਰਿਪੋਰਟ ਦੇ ਨਤੀਜੇ ਪੰਜਾਬ ਵਿਧਾਨ ਵੱਲੋਂ ਗਠਿਤ ਗੁਰਜੀਤ ਸਿੰਘ ਰਾਣਾ ਦੀ ਪ੍ਰਧਾਨਗੀ ਹੇਠ 6 ਵਿਧਾਇਕਾਂ ਦੀ ਵਿਧਾਨ ਸਭਾ ਕਮੇਟੀ ਨੂੰ ਸੌਂਪੇ ਗਏ ਹਨ। ਕਮੇਟੀ ਨੇ ਇਸ ਰਿਪੋਰਟ ਦੀ ਸ਼ਲਾਘਾ ਕੀਤੀ ਹੈ ਅਤੇ ਕਮਿਸ਼ਨ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਸਿੰਮਣ ਪੈਟਰਨ ਨੂੰ ਮਾਪਣ ਦੇ ਨਾਲ-ਨਾਲ ਕਾਰਬਨ ਡੇਟਿੰਗ ਅਤੇ ਆਈਸੋਟੋਪ ਤਕਨਾਲੋਜੀਆਂ ਦੀ ਵਰਤੋਂ ਕਰਕੇ ਇਸ ਦੇ ਦਾਇਰੇ ਨੂੰ ਸੂਖਮ ਦਰ ਤੱਕ ਵਧਾਉਣ ਲਈ ਅਧਿਐਨ ਕਰੇ। ਪੰਜਾਬ ਦੀਆਂ ਵੱਧ ਰਹੀਆਂ ਪਾਣੀ ਦੀਆਂ ਚੁਣੌਤੀਆਂ ਨਾਲ ਨਜਿੱਠਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇਂ ਕਮਿਸ਼ਨ ਨੇ ਅੱਜ ਪ੍ਰਮੁੱਖ ਜਲ ਮਾਹਿਰਾਂ ਅਤੇ ਵਿਗਿਆਨੀਆਂ ਦੀ 15 ਏਜੰਡਾ ਨੁਕਤਿਆਂ ਤਹਿਤ ਉੱਚ ਪੱਧਰੀ ਮੀਟਿੰਗ ਸੱਦੀ ਜਿਸ ਦੀ ਪ੍ਰਧਾਨਗੀ ਕਮਿਸ਼ਨ ਦੇ ਚੇਅਰਮੈਨ ਪ੍ਰੋ. ਸੁਖਪਾਲ ਸਿੰਘ ਨੇ ਕੀਤੀ, ਮੀਟਿੰਗ ਵਿੱਚ ਆਈਆਈਟੀ ਰੋਪੜ ਦੇ ਡੀਨ (ਸੀ.ਏ.ਪੀ.ਐਸ.) ਡਾ. ਪੁਸ਼ਪੇਂਦਰ ਪਾਲ ਸਿੰਘ, ਡਾ. ਸਰਬਜੋਤ ਕੌਰ, ਰੇਡੀਓਐਕਟਿਵ ਟੂਲਜ਼ 'ਤੇ ਪ੍ਰਮੁੱਖ ਵਿਗਿਆਨੀ, ਆਈਆਈਟੀ ਰੋਪੜ; ਹਰਸ਼ਦ ਕੁਲਕਰਨੀ, ਸਹਾਇਕ ਪ੍ਰੋਫੈਸਰ, ਆਈਆਈਟੀ ਮੰਡੀ, ਡਾ ਰਣਜੀਤ ਕੇ ਝਾਅ, ਆਈਆਈਟੀ ਮੰਡੀ; ਗੋਪਾਲ ਕ੍ਰਿਸ਼ਨ, ਵਿਗਿਆਨੀ-ਈ, ਨੈਸ਼ਨਲ ਇੰਸਟੀਚਿਊਟ ਆਫ ਹਾਈਡ੍ਰੋਲੋਜੀ (ਐਨਆਈਐਚ), ਰੁੜਕੀ ਨੇ ਸ਼ਮੂਲੀਅਤ ਕੀਤੀ। ਇਸ ਮੀਟਿੰਗ ਦਾ ਆਯੋਜਨ ਕਮਿਸ਼ਨ ਦੇ ਪ੍ਰਬੰਧਕੀ ਅਧਿਕਾਰੀ-ਕਮ-ਸਕੱਤਰ ਡਾ. ਰਣਜੋਧ ਸਿੰਘ ਬੈਂਸ ਨੇ ਕੀਤਾ। ਬਾਗਬਾਨੀ ਵਿਭਾਗ ਦੇ ਸਾਬਕਾ ਡਾਇਰੈਕਟਰ ਡਾ: ਗੁਰਕੰਵਲ ਸਿੰਘ ਨੇ ਵੀ ਸੂਬੇ ਨੂੰ ਦਰਪੇਸ਼ ਚੁਣੌਤੀਆਂ ਬਾਰੇ ਆਪਣੀ ਮਾਹਿਰਾਨਾ ਰਾਏ ਸਾਂਝੀ ਕੀਤੀ। ਮਾਹਰਾਂ ਨੇ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਸਰੋਤਾਂ ਦਾ ਨਕਸ਼ਾ ਬਣਾਉਣ ਲਈ ਐਡਵਾਂਸਡ ਆਈਸੋਟੋਪਿਕ ਸਟੱਡੀਜ਼ ਅਤੇ ਕਾਰਬਨ ਡੇਟਿੰਗ, ਰੀਚਾਰਜ ਵਧਾਉਣ ਲਈ ਪ੍ਰਾਚੀਨ ਪੈਲੀਓ-ਚੈਨਲਾਂ ਦੀ ਪਛਾਣ ਕਰਨ ਲਈ ਹੈਲੀਬੋਰਨ ਸਰਵੇਖਣਾਂ ਅਤੇ ਦੱਖਣ-ਪੱਛਮੀ ਪੰਜਾਬ ਦੇ ਗੰਭੀਰ ਸੇਮ ਅਤੇ ਖਾਰੇਪਣ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਕੇਂਦਰਿਤ ਰਣਨੀਤੀ ਸਮੇਤ ਤੁਰੰਤ ਦਖਲ ਅੰਦਾਜ਼ੀ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਤੋਂ ਇਲਾਵਾ, ਕੇਂਦਰੀ ਪੰਜਾਬ ਵਿੱਚ ਪਾਣੀ ਦੀ ਸਪਲਾਈ ਵਧਾਉਣ ਲਈ ਉਝ ਦਰਿਆ (5 ਬੀਸੀਐਮ ਦੀ ਅਨੁਮਾਨਿਤ ਸਮਰੱਥਾ ਵਾਲੇ) 'ਤੇ ਇੱਕ



ਜਲ ਭੰਡਾਰ ਦੀ ਸੰਭਾਵਨਾ ਅਧਿਐਨ ਅਤੇ ਟਿਕਾਊ ਨਿਕਾਸੀ ਸੀਮਾਵਾਂ ਨਿਰਧਾਰਤ ਕਰਨ ਲਈ ਜਲ ਭੰਡਾਰਾਂ ਦੀ ਵਿਗਿਆਨਕ ਵਿਸ਼ੇਸ਼ਤਾ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਭਾਰੀ ਧਾਤਾਂ ਨੂੰ ਸੋਖਣ ਵਾਲੇ ਪੌਦਿਆਂ ਦੀਆਂ ਕਿਸਮਾਂ ਅਤੇ ਖਾਰਾਪਣ-ਸਹਿਣਸ਼ੀਲ ਬਾਂਸ ਦੇ ਪੌਦੇ ਲਗਾਉਣ ਅਤੇ ਧਰਤੀ ਹੇਠਲੇ ਪਾਣੀ ਦੇ ਰੀਚਾਰਜ ਲਈ ਰਵਾਇਤੀ ਜਲ ਸਰੋਤਾਂ ਅਤੇ ਪੁਰਾਣੇ ਖੂਹਾਂ ਨੂੰ ਮੁੜ ਸੁਰਜੀਤ ਕਰਨ ਵਰਗੇ ਨਵੀਨਤਾਕਾਰੀ ਹੱਲਾਂ ਦੀ ਖੋਜ ਲਈ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ ਗਿਆ। ਮੀਟਿੰਗ ਵਿੱਚ ਪੰਜਾਬ ਦੀ ਖੇਤੀਬਾੜੀ ਨੂੰ ਹੜ੍ਹਾਂ ਅਤੇ ਮੌਸਮ ਦੀਆਂ ਅਤਿਅੰਤ ਘਟਨਾਵਾਂ ਲਈ ਵਧੇਰੇ ਲਚਕੀਲਾ ਬਣਾਉਣ ਲਈ ਰਣਨੀਤੀਆਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।ਡਾ. ਬੈਂਸ ਨੇ ਕਿਹਾ ਕਿ ਦਿਨ ਭਰ ਦੇ ਵਿਚਾਰ-ਵਟਾਂਦਰੇ ਦੀਆਂ ਸਿਫਾਰਸ਼ਾਂ, ਪ੍ਰਮੁੱਖ ਖੋਜ ਸੰਸਥਾਵਾਂ ਦੇ ਸਹਿਯੋਗ ਨਾਲ ਲਾਗੂ ਕੀਤੇ ਜਾਣ ਵਾਲੇ ਰਾਜ ਵਿਆਪੀ ਜਲ ਸੰਭਾਲ ਮਿਸ਼ਨ ਦੀ ਨੀਂਹ ਵਜੋਂ ਕੰਮ ਕਰਨਗੀਆਂ। ਡਾ. ਸੁਖਪਾਲ ਸਿੰਘ ਨੇ ਸੂਬੇ ਦੇ ਪਾਣੀ ਦੇ ਸੰਕਟ ਨਾਲ ਨਜਿੱਠਣ ਲਈ ਬੁਨਿਆਦੀ ਖੋਜ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਭਰੋਸਾ ਪ੍ਰਗਟਾਇਆ ਕਿ ਹਾਜ਼ਰ ਉੱਘੇ ਵਿਗਿਆਨੀ ਕਿਸਾਨ ਕਮਿਸ਼ਨ ਦੇ ਸਹਿਯੋਗ ਨਾਲ ਮਹੱਤਵਪੂਰਨ ਯੋਗਦਾਨ ਪਾਉਣਗੇ। ਮੀਟਿੰਗ ਦੇ ਇੱਕ ਮਹੱਤਵਪੂਰਨ ਨਤੀਜੇ ਵਿੱਚ, ਸਰਬਸੰਮਤੀ ਨਾਲ ਸਾਰੇ ਪ੍ਰਮੁੱਖ ਖੋਜ ਸੰਸਥਾਵਾਂ ਨੇ ਕਿਸਾਨ ਕਮਿਸ਼ਨ ਨਾਲ ਨੇੜਿਓਂ ਸਹਿਯੋਗ ਕਰਨ ਲਈ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ। ਇਹ ਵੀ ਫੈਸਲਾ ਕੀਤਾ ਗਿਆ ਕਿ ਆਈਆਈਟੀ ਰੋਪੜ, ਆਈਆਈਟੀ ਮੰਡੀ, ਐਨਆਈਐਚ ਅਤੇ ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮੇਂ ਕਮਿਸ਼ਨ ਦਰਮਿਆਨ ਤੁਰੰਤ ਇੱਕ ਕੰਸੋਰਟੀਅਮ ਸਹਿਮਤੀ ਪੱਤਰ 'ਤੇ ਹਸਤਾਖਰ ਕੀਤੇ ਜਾਣਗੇ ਤਾਂ ਜੋ ਪੰਜਾਬ ਦੇ ਧਰਤੀ ਹੇਠਲੇ ਪਾਣੀ ਨੂੰ ਕਾਇਮ ਰੱਖਣ, ਸੰਭਾਲਣ ਅਤੇ ਦੂਸ਼ਿਤ ਹੋਣ ਤੋਂ ਰੋਕਣ 'ਤੇ ਕੇਂਦ੍ਰਤ 15 ਨੁਕਤੀ ਵਿਆਪਕ, ਰਾਜ ਪੱਧਰੀ ਪ੍ਰੋਜੈਕਟ ਸ਼ੁਰੂ ਕੀਤੇ ਜਾ ਸਕਣ। ਇਸ ਸਾਂਝੀ ਪਹਿਲ ਦਾ ਉਦੇਸ਼ ਪ੍ਰਮੁੱਖ ਖੋਜ ਸੰਸਥਾਵਾਂ ਦੀ ਵਿਗਿਆਨਕ ਅਤੇ ਤਕਨੀਕੀ ਮੁਹਾਰਤ ਨੂੰ ਕਮਿਸ਼ਨ ਦੀ ਨੀਤੀ ਅਤੇ ਲਾਗੂ ਕਰਨ ਦੀ ਸਮਰੱਥਾ ਨਾਲ ਇਕੱਠਾ ਕਰਨਾ ਹੈ। ਇਹ ਪ੍ਰੋਜੈਕਟ ਉੱਨਤ ਖੋਜ, ਖੇਤਰ ਪੱਧਰੀ ਦਖਲਅੰਦਾਜ਼ੀ ਅਤੇ ਰਣਨੀਤਕ ਯੋਜਨਾਬੰਦੀ ਨੂੰ ਜੋੜ ਕੇ ਧਰਤੀ ਹੇਠਲੇ ਪਾਣੀ ਦੇ ਘਟਣ ਅਤੇ ਪ੍ਰਦੂਸ਼ਣ ਦੀਆਂ ਚੁਣੌਤੀਆਂ ਦਾ ਹੱਲ ਕਰੇਗਾ। ਇਸ ਵਿੱਚ ਖੇਤੀਬਾੜੀ ਲਈ ਪਾਣੀ ਦੀ ਸੁਰੱਖਿਆ ਅਤੇ ਰਾਜ ਭਰ ਵਿੱਚ ਪੀਣ ਵਾਲੇ ਸਾਫ ਪਾਣੀ ਨੂੰ ਯਕੀਨੀ ਬਣਾਉਣ ਲਈ ਤੁਰੰਤ ਉਪਾਅ ਅਤੇ ਲੰਬੀ ਮਿਆਦ ਦੀਆਂ ਰਣਨੀਤੀਆਂ ਸ਼ਾਮਲ ਹੋਣਗੀਆਂ। ਇਸ ਅਧਿਐਨ ਦੇ ਨਤੀਜੇ ਅਤੇ ਨਤੀਜਨ ਨੀਤੀਗਤ ਉਪਰਾਲੇ ਪੰਜਾਬ ਨੂੰ ਦੇਸ਼ ਦੇ ਸਭ ਤੋਂ ਵਿਕਸਤ ਰਾਜਾਂ ਵਿੱਚ ਸ਼ਾਮਲ ਕਰ ਦੇਣਗੇ।

## ਰੰਧਾਵਾ ਨੇ 11ਵੇਂ ਅੰਤਰਰਾਸ਼ਟਰੀ ਯੋਗਾ ਦਿਵਸ 'ਚ ਕੀਤੀ ਸ਼ਮੂਲੀਅਤ

**ਜ਼ੀਰਕਪੁਰ (ਵਿਨੈ ਕੁਮਾਰ ਜੈਨ)**— ਸ਼ਨੀਵਾਰ 11ਵੇਂ ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਹਲਕਾ ਵਿਧਾਇਕ ਡੇਰਾਬਸੀ ਕੁਲਜੀਤ ਸਿੰਘ ਰੰਧਾਵਾ ਵੱਲੋਂ ਜ਼ੀਰਕਪੁਰ ਦੇ ਪੀਰਮੁਛੱਲਾ ਖੇਤਰ ਦੀ ਬਾਲੀਵੁੱਡ ਸੁਸਾਇਟੀ ਤੇ ਸਿੰਘਪੁਰਾ ਦੀ ਅਲਟੂਰਾ ਅਪਾਰਟਮੈਂਟ ਵਿਖੇ ਰੋਜ਼ਾਨਾ ਚੱਲ ਰਹੀ ਸੀ.ਐਮ ਦੀ ਯੋਗਸ਼ਾਲਾ ਵਿੱਚ ਪਹੁੰਚ ਕੇ ਲੋਕਾਂ ਨਾਲ ਯੋਗਾ ਕੀਤਾ ਅਤੇ ਸਾਰਿਆਂ ਨੂੰ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਯੋਗਾ ਨੂੰ ਸ਼ਾਮਲ ਕਰਨ, ਲੋਕਾਂ ਨੂੰ ਪ੍ਰੇਰਿਤ ਕਰਕੇ ਆਪੋ-ਆਪਣੇ ਇਲਾਕੇ ਵਿੱਚ ਚਲ ਰਹੀ ਮੁੱਖ ਮੰਤਰੀ ਦੀ ਯੋਗਸ਼ਾਲਾ ਵਿੱਚ ਰਜਿਸਟ੍ਰੇਸ਼ਨ ਕਰਵਾ ਕੇ ਯੋਗ ਦਾ ਅਭਿਆਸ ਕਰਨ ਅਤੇ ਤੰਦਰੁਸਤ ਰਹਿਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਸਰੀਰ ਨੂੰ ਤੰਦਰੁਸਤ ਰੱਖਣ ਵਿਚ ਯੋਗਾ ਦਾ ਬਹੁਤ ਵੱਡਾ ਰੋਲ ਹੈ। ਯੋਗ ਅਭਿਆਸ ਕਰਨ ਨਾਲ ਅਸੀਂ ਸਰੀਰਕ ਪੱਖੋਂ ਸਿਹਤਮੰਦ ਤਾਂ ਹੁੰਦੇ ਹੀ ਹਾਂ ਬਲਕਿ ਮਾਨਸਿਕ ਤੌਰ 'ਤੇ ਵੀ ਮਜ਼ਬੂਤ ਬਣਦੇ ਹਾਂ। ਇਸ ਨਾਲ ਮਨ ਵੀ ਸਥਿਰ ਹੁੰਦਾ ਹੈ ਤੇ ਅੰਦਰੋਂ ਮਨ ਨੂੰ ਮਿਲਦੀ ਸ਼ਾਂਤੀ ਦਾ ਸਰੀਰ ਨੂੰ ਤੰਦਰੁਸਤ ਰੱਖਣ ਵਿਚ ਵੱਡਾ ਰੋਲ ਹੁੰਦਾ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਚਲਾਈ ਜਾ ਰਹੀ ਸੀ ਐੱਮ ਦੀ ਯੋਗਸ਼ਾਲਾ ਤਹਿਤ ਸਮੁੱਚੇ ਜ਼ਿਲ੍ਹੇ ਵਿੱਚ ਮਾਹਿਰ ਟ੍ਰੇਨਰ ਲੋਕਾਂ ਨੂੰ ਯੋਗ ਰਾਹੀਂ ਤੰਦਰੁਸਤ ਜੀਵਨ ਸ਼ੈਲੀ ਨਾਲ ਜੋੜ ਰਹੇ ਹਨ। ਲੋਕ ਮੁਫਤ ਯੋਗ ਸਿਖਲਾਈ ਦਾ ਲਾਭ ਲੈਣ ਲਈ ਟੋਲ-ਫਰੀ ਨੰਬਰ 7669 400 500 ਡਾਇਲ ਕਰ ਸਕਦੇ ਹਨ ਜਾਂ https://cmdiyogshala.punjab.gov.in 'ਤੇ ਲੌਗਇਨ ਕੀਤਾ ਜਾ ਸਕਦਾ ਹੈ।



# ਐਲ ਪੀ ਯੂ ਨੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਤੇ ਚੰਗੀ ਸਿਹਤ ਦਾ ਸੰਦੇਸ਼ ਦਿੱਤਾ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਨੇ ਸਿਹਤ, ਏਕਤਾ ਅਤੇ ਅੰਦਰੂਨੀ ਸ਼ਾਂਤੀ ਦੇ ਸੰਦੇਸ਼ ਨੂੰ ਫੈਲਾਉਣ ਲਈ ਸੈਂਕੜੇ ਵਿਦਿਆਰਥੀਆਂ, ਸਟਾਫ ਮੈਂਬਰਾਂ, ਕਰਮਚਾਰੀਆਂ ਅਤੇ ਐਨ ਸੀ ਸੀ/ਐਨ ਐਸ ਐਸ ਕੈਡਿਟਾਂ ਨੂੰ ਇਕੱਠੇ ਕਰਕੇ ਅੰਤਰਰਾਸ਼ਟਰੀ ਯੋਗ ਦਿਵਸ 2025 ਮਨਾਇਆ। ਯੂਨੀਵਰਸਿਟੀ ਕੈਂਪਸ ਵਿੱਚ ਆਯੋਜਿਤ ਯੋਗਾ ਸੈਸ਼ਨ ਦੀ ਅਗਵਾਈ ਆਰਟ ਆਫ਼ ਲਿਵਿੰਗ ਦੇ ਸੀਨੀਅਰ ਯੋਗ ਗੁਰੂ ਡਾ: ਰਮੇਸ਼ਵਰ ਨੇ ਕੀਤੀ। ਭਾਗੀਦਾਰਾਂ ਨੂੰ ਪ੍ਰਾਣਾਯਾਮ ਤਕਨੀਕਾਂ ਨਾੜੀ ਸ਼ੋਧਨ, ਕਪਾਲਭਾਤੀ ਅਤੇ ਭ੍ਰਮਰੀ ਨਾਲ ਜਾਣੂ ਕਰਵਾਇਆ ਗਿਆ; ਇਹ ਸਾਰੇ ਮਨ ਨੂੰ ਸ਼ਾਂਤ ਕਰਨ ਅਤੇ ਤਣਾਅ ਤੋਂ ਛੁਟਕਾਰਾ ਪਾਉਣ ਦੀ ਯੋਗਤਾ ਲਈ ਜਾਣੇ ਜਾਂਦੇ ਹਨ। ਸੈਸ਼ਨ ਵਿੱਚ ਦਿਲ ਦੀ ਬਿਮਾਰੀ, ਸ਼ੂਗਰ, ਸਰਵਾਈਕਲ ਸਮੱਸਿਆਵਾਂ ਅਤੇ ਮਾਈਗ੍ਰੇਨ ਵਰਗੀਆਂ ਜੀਵਨ ਸ਼ੈਲੀ ਦੀਆਂ ਬਿਮਾਰੀਆਂ ਦੇ ਪ੍ਰਬੰਧਨ ਵਿੱਚ ਮਦਦ ਕਰਨ ਲਈ ਥੈਰੇਪੀਟਿਕ ਯੋਗਾ ਆਸਣ ਵੀ ਸ਼ਾਮਲ ਸਨ। ਕਰਨਲ ਦੀਪਕਰ ਸਿੰਘ (ਕਮਾਂਡਿੰਗ ਅਫਸਰ) ਅਤੇ ਕਰਨਲ ਵਿਸ਼ਾਲ ਮੁੰਦਰ (ਐਡਮਿਨ ਅਫਸਰ) ਦੀ ਮੌਜੂਦਗੀ ਨੇ ਸਾਰੇ ਪੇਸ਼ਿਆਂ ਵਿੱਚ ਯੋਗ ਦੀ ਮਹੱਤਤਾ ਨੂੰ ਉਜਾਗਰ ਕੀਤਾ।ਆਪਣਾ ਸੰਦੇਸ਼ ਦਿੰਦੇ ਹੋਏ, ਡਾ. ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ (ਰਾਜ ਸਭਾ) ਅਤੇ ਐਲ ਪੀ ਯੂ ਦੇ ਸੰਸਥਾਪਕ ਚਾਂਸਲਰ ਨੇ ਕਿਹਾ, ਅੱਜ ਦੇ ਉੱਚ-ਦਬਾਅ ਵਾਲੇ ਸੰਸਾਰ ਵਿੱਚ ਖਾਸ ਕਰਕੇ ਨੌਜਵਾਨ ਮਨਾਂ ਲਈ ਜੋ ਲਗਾਤਾਰ ਭਟਕਦੇ ਰਹਿੰਦੇ ਹਨ; ਉਨ੍ਹਾਂ ਨੂੰ ਯੋਗਾ ਸ਼ਾਂਤੀ ਪ੍ਰਦਾਨ ਕਰਦਾ ਹੈ। ਇਹ ਤੁਹਾਨੂੰ ਡੂੰਘਾ ਸਾਹ ਲੈਣ, ਧਿਆਨ ਕੇਂਦਰਤ ਕਰਨ ਅਤੇ ਆਪਣੇ ਅੰਦਰੂਨੀ ਸਵੈ ਨਾਲ ਦੁਬਾਰਾ ਜੁੜਨ ਦੀ ਆਗਿਆ ਦਿੰਦਾ ਹੈ। ਇੱਕ ਰੁਟੀਨ ਤੋਂ ਵੱਧ, ਯੋਗਾ ਇੱਕ ਅਨੁਸ਼ਾਸਨ ਹੈ।



# ਜੇ ਪੀ ਐਮ ਓ ਨੇ ਲੋਕ ਮਾਰੂ ਨੀਤੀਆਂ ਖਿਲਾਫ਼ ਵਜਾਇਆ ਘੋਲਾਂ ਦਾ ਬਿਗਲ

**ਜਲੰਧਰ (ਰਾਜੇਸ਼ ਥਾਪਾ, ਕੇਸਰ)** ਜਨਤਕ ਜਥੇਬੰਦੀਆਂ ਦਾ ਸਾਂਝਾ ਮੰਚ (ਜੇ.ਪੀ.ਐਮ.ਓ.) ਪੰਜਾਬ ਵਲੋਂ, ਕੇਂਦਰੀ ਤੇ ਸੂਬਾਈ ਸਰਕਾਰਾਂ ਦੀਆਂ ਲੋਕ ਮਾਰੂ, ਦੇਸ਼ ਵਿਰੋਧੀ ਨਵ-ਉਦਾਰਵਾਦੀ ਨੀਤੀਆਂ ਰੱਦ ਕਰਵਾਉਣ ਲਈ ਅਤੇ ਫਿਰਕੂ-ਫਾਸ਼ੀ, ਫੁਟਪਾਊ ਤਾਕਤਾਂ ਦੀਆਂ ਜਮਹੂਰੀ ਲਹਿਰ ਨੂੰ ਲੀਰੋ-ਲੀਰ ਕਰਨ ਦੀਆਂ ਸਾਜ਼ਿਸ਼ਾਂ ਨੂੰ ਭਾਂਜ ਦੇਣ ਲਈ 'ਦੇਸ਼ ਭਗਤ ਯਾਦਗਾਰ ਹਾਲ ਜਲੰਧਰ' ਵਿਖੇ ਸੂਬਾ ਪੱਧਰੀ ਪ੍ਰਭਾਵਸ਼ਾਲੀ ਨੁਮਾਇੰਦਾ ਕਨਵੈਨਸ਼ਨ ਸੱਦੀ ਗਈ ਅਤੇ ਸ਼ਹਿਰ ਵਿਚ ਰੋਹ ਭਰਪੂਰ ਮਾਰਚ ਕੀਤਾ ਗਿਆ।ਪੰਜਾਬ ਭਰ 'ਚੋਂ ਸੀਟੀਯੂ ਪੰਜਾਬ, ਦਿਹਾਤੀ ਮਜ਼ਦੂਰ ਸਭਾ, ਜਮਹੂਰੀ ਕਿਸਾਨ ਸਭਾ ਪੰਜਾਬ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪਸਸਫ)1406-22ਬੀ ਚੰਡੀਗੜ੍ਹ, ਨਾਰਦਰਨ ਰੇਲਵੇ ਮੈਨਜ ਯੂਨੀਅਨ (ਐਨਆਰਐਮਯੂ) ਮੰਡਲ ਫਿਰੋਜ਼ਪੁਰ, ਟੈਕਨੀਕਲ ਸਰਵਿਸ ਯੂਨੀਅਨ, ਔਰਤ ਮੁਕਤੀ ਮੋਰਚਾ ਪੰਜਾਬ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ, ਪੰਜਾਬ ਸਟੂਡੈਂਟਸ ਫੈਡਰੇਸ਼ਨ ਦੇ ਆਗੂ ਤੇ ਵਰਕਰ ਉਤਸ਼ਾਹ ਨਾਲ ਸ਼ਾਮਲ ਹੋਏ।ਜਮਹੂਰੀ ਲਹਿਰ ਦੇ ਉੱਘੇ ਆਗੂ ਸਾਥੀ ਮੰਗਤ ਰਾਮ ਪਾਸਲਾ, ਗੁਰਨਾਮ ਸਿੰਘ ਦਾਊਦ, ਡਾਕਟਰ ਸਤਨਾਮ ਸਿੰਘ ਅਜਨਾਲਾ, ਸਤੀਸ਼ ਰਾਣਾ, ਸ਼ਿਵ ਦੱਤ ਸ਼ਰਮਾ, ਜਗਤਾਰ ਸਿੰਘ ਉੱਪਲ, ਪ੍ਰੋ. ਸੁਰਿੰਦਰ ਪਾਲ ਕੌਰ ਜੈਪਾਲ, ਧਰਮਿੰਦਰ ਸਿੰਘ ਮੁਕੇਰੀਆਂ, ਰਵਿੰਦਰ ਸਿੰਘ ਰਵੀ ਨੇ ਮੰਚ ਸੰਚਾਲਕ ਤੀਰਥ ਸਿੰਘ ਬਾਸੀ ਵਲੋਂ ਰੱਖੇ ਮੁੱਖ ਮਤੇ ਦੀ ਸੇਧ 'ਚ ਵਿਚਾਰ ਪੇਸ਼ ਕੀਤੇ।ਪ੍ਰਧਾਨਗੀ ਦੇਵ ਰਾਜ ਵਰਮਾ, ਦਰਸ਼ਨ ਨਾਹਰ, ਪਰਗਟ ਸਿੰਘ ਜਾਮਾਰਾਏ, ਮੱਖਣ ਸਿੰਘ ਵਾਹਿਦਪੁਰੀ, ਸੁਭਾਸ਼ ਸ਼ਰਮਾ, ਕੁਲਦੀਪ ਸਿੰਘ ਖੰਨਾ, ਡਾਕਟਰ ਰਘਬੀਰ ਕੌਰ, ਮਨਜਿੰਦਰ ਸਿੰਘ ਢੇਸੀ ਨੇ ਕੀਤੀ।ਹਾਜ਼ਰ ਪ੍ਰਤੀਨਿਧਾਂ ਨੇ ਜੋਸ਼ੀਲੇ ਨਾਅਰਿਆਂ ਦੀ ਗੂੰਜ ਦਰਮਿਆਨ ਉਕਤ ਨੀਤੀ ਚੌਖਟੇ ਖਿਲਾਫ ਕੇਂਦਰੀ ਟਰੇਡ ਯੂਨੀਅਨਾਂ ਤੇ ਆਜ਼ਾਦ ਫੈਡਰੇਸ਼ਨਾਂ ਵਲੋਂ ਆਉਂਦੀ 9 ਜੁਲਾਈ ਨੂੰ ਕੀਤੀ ਜਾ ਰਹੀ ਕੌਮੀ ਹੜਤਾਲ ਦੀ ਕਾਮਯਾਬੀ ਲਈ ਦਿਨ-ਰਾਤ ਇਕ ਕਰਨ ਦਾ ਸਰਵਸੰਮਤ ਨਿਰਣਾ ਲਿਆ ਹੈ। ਦੇਸ਼ ਦੇ ਸੰਵਿਧਾਨ ਤੇ ਜਮਹੂਰੀ, ਧਰਮ ਨਿਰਪੱਖ, ਫੈਡਰਲ ਢਾਂਚੇ ਦੀ ਰਾਖੀ ਅਤੇ ਫਿਰਕੂ ਇਕਸੁਰਤਾ ਤੇ ਭਾਈਚਾਰਕ ਸਾਂਝ ਦੇ ਖਾਤਮੇ ਲਈ ਬਜ਼ਿਦ ਹਿੰਦੂਤਵੀ-ਮਨੂੰਵਾਦੀ ਤਾਕਤਾਂ ਦੇ ਕੋਝੇ, ਵੰਡਵਾਦੀ ਮਨਸੂਬੇ ਫੇਲ੍ਹ ਕਰਨ ਲਈ ਵੀ ਤਿੱਖੇ, ਬੱਝਵੇਂ ਘੋਲ ਵਿੱਢਣ ਦਾ ਫੈਸਲਾ ਲਿਆ ਗਿਆ ਹੈ। 'ਦਿ ਪੰਜਾਬ ਸ਼ਾਪਸ ਐਂਡ ਅਦਰ ਇਸਟੇਬਲਿਸ਼ਮੈਂਟ ਐਕਟ-1958' 'ਚ ਧਨਾਢ ਪੱਖੀ ਸੋਧਾਂ ਕਰਕੇ ਛੋਟੇ ਅਦਾਰਿਆਂ 'ਚ ਮਾਮੂਲੀ ਰੁਜ਼ਗਾਰ ਪ੍ਰਾਪਤ ਕਰਨ ਵਾਲੇ ਲੱਖਾਂ ਗਰੀਬ ਕਿਰਤੀਆਂ ਨੂੰ ਇਕੋ ਝਟਕੇ 'ਚ ਹਰ ਤਰ੍ਹਾਂ ਦੀ ਕਾਨੂੰਨੀ ਸੁਰੱਖਿਆ ਤੇ ਸਮੁੱਚੇ ਕਿਰਤ ਅਧਿਕਾਰਾਂ ਤੋਂ ਵਾਂਝੇ ਕਰਨ ਵਾਲੇ, ਮਜ਼ਦੂਰਾਂ ਦੀ ਕੰਮ ਦਿਹਾੜੀ 8 ਤੋਂ ਵਧਾ ਕੇ12 ਘੰਟੇ ਕਰਦੇ ਨੋਟੀਫਿਕੇਸ਼ਨ ਨੂੰ ਰੱਦ ਕਰਾਉਣ ਲਈ ਵੀ ਜ਼ੋਰਦਾਰ ਲਾਮਬੰਦੀ ਕਰਨ ਦਾ ਐਲਾਨ ਕੀਤਾ ਹੈ। ਪ੍ਰਤੀਨਿਧਾਂ ਨੇ ਮਾਨ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਅਤੇ ਹੱਕੀ ਮੰਗਾਂ ਲਈ ਲੜ ਰਹੇ ਸੰਗਠਨਾਂ 'ਤੇ ਢਾਹੇ ਜਾ ਰਹੇ ਪੁਲਸ ਜਬਰ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ।ਕੇਂਦਰ ਦੀ ਮੋਦੀ ਸਰਕਾਰ ਦੀ ਤਰਜ਼ 'ਤੇ ਜੁੰਡੀ ਪੂੰਜੀਪਤੀਆਂ ਦੇ ਫਾਇਦੇ ਲਈ ਸੂਬੇ ਦੀਆਂ ਜ਼ਰਖੇਜ਼ ਜ਼ਮੀਨਾਂ ਖੋਹੇ ਜਾਣ ਵਿਰੁੱਧ ਲੜ ਰਹੇ ਲੋਕਾਂ ਦੇ ਹੱਕੀ ਘੋਲ ਦਾ ਡੱਟਵਾਂ ਸਾਥ ਦੇਣ ਦਾ ਐਲਾਨ ਕਰਦਿਆਂ ਪੰਜਾਬ ਦੇ ਸਮੁਚੇ ਮਿਹਨਤੀ ਲੋਕਾਂ ਨੂੰ ਇਹ ਨਾਦਰਸ਼ਾਹੀ ਫਰਮਾਨ ਰੱਦ ਕਰਵਾਉਣ ਲਈ ਜ਼ੋਰਦਾਰ ਸੰਘਰਸ਼ ਉਸਾਰਨ ਦਾ ਸੱਦਾ ਦਿੱਤਾ ਗਿਆ ਹੈ।ਇਸ ਮੌਕੇ ਬੁਲਾਰਿਆਂ ਨੇ ਮੋਦੀ-ਮਾਨ ਸਰਕਾਰਾਂ ਵਲੋਂ ਵਸੋਂ ਦੀਆਂ ਬੁਨਿਆਦੀ ਲੋੜਾਂ ਤੇ ਦੇਸ਼ ਦੇ ਵਡੇਰੇ ਹਿਤਾਂ ਦੀ ਘੋਰ ਅਣਦੇਖੀ ਕਰਦਿਆਂ ਲਾਗੂ ਕੀਤੀਆਂ ਜਾ ਰਹੀਆਂ ਸਾਮਰਾਜੀ ਤੇ ਕਾਰਪੋਰੇਟ ਲੋਟੂਆਂ ਦੇ ਪੱਖ ਦੀਆਂ ਨੀਤੀਆਂ ਖਿਲਾਫ ਡੂੰਘੇ ਦੁੱਖ ਤੇ ਗੁੱਸੇ ਦਾ ਇਜ਼ਹਾਰ ਕਰਦਿਆਂ ਕਿਹਾ ਹੈ ਕਿ ਇਹ ਨੀਤੀਆਂ ਦੇਸ਼ ਦੇ ਜਲ, ਜੰਗਲ, ਜ਼ਮੀਨ, ਪਬਲਿਕ ਸੈਕਟਰ ਆਦਿ ਕੁਲ ਕੁਦਰਤੀ ਤੇ ਮਾਨਵੀ ਵਸੀਲੇ ਅਡਾਨੀ-ਅੰਬਾਨੀ ਜਿਹੇ ਜੁੰਡੀ ਪੂੰਜੀਪਤੀਆਂ ਤੇ ਬਹੁਕੌਮੀ ਕੰਪਨੀਆਂ ਹੱਥੀਂ ਲੁਟਾਉਣ ਦਾ ਸਾਧਨ ਹਨ। ਕਿਰਤੀ-ਕਿਸਾਨਾਂ, ਮੁਲਾਜ਼ਮਾਂ, ਖੇਤੀ ਕਾਮਿਆਂ, ਪੜ੍ਹੇ-ਲਿਖੇ ਤੇ ਹੁਨਰਮੰਦ ਯੁਵਕਾਂ-ਵਿਦਿਆਰਥੀਆਂ, ਕੰਮਕਾਜੀ ਤੇ ਘਰੇਲੂ ਔਰਤਾਂ, ਕੱਚੇ ਤੇ ਠੇਕਾ ਕਰਮਚਾਰੀਆਂ, ਮਾਣ ਭੱਤਾ ਮੁਲਾਜ਼ਮਾਂ ਸਮੇਤ ਸਾਰੇ ਮਿਹਨਤੀ ਵਰਗਾਂ ਦੀਆਂ ਮੁਸੀਬਤਾਂ 'ਚ ਹੋ ਰਹੇ ਅੰਤਾਂ ਦੇ ਵਾਧੇ ਲਈ ਵੀ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੇ ਚੌਖਟੇ ਵਾਲੀਆਂ ਇਹੋ ਨੀਤੀਆਂ ਜਿੰਮੇਵਾਰ ਹਨ। ਆਮਦਨਾਂ-ਜਾਇਦਾਦਾਂ ਦਾ ਨਿਤ ਵੱਧਦਾ ਵਿਸ਼ਾਲ ਪਾੜਾ, ਬੇਰੁਜ਼ਗਾਰੀ-ਮਹਿੰਗਾਈ, ਕੰਗਾਲੀ-ਭੁੱਖਮਰੀ, ਕੁਪੋਸ਼ਣ, ਜਨਤਕ ਖੇਤਰ 'ਚ ਇਕਸਾਰ ਤੇ ਮਿਆਰੀ ਸਿੱਖਿਆ ਤੇ ਸਿਹਤ ਸੇਵਾਵਾਂ ਦਾ ਘਾਤਕ ਨਿਘਾਰ, ਜਨਤਕ ਵੰਡ ਪ੍ਰਣਾਲੀ ਤੇ ਸਮਾਜਿਕ ਸੁਰੱਖਿਆ ਦੀ ਅਣਹੋਂਦ, ਬੇਘਰਿਆਂ ਦੀ ਗਿਣਤੀ 'ਚ ਬੇਓੜਕ ਵਾਧਾ, ਖੇਤੀ ਵਸੋਂ ਦਾ ਉਜਾੜਾ, ਕਰਜ਼ੇ ਤੇ ਖੁਦਕੁਸ਼ੀਆਂ, ਕਿਰਤ ਕਾਨੂੰਨਾਂ ਦਾ ਖਾਤਮਾ, ਮੁੱਢਲੇ ਮਨੁਖੀ ਤੇ ਸੰਵਿਧਾਨਕ ਅਧਿਕਾਰਾਂ ਦਾ ਘਾਣ, ਜਨਤਕ ਸਹੂਲਤਾਂ 'ਚ ਰਿਕਾਰਡ ਤੋੜ ਕਟੌਤੀ, ਕਾਰਪੋਰੇਟ ਧਨਾਢਾਂ ਨੂੰ ਦਿੱਤੇ ਜਾ ਰਹੇ ਰਿਆਇਤਾਂ ਦੇ ਗੱਫੇ ਅਤੇ ਗਰੀਬਾਂ ਸਿਰ ਲੱਦਿਆ ਜਾ ਰਿਹਾ ਟੈਕਸਾਂ-ਸੈਸਾਂ ਦਾ ਅਥਾਹ ਬੋਝ, ਪਾਣੀ-ਹਵਾ ਤੇ ਚੌਗਿਰਦੇ ਦਾ ਘਾਤਕ ਨੁਕਸਾਨ ਆਦਿ ਦਾ ਮੂਲ ਕਾਰਨ ਵੀ ਇਹੋ ਮੁਨਾਫ਼ਾ ਕੇਂਦ੍ਰਿਤ ਨੀਤੀਆਂ ਹੀ ਹਨ।ਬੁਲਾਰਿਆਂ ਨੇ ਇਹ ਲੋਕ ਮਾਰੂ-ਦੇਸ਼ ਵਿਰੋਧੀ ਨੀਤੀਆਂ ਫੌਰੀ ਰੱਦ ਕੀਤੇ ਜਾਣ ਦੀ ਪੁਰਜ਼ੋਰ ਮੰਗ ਕਰਦਿਆਂ, ਦੇਸ਼ ਵਾਸੀਆਂ ਨੂੰ ਬਦਲਵੀਆਂ ਲੋਕ ਪੱਖੀ ਨੀਤੀਆਂ ਲਾਗੂ ਕਰਾਉਣ ਲਈ ਸਮਝੌਤਾ ਰਹਿਤ, ਸਾਂਝੇ ਘੋਲ ਵਿੱਢਣ ਦਾ ਸੱਦਾ ਦਿੱਤਾ ਹੈ।ਉਨ੍ਹਾਂ ਕਿਰਤੀਆਂ ਨੂੰ ਕਾਰਪੋਰੇਟਾਂ ਦੇ ਗੁਲਾਮ ਬਣਾਉਣ ਲਈ ਘੜੇ 4 ਕਿਰਤ ਕੋਡ ਰੱਦ ਕਰਨ ਤੇ ਰੱਦ ਕੀਤੇ ਮਜ਼ਦੂਰ ਪੱਖੀ ਕਿਰਤ ਕਾਨੂੰਨ ਬਹਾਲ ਕਰਨ, ਨਵੀਂ ਸਿੱਖਿਆ ਨੀਤੀ ਤੇ ਬਿਜਲੀ ਸੋਧ ਕਾਨੂੰਨ 2020 ਰੱਦ ਕਰਨ, ਲੋਕ ਵਿਰੋਧੀ ਸੰਵਿਧਾਨਕ ਸੋਧਾਂ ਖਾਰਜ ਕਰਨ ਦੀ ਵੀ ਜ਼ੋਰਦਾਰ ਮੰਗ ਕੀਤੀ ਹੈ।

# ਪੰਡੋਰੀ ਗੰਗਾ ਸਿੰਘ ਵਿਖੇ ਫ੍ਰੀ ਮੈਡੀਕਲ ਕੈਂਪ

**ਆਦਮਪੁਰ (ਪਰਮਜੀਤ ਸਿੰਘ)**- ਪਿੰਡ ਪੰਡੋਰੀ ਗੰਗਾ ਸਿੰਘ ਵਿਖੇ ਅਰੋਗਿਆ ਆਯੁਰਵੈਦਿਕ ਕਲੀਨਿਕ ਪਿੰਡ ਖੜਕਾ (ਹੁਸ਼ਿਆਰਪੁਰ) ਵੱਲੋਂ ਇੱਕ ਫ੍ਰੀ ਮੈਡੀਕਲ ਕੈਂਪ ਦਾ ਆਯੋਜਨ ਮੁੱਖ ਵੈਦ ਬਲਜਿੰਦਰ ਰਾਮ ਖੜਕਾ ਦੀ ਵਿਸ਼ੇਸ਼ ਦੇਖ-ਰੇਖ ਹੇਠ ਕੀਤਾ ਗਿਆ। ਇਸ ਕੈਂਪ ਦਾ ਉਦਘਾਟਨ ਦਰਬਾਰ ਦੇ ਗੱਦੀਨਸ਼ੀਨ ਸਾਈਂ ਬਿੱਟੂ ਸ਼ਾਹ ਵੱਲੋਂ ਸੰਗਤਾਂ ਦੀ ਹਾਜ਼ਰੀ ਵਿੱਚ ਕੀਤਾ ਗਿਆ। ਇਸ ਕੈਂਪ ਵਿੱਚ ਮਰੀਜ਼ਾਂ ਦੀ ਜਾਂਚ ਕਰਕੇ 390 ਮਰੀਜ਼ਾਂ ਨੂੰ ਆਯੁਰਵੈਦਿਕ ਦੀਆਂ ਫ੍ਰੀ ਦਵਾਈਆਂ ਵੰਡੀਆਂ ਗਈਆਂ। ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕੈਂਪ ਵਿੱਚ ਉਚੇਚੇ ਤੌਰ 'ਤੇ ਪੁੱਜੇ ਵੈਦ ਬਲਜਿੰਦਰ ਰਾਮ ਪਿੰਡ ਖੜਕਾ ਅਤੇ ਵੈਦ ਸਿਮਰਨਜੀਤ ਕੌਰ ਨੇ ਕਿਹਾ ਕਿ ਆਯੁਰਵੈਦਿਕ ਦੀ ਖੋਜ ਸਾਡੇ ਰਿਸ਼ੀਆਂ ਮੁਨੀਆਂ ਵੱਲੋਂ ਕੀਤੀ ਗਈ ਹੈ ਤੇ ਉਹਨਾਂ ਨੇ ਜੜੀ ਬੂਟੀਆਂ ਨਾਲ ਦਵਾਈਆਂ ਬਣਾ ਕੇ ਮਨੁੱਖੀ ਜੀਵਨ ਨੂੰ ਨਿਰੋਗ ਰੱਖਣ ਦੇ ਉਪਰਾਲੇ ਕੀਤੇ ਹਨ। ਉਹਨਾਂ ਕਿਹਾ ਇਹ ਆਯੁਰਵੈਦਿਕ ਦਵਾਈ ਖਾਣ ਨਾਲ ਸਰੀਰ ਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਨੁਕਸਾਨ ਨਹੀਂ ਹੁੰਦਾ। ਉਹਨਾਂ ਕਿਹਾ ਕਿ ਲੋਕਾਂ ਨੂੰ ਆਯੁਰਵੈਦਿਕ ਦਵਾਈਆਂ ਵੱਲ ਜ਼ਿਆਦਾ ਰੁਝਾਨ ਵਧਾਉਣਾ ਚਾਹੀਦਾ ਹੈ ਕਿਉਂਕਿ ਆਯੁਰਵੈਦਿਕ ਦਵਾਈਆਂ ਸਰੀਰ ਦੇ ਰੋਗ ਨੂੰ ਜੜ੍ਹੋਂ ਖਤਮ ਕਰਨ ਦੀ ਸਮਰੱਥਾ ਰੱਖਦੀਆਂ ਹਨ। ਇਸ ਮੌਕੇ ਵੈਦ ਬਲਜਿੰਦਰ ਕੁਮਾਰ ਖੜਕਾ ਦੀ ਟੀਮ ਵਿੱਚ ਵੈਦ ਰੁਪੀਕਾ ਨਵਾਂਸ਼ਹਿਰ, ਵੈਦ ਚਰਨਜੀਤ, ਵੈਦ ਇੰਦਰਜੀਤ, ਵੈਦ ਅੰਸ਼ ਨੇ ਵੀ ਉਚੇਚੇ ਤੌਰ 'ਤੇ ਇਸ ਸੇਵਾ ਵਿੱਚ ਆਪਣਾ ਬਣਦਾ ਯੋਗਦਾਨ ਪਾਇਆ। ਇਸ ਮੌਕੇ ਵੈਦ ਬਲਜਿੰਦਰ ਰਾਮ ਨੇ ਸਰਬੱਤ ਸੰਗਤਾਂ ਤੇ ਮਹਾਂਪੁਰਸ਼ਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।



# ਮਿਡ-ਡੇ-ਮੀਲ ਤਹਿਤ ਜਾਰੀ ਭਾਂਡੇ ਖਰੀਦਣ ਦੀ ਗਰਾਂਟ ਖਰਚਣ ਦਾ ਸਮਾਂ ਵਧਾਇਆ ਜਾਵੇ : ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਦੇ ਪ੍ਰਧਾਨ ਅਮਨਦੀਪ ਸ਼ਰਮਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਜਸਵੀਰ ਤਲਵਾੜਾ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹਮੇਸ਼ਾ ਦੀ ਤਰ੍ਹਾਂ ਹੀ ਜਦੋਂ ਵੀ ਕੋਈ ਗਰਾਂਟ ਜਾਰੀ ਕੀਤੀ ਜਾਂਦੀ ਹੈ ਤਾਂ ਉਸ ਨੂੰ ਇਕ ਜਾਂ ਦੋ ਦਿਨ ਦੇ ਵਿੱਚ ਖਰਚਣ ਲਈ ਅਧਿਆਪਕਾਂ ਅਤੇ ਸਕੂਲ ਮੁਖੀਆਂ ਨੂੰ ਮਜਬੂਰ ਕੀਤਾ ਜਾਂਦਾ ਹੈ। ਇਸੇ ਤਹਿਤ ਹੀ ਵਿਭਾਗ ਵੱਲੋਂ ਹੁਣ ਸਕੂਲਾਂ ਨੂੰ ਮਿਡ-ਡੇ-ਮੀਲ ਤਹਿਤ ਰਸੋਈ ਲਈ ਭਾਂਡੇ ਖਰੀਦਣ ਦੀ ਗਰਾਂਟ ਜਾਰੀ ਕੀਤੀ ਗਈ ਹੈ ਅਤੇ ਇਹ ਗਰਾਂਟ ਵੀ ਵਰਤਣ ਲਈ ਸਿਰਫ ਦੋ ਦਿਨ ਦਾ ਸਮਾਂ ਹੀ ਦਿੱਤਾ ਗਿਆ ਹੈ। ਜਦੋਂ ਕਿ ਵਿਭਾਗੀ ਹਦਾਇਤਾਂ ਤਹਿਤ ਗਰਾਂਟ ਖਰਚਣ ਲਈ ਪਹਿਲਾਂ ਕੁਝ ਦੁਕਾਨਾਂ ਤੋਂ ਕੁਟੇਸ਼ਨ ਲੈਣੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਕੁਟੇਸ਼ਨ ਦਾ ਮਿਲਾਨ ਕਰਕੇ ਵਧੀਆ ਕੁਆਲਿਟੀ ਅਤੇ ਘੱਟ ਰੇਟ ਵਾਲਾ ਸਮਾਨ ਹੀ ਖਰੀਦਣਾ ਹੁੰਦਾ ਹੈ। ਇੰਨੇ ਘੱਟ ਸਮੇਂ ਵਿੱਚ ਅਜਿਹਾ ਕਰਨਾ ਸੰਭਵ ਨਹੀਂ। ਦੂਸਰਾ ਇਹਨਾਂ ਦਿਨਾਂ 'ਚ ਸਕੂਲਾਂ ਵਿੱਚ ਗਰਮੀ ਦੀਆਂ ਛੁੱਟੀਆਂ ਚੱਲ ਰਹੀਆਂ ਹਨ। ਜਦੋਂ ਕਿ ਸਕੂਲਾਂ ਨੂੰ ਇਹ ਗਰਾਂਟ 23 ਜੂਨ ਤੱਕ ਖਰਚਣ ਲਈ ਕਿਹਾ ਗਿਆ ਹੈ। ਗੌਰਤਲਬ ਹੈ ਕੇ ਰਸੋਈ ਦਾ ਸਮਾਨ ਖਰੀਦਣ ਲਈ ਮਿਡ-ਡੇ-ਮੀਲ ਅਤੇ ਮਿਡ-ਡੇ-ਮੀਲ ਇੰਚਾਰਜ ਨੂੰ ਨਾਲ ਲੈ ਕੇ ਜੋ ਵੀ ਕੋਈ ਸਮਾਨ ਖਰੀਦਣਾ ਹੈ ਅਤੇ ਜਿਸ ਦੀ ਜ਼ਰੂਰਤ ਹੈ ਉਹ ਇੱਕ ਦੋ ਦਿਨ ਵਿੱਚ ਖਰੀਦਣਾ ਬਹੁਤ ਹੀ ਮੁਸ਼ਕਲ ਹੈ। ਇਸ ਲਈ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਨੇ ਵਿਭਾਗ ਤੋਂ ਮੰਗ ਕੀਤੀ ਹੈ ਕਿ ਭਾਂਡਿਆਂ ਦੀ ਗਰਾਂਟ ਖਰਚਣ ਦੀ ਸਮੇਂ ਸੀਮਾ ਨੂੰ ਵਧਾਇਆ ਜਾਵੇ ਅਤੇ ਇਸ ਕੰਮ ਨੂੰ ਤਸੱਲੀਬਖ਼ਸ਼ ਕਰਨ ਲਈ ਸਮੇਂ ਸੀਮਾ ਘੱਟੋ-ਘੱਟ 15 ਜੁਲਾਈ ਤੱਕ ਕੀਤੀ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਧਿਆਪਕ ਆਗੂ ਸੁਨੀਲ ਕੁਮਾਰ,ਪ੍ਰਿਤਪਾਲ ਸਿੰਘ ਚੌਟਾਲਾ, ਲੈਕਚਰਾਰ ਅਮਰ ਸਿੰਘ, ਲੈਕਚਰਾਰ ਉਪਿੰਦਰ ਸਿੰਘ, ਸੰਜੀਵ ਧੂਤ, ਪ੍ਰਿੰਸ ਗੜ੍ਹਦੀਵਾਲਾ, ਰਜਤ ਮਹਾਜਨ, ਲੈਕਚਰਾਰ ਹਰਵਿੰਦਰ ਸਿੰਘ, ਸ਼ਾਮ ਸੁੰਦਰ ਕਪੂਰ, ਕਮਲਦੀਪ ਸਿੰਘ, ਅਨੁਪਮ ਰਤਨ, ਹੈੱਡ-ਮਾਸਟਰ ਸੰਦੀਪ ਬਡੇਸਰੋਂ, ਹੈੱਡ-ਮਾਸਟਰ ਨਸੀਬ ਸਿੰਘ, ਅਸ਼ੋਕ ਕੁਮਾਰ, ਨਰੇਸ਼ ਕੁਮਾਰ ਮਿੱਢਾ, ਚਮਨ ਲਾਲ, ਅਮਰਜੀਤ ਸਿੰਘ, ਪਰਸ ਰਾਮ, ਬਲਵਿੰਦਰ ਸਿੰਘ, ਰਾਜੇਸ਼ ਅਰੋੜਾ, ਉਮੇਸ਼ ਕੁਮਾਰ, ਸਰਬਜੀਤ ਸਿੰਘ, ਨਰਿੰਦਰ ਮੰਗਲ, ਸਰਬਜੀਤ ਸਿੰਘ, ਸਚਿਨ ਕੁਮਾਰ, ਜਸਵਿੰਦਰਪਾਲ, ਰਾਜ ਕੁਮਾਰ, ਸੰਦੀਪ ਕੁਮਾਰ, ਲੈਕਚਰਾਰ ਪ੍ਰਭਜੋਤ ਸਿੰਘ, ਰਣਵੀਰ ਸਿੰਘ, ਸਤਵਿੰਦਰ ਸਿੰਘ, ਪਰਮਜੀਤ ਕਾਤਿਬ, ਨਰਿੰਦਰ ਅਜਨੋਹਾ, ਲੈਕਚਰਾਰ ਪਵਨ ਕੁਮਾਰ ਗੋਇਲ, ਦਵਿੰਦਰ ਸਿੰਘ, ਅਸ਼ਵਨੀ ਰਾਣਾ, ਨਰਿੰਦਰ ਸਿੰਘ, ਮੈਡਮ ਪਰਮਜੀਤ ਕੌਰ ਸੂਸ, ਜਸਪ੍ਰੀਤ ਕੌਰ, ਬਲਜੀਤ ਕੌਸ਼ਲ, ਜਸਵੰਤ ਮੁਕੇਰੀਆਂ, ਮਨਜੀਤ ਸਿੰਘ, ਵਰਿੰਦਰ ਨਿਮਾਣਾ, ਸਤੀਸ਼ ਕੁਮਾਰ, ਪਰਮਜੀਤ ਸਿੰਘ, ਸੁਸ਼ੀਲ ਕੁਮਾਰ ਅਵਤਾਰ ਸਿੰਘ, ਲੈਕਚਰਾਰ ਨਰੇਸ਼ ਗੜ੍ਹਸ਼ੰਕਰ ਸਮੇਤ ਵੱਡੀ ਗਿਣਤੀ 'ਚ ਅਧਿਆਪਕ ਹਾਜ਼ਰ ਸਨ।



# 'ਸੀ ਐਮ ਦੀ ਯੋਗਸ਼ਾਲਾ 'ਚ ਲੋਕ ਯੋਗਾ ਨਾਲ ਜੁੜ ਰਹੇ'

**ਬਲਾਚੌਰ (ਜਸਵਿੰਦਰ ਬੈਂਸ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਤੰਦਰੁਸਤ ਸਿਹਤ ਦੇਣ ਦੇ ਉਦੇਸ਼ ਨਾਲ ਸ਼ੁਰੂ ਕੀਤੀ ਸੀ ਐਮ ਦੀ ਯੋਗਸ਼ਾਲਾ ਸਕੀਮ ਅਧੀਨ ਪੂਰੇ ਪੰਜਾਬ ਵਿੱਚ ਲੋਕਾਂ ਲਈ ਲਾਭਕਾਰੀ ਸਿੱਧ ਹੋ ਰਹੀ ਹੈ। ਇਹ ਵਿਚਾਰ ਆਪ ਦੇ ਸੀਨੀਅਰ ਆਗੂ ਅਸ਼ੋਕ ਕਟਾਰੀਆ ਵਲੋਂ ਸਾਂਝੇ ਕੀਤੇ ਗਏ। ਉਨ੍ਹਾਂ ਕਿਹਾ ਕਿ 21 ਜੂਨ ਨੂੰ ਵਿਸ਼ਵ ਯੋਗਾ ਦਿਵਸ ਮਨਾਇਆ ਗਿਆ ਅਤੇ ਪੰਜਾਬ ਸਰਕਾਰ ਵੱਲੋਂ ਮਾਹਰ ਯੋਗਾ ਟਰੇਨਰ ਜਿਹੜੇ ਤਾਇਨਾਤ ਕੀਤੇ ਗਏ ਹਨ, ਅੱਜ ਉਨ੍ਹਾਂ ਵਲੋਂ ਬਲਾਚੌਰ ਬਜਾਜ ਪੈਲੇਸ ਵਿਖੇ ਯੋਗਾ ਕਰਵਾਇਆ ਗਿਆ ਅਤੇ ਲੋਕਾਂ ਵਿਚ ਵੀ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਬਲਾਚੌਰ ਨਗਰ ਕੌਂਸਲ ਪ੍ਰਧਾਨ ਸੁਨੀਲ ਕੌਂਸਲ ਲਾਡੀ ਰਾਣਾ ਨੇ ਕਿਹਾ ਕਿ ਯੋਗ ਰਾਹੀਂ ਬਹੁਤ ਸਾਰੀਆਂ ਬਿਮਾਰੀਆਂ ਤੋਂ ਨਿਜਾਤ ਮਿਲਦੀ ਹੈ ਅਤੇ ਮਾਨਸਿਕ ਸਿਹਤ ਵੀ ਤੰਦਰੁਸਤ ਰਹਿੰਦੀ ਹੈ। ਇਸੇ ਲਈ ਜਾਗਰੂਕਤਾ ਦੇ ਉਦੇਸ਼ ਨਾਲ ਇਹ ਦਿਨ ਮਨਾਇਆ ਜਾਂਦਾ ਹੈ। ਇਸ ਮੌਕੇ ਆਪ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਜਲਾਲਪੁਰ ਨੇ ਕਿਹਾ ਕਿ ਯੋਗਾ ਸਾਡੀ ਸਿਹਤ ਲਈ ਬਹੁਤ ਫਾਇਦੇਮੰਦ ਹੈ ਕਿਉਂਕਿ ਇਹ ਮਨ, ਸਰੀਰ ਅਤੇ ਦਿਮਾਗ ਨੂੰ ਕੰਟਰੋਲ ਅਤੇ ਸੰਤੁਲਿਤ ਕਰਦਾ ਹੈ। ਯੋਗਾ ਵਿੱਚ ਸੈਂਕੜੇ ਆਸਣ ਸ਼ਾਮਲ ਹੁੰਦੇ ਹਨ, ਜਿਸ ਨਾਲ ਸਰੀਰ ਦੇ ਸਾਰੇ ਅੰਦਰੂਨੀ ਅਤੇ ਬਾਹਰੀ ਅੰਗਾਂ ਨੂੰ ਫਾਇਦਾ ਹੁੰਦਾ ਹੈ।



# ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਨੈਕ ਸੰਬੰਧੀ ਅਹਿਮ ਮੀਟਿੰਗ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਵੱਲੋਂ ਨੈਕ ਕਰਵਾਉਣ ਦੇ ਹੋਏ ਆਦੇਸ਼ ਅਨੁਸਾਰ ਕਾਲਜ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਵੱਲੋਂ ਕਾਲਜ ਸਟਾਫ ਨਾਲ ਹੰਗਾਮੀ ਮੀਟਿੰਗ ਕੀਤੀ ਗਈ। ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਸਮੂਹ ਸਟਾਫ ਨੂੰ ਨੈਕ ਕਰਵਾਉਣ ਸਬੰਧੀ ਜ਼ਰੂਰੀ ਨੁਕਤਿਆਂ ਅਤੇ ਬਾਰੀਕੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਹਰ ਸਟਾਫ ਮੈਂਬਰ ਨੂੰ ਇਸ ਮਹੱਤਵਪੂਰਨ ਕੰਮ ਨੂੰ ਸਫ਼ਲਤਾਪੂਰਵਕ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨ ਦੀ ਤਾਕੀਦ ਕੀਤੀ ਤਾਂ ਕਿ ਵਧੀਆ ਗ੍ਰੇਡ ਪ੍ਰਾਪਤ ਕੀਤਾ ਜਾ ਸਕੇ। ਕਾਲਜ ਦੇ ਆਈਕਿਊਏਸੀ ਸੈੱਲ ਦੇ ਇੰਚਾਰਜ ਡਾ. ਆਤਮਾ ਸਿੰਘ ਨੇ ਸਮੂਹ ਸਟਾਫ ਨੂੰ ਨੈਕ ਸਬੰਧੀ ਵੱਖ-ਵੱਖ ਜ਼ਰੂਰੀ ਕੰਮਾਂ ਬਾਰੇ ਜਾਗਰੂਕ ਕੀਤਾ। ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੇ ਵੱਖ-ਵੱਖ ਕਮੇਟੀਆਂ ਦਾ ਗਠਨ ਕੀਤਾ ਤੇ ਬੜੇ ਸੁਚੱਜੇ ਢੰਗ ਨਾਲ ਕੰਮਾਂ ਦੀ ਵੰਡ ਕਰਕੇ ਸਫਲਤਾਪੂਰਵਕ ਢੰਗ ਨਾਲ ਨੈਕ ਕਰਵਾਉਣ ਦੀ ਮੁਹਿੰਮ ਦਾ ਆਗਾਜ਼ ਕੀਤਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਨੇੜਲੇ ਭਵਿੱਖ ਵਿੱਚ ਸਮੇਂ-ਸਮੇਂ ਤੇ ਹੋਰ ਮੀਟਿੰਗਾਂ ਕੀਤੀਆਂ ਜਾਣਗੀਆਂ ਤਾਂ ਕਿ ਇਸ ਕੰਮ ਨੂੰ ਜਲਦੀ ਅਤੇ ਤਸੱਲੀਬਖ਼ਸ਼ ਢੰਗ ਨਾਲ ਨੇਪਰੇ ਚਾੜ੍ਹਿਆ ਜਾ ਸਕੇ। ਕਾਲਜ ਦੇ ਸਮੂਹ ਸਟਾਫ ਮੈਂਬਰਾਂ ਨੇ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਨੂੰ ਦਿਨ-ਰਾਤ ਇੱਕ ਕਰਕੇ ਨੈਕ ਸਬੰਧੀ ਸਾਰੇ ਕੰਮ ਸੰਪੂਰਨ ਕਰਨ ਅਤੇ ਵਧੀਆ ਗ੍ਰੇਡ ਪ੍ਰਾਪਤ ਕਰਨ ਦਾ ਭਰੋਸ਼ਾ ਦਿੱਤਾ। ਮੀਟਿੰਗ 'ਚ ਕਾਲਜ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।



# ਭਾਮ-ਜੱਲੋਵਾਲ-ਸੈਦਪੁਰ 'ਚ 1.15 ਕਰੋੜ ਰੁਪਏ ਦੀ ਲਾਗਤ ਨਾਲ ਬਣੇਗੀ 18 ਫੁੱਟ ਚੌੜੀ ਸੜਕ : ਡਾ. ਈਸ਼ਾਂਕ

**ਹੁਸ਼ਿਆਰਪੁਰ (ਓ ਪੀ ਰਾਣਾ, ਸੋਢੀ)**- ਚੱਬੇਵਾਲ ਵਿਧਾਨ ਸਭਾ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਲੜੀ ਵਿੱਚ ਇਕ ਹੋਰ ਮਹੱਤਵਪੂਰਨ ਯੋਜਨਾ ਨੂੰ ਹਰੀ ਝੰਡੀ ਮਿਲ ਗਈ ਹੈ। ਵਿਧਾਇਕ ਡਾ. ਈਸ਼ਾਂਕ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿੰਡ ਭਾਮ-ਜੱਲੋਵਾਲ ਤੋਂ ਲੈ ਕੇ ਭਾਮ-ਸੈਦਪੁਰ ਰੋਡ ਤੱਕ ਦੀ ਫਿਰਨੀ ਦੀ ਸੜਕ ਹੁਣ ਸੀਮੈਂਟ ਕੰਕਰੀਟ ਨਾਲ ਬਣਾਈ ਜਾਵੇਗੀ, ਜਿਸ ਨਾਲ ਪਿੰਡ ਵਾਸੀਆਂ ਨੂੰ ਵੱਡੀ ਰਹਤ ਮਿਲੇਗੀ।ਡਾ. ਈਸ਼ਾਂਕ ਨੇ ਦੱਸਿਆ ਕਿ ਇਹ ਸੜਕ ਜੋ ਪਿੰਡ ਭਾਮ ਦੀ ਫਿਰਨੀ ਨੂੰ ਜੋੜਦੀ ਹੈ, 18 ਫੁੱਟ ਚੌੜੀ ਬਣਾਈ ਜਾਵੇਗੀ ਅਤੇ ਇਸ ਵਿੱਚ ਸੀਮੈਂਟ ਕੰਕਰੀਟ ਦੀ ਵਰਤੋਂ ਕੀਤੀ ਜਾਵੇਗੀ ਤਾਂ ਜੋ ਇਹ ਸੜਕ ਲੰਬੇ ਸਮੇਂ ਤੱਕ ਟਿਕਾਊ ਰਹੇ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਲਈ ਕੁੱਲ 1 ਕਰੋੜ 15 ਲੱਖ ਰੁਪਏ ਦੀ ਰਕਮ ਮਨਜ਼ੂਰ ਕੀਤੀ ਗਈ ਹੈ ਅਤੇ ਨਿਰਮਾਣ ਕੰਮ ਇਕ ਹਫਤੇ ਵਿੱਚ ਸ਼ੁਰੂ ਕਰ ਦਿੱਤਾ ਜਾਵੇਗਾ।ਡਾ. ਈਸ਼ਾਂਕ ਨੇ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਨਾ ਸਿਰਫ਼ ਪਿੰਡ ਵਾਸੀਆਂ ਨੂੰ ਆਵਾਜਾਈ ਵਿਚ ਸੌਖਾ ਹੋਵੇਗਾ, ਸਗੋਂ ਇਲਾਕੇ ਦੇ ਵਪਾਰ ਅਤੇ ਖੇਤੀਬਾੜੀ ਕੰਮਾਂ ਵਿੱਚ ਵੀ ਆਸਾਨੀ ਹੋਵੇਗੀ। ਉਨ੍ਹਾਂ ਕਿਹਾ, ਸਾਡੀ ਸਰਕਾਰ ਪਿੰਡਾਂ ਨੂੰ ਵੀ ਸ਼ਹਿਰੀ ਸਹੂਲਤਾਂ ਦੇਣ ਲਈ ਵਚਨਬੱਧ ਹੈ। ਇਹ ਸੜਕ ਇਲਾਕੇ ਦੇ ਲੋਕਾਂ ਲਈ ਵੱਡੀ ਭੇਟ ਸਾਬਤ ਹੋਵੇਗੀ।ਡਾ. ਈਸ਼ਾਂਕ ਨੇ ਇਸ ਯੋਜਨਾ ਨੂੰ ਮਨਜ਼ੂਰੀ ਦਿਲਵਾਉਣ ਅਤੇ ਬਜਟ ਜਾਰੀ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਅਤੇ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਦਾ ਵਿਸ਼ੇਸ਼ ਧੰਨਵਾਦ ਕੀਤਾ। ਡਾ. ਈਸ਼ਾਂਕ ਨੇ ਸਾਫ ਕੀਤਾ ਕਿ ਇਸ ਸੜਕ ਨਿਰਮਾਣ ਨਾਲ ਸੰਬੰਧਤ ਸਾਰੇ ਕੰਮ ਨਿਯਮਾਂ ਅਤੇ ਮਾਪਦੰਡਾਂ ਦੇ ਅਨੁਸਾਰ ਕੀਤੇ ਜਾਣਗੇ ਅਤੇ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਇਸ ਸੰਬੰਧ ਵਿੱਚ ਸੰਸਦ ਮੈਂਬਰ ਡਾ. ਰਾਜਕੁਮਾਰ ਨੇ ਵੀ ਕਿਹਾ ਕਿ ਇਸ ਸੜਕ ਦੀ ਖਸਤਾ ਹਾਲਤ ਕਾਰਨ ਪਿੰਡ ਵਾਸੀਆਂ ਨੂੰ ਜੋ ਮੁਸ਼ਕਲਾਂ ਆ ਰਹੀਆਂ ਸਨ, ਉਹ ਸਾਡੇ ਧਿਆਨ ਵਿੱਚ ਸਨ ਅਤੇ ਸਾਡੇ ਯਤਨ ਲਗਾਤਾਰ ਚੱਲ ਰਹੇ ਸਨ।ਉਨ੍ਹਾਂ ਕਿਹਾ ਕਿ ਅੱਜ ਇਹ ਜਾਣਕਾਰੀ ਆਪਣੇ ਹਲਕੇ ਵਾਸੀਆਂ ਨਾਲ ਸਾਂਝੀ ਕਰਦੇ ਹੋਏ ਮੈਨੂੰ ਬਹੁਤ ਖੁਸ਼ੀ ਹੋ ਰਹੀ ਹੈ ਕਿ ਸਾਡੀਆਂ ਨਿਰੰਤਰ ਕੋਸ਼ਿਸ਼ਾਂ ਸਦਕਾ ਹੁਣ ਇਹ ਸੜਕ ਸੀਮੈਂਟ ਕੰਕਰੀਟ ਦੀ ਬਣੇਗੀ ਜੋ ਲੰਮੇ ਸਮੇਂ ਤੱਕ ਟਿਕਾਊ ਰਹੇਗੀ।

# ਮੋਨੀ ਮੰਦਰ ਵਿਖੇ 11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸਾਧਕਾਂ ਦਾ ਜਨੂੰਨ

## ● ਜੀਵਨ ਨੂੰ ਨਿਰੋਗ ਰੱਖਣ ਲਈ ਯੋਗ ਕਰਨਾ ਬੇਹੱਦ ਜ਼ਰੂਰੀ : ਜਗਰੂਪ ਸਿੰਘ ਸੇਖਵਾਂ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸ਼ਹਿਰ ਵਿੱਚ ਗਾਂਧੀ ਗਰਾਊਂਡ ਧਾਰੀਵਾਲ ਨੇੜੇ ਮੋਨੀ ਮੰਦਰ ਵਿਖੇ ਯੋਗਾ ਦਿਵਸ ਮਨਾਇਆ ਗਿਆ। ਇਸ ਸਬੰਧੀ ਕਰਵਾਏ ਵਿਸ਼ੇਸ਼ ਸਮਾਗਮ ਵਿੱਚ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਜਗਰੂਪ ਸਿੰਘ ਸੇਖਵਾਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਨਾਲ ਨਗਰ ਕੌਂਸਲ ਧਾਰੀਵਾਲ ਦੇ ਪ੍ਰਧਾਨ ਅਸ਼ਵਨੀ ਦੁੱਗਲ ਅਤੇ ਬੀਡੀਪੀਓ ਕੁਲਜਿੰਦਰ ਸਿੰਘ ਚਾਹਲ, ਆਯੁਰਵੈਦਿਕ ਤੇ ਯੂਨਾਨੀ ਅਫਸਰ ਡਾ. ਪ੍ਰਦੀਪ ਸਿੰਘ, ਡਾਕਟਰ ਮੰਜੂ ਆਯੁਰਵੈਦਿਕ ਮੈਡੀਕਲ ਅਫਸਰ ਸਮੇਤ ਸ਼ਹਿਰ ਦੇ ਹੋਰ ਮੁਹਤਬਰ ਵੀ ਹਾਜ਼ਰ ਸਨ। ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਧਾਰੀਵਾਲ ਵਿਖੇ ਕਰਵਾਏ ਇਸ ਸਮਾਗਮ ਦੌਰਾਨ ਸੀ. ਐੱਮ. ਦੀ ਯੋਗਸ਼ਾਲਾ ਦੇ ਟਰੇਨਰ ਵਿਕਰਮ ਅਤੇ ਡਾਕਟਰ ਮੰਜੂ ਆਯੁਰਵੈਦਿਕ ਮੈਡੀਕਲ ਅਫਸਰ ਵੱਲੋਂ ਯੋਗਾ ਦੇ ਵੱਖ-ਵੱਖ ਆਸਣਾਂ ਦੇ ਅਭਿਆਸ ਕਰਵਾਏ ਗਏ ਅਤੇ ਨਾਲ ਹੀ ਇਨ੍ਹਾਂ ਦੇ ਫਾਇਦਿਆਂ ਬਾਰੇ ਦੱਸਿਆ ਗਿਆ। ਯੋਗਾ ਮਾਹਿਰਾਂ ਨੇ ਕਿਹਾ ਕਿ ਹਰ ਵਿਅਕਤੀ ਨੂੰ ਯੋਗਾ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਇਸ ਮੌਕੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਯੋਗਾ ਤੰਦਰੁਸਤ ਜੀਵਨ ਦਾ ਅਧਾਰ ਹੈ ਅਤੇ ਹਰੇਕ ਵਿਅਕਤੀ ਨੂੰ ਰੋਜ਼ਾਨਾ ਕੁਝ ਸਮਾਂ ਯੋਗਾ ਜ਼ਰੂਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਪਣੇ ਸੂਬੇ ਦੇ ਲੋਕਾਂ ਨੂੰ ਸਿਹਤਮੰਦ ਰੱਖਣ ਲਈ ਯੋਗਾ ਨੂੰ ਉਤਸਾਹਿਤ ਕੀਤਾ ਜਾ ਰਿਹਾ ਹੈ ਜਿਸ ਤਹਿਤ ਪੰਜਾਬ ਸਰਕਾਰ ਵੱਲੋਂ ਸੀਐੱਮ ਦੀ ਯੋਗਸ਼ਾਲਾ ਦਾ ਵਿਸੇਸ ਪ੍ਰੋਗਰਾਮ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਕਿਸੇ ਵੀ ਮੁਹੱਲੇ ਜਾਂ ਪਿੰਡ ਦੇ ਲੋਕ ਮੋਬਾਈਲ ਨੰਬਰ 76694=00500 ਉੱਪਰ ਮਿਸ ਕਾਲ ਕਰਕੇ ਆਪਣੇ ਇਲਾਕੇ ਵਿੱਚ ਸੀ. ਐੱਮ. ਦੀ ਯੋਗਸ਼ਾਲਾ ਦੀਆਂ ਕਲਾਸਾਂ ਸ਼ੁਰੂ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਯੋਗਾ ਕਲਾਸਾਂ ਬਿਲਕੁਲ ਮੁਫਤ ਹਨ ਅਤੇ ਇਨ੍ਹਾਂ ਕਲਾਸਾਂ ਵਿੱਚ ਪੰਜਾਬ ਸਰਕਾਰ ਵੱਲੋਂ ਭਰਤੀ ਕੀਤੇ ਯੋਗਾ ਮਾਹਿਰ ਯੋਗ ਅਭਿਆਸ ਕਰਵਾਉਂਦੇ ਹਨ। ਇਸ ਮੌਕੇ ਉਨ੍ਹਾਂ ਨੇ ਵਾਤਾਵਰਨ ਨੂੰ ਸ਼ੁੱਧ ਰੱਖਣ ਦਾ ਸੁਨੇਹਾ ਵੀ ਦਿੱਤਾ। ਇਸ ਮੌਕੇ ਪੰਚਾਇਤ ਸੈਕਟਰੀ ਮਨਜੀਤ ਸਿੰਘ, ਦਲਬੀਰ ਸਿੰਘ, ਸੁਰਜੀਤ ਸਿੰਘ, ਗੁਰਦੇਵ ਸਿੰਘ, ਕਰਤਾਰ ਚੰਦ, ਕੁਲਵੰਤ ਸਿੰਘ, ਸੋਨੂੰ ਮਸੀਹ, ਅਮਨਦੀਪ ਜੀਆਰਐੱਸ, ਸਰਪੰਚ ਪਰਮਜੀਤ ਸਿੰਘ, ਜਤਿੰਦਰ ਜੱਜ ਪਿੰਡ ਮਾਲੀਸਰਾਂ, ਸਰਪੰਚ ਜਗਤਾਰ ਸਿੰਘ ਸਿੱਧਵਾਂ, ਸਰਪੰਚ ਮੰਗਲਜੀਤ ਸਿੰਘ ਅਠਵਾਲ, ਸਰਪੰਚ ਗੁਰਦੇਵ ਸਿੰਘ ਕਲੇਰ ਕਲਾਂ, ਸਰਪੰਚ ਬਲਜੀਤ ਸਿੰਘ ਸੋਨੂੰ ਸੋਹਲ ਵੀ ਹਾਜ਼ਰ ਸਨ।



# ਮਿੱਡ ਡੇ ਮੀਲ ਦੇ ਬਰਤਨ ਛੁੱਟੀਆਂ ਤੋਂ ਬਾਅਦ ਵੀ ਖਰੀਦੇ ਜਾ ਸਕਦੇ ਹਨ : ਐਲੀਮੈਂਟਰੀ ਟੀਚਰਜ਼ ਯੂਨੀਅਨ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)** ਬਰਤਨ ਛੁੱਟੀਆਂ ਤੋਂ ਬਾਅਦ ਵੀ ਖ੍ਰੀਦੇ ਜਾ ਸਕਦੇ ਹਨ, ਅਧਿਕਾਰੀ ਅਜਿਹਾ ਤਣਾਅ ਪੈਦਾ ਕਰਨ ਦੀ ਬਜਾਏ ਖ੍ਰੀਦ ਦਾ ਸਮਾਂ ਵਧਾਉਣ ।ਐਲੀਮੈਂਟਰੀ ਟੀਚਰਜ਼ ਯੂਨੀਅਨ ਪੰਜਾਬ (ਰਜਿ) ਨੇ ਸਰਕਾਰ ਅਤੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦੇ ਇਸ ਤੁਗਲਕੀ ਹੁਕਮਾਂ ਦੀ ਸਖਤ ਨਿਖੇਧੀ ਕੀਤੀ ਜਿਸ ਵਿੱਚ ਮਿਡ ਡੇ ਮੀਲ ਬਰਤਨ ਖ੍ਰੀਦਣ ਲਈ ਆਈ ਗ੍ਰਾਂਟ ਤੁਰੰਤ ਖਰਚਣ ਵਾਲੇ ਫ਼ੁਰਮਾਨਾਂ ਨਾਲ ਛੁੱਟੀਆਂ ਮਨਾਉਣ ਗਏ ਅਧਿਆਪਕਾਂ ਲਈ ਮਾਨਸਿਕ ਤਣਾਅ ਪੈਦਾ ਕੀਤਾ ਹੈ।ਯੂਨੀਅਨ ਦੇ ਸੂਬਾ ਪ੍ਰਧਾਨ ਹਰਜਿੰਦਰ ਪਾਲ ਸਿੰਘ ਪੰਨੂੰ, ਜਨਰਲ ਸਕੱਤਰ ਸਤਵੀਰ ਸਿੰਘ ਰੌਣੀ, ਹਰਕ੍ਰਿਸ਼ਨ ਸਿੰਘ ਮੋਹਾਲੀ, ਹਰਜਿੰਦਰ ਹਾਂਡਾ, ਗੁਰਿੰਦਰ ਸਿੰਘ ਘੁੱਕੇਵਾਲੀ, ਸਰਬਜੀਤ ਸਿੰਘ ਖਡੂਰ ਸਾਹਿਬ, ਸੋਹਣ ਸਿੰਘ ਮੋਗਾ, ਦਲਜੀਤ ਸਿੰਘ ਲਹੌਰੀਆ, ਅਮ੍ਰਿਤਪਾਲ ਸਿੰਘ ਸੇਖੋਂ, ਨਿਰਭੈ ਸਿੰਘ ਮਾਲੋਵਾਲ, ਅਸ਼ੋਕ ਕੁਮਾਰ ਸਰਾਰੀ, ਤਰਸੇਮ ਲਾਲ ਜਲੰਧਰ, ਹਰਜਿੰਦਰ ਸਿੰਘ ਚੌਹਾਨ, ਰਵੀ ਵਾਹੀ, ਅਵਤਾਰ ਸਿੰਘ ਮਾਨ, ਮਨਜੀਤ ਸਿੰਘ ਕਠਾਣਾ ਤੇ ਹੋਰ ਸੂਬਾਈ ਆਗੂਆਂ ਨੇ ਕਿਹਾ ਕਿ ਸਰਕਾਰ ਤੇ ਵਿਭਾਗ ਵੱਲੋਂ ਪਹਿਲਾਂ ਹੀ ਅਧਿਆਪਕਾਂ ਨੂੰ ਅਧਿਆਪਕ ਨਾ ਰਹਿਣ ਦੇ ਕੇ ਮਲਟੀਪਰਪਜ਼ ਕੰਮਾਂ ਦੀ ਮਸ਼ੀਨ ਬਣਾ ਕੇ ਮਾਨਸਿਕ ਪ੍ਰੇਸ਼ਾਨੀਆਂ ਕਿਹੜੀਆਂ ਘੱਟ ਦਿਤੀਆਂ ਹਨ ਤੇ ਹੁਣ ਛੁੱਟੀਆਂ ਵਿੱਚ ਵੀ ਚੈਨ ਦੀ ਜ਼ਿੰਦਗੀ ਨਾ ਜੀਣ ਦੇਣਾ ਬਹੁਤ ਮੰਦਭਾਗਾ ਹੈ।ਬਰਤਨ ਛੁੱਟੀਆਂ ਤੋਂ ਬਾਅਦ ਵੀ ਖ੍ਰੀਦੇ ਜਾ ਸਕਦੇ ਹਨ, ਅਧਿਕਾਰੀ ਅਜਿਹਾ ਤਣਾਅ ਪੈਦਾ ਕਰਨ ਦੀ ਬਿਜਾਏ ਖ੍ਰੀਦ ਦਾ ਸਮਾਂ ਵਧਾਉਣ ।



# ਪੰਜਾਬ ਦੇ ਨੌਜਵਾਨਾਂ ਦੇ ਸਰਬਪੱਖੀ ਵਿਕਾਸ ਲਈ ਕੇਂਦਰ ਸਰਕਾਰ ਹਮੇਸ਼ਾ ਤਿਆਰ ਬਰ ਤਿਆਰ : ਸੁਖਵਿੰਦਰ ਬਿੰਦਰਾ

**ਮਜੀਠਾ (ਸੋਇਮ ਆਨੰਦ)**- ਇੰਡੀਅਨ ਹਿਊਮਨ ਵੈੱਲਫੇਅਰ ਸੋਸਾਇਟੀ ਦੇ ਪ੍ਰੋਜੈਕਟ ਹੈੱਡ ਮਨੋਹਰ ਸਿੰਘ ਰੰਧਾਵਾ ਨੇ ਸੁਖਵਿੰਦਰ ਸਿੰਘ ਬਿੰਦਰਾ (ਮੈਂਬਰਐੱਨਆਈਐਸ, ਸਪੈਸ਼ਲ ਮੈਂਬਰ ਐੱਨਸ ਸੀਡੀਆਰ, ਸੋਸ਼ਲ ਜਸਟਿਸ ਅਤੇ ਐਮਪਾਵਰਮੈਂਟ ਮਨਿਸਟਰੀ ਭਾਰਤ ਸਰਕਾਰ) ਨਾਲ ਮੁਲਾਕਾਤ ਕੀਤੀ ਅਤੇ ਭਾਰਤ ਸਰਕਾਰ ਵੱਲੋਂ ਪੰਜਾਬ ਦੇ ਨੌਜਵਾਨਾਂ ਦੇ ਵਿਕਾਸ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਵਿਚਾਰ ਚਰਚਾ ਕੀਤੀ। ਬਿੰਦਰਾ ਨੇ ਇੰਡੀਅਨ ਹਿਊਮਨ ਵੈੱਲਫੇਅਰ ਸੋਸਾਇਟੀ ਵੱਲੋਂ ਚਲਾਏ ਜਾ ਰਹੇ ਪ੍ਰੋਜੈਕਟ ਦੀ ਸ਼ਲਾਘਾ ਕੀਤੀ।ਸ. ਬਿੰਦਰਾ ਪਹਿਲਾਂ ਪੰਜਾਬ ਸਰਕਾਰ ਵਿੱਚ ਯੂਥ ਡਿਵੈਲਪਮੈਂਟ ਪੰਜਾਬ ਦੇ ਚੇਅਰਮੈਨ ਰਹਿ ਚੁੱਕੇ ਹਨ ਅਤੇ ਪੰਜਾਬ ਦੇ ਯੁਵਕਾਂ ਦੀਆਂ ਸਮੱਸਿਆਵਾਂ ਤੋਂ ਭਲੀ ਭਾਂਤੀ ਜਾਣੂ ਹਨ। ਉਨ੍ਹਾਂ ਨੇ ਰੰਧਾਵਾ ਨੂੰ ਭਵਿੱਖ ਵਿੱਚ ਆਪਣਾ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਅਤੇ ਕਿਹਾ ਕਿ ਭਾਰਤ ਸਰਕਾਰ ਨੂੰ ਪੰਜਾਬ ਦੇ ਨੌਜਵਾਨਾਂ ਦੀਆਂ ਮੁਸ਼ਕਲਾਂ ਤੋਂ ਜਾਣੂੰ ਕਰਵਾ ਕੇ ਪੰਜਾਬ ਵਿੱਚ ਵੱਧ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਹੋਰ ਵੀ ਯੋਜਨਾਵਾਂ ਪੰਜਾਬ ਵਿੱਚ ਲੈ ਕੇ ਆਉਣ ਲਈ ਭਾਰਤ ਸਰਕਾਰ ਨੂੰ ਸਿਫ਼ਾਰਸ਼ ਕਰਨਗੇ ਅਤੇ ਉਨ੍ਹਾਂ ਨੇ ਕਿਹਾ ਕਿ ਉਹ ਪਹਿਲਾਂ ਤੋਂ ਹੀ ਪੰਜਾਬ ਦੇ ਨੌਜਵਾਨਾਂ ਨੂੰ ਆਤਮ ਨਿਰਭਰ ਬਣਾਉਣ ਲਈ ਹਮੇਸ਼ਾ ਤਤਪਰ ਰਹਿੰਦੇ ਹਨ।ਮਨੋਹਰ ਸਿੰਘ ਰੰਧਾਵਾ 2016 ਤੋਂ ਹੀ ਪੰਜਾਬ ਦੇ ਯੁਵਾਵਾਂ ਦੇ ਬੇਹਤਰ ਭਵਿੱਖ ਲਈ ਭਾਰਤ ਸਰਕਾਰ ਦੇ ਹੁਨਰ ਵਿਕਾਸ ਕੇਂਦਰਾਂ ਅਧੀਨ ਆਉਂਦੀ ਦੀਨ ਦਿਆਲ ਉਪਾਧਿਆ ਗ੍ਰਾਮੀਣ ਕੌਸ਼ਲ ਯੋਜਨਾ ਤਹਿਤ ਕੰਮ ਕਰਦੇ ਆ ਰਹੇ ਹਨ ਅਤੇ ਹੁਣ ਤੱਕ ਅੰਮ੍ਰਿਤਸਰ, ਗੁਰਦਾਸਪੁਰ ਅਤੇ ਤਰਨ ਤਾਰਨ ਨਾਲ ਸਬੰਧਿਤ ਹਜ਼ਾਰਾਂ ਨੌਜਵਾਨਾਂ ਨੂੰ ਹੈਲਥ ਅਤੇ ਲੋਜਿਸਟਿਕ ਸੈਕਟਰ ਵਿੱਚ ਫ੍ਰੀ ਟ੍ਰੇਨਿੰਗ ਦੇ ਕੇ ਉਨ੍ਹਾਂ ਨੂੰ ਨੌਕਰੀ ਤੇ ਰੱਖਵਾ ਚੁੱਕੇ ਹਨ, ਜਿਸ ਨਾਲ ਯੁਵਕਾਂ ਦੇ ਰਹਿਣ ਸਹਿਣ ਅਤੇ ਜੀਵਨ ਪੱਧਰ ਵਿੱਚ ਕਾਫੀ ਸੁਧਾਰ ਵੇਖਣ ਨੂੰ ਮਿਲਿਆ ਹੈ ਤੇ ਭਾਰਤ ਸਰਕਾਰ ਦੇ ਯੁਵਕਾਂ ਨੂੰ ਹੁਨਰਮੰਦ ਬਣਾ ਕੇ ਨੌਕਰੀ ਤੇ ਭੇਜਣ ਨੂੰ ਵਿਸ਼ੇਸ਼ ਬਲ ਪ੍ਰਾਪਤ ਹੋਇਆ ਹੈ ਜਿਸ ਨਾਲ ਦੇਸ਼ ਦੀ ਤਰੱਕੀ ਅਤੇ ਅਰਥ ਵਿਵਸਥਾ ਨੂੰ ਮਜ਼ਬੂਤ ਕਰਨ ਵਿੱਚ ਵੀ ਮਦਦ ਮਿਲ ਰਹੀ ਹੈ।



# ਹਾਦਸਿਆਂ ਤੋਂ ਬਚਾਅ ਲਈ ਸਵਾਰੀ ਬੱਸਾਂ ਦੀ ਸਪੀਡ ਨਿਸਚਿਤ ਕਰਨ ਦੀ ਲੋੜ

**ਗੁਰਦਾਸਪੁਰ (ਜਨਕ ਮਹਾਜਨ)**- ਸਵਾਰੀ ਬੱਸਾਂ ਦੀ ਤੇਜ਼ ਰਫਤਾਰੀ ਕਾਰਨ ਆਏ ਦਿਨ ਸੜਕੀ ਹਾਦਸੇ ਹੁੰਦੇ ਰਹਿੰਦੇ ਹਨ। ਬੱਸਾਂ ਵਾਲੇ ਪਹਿਲਾਂ ਤਾਂ ਆਪਣੇ ਨਿਰਧਾਰਿਤ ਸਮੇਂ ਤੋਂ ਅੱਡੇ ਵਿੱਚੋਂ ਤੁਰਨ ਨੂੰ ਤਿਆਰ ਨਹੀਂ ਹੁੰਦੇ ਅਤੇ ਜਦ ਪਿਛਲਾ ਬੱਸ ਚਾਲਕ ਉਨ੍ਹਾਂ ਨੂੰ ਸਮਾਂ ਪੂਰਾ ਹੋਣ 'ਤੇ ਤੁਰਨ ਲਈ ਕਹਿੰਦਾ ਹੈ ਤਾਂ ਹੌਲੀ-ਹੌਲੀ ਬਸ ਅੱਡੇ ਤੋਂ ਤੁਰਦੇ ਹਨ। ਬੱਸ ਅੱਡੇ 'ਤੇ ਗੇਟ ਮੂਹਰੇ ਖੜ ਕੇ ਫ਼ਿਰ ਸਵਾਰੀਆਂ ਦਾ ਇੰਤਜ਼ਾਰ ਕਰਦੇ ਰਹਿੰਦੇ ਹਨ। ਬਾਅਦ ਵਿਚ ਅੱਗਲੇ ਬੱਸ ਅੱਡੇ 'ਤੇ ਟਾਇਮ ਹੁੰਦਾ ਵੇਖ ਕੇ ਆਪਣੀਆਂ ਬੱਸਾਂ ਨੂੰ ਤੇਜ਼ ਰਫਤਾਰ ਨਾਲ ਚਲਾਉਣ ਲੱਗ ਪੈਂਦੇ ਹਨ ਜਿਸ ਕਾਰਨ ਰਸਤੇ ਵਿੱਚ ਹਾਦਸਿਆਂ ਦਾ ਡਰ ਬਣਿਆ ਰਹਿੰਦਾ ਹੈ। ਕਈ ਵਾਰ ਇਨ੍ਹਾਂ ਦੀ ਤੇਜ਼ ਰਫਤਾਰ ਕਾਰਨ ਰਸਤੇ ਵਿੱਚ ਸਕੂਟਰ ਚਾਲਕ ਘਬਰਾ ਕੇ ਡਿੱਗ ਪੈਂਦੇ ਹਨ ਜਿਸ 'ਤੇ ਸੱਟਾਂ ਵਗੈਰਾ ਲੱਗ ਜਾਂਦੀਆਂ ਹਨ ਅਤੇ ਕਈ ਵਾਰ ਓਵਰਟੇਕਿੰਗ ਕਰਨ ਵੇਲੇ ਵੀ ਹਾਦਸੇ ਹੋ ਜਾਂਦੇ ਹਨ। ਲੋਕਾਂ ਨੇ ਕਿਹਾ ਕਿ ਇੰਨਾਂ ਸਵਾਰੀ ਬੱਸਾਂ ਦੀ ਸਪੀਡ ਨੂੰ ਨੱਥ ਪਾਉਣ ਦੇ ਲਈ ਇਨ੍ਹਾਂ ਦੇ ਐਕਸੀਲੇਟਰਾਂ ਦੇ ਨਾਲ ਸਪੀਡ ਗਵਰਨਰ ਲਗਾਏ ਜਾਣ ਅਤੇ ਬੱਸਾਂ ਦੀ ਸਪੀਡ ਘੱਟੋ ਘੱਟ 60-70 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਨਿਸ਼ਚਿਤ ਕੀਤੀ ਜਾਵੇ। ਸੁਣਨ ਵਿੱਚ ਆਇਆ ਹੈ ਕਿ ਕਈ ਸਕੂਲੀ ਬੱਸਾਂ ਵਿਚ ਸਪੀਡ ਗਵਰਨਰ ਲਗਾ ਕੇ ਇਸ ਦੀ ਗਤੀ ਨੂੰ ਇਸੇ ਤਰ੍ਹਾਂ ਨਿਸ਼ਚਿਤ ਕੀਤਾ ਜਾਂਦਾ ਹੈ ਤਾਂ ਜੋ ਹਾਦਸੇ ਨਾ ਵਾਪਰ ਸਕਣ। ਲੋਕਾਂ ਦੀ ਮੰਗ ਹੈ ਕਿ ਸਵਾਰੀ ਬੱਸਾਂ ਨੂੰ ਅੱਡੇ ਤੋਂ ਨਿਰਧਾਰਤ ਸਮੇਂ 'ਤੇ ਰਵਾਨਾ ਕਰ ਦੇਣਾ ਚਾਹੀਦਾ ਹੈ ਅਤੇ ਬੱਸ ਅੱਡਿਆਂ ਦੇ ਬਾਹਰ ਸਵਾਰੀਆਂ ਦੀ ਉਡੀਕ ਲਈ ਖੜੇ ਨਹੀਂ ਹੋਣਾ ਚਾਹੀਦਾ।



# ਯੋਗਾ ਇੱਕ ਸੰਪੂਰਨ ਕਸਰਤ ਜੋ ਸਰੀਰ ਨੂੰ ਨਿਰੋਗ ਰੱਖਣ 'ਚ ਸਹਾਈ ਹੁੰਦੀ : ਪ੍ਰਿੰਸੀਪਲ ਜੱਜ

**ਗੁਰਦਾਸਪੁਰ (ਜਨਕ ਮਹਾਜਨ)**- ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ੍ਹ ਦੀਆਂ ਹਦਾਇਤਾਂ ਮੁਤਾਬਿਕ ਅਤੇ ਮਾਨਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸਏਐੱਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਦਿਲਬਾਗ ਸਿੰਘ ਜੌਹਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਜ਼ਿਲ੍ਹਾ ਕਚਹਿਰੀਆਂ ਗੁਰਦਾਸਪੁਰ ਵਿੱਚ 11ਵਾਂ ਅੰਤਰਰਾਸ਼ਟਰੀ ਯੋਗਾ ਦਿਵਸ-2025 ਮਨਾਇਆ ਗਿਆ। ਇਹ ਅੰਤਰਰਾਸ਼ਟਰੀ ਯੋਗਾ ਦਿਵਸ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਦੇ ਤਾਲ ਮੇਲ ਨਾਲ ਕਰਵਾਇਆ ਗਿਆ। ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਪ੍ਰਿਤਪਾਲ ਸਿੰਘ ਪ੍ਰਿੰਸੀਪਲ ਜੱਜ (ਫੈਮਲੀ ਕੋਰਟ), ਗੁਰਦਾਸਪੁਰ, ਰਵੀ ਗੁਲਾਟੀ ਅਤੇ ਰੰਜੀਵਪਾਲ ਸਿੰਘ ਚੀਮਾ, ਵਧੀਕ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਗੁਰਦਾਸਪੁਰ, ਮਿਸ ਸੁਰੇਖਾ ਡੱਡਵਾਲ, ਚੀਫ਼ ਜੁਡੀਸ਼ੀਅਲ ਮੈਜਿਸਟਰੇਟ, ਗੁਰਦਾਸਪੁਰ, ਵਿਜੇ ਸਿੰਘ ਡੱਡਵਾਲ, ਜੋਗਿੰਦਰ ਸਿੰਘ ਅਤੇ ਚੰਦਨ ਹੰਸ, ਸਿਵਲ ਜੱਜ (ਜੂਨੀਅਰ ਡਵੀਜ਼ਨ), ਗੁਰਦਾਸਪੁਰ ਤੋਂ ਇਲਾਵਾ ਜੁਡੀਸ਼ੀਅਲ ਸਟਾਫ਼ ਵੀ ਮੌਜੂਦ ਸੀ। ਇਸ ਮੌਕੇ ਸੀ. ਐੱਮ. ਦੀ ਯੋਗਸ਼ਾਲਾ ਦੇ ਮਾਹਿਰ ਯੋਗਾ ਟਰੇਨਰਾਂ ਵੱਲੋਂ ਯੋਗ ਸੈਸ਼ਨ ਦੌਰਾਨ ਯੋਗਾ ਦੇ ਵੱਖ-ਵੱਖ ਆਸਣਾਂ ਦਾ ਅਭਿਆਸ ਕਰਵਾਇਆ ਗਿਆ ਅਤੇ ਨਾਲ ਉਨ੍ਹਾਂ ਆਸਣਾਂ ਦੀ ਮਹੱਤਤਾ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ। ਯੋਗ ਮਾਹਿਰਾਂ ਨੇ ਕਿਹਾ ਕਿ ਯੋਗਾ ਤੰਦਰੁਸਤ ਜੀਵਨ ਦਾ ਅਧਾਰ ਹੈ ਅਤੇ ਹਰੇਕ ਵਿਅਕਤੀ ਨੂੰ ਯੋਗਾ ਆਪਣੀ ਜੀਵਨ ਸ਼ੈਲੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਸ਼੍ਰੀ ਪ੍ਰਿਤਪਾਲ ਸਿੰਘ ਪ੍ਰਿੰਸੀਪਲ ਜੱਜ (ਫੈਮਲੀ ਕੋਰਟ) ਗੁਰਦਾਸਪੁਰ ਨੇ ਯੋਗਾ ਦਿਵਸ ਬਾਰੇ ਗੱਲ ਕਰਦਿਆਂ ਕਿਹਾ ਕਿ ਅੰਤਰਰਾਸ਼ਟਰੀ ਯੋਗਾ ਦਿਵਸ ਹਰ ਸਾਲ 21 ਜੂਨ ਨੂੰ ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਦੱਸਿਆ ਕਿ ਵਿਸ਼ਵ ਯੋਗਾ ਦਿਵਸ ਦਾ ਉਦੇਸ਼ ਪੂਰੀ ਦੁਨੀਆਂ ਦੇ ਲੋਕਾਂ ਨੂੰ ਯੋਗਾ ਦੇ ਲਾਭਾਂ ਬਾਰੇ ਜਾਗਰੂਕ ਕਰਨਾ ਹੈ। ਅਖੀਰ ਵਿੱਚ ਮਾਨਯੋਗ ਜੱਜ ਸਾਹਿਬਾਨ ਨੇ ਯੋਗਾ ਇੰਸਟਰਕਟਰ ਅਤੇ ਉਨ੍ਹਾਂ ਦੀ ਆਈ ਹੋਈ ਟੀਮ ਦਾ ਧੰਨਵਾਦ ਕੀਤਾ।



# ਸਰੀਰਕ ਤੇ ਮਾਨਸਿਕ ਤੰਦਰੁਸਤੀ ਦਾ ਰਾਮਬਾਣ 'ਯੋਗ' ਜ਼ਿਲ੍ਹਾ ਕਚਹਿਰੀਆਂ 'ਚ ਵੀ ਸਾਧਿਆ

**ਪੱਟੀ (ਬਲਦੇਵ ਸਿੰਘ ਸੰਧੂ)**- ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸਏਐੱਸ ਨਗਰ ਅਤੇ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਕੰਵਲਜੀਤ ਸਿੰਘ ਬਾਜਵਾ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਪ੍ਰੇਮ ਕੁਮਾਰ, ਵਧੀਕ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਤਰਨ ਤਾਰਨ, ਇੰਦੂ ਬਾਲਾ, ਚੀਫ਼ ਜੁਡੀਸ਼ੀਅਲ ਮੈਜਿਸਟਰੇਟ, ਤਰਨ ਤਾਰਨ, ਅਤੇ ਰਮੇਸ਼ ਕੁਮਾਰ, ਜੁਡੀਸ਼ੀਅਲ ਮੈਜਿਸਟਰੇਟ, ਤਰਨ ਤਾਰਨ ਦੀ ਅਗਵਾਈ ਹੇਠ ਜ਼ਿਲ੍ਹਾ ਕਚਹਿਰੀਆਂ ਵਿਖੇ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ।ਯੋਗਾ ਕਰਵਾਉਣ ਲਈ ਅਮਨਦੀਪ ਸਿੰਘ, ਯੋਗਾ ਟਰੇਨਰ, ਤਰਨ ਤਾਰਨ, ਮਿਸ ਮਨਦੀਪ ਕੌਰ, ਮਿਸ ਹਰਪ੍ਰੀਤ ਕੌਰ ਅਤੇ ਮਿਸ ਨਵਨੀਤ ਕੌਰ ਯੋਗਾ ਟਰੇਨਰ ਹਾਜ਼ਰ ਰਹੇ। ਅਮਨਦੀਪ ਸਿੰਘ ਯੋਗਾ ਟਰੇਨਰ ਨੇ ਦੱਸਿਆ ਕਿ ਅੰਤਰਰਾਸ਼ਟਰੀ ਯੋਗ ਦਿਵਸ ਮਨਾਉਣ ਦੀ ਪਹਿਲ ਸਾਲ 2014 ਵਿੱਚ ਪਹਿਲੀ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਉਣਾ ਸ਼ੁਰੂ ਕੀਤਾ ਸੀ। ਸੰਯੁਕਤ ਰਾਸ਼ਟਰ ਦੀ ਬੈਠਕ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਯੋਗ ਦਿਵਸ ਮਨਾਉਣ ਦਾ ਪ੍ਰਸਤਾਵ ਰੱਖਿਆ, ਜਿਸ ਤੋਂ ਬਾਅਦ ਹਰ ਸਾਲ 21 ਜੂਨ ਨੂੰ ਅੰਤਰ ਰਾਸ਼ਟਰੀ ਯੋਗ ਦਿਵਸ ਮਨਾਉਣ ਦਾ ਐਲਾਨ ਕੀਤਾ ਗਿਆ।ਇਸ ਸਾਲ ਯੋਗ ਦਿਵਸ ਦੇ ਇਸ ਥੀਮ ਨੂੰ ਕੇਂਦਰੀ ਆਯੂਸ਼ ਮੰਤਰਾਲੇ ਵਲੋਂ ਚੁਣਿਆ ਗਿਆ ਹੈ, ਜਿਸ ਦੀ ਜਾਣਕਾਰੀ ਸ਼੍ਰੀ ਨਰਿੰਦਰ ਮੋਦੀ ਨੇ ਆਪਣੀ ਮਹੀਨਾਵਾਰ 'ਮਨ ਕੀ ਬਾਤ' ਵਿੱਚ ਦਿੱਤੀ ਸੀ।ਇਸ ਤੋਂ ਇਲਾਵਾਂ ਯੋਗਾ ਕਰਵਾਉਣ ਲਈ ਪਹੁੰਚੀ ਟੀਮ ਨੇ ਵੱਖ ਵੱਖ ਆਸਣਾਂ ਬਾਰੇ ਸਿੱਖਿਆ ਦਿੱਤੀ ਅਤੇ ਇਨ੍ਹਾਂ ਨੂੰ ਰੋਜ਼ਾਨਾ ਜੀਵਨ ਵਿੱਚ ਕਰਨ ਲਈ ਪ੍ਰੇਰਿਤ ਕੀਤਾ ਗਿਆ।ਅਖੀਰ ਵਿੱਚ ਅਮਨਦੀਪ ਸਿੰਘ, ਯੋਗਾ ਟਰੇਨਰ ਤਰਨ ਤਾਰਨ ਅਤੇ ਉਨ੍ਹਾਂ ਨਾਲ ਪਹੁੰਚੀ ਟੀਮ ਨੇ ਸਭ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਦੀ ਵਧਾਈ ਦਿੱਤੀ।ਇਸ ਤੋਂ ਇਲਾਵਾਂ ਸਬ ਡਵੀਜ਼ਨ ਕੋਰਟ ਕੰਪਲੈਕਸ ਪੱਟੀ, ਸਬ ਡਵੀਜ਼ਨ ਕੋਰਟ ਕੰਪਲੈਕਸ ਖਡੂਰ ਸਾਹਿਬ, ਸੈਂਟਰਲ ਜੇਲ੍ਹ ਸ਼੍ਰੀ ਗੋਇੰਦਵਾਲ ਸਾਹਿਬ ਅਤੇ ਸਬ ਜੇਲ੍ਹ ਪੱਟੀ ਵਿਖੇ ਵੀ ਇੰਟਰਨੈਸ਼ਨਲ ਯੋਗਾ ਦਿਵਸ ਮਨਾਇਆ ਗਿਆ।



# ਵਿਧਾਇਕ ਸ਼ੈਰੀ ਕਲਸੀ ਨੇ ਵਾਰਡ ਨੰਬਰ 46 'ਚ ਨਵੀਂ ਬਣਨ ਵਾਲੀ ਗਲੀ ਦਾ ਨੀਂਹ ਪੱਥਰ ਰੱਖਿਆ

**ਬਟਾਲਾ (ਤਰਲੋਕ ਬੱਗਾ)**- ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਬਟਾਲਾ ਦੇ ਚੱਲ ਰਹੇ ਵਿਕਾਸ ਦੀ ਲੜੀ ਨੂੰ ਅੱਗੇ ਵਧਾਉਂਦਿਆਂ ਵਾਰਡ ਨੰਬਰ 46 ਵਿੱਚ ਲੋਕਾਂ ਦੀ ਮੰਗ ਪੂਰੀ ਕਰਦਿਆਂ ਨਵੀਂ ਗਲੀ ਬਣਾਉਣ ਦਾ ਨੀਂਹ ਪੱਥਰ ਰੱਖਿਆ।ਇਸ ਮੌਕੇ ਵਾਰਡ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਗਲੀ ਦੇ ਨਿਰਮਾਣ ਕਾਰਜ ਹੋਣ ਨਾਲ ਆਵਾਜਾਈ ਸੁਖਾਲੀ ਹੋਵੇਗੀ ਅਤੇ ਰਾਹਗੀਰਾਂ ਨੂੰ ਵੱਡੀ ਰਾਹਤ ਮਿਲੇਗੀ।ਸ਼ਹਿਰ ਦੀਆਂ ਵੱਖ-ਵੱਖ ਸਖ਼ਸੀਅਤਾਂ ਦੀ ਮੌਜੂਦਗੀ ਵਿੱਚ ਵਿਕਾਸ ਕਾਰਜ ਸ਼ੁਰੂ ਕਰਵਾਉਣ ਉਪਰੰਤ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਸ਼ਹਿਰ ਦੇ ਵਿਕਾਸ ਕਾਰਜ ਤੇਜ਼ ਗਤੀ ਨਾਲ ਜਾਰੀ ਹਨ ਅਤੇ ਵਿਕਾਸ ਪੱਖੋਂ ਬਟਾਲਾ ਦੀ ਨੁਹਾਰ ਬਦਲੀ ਜਾ ਰਹੀ ਹੈ।ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਅੰਦਰ ਵਿਕਾਸ ਕਾਰਜਾਂ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ ਸੜਕਾਂ ਨੂੰ ਚੌੜਾ ਕਰਨ ਤੋਂ ਇਲਾਵਾ ਚੌਕਾਂ ਨੂੰ ਚੌੜਿਆਂ ਕੀਤਾ ਗਿਆ ਹੈ।ਖੂਬਸੂਰਤ ਪਾਰਕ ਉਸਾਰੇ ਗਏ ਹਨ।ਸੜਕਾਂ ਦੇ ਕਿਨਾਰਿਆਂ ਤੋਂ ਬਿਜਲੀ ਦੇ ਖੰਬੇ ਹਟਾਏ ਗਏ ਹਨ।ਇਸ ਤੋਂ ਇਲਾਵਾ ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦੀ ਉਸਾਰੀ ਸਮੇਤ ਵਿਧਾਨ ਸਭਾ ਹਲਕਾ ਬਟਾਲਾ ਵਿੱਚ ਵੱਖ-ਵੱਖ ਵਿਕਾਸ ਕੰਮ ਕਰਵਾਏ ਗਏ ਹਨ ਅਤੇ ਨਿਰੰਤਰ ਵਿਕਾਸ ਕਾਰਜ ਜਾਰੀ ਹਨ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਵਿਕਾਸ ਕਾਰਜ ਵਿੱਚ ਕੋਈ ਅਣਗਹਿਲੀ ਨਾ ਵਰਤੀ ਜਾਵੇ ਅਤੇ ਵਿਕਾਸ ਕੰਮ ਗੁਣਵੱਤਾ ਭਰਪੂਰ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇ।ਉਨ੍ਹਾਂ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦੀ ਢਿੱਲ-ਮੱਠ ਜਾਂ ਕੁਤਾਹੀ ਬਰਦਾਸ਼ਤ ਨਹੀ ਕੀਤੀ ਜਾਵੇਗੀ।

# ਵੱਖ-ਵੱਖ ਥਾਈਂ ਅੰਤਰ-ਰਾਸ਼ਟਰੀ ਯੋਗ ਦਿਵਸ ਮਨਾਇਆ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਸ਼ਨੀਵਾਰ ਵੱਖ ਵੱਖ ਥਾਈਂ


ਫ਼ਤਹਿਗੜ੍ਹ ਸਾਹਿਬ

ਅੰਤਰ-ਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਇਸੇ ਤਹਿਤ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 'ਸੀ ਐੱਮ ਦੀ ਯੋਗਸ਼ਾਲਾ' ਅਧੀਨ ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ ਵਿਖੇ ਜ਼ਿਲ੍ਹਾ ਪੱਧਰੀ ਯੋਗ ਕੈਂਪ ਲਗਾਇਆ ਗਿਆ, ਜਿਸ ਵਿੱਚ ਹਲਕਾ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਹਰਪ੍ਰੀਤ ਸਿੰਘ, ਐੱਸ.ਡੀ.ਐੱਮ ਅਰਵਿੰਦ ਗੁਪਤਾ, ਐੱਸ ਪੀ ਸੁਖਨਾਜ਼ ਸਿੰਘ, ਵਧੀਕ ਸਿਵਲ ਜੱਜ ਕ੍ਰਿਸ਼ਨਾਨੁਜਾ ਮਿੱਤਲ ਤੇ ਤਜਿੰਦਰ ਕੌਰ, ਆਯੂਰਵੈਦਿਕ ਅਤੇ ਯੂਨਾਨੀ ਅਫਸਰ ਡਾ. ਮੰਜੂ, ਡਾ. ਕੁਲਵਿੰਦਰ ਸ਼ਰਮਾ ਸਮੇਤ ਵੱਡੀ ਗਿਣਤੀ ਸ਼ਹਿਰ ਵਾਸੀਆਂ ਨੇ ਭਾਗ ਲਿਆ।ਇਸ ਮੌਕੇ ਸੀ ਐੱਮ ਦੀ ਯੋਗਸ਼ਾਲਾ ਪ੍ਰੋਗਰਾਮ ਦੀ ਜ਼ਿਲ੍ਹਾ ਕੋ-ਆਰਡੀਨੇਟਰ ਰਮਨਜੀਤ ਕੌਰ ਨੇ ਕਿਹਾ ਕਿ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੀ ਨਿਵੇਕਲੀ ਪਹਿਲ ਸੀ. ਐੱਮ ਦੀ ਯੋਗਸ਼ਾਲਾ ਤਹਿਤ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ 'ਤੇ ਲਾਏ ਜਾ ਰਹੇ ਰੋਜ਼ਾਨਾ ਯੋਗਾ ਸੈਸ਼ਨਾਂ ਵਿੱਚ ਸ਼ਾਮਲ ਹੋ ਕੇ ਹਜ਼ਾਰਾਂ ਵਸਨੀਕ ਲਾਭ ਉਠਾ ਰਹੇ ਹਨ।ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਮੁਹੱਲੇ, ਪਿੰਡ ਜਾਂ ਸ਼ਹਿਰ ਵਾਸੀਆਂ ਨੇ ਮੁਫ਼ਤ ਯੋਗ ਕਲਾਸਾਂ ਦਾ ਲਾਭ ਉਠਾਉਣਾ ਹੈ ਤਾਂ ਉਹ ਹੈਲਪਲਾਈਨ ਨੰਬਰ 76694-00500 'ਤੇ ਸੰਪਰਕ ਕਰਕੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਅੰਤਰ ਰਾਸ਼ਟਰੀ ਯੋਗ ਦਿਵਸ ਮੌਕੇ ਸੈਂਕੜੇ ਯੋਗ ਪ੍ਰੇਮੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਤੇ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਦਾ ਧੰਨਵਾਦ ਕੀਤਾ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** : ਨਾਗਰਿਕਾਂ ਨੂੰ ਨਿਰੋਗੀ ਤੇ


ਮੁਕਤਸਰ ਸਾਹਿਬ

ਸਿਹਤਮੰਦ ਜੀਵਨ ਜਿਊਣ ਲਈ ਪ੍ਰੇਰਿਤ ਕਰਨ ਦੇ ਮਕਸਦ ਨਾਲ ਸਥਾਨਕ ਗੁਰੂ ਗੋਬਿੰਦ ਸਿੰਘ ਪਾਰਕ ਵਿਖੇ 11ਵਾਂ ਕੌਮਾਂਤਰੀ ਯੋਗਾ ਦਿਹਾੜਾ ਮਨਾਇਆ ਗਿਆ।ਇਸ ਮੌਕੇ ਵੱਖ-ਵੱਖ ਉਮਰ ਵਰਗ ਦੇ ਭਾਗੀਦਾਰਾਂ, ਬੱਚਿਆਂ, ਨੌਜਵਾਨਾਂ, ਸੀਨੀਅਰ ਨਾਗਰਿਕਾਂ ਤੇ ਪ੍ਰਸ਼ਾਸਨਕ ਅਧਿਕਾਰੀਆਂ ਨੇ ਇਸ ਸਮਾਗਮ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ ਤੇ ਇਕੱਠੇ ਯੋਗਾ ਦਾ ਅਭਿਆਸ ਕੀਤਾ।ਇਸ ਮੌਕੇ ਡਿਪਟੀ ਕਮਿਸ਼ਨਰ ਅਭਿਜੀਤ ਕਪਲਿਸ਼, ਵਧੀਕ ਡਿਪਟੀ ਕਮਿਸ਼ਨਰ (ਜ) ਗੁਰਪ੍ਰੀਤ ਸਿੰਘ ਥਿੰਦ, ਸਹਾਇਕ ਕਮਿਸ਼ਨਰ (ਜਨਰਲ) ਰੁਪਾਲੀ ਟੰਡਨ, ਆਯੂਰਵੈਦਿਕ ਤੇ ਯੂਨਾਨੀ ਅਫ਼ਸਰ ਡਾ. ਗੁਰਪ੍ਰੀਤ ਸਿੰਘ, ਸੀ ਐੱਮ ਯੋਗਸ਼ਾਲਾ ਸੁਪਰਵਾਈਜ਼ਰ ਆਜ਼ਾਦ ਮਿਸ਼ਰਾ, ਆਯੁਰਵੈਦਿਕ ਮੈਡੀਕਲ ਅਫ਼ਸਰ-ਕਮ-ਨੋਡਲ ਅਫ਼ਸਰ ਡਾ. ਸ਼ਿਲਪਾ ਭੌਨ ਤੇ ਡਾ. ਮੋਨਿਕਾ ਗਿਰਧਰ ਤੋਂ ਇਲਾਵਾ ਆਯੁਰਵੈਦਿਕ ਸਟਾਫ ਹਾਜ਼ਰ ਸੀ।

**ਲੁਧਿਆਣਾ (ਰੈਕਟਰ ਕਥੂਰੀਆ)** : ਸ਼੍ਰੀ ਰਾਮ ਮੰਦਿਰ ਖੰਨਾ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਲੋਕਾਂ ਦੇ


ਲੁਧਿਆਣਾ

ਇਕੱਠ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ਼੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਭਾਰਤ ਵਿੱਚ ਯੁਗਾਂ ਤੋਂ ਯੋਗ ਇੱਕ ਸਿਹਤਮੰਦ ਤੇ ਪ੍ਰਗਤੀਸ਼ੀਲ ਜੀਵਨ ਦੀ ਪ੍ਰੰਪਰਾ ਰਹੀ ਹੈ।ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਜਦੋਂ ਤਣਾਅਪੂਰਨ ਜੀਵਨ ਵਿੱਚ ਵੱਖ-ਵੱਖ ਬਿਮਾਰੀਆਂ ਮਨੁੱਖੀ ਜੀਵਨ ਲਈ ਗੰਭੀਰ ਖਤਰਾ ਪੈਦਾ ਕਰ ਰਹੀਆਂ ਹਨ ਤਾਂ ਯੋਗ ਰਾਜ ਮਨੁੱਖ ਨੂੰ ਰੋਗ ਮੁਕਤ ਤੇ ਸਿਹਤਮੰਦ ਬਣਾਉਣ ਵਿੱਚ ਬਹੁਤ ਸਹਾਈ ਹੋ ਸਕਦਾ ਹੈ।ਉਨ੍ਹਾਂ ਲੋਕਾਂ ਨੂੰ ਇਹ ਵੀ ਪ੍ਰੇਰਿਆ ਕਿ ਉਹ ਰੋਜ਼ਾਨਾ ਘੱਟੋ-ਘੱਟ ਇੱਕ ਘੰਟਾ ਯੋਗ ਕਰਨ ਤਾਂ ਜੋ ਉਹ ਸਿਹਤਮੰਦ ਜੀਵਨ ਦਾ ਲਾਭ ਉਠਾ ਸਕਣ।ਇਸ ਮੌਕੇ ਕੈਬਨਿਟ ਮੰਤਰੀ ਸੌਂਦ ਨੇ ਭਾਰਤੀ ਯੋਗ ਦਿਵਸ ਸੰਸਥਾਨ ਜੀ. ਕੇ. ਇਨਕਲੇਵ ਵਾਲੀ ਯੋਗਾ ਕਲਾਸ ਦੀ ਨਵੀਨੀਕਰਨ ਵਾਸਤੇ 50 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ।ਇਸ ਯੋਗਾ ਸਮਾਗਮ ਨੂੰ ਬ੍ਰਹਮ ਕੁਮਾਰੀ ਗੀਤਕਾ ਤੇ ਗੀਤੂ ਨੇ ਵੀ ਯੋਗ ਦੇ ਲਾਭਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।ਇਸ ਮੌਕੇ ਯੋਗਾ ਟ੍ਰੇਨਰ ਮੈਡਮ ਪਿੰਕੀ ਗੁਪਤਾ ਤੇ ਸ਼ਾਂਤੀ ਬਜਾਜ ਨੇ ਯੋਗਾ ਅਭਿਆਸ ਕਰਵਾਏ ਤੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਯੋਗਾ ਕੀਤਾ।

**ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)** : ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਨੇ 11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਆਪਣੇ ਸਿਹਤ


ਗੁਰੂ ਹਰਸਹਾਏ

ਜਾਗਰੂਕਤਾ ਪ੍ਰੋਗਰਾਮ 'ਆਰੋਗਿਆ' ਪ੍ਰੋਜੈਕਟ ਤਹਿਤ ਸਥਾਨਕ ਰੇਲਵੇ ਪਾਰਕ ਵਿੱਚ ਯੋਗ ਤੇ ਧਿਆਨ ਸਾਧਨਾ ਕੈਂਪ ਦਾ ਆਯੋਜਨ ਕੀਤਾ, ਜਿਸ ਵਿੱਚ ਸੰਸਥਾਨ ਵੱਲੋਂ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੇ ਸ਼ਿਸ਼ ਯੋਗਾਚਾਰੀਆ ਸਵਾਮੀ ਵਿਗਿਆਨਾਨੰਦ ਜੀ ਨੇ ਸਾਧਕਾਂ ਨੂੰ ਤਾਡਾਸਨ, ਤਿਰਯਕ ਤਾਡਾਸਨ, ਵੀਰ ਭਦ੍ਰਾਸਨ, ਕਰਤਲ ਧਵਨੀ ਯੋਗ, ਨ੍ਰਿਤਯ ਯੋਗ, ਨਾੜੀ ਸ਼ੋਧਨ ਪ੍ਰਾਣਾਯਾਮ, ਭ੍ਰਾਮਰੀ ਪ੍ਰਾਣਾਯਾਮ, ਉਜਯੀ ਪ੍ਰਾਣਾਯਾਮ, ਸਕੰਧ ਚਲਣ, ਪਦ ਚਲਣ, ਸਰਵਾਈਕਲ ਦਰਦ ਨਾਲ ਸਬੰਧਤ ਸੂਖਮ ਕਸਰਤ ਆਦਿ ਦਾ ਅਭਿਆਸ ਕਰਵਾਇਆ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਸਰੀਰਕ ਤੇ ਵਿਗਿਆਨਕ ਲਾਭਾਂ ਤੋਂ ਵੀ ਜਾਣੂ ਕਰਵਾਇਆ।ਇਹ ਧਿਆਨ ਦੇਣ ਯੋਗ ਹੈ ਕਿ ਅੱਜ ਦੇ ਪ੍ਰੋਗਰਾਮ ਵਿੱਚ ਸੰਸਥਾਨ ਦੁਆਰਾ ਆਪਣੇ 'ਆਰੋਗਯ' ਪ੍ਰੋਜੈਕਟ ਅਧੀਨ ਸਾਧਕਾਂ ਨੂੰ ਆਯੁਰਵੈਦਿਕ ਦਵਾਈਆਂ ਵੀ ਉਪਲਬਧ ਕਰਵਾਈਆਂ ਗਈਆਂ।ਪ੍ਰੋਗਰਾਮ ਦੀ ਸ਼ੁਰੂਆਤ ਵੈਦਿਕ ਮੰਤਰਾਂ ਦੇ ਜਾਪ ਦੀ ਰਸਮ ਨਾਲ ਹੋਈ। ਸਾਧਕਾਂ ਦੇ ਸਮੂਹਕ ਧਿਆਨ ਨਾਲ, ਸਾਧਕ ਸਰੀਰਕ ਸਿਹਤ ਤੇ ਅਧਿਆਤਮਿਕ ਸ਼ਕਤੀ ਨਾਲ ਭਰ ਗਏ ਤੇ ਪ੍ਰੋਗਰਾਮ ਦਾ ਪੂਰਾ ਲਾਭ ਪ੍ਰਾਪਤ ਕੀਤਾ।

**ਬਠਿੰਡਾ (ਪਰਵਿੰਦਰ ਜੀਤ ਸਿੰਘ)** : ਸਾਡੀ ਰੋਜ਼ਾਨਾ ਵਿਅਸਤ ਤੇ ਤੇਜ਼ ਰਫਤਾਰ ਵਾਲੀ ਜ਼ਿੰਦਗੀ 'ਚ ਸ਼ਰੀਰ ਨੂੰ ਮਾਨਸਿਕਤਾ ਪੱਖੋਂ ਮਜ਼ਬੂਤ, ਤੰਦਰੁਸਤ ਤੇ ਨਿਰੋਗ ਰੱਖਣ ਲਈ ਸੰਤੁਲਿਤ ਭੋਜਨ ਤੇ ਯੋਗ ਅਭਿਆਸ ਦਾ ਹੋਣਾ ਬਹੁਤ ਜ਼ਰੂਰੀ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਵਿਧਾਇਕ ਬਠਿੰਡਾ ਸ਼ਹਿਰੀ ਜਗਰੂਪ ਸਿੰਘ ਗਿੱਲ ਨੇ ਸੀ. ਐੱਮ. ਦੀ ਯੋਗਸ਼ਾਲਾ ਦੇ ਬੈਨਰ ਹੇਠ ਸਥਾਨਕ ਸ਼ਹੀਦ ਭਗਤ ਸਿੰਘ ਬਹੁ-ਮੰਤਵੀਂ ਖੇਡ ਸਟੇਡੀਅਮ ਵਿਖੇ ਕਰਵਾਏ ਗਏ 11ਵੇਂ ਜ਼ਿਲ੍ਹਾ ਪੱਧਰੀ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸੰਬੋਧਨ ਕਰਦਿਆਂ ਕੀਤਾ।ਇਸ ਦੌਰਾਨ ਉਨ੍ਹਾਂ ਨਾਲ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਕੰਚਨ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ, ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਮਹਿਤਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ ਨੇ ਦੱਸਿਆ ਕਿ ਜ਼ਿਲ੍ਹੇ 'ਚ 126 ਰੋਜ਼ਾਨਾ ਯੋਗਾਂ ਕਲਾਸਾਂ 22 ਯੋਗਾ ਟ੍ਰੇਨਰਾਂ ਦੁਆਰਾ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਜ਼ਿਲ੍ਹੇ 'ਚ ਜਿੱਥੇ 'ਯੁੱਧ


ਬਠਿੰਡਾ

ਨਸ਼ਿਆਂ ਵਿਰੁੱਧ' ਚੱਲ ਰਿਹਾ ਹੈ, ਉਥੇ ਹੀ ਉਸ ਵਿੱਚ ਸੀ. ਐੱਮ. ਦੀ ਯੋਗਸ਼ਾਲਾ ਦੀ ਟੀਮ ਵੀ ਵਿਸ਼ੇਸ਼ ਯੋਗਦਾਨ ਪਾ ਰਹੀ ਹੈ।ਇਸ ਮੌਕੇ ਸਹਾਇਕ ਕਮਿਸ਼ਨਰ ਜਨਰਲ ਗਗਨਦੀਪ ਸਿੰਘ, ਮੁੱਖ ਮੰਤਰੀ ਖੇਤਰੀ ਫੀਲਡ ਅਫਸਰ ਰਮਨਜੀਤ ਸਿੰਘ, ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਫਸਰ ਡਾ. ਬਲਦੇਵ ਰਾਜ, ਆਯੁਰਵੈਦਿਕ ਮੈਡੀਕਲ ਅਫਸਰ ਸਿਵਲ ਹਸਪਤਾਲ ਡਾ. ਅਨੁਰਾਗ ਗਿਰਧਰ ਤੋਂ ਇਲਾਵਾ ਲਗਭਗ 1600 ਯੋਗ ਪ੍ਰੇਮੀ ਆਦਿ ਹਾਜ਼ਰ ਸਨ।

**ਮੰਡੀ ਗੋਬਿੰਦਗੜ੍ਹ/ਬਸੀ ਪਠਾਣਾ (ਪ੍ਰਮੋਦ ਭਾਰਦਵਾਜ)** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹੱਸਦਾ ਵੱਸਦਾ ਤੇ ਰੰਗਲਾ ਪੰਜਾਬ ਬਣਾਉਣ ਲਈ ਕੀਤੇ ਜਾ ਰਹੇ ਠੋਸ ਉਪਰਾਲਿਆਂ ਵਿੱਚੋਂ ਸੀ ਐੱਮ ਦੀ ਯੋਗਸ਼ਾਲਾ ਇੱਕ ਅਜਿਹਾ ਉਪਰਾਲਾ ਹੈ, ਜਿਸ ਨਾਲ ਸਿਹਤਮੰਦ ਪੰਜਾਬ ਦੀ ਸਿਰਜਣਾ ਕੀਤੀ ਜਾ ਰਹੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸੀ ਐੱਮ ਦੀ ਯੋਗਸ਼ਾਲਾ ਅਧੀਨ ਮੰਡੀ ਗੋਬਿੰਦਗੜ੍ਹ ਦੇ ਰਾਮ ਭਵਨ ਵਿਖੇ ਯੋਗ ਕੈਂਪ ਦੌਰਾਨ ਕੀਤਾ।ਇਸ ਮੌਕੇ ਪ੍ਰਧਾਨ ਨਗਰ ਕੌਂਸਲ ਹਰਪ੍ਰੀਤ ਸਿੰਘ ਪ੍ਰਿੰਸ ਵੀ ਹਾਜ਼ਰ ਸਨ।ਵਿਧਾਇਕ ਗੈਰੀ


ਮੰਡੀ ਗੋਬਿੰਦਗੜ੍ਹ

ਬੜਿੰਗ ਨੇ ਕਿਹਾ ਕਿ ਯੋਗਾ ਪ੍ਰਾਚੀਨ ਭਾਰਤ ਵੱਲੋਂ ਦੁਨੀਆ ਨੂੰ ਇੱਕ ਤੋਹਫ਼ਾ ਹੈ, ਜਿਸ 'ਤੇ ਸਾਨੂੰ ਮਾਣ ਹੋਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਅਜੋਕੇ ਭੱਜ-ਨੱਠ ਦੇ ਦੌਰ ਵਿੱਚ ਹਰੇਕ ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਰੋਜ਼ਾਨਾ ਦੇ ਸਮੇਂ ਵਿੱਚੋਂ ਕੁਝ ਸਮਾਂ ਕੱਢ ਕੇ ਯੋਗ ਆਸਨਾਂ ਨੂੰ ਜ਼ਰੂਰ ਅਪਣਾਵੇ।ਕੈਂਪ ਦੌਰਾਨ ਐੱਸਡੀਐੱਮ ਅਮਲੋਹ ਚੇਤਨ ਬੰਗੜ ਨੇ ਨਾਗਰਿਕਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਨਿਰੋਗ ਜੀਵਨ ਲਈ ਯੋਗਾ ਬਹੁਤ ਜ਼ਰੂਰੀ ਹੈ।ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਬਸੀ ਪਠਾਣਾ ਦੇ ਹਰਮਨ ਰਿਜ਼ੋਰਟ ਵਿਖੇ ਐੱਸਡੀਐੱਮ ਹਰਵੀਰ ਕੌਰ ਦੀ ਅਗਵਾਈ ਹੇਠ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਸ਼ਹਿਰ ਵਾਸੀਆਂ ਨੇ ਯੋਗ ਕਿਰਿਆਵਾਂ ਵਿੱਚ ਭਾਗ ਲਿਆ ਤੇ ਤੰਦਰੁਸਤ ਸਮਾਜ ਦੀ ਸਿਰਜਣਾ ਲਈ ਆਪਣਾ ਯੋਗਦਾਨ ਪਾਇਆ। ਇਸੇ ਤਰ੍ਹਾਂ ਖਮਾਣੋ ਦੇ ਉੱਚਾ ਪਿੰਡ ਵਿਖੇ ਵੀ ਯੋਗ ਦਿਵਸ ਮਨਾਇਆ ਗਿਆ, ਜਿਸ ਵਿੱਚ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਤੇ ਪਤਵੰਤਿਆਂ ਨੇ ਭਾਗ ਲਿਆ।ਇਸ ਦੌਰਾਨ ਸੀ ਐੱਮ ਦੀ ਯੋਗਸ਼ਾਲਾ ਦੇ ਟ੍ਰੇਨਰਾਂ ਨੇ ਯੋਗ ਅਭਿਆਸ ਕਰਵਾਇਆ ਤੇ ਇਸ ਦੇ ਲਾਭਾਂ ਬਾਰੇ ਜਾਣਕਾਰੀ ਦਿੱਤੀ।

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਯੂਨੀਵਰਸਿਟੀ ਦੇ ਸਰੀਰਿਕ


ਪਟਿਆਲਾ

ਸਿੱਖਿਆ ਵਿਭਾਗ, ਐੱਨ. ਐੱਸ. ਐੱਸ. ਵਿਭਾਗ ਤੇ ਖੇਡ ਡਾਇਰੈਕਟੋਰੇਟ ਵੱਲੋਂ 11ਵੇਂ ਕੌਮਾਂਤਰੀ ਯੋਗ ਦਿਵਸ ਮੌਕੇ ਯੂਨੀਵਰਸਿਟੀ ਕੈਂਪਸ ਵਿਖੇ ਸਮਾਗਮ ਕਰਵਾਇਆ ਗਿਆ। ਇਸ ਮੌਕੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਵੀ ਯੋਗਾ ਗਤੀਵਿਧੀਆਂ ਵਿੱਚ ਸ਼ਿਰਕਤ ਕੀਤੀ।ਸਮਾਗਮ ਦੌਰਾਨ ਯੋਗਾ ਮਾਹਿਰਾਂ ਦੀ ਨਿਗਰਾਨੀ ਵਿੱਚ ਵੱਖ-ਵੱਖ ਯੋਗਾ ਆਸਣ ਕਰਵਾਏ ਗਏ ਤੇ ਸਾਹ ਲੈਣ ਦੀਆਂ ਕਸਰਤਾਂ ਕੀਤੀਆਂ। ਵਿਦਿਆਰਥੀਆਂ ਵੱਲੋਂ ਵਿਸ਼ੇਸ਼ ਯੋਗਾ ਪੇਸ਼ਕਾਰੀ ਵੀ ਦਿੱਤੀ ਗਈ।ਓਲੰਪੀਅਨ ਡਾ. ਤਰਲੋਕ ਸਿੰਘ ਸੰਧੂ ਤੇ ਪਟਿਆਲਾ ਦੇ ਮੇਅਰ ਸ਼੍ਰੀ ਕੁੰਦਨ ਗੋਗੀਆ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਆਪਣੇ ਸੰਬੋਧਨ ਵਿੱਚ ਯੋਗਾ ਦੀ ਮਹੱਤਤਾ ਬਾਰੇ ਵੱਖ-ਵੱਖ ਨੁਕਤੇ ਉਜਾਗਰ ਕੀਤੇ।ਉਨ੍ਹਾਂ ਕੌਮਾਂਤਰੀ ਯੋਗ ਦਿਵਸ ਲਈ ਵਿਸ਼ਵ ਪੱਧਰ ਉੱਤੇ 21 ਜੂਨ ਦੇ ਦਿਨ ਦੀ ਚੋਣ ਬਾਰੇ ਵੀ ਆਪਣੇ ਵਿਚਾਰ ਪ੍ਰਗਟਾਏ।ਇਸ ਮੌਕੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਡਾ. ਅਮਰਪ੍ਰੀਤ ਸਿੰਘ, ਐੱਨ. ਐੱਸ. ਐੱਸ. ਵਿਭਾਗ ਦੇ ਕੋਆਰਡੀਨੇਟਰ ਡਾ. ਅਨਹਦ ਸਿੰਘ ਗਿੱਲ, ਖੇਡ ਡਾਇਰੈਕਟੋਰੇਟ ਦੇ ਨਿਰਦੇਸ਼ਕ ਡਾ. ਗੁਰਦੀਪ ਕੌਰ ਰੰਧਾਵਾ, ਪ੍ਰੋ. ਨਿਸ਼ਾਨ ਸਿੰਘ ਦਿਓਲ, ਪ੍ਰੋ. ਦਮਨਜੀਤ ਸੰਧੂ ਆਦਿ ਹਾਜ਼ਰ ਰਹੇ।

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ, ਬਲਵਿੰਦਰ ਵਜੀਦਕੇ)** : ਜੀ ਹੋਲੀ ਹਾਰਟ ਸਕੂਲ ਮਹਿਲ ਕਲਾਂ ਵਿਖੇ ਸਬ ਡਵੀਜ਼ਨ ਪੱਧਰ 'ਤੇ 11ਵਾਂ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ।ਨੋਡਲ ਅਫ਼ਸਰ ਡਾ. ਨਵਨੀਤ ਬਾਂਸਲ ਨੇ ਦੱਸਿਆ ਕਿ ਅੰਤਰਰਾਸ਼ਟਰੀ ਯੋਗਾ ਦਿਵਸ ਦਾ ਵਿਸ਼ਾ ਹੈ ਇੱਕ ਧਰਤੀ, ਇੱਕ ਸਿਹਤ ਲਈ ਯੋਗਾ ਭਾਵ ਚੰਗੀ ਸਿਹਤ ਤੇ ਟਿਕਾਊ ਭਵਿੱਖ ਲਈ ਸਾਡਾ ਗ੍ਰਹਿ ਤੇ ਸਾਡੀ ਸਿਹਤ ਆਪਸ ਵਿੱਚ ਜੁੜੇ ਹੋਏ ਹਨ।ਇਸ ਮੌਕੇ ਪਰਵਾਰ ਸਮੇਤ ਭਾਗ ਲੈਂਦਿਆ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕਿਹਾ ਕਿ ਸੀ ਐੱਮ ਦੀ ਯੋਗਸ਼ਾਲਾ ਰਾਹੀਂ ਲੋਕਾਂ ਤੱਕ ਚੰਗੀ ਸਿਹਤ ਦਾ ਸੰਦੇਸ਼ ਪਹੁੰਚਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਯੋਗ ਇੱਕ ਪ੍ਰਾਚੀਨ ਕਲਾ ਹੈ ਜੋਂ ਕਿ ਸਰੀਰ, ਮਨ ਤੇ ਆਤਮਾ ਵਿੱਚ ਸੰਤੁਲਨ ਕਾਇਮ ਕਰਦੀ ਹੈ, ਜਿਸ ਨਾਲ ਸ਼ਰੀਰਕ ਲਚੀਲਾਪਨ ਤੇ ਮਾਨਸਿਕ ਸ਼ਾਂਤੀ ਪ੍ਰਾਪਤ


ਮਹਿਲ ਕਲਾਂ

ਹੁੰਦੀ ਹੈ। ਇਸ ਮੌਕੇ ਵੱਡੀ ਗਿਣਤੀ ਵਿੱਚ ਲੋਕਾਂ ਵਲੋਂ ਯੋਗ ਕਿਰਿਆਵਾਂ ਦਾ ਅਭਿਆਸ ਕੀਤਾ ਗਿਆ।ਇਸ ਮੌਕੇ ਐਸ ਡੀ ਐਮ ਸ਼੍ਰੀਮਤੀ ਸਿਮਰਪ੍ਰੀਤ ਕੌਰ, ਨਾਇਬ ਤਹਿਸੀਲਦਾਰ ਪਵਨ ਕੁਮਾਰ, ਡੀ ਐੱਸ ਪੀ ਜਤਿੰਦਰਪਾਲ ਸਿੰਘ, ਡਾ: ਸੀਮਾ ਬਾਂਸਲ, ਪ੍ਰਿੰਸੀਪਲ ਰਜਿੰਦਰਪਾਲ ਸਿੰਘ, ਹੈੱਡ ਮਾਸਟਰ ਕੁਲਦੀਪ ਸਿੰਘ ਕਮਲ, ਸੀ ਐੱਮ ਦੀ ਯੋਗਸ਼ਾਲਾ ਤੋਂ ਪ੍ਰਵੀਨ ਸ਼ਰਮਾ, ਐੱਸ ਐੱਚ ਓ ਕਿਰਨਜੀਤ ਕੌਰ, ਸਮੂਹ ਆਯੁਰਵੈਦਿਕ, ਸਿਹਤ ਤੇ ਸਿੱਖਿਆ ਵਿਭਾਗ ਮਹਿਲ ਕਲਾਂ ਦੇ ਨੁਮਾਇੰਦੇ ਆਦਿ ਹਾਜ਼ਰ ਸਨ।ਇਸ ਮੌਕੇ ਜੀ ਹੋਲੀ ਹਾਰਟ ਪਬਲਿਕ ਸਕੂਲ ਮਹਿਲ ਕਲਾਂ ਦੇ ਮੈਨੇਜਿੰਗ ਡਾਇਰੈਕਟਰ ਸੁਸ਼ੀਲ ਗੋਇਲ ਦੀ ਅਗਵਾਈ ਹੇਠ ਮੁੱਖ ਮਹਿਮਾਨ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਸਮੇਤ ਵੱਖ ਵੱਖ ਸ਼ਖਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪ੍ਰਿੰਸੀਪਲ ਪ੍ਰੋਫੈਸਰ ਗੁਰਵੀਨ ਕੌਰ ਦੀ ਯੋਗ ਅਗਵਾਈ ਹੇਠ ਐੱਨਐੱਸਐੱਸ ਵਿਭਾਗ ਤੇ ਐੱਨਸੀਸੀ ਯੂਨਿਟ ਵੱਲੋਂ ਅੰਤਰਰਾਸ਼ਟਰੀ ਯੋਗ


ਪਾਤੜਾਂ

ਦਿਵਸ ਮਨਾਇਆ ਗਿਆ।ਇਸ ਦੌਰਾਨ ਐੱਨਐੱਸਐੱਸ ਪ੍ਰੋਗਰਾਮ ਅਫਸਰ ਪ੍ਰੋ. ਹਰਮੀਤ ਸਿੰਘ ਨੇ ਯੋਗ ਦਿਵਸ ਮੌਕੇ ਪਹੁੰਚੇ ਕਾਲਜ ਪ੍ਰਿੰਸੀਪਲ, ਸਟਾਫ ਤੇ ਵਲੰਟੀਅਰਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਵਿਸ਼ਵ ਵਿੱਚ 11ਵਾਂ ਯੋਗ ਦਿਵਸ ਮਨਾਇਆ ਜਾ ਰਿਹਾ ਹੈ ਤੇ ਸਾਨੂੰ ਸਾਰਿਆਂ ਨੂੰ ਕੁਝ ਸਮਾਂ ਯੋਗ ਆਸਣ ਲਈ ਜ਼ਰੂਰ ਕੱਢਣਾ ਚਾਹੀਦਾ ਹੈ।ਯੋਗ ਦਿਵਸ ਮੌਕੇ ਕਾਲਜ ਪ੍ਰਿੰਸੀਪਲ ਗੁਰਵੀਨ ਕੌਰ ਕਿਹਾ ਕਿ ਅੱਜ ਦੇ ਵਰਤਮਾਨ ਸਮੇਂ ਵਿੱਚ ਰੁਝੇਵੇਂ ਭਰੀ ਜ਼ਿੰਦਗੀ ਵਿੱਚ ਜੇਕਰ ਕੁਝ ਸਮਾਂ ਯੋਗ ਕੀਤਾ ਜਾਵੇ ਤਾਂ ਹਰ ਵਿਅਕਤੀ ਸਰੀਰਕ ਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹਿ ਸਕਦਾ ਹੈ। ਪ੍ਰੋਗਰਾਮ ਦੇ ਆਖਿਰ ਵਿੱਚ ਡਾ. ਜਤਿੰਦਰ ਸਿੰਘ ਨੇ ਕਾਲਜ ਪ੍ਰਿੰਸੀਪਲ, ਸਟਾਫ ਤੇ ਵਲੰਟੀਅਰਾਂ ਦਾ ਰਸਮੀ ਧੰਨਵਾਦ ਕੀਤਾ। ਇਸ ਮੌਕੇ ਕਾਲਜ ਸਟਾਫ਼ ਵਿੱਚੋਂ ਐੱਨ ਐੱਸ ਐੱਸ ਪ੍ਰੋਗਰਾਮ ਅਫਸਰ ਜਗਦੀਸ਼ ਸਿੰਘ, ਪ੍ਰੋ. ਸੰਦੀਪ ਰਾਣੀ, ਪ੍ਰੋ. ਕਰਮਜੀਤ ਕੌਰ, ਸ੍ਰੀਮਤੀ ਕੁਲਵੀਰ ਕੌਰ ਦਫਤਰ ਵਿੱਚੋਂ ਸ੍ਰੀ ਹਰਪ੍ਰੀਤ ਸਿੰਘ ਤੇ ਵਿਦਿਆਰਥੀ ਹਾਜ਼ਰ ਸਨ।

**ਨਾਭਾ (ਵਰਿੰਦਰ ਵਰਮਾ)** : ਸ਼ਹਿਰ ਨਾਭਾ ਦੇ ਇਤਿਹਾਸਕ ਪਾਰਕ ਮਹਾਰਾਜਾ ਹੀਰਾ ਸਿੰਘ ਦੁਲੱਦੀ ਗੇਟ ਵਿਖੇ ਪਾਰਕ ਵਿਖੇ ਮਹਾਰਾਜਾ ਹੀਰਾ ਸਿੰਘ ਵੈੱਲਫੇਅਰ ਪਾਰਕ ਸੇਵਾ ਸੁਸਾਇਟੀ ਨਾਭਾ ਵੱਲੋਂ ਯੋਗ ਦਿਵਸ ਮਨਾਇਆ ਗਿਆ, ਜਿਸ ਵਿੱਚ ਸ਼ਹਿਰ ਵਾਸੀਆਂ ਨੇ ਭਾਗ ਲੈ ਯੋਗਾ ਕੀਤਾ।


ਨਾਭਾ

ਗੱਲਬਾਤ ਦੌਰਾਨ ਸੰਸਥਾ ਦੇ ਪ੍ਰਧਾਨ ਅਮਨਦੀਪ ਸਿੰਘ, ਸਰਪ੍ਰਸਤ ਡਾ. ਜੀਵਨ ਗਰਗ, ਕਮਲ ਕਪੂਰ ਯੋਗਾ ਕਰਵਾਉਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਹੇਮਰਾਜ ਵੱਲੋਂ ਜਿੱਥੇ ਇਸ ਦਿਵਸ ਨੂੰ ਵਿਸ਼ੇਸ਼ ਦੱਸਿਆ ਗਿਆ, ਉੱਥੇ ਹੀ ਵੱਡੀ ਗਿਣਤੀ ਵਿੱਚ ਪਹੁੰਚੇ ਪਾਰਕ ਪ੍ਰੇਮੀਆਂ ਤੇ ਸੰਸਥਾ ਦੇ ਮੈਂਬਰਾਂ ਨੇ ਸਾਂਝੇ ਤੌਰ 'ਤੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਸਵੇਰੇ ਆਪਣੀ ਸਿਹਤ ਨੂੰ ਤੰਦਰੁਸਤ ਤੇ ਵਧੀਆ ਰੱਖਣ ਲਈ ਸੈਰ ਕਰਨ ਯੋਗਾ ਕਰਨ।ਇਸ ਮੌਕੇ ਸੰਸਥਾ ਦੇ ਮੈਂਬਰ ਅਸ਼ੋਕ ਅਰੋੜਾ, ਬਲਦੇਵ ਸਿੰਘ, ਰਵਿੰਦਰ ਸ਼ਰਮਾ, ਰਾਜੀਵ ਜੈਨ, ਰਾਕੇਸ਼ ਜੈਨ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਸਥਾ ਦੇ ਮੈਂਬਰ ਤੇ ਯੋਗਾ ਕਰਨ ਲਈ ਪਹੁੰਚੇ ਸੰਸਥਾ ਵੱਲੋਂ ਸੇਵਾ ਨਿਭਾ ਰਹੇ ਕਮਲ ਕਪੂਰ, ਹੇਮ ਰਾਜ, ਬਲਦੇਵ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਵੱਡੀ ਗਿਣਤੀ ਵਿੱਚ ਭਾਰਤ ਪ੍ਰੇਮੀ ਤੇ ਬੀਬੀਆਂ ਔਰਤਾਂ ਹਾਜ਼ਰ ਸਨ।

**ਬਾਘਾ ਪੁਰਾਣਾ (ਮਨੀ ਸਿੰਗਲਾ)** : ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਬਾਘਾ ਪੁਰਾਣਾ ਵੱਲੋਂ ਅੰਤਰਰਾਸ਼ਟਰੀ ਯੋਗਾ ਦਿਵਸ ਨੂੰ ਵਿਸ਼ੇਸ਼ ਢੰਗ ਨਾਲ ਘਰ-ਘਰ ਮਨਾਇਆ ਗਿਆ।ਗਰਮੀ ਦੀਆਂ ਛੁੱਟੀਆਂ ਦੌਰਾਨ ਵੀ ਵਿਦਿਆਰਥੀਆਂ ਦੇ ਯੋਗਾ ਪ੍ਰਤੀ ਉਤਸ਼ਾਹ ਨੂੰ ਕਾਇਮ ਰੱਖਦੇ ਹੋਏ ਸਕੂਲ ਨੇ


ਬਾਘਾ ਪੁਰਾਣਾ

ਆਨਲਾਈਨ ਯੋਗਾ ਸੈਸ਼ਨ ਦਾ ਆਯੋਜਨ ਕੀਤਾ।ਇਹ ਸੈਸ਼ਨ ਸਵੇਰੇ 7 ਵਜੇ ਜ਼ੂਮ ਰਾਹੀਂ ਆਰੰਭ ਹੋਇਆ, ਜਿਸ ਵਿੱਚ ਸਕੂਲ ਨੇ ਯੋਗਾ ਦੇ ਆਸਾਨ, ਪ੍ਰਾਣਾਯਾਮ ਤੇ ਧਿਆਨ ਦੀਆਂ ਵਿਧੀਆਂ ਸਿਖਾਈਆਂ। ਬੱਚਿਆਂ ਨੇ ਆਪਣੇ ਮਾਤਾ-ਪਿਤਾ ਦੇ ਸਾਥ ਸ਼ਾਮਲ ਹੋ ਕੇ ਯੋਗਾ ਕਰਦਿਆਂ ਆਪਣੀ ਤਸਵੀਰਾਂ ਤੇ ਵੀਡੀਓਜ਼ ਵੀ ਸਾਂਝੀਆਂ ਕੀਤੀਆਂ।ਸਕੂਲ ਪ੍ਰਿੰਸੀਪਲ ਸ੍ਰੀਮਤੀ ਜੀਨਮ ਗਰਗ ਤੇ ਮਨੋਜ ਕੁਮਾਰ ਨੇ ਕਿਹਾ ਕਿ ਯੋਗ ਸਾਨੂੰ ਸਿਹਤਮੰਦ ਜੀਵਨ ਜੀਉਣ ਦੀ ਪ੍ਰੇਰਣਾ ਦਿੰਦਾ ਹੈ।ਜਿਵੇਂ ਅਸੀਂ ਅਕਾਦਮਿਕ ਸਿੱਖਿਆ ਲਈ ਆਨਲਾਈਨ ਪਾਠ ਲੈਂਦੇ ਹਾਂ, ਓਸੇ ਤਰ੍ਹਾਂ ਤੰਦਰੁਸਤੀ ਲਈ ਵੀ ਇਹ ਆਨਲਾਈਨ ਯੋਗਾ ਇੱਕ ਚੰਗੀ ਕੋਸ਼ਿਸ਼ ਹੈ।ਇਸ ਯੋਗ ਦਿਵਸ ਨੇ ਵਿਦਿਆਰਥੀਆਂ ਵਿੱਚ ਸਰੀਰਕ ਚੁਸਤੀ, ਮਨ ਦੀ ਸ਼ਾਂਤੀ ਤੇ ਆਤਮ-ਅਨੁਸ਼ਾਸਨ ਵਧਾਉਣ ਦੀ ਪ੍ਰੇਰਣਾ ਦਿੱਤੀ।ਪ੍ਰੋਗਰਾਮ ਦਾ ਅੰਤ ਧਿਆਨ ਤੇ ਸ਼ਾਂਤੀ ਮੰਤਰ ਨਾਲ ਕੀਤਾ ਗਿਆ।

**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਐਲਿਗਜ਼ੈਂਡਰ ਡਿਸੂਜ਼ਾ)** : ਯੋਗ ਇਕ ਸਾਧਨਾ ਹੈ ਅਤੇ ਇਹ ਸਰੀਰਕ ਤੇ ਮਾਨਸਿਕ ਤੰਦਰੁਸਤੀ ਤੇ ਨਿਰੋਗੀ ਕਾਇਆ ਲਈ ਇਸ ਦਾ ਮਹੱਤਵਪੂਰਨ ਯੋਗਦਾਨ ਹੈ।ਅਸੀਂ ਬਿਨਾਂ ਕੁੱਝ ਖਰਚ ਕੀਤਿਆਂ ਯੋਗ ਵਿਧੀ ਰਾਹੀਂ ਆਪਣੇ ਤਨ ਨੂੰ ਰਿਸ਼ਟ-ਪੁਸ਼ਟ ਤੇ ਮਨ 'ਤੇ ਕਾਬੂ ਰੱਖ ਸਕਦੇ ਹਾਂ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਸ੍. ਗੁਰਦਿੱਤ ਸਿੰਘ ਸੇਖੋਂ ਨੇ ਸਥਾਨਕ ਦਰਬਾਰ ਗੰਜ (ਰੈਸਟ ਹਾਊਸ) ਵਿਖੇ ਆਯੂਸ਼ ਵਿਭਾਗ, ਸਿਹਤ ਵਿਭਾਗ ਦੇ ਸਹਿਯੋਗ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੀ ਐੱਮ ਦੀ ਯੋਗਸ਼ਾਲਾ ਤਹਿਤ ਕਰਵਾਏ ਗਿਆਰਵੇਂ ਅੰਤਰ-ਰਾਸ਼ਟਰੀ ਯੋਗਾ ਦਿਵਸ ਮੌਕੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਯੋਗ ਦਿਵਸ ਦੇ ਮੌਕੇ ਯੋਗ ਸਾਧਕਾਂ ਨੂੰ ਸੰਬੋਧਨ ਕਰਦਿਆਂ ਕੀਤਾ।ਇਸ ਮੌਕੇ ਸ. ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਸਾਨੂੰ ਆਪਣੀ ਜਿੰਦਗੀ ਜਿਓਣ ਦੇ ਢੰਗ ਵਿਚ ਤਬਦੀਲੀ ਲਿਆਉਣੀ ਚਾਹੀਦੀ ਹੈ ਅਤੇ ਬਿਮਾਰੀਆਂ ਤੋਂ ਦੂਰ ਰਹਿਣ ਲਈ ਜੰਕ ਫੂਡ ਤੋਂ ਤੌਬਾ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਯੋਗ ਆਪਣੇ ਘਰ ਹੀ ਕੀਤਾ ਜਾ ਸਕਦਾ ਹੈ, ਜਦਕਿ ਹੋਰ


ਫਰੀਦਕੋਟ

ਕਸਰਤਾਂ ਲਈ ਜਿੰਮ ਜਾਂ ਗਰਾਊਂਡ ਆਦਿ 'ਚ ਜਾਣਾ ਪੈਂਦਾ ਹੈ।ਉਨ੍ਹਾਂ ਯੁਵਾ ਪੀੜ੍ਹੀ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹਿਣ ਲਈ ਯੋਗਾ ਨੂੰ ਜੀਵਨ ਦਾ ਹਿੱਸਾ ਬਣਾਉਣ ਲਈ ਵੀ ਪ੍ਰੇਰਿਤ ਕੀਤਾ।ਇਸ ਮੌਕੇ ਵਿਧਾਇਕ ਸ. ਸੇਖੋਂ ਵੱਲੋਂ ਵਾਤਾਵਰਣ ਦੀ ਸ਼ੁੱਧਤਾ ਲਈ ਛਾਂਦਾਰ ਪੌਦੇ ਵੀ ਵੰਡੇ ਗਏ।

**ਧੂਰੀ (ਬਿੰਨੀ ਗਰਗ)** : ਮਦਨ ਲਾਲ ਬਾਂਸਲ ਜ਼ਿਲ੍ਹਾ ਪ੍ਰਧਾਨ ਭਾਰਤੀਯ ਯੋਗ ਸੰਸਥਾਨ ਧੂਰੀ ਦੀ ਯੋਗ ਅਗਵਾਈ ਵਿੱਚ ਭਾਰਤੀ ਯੋਗ ਸੰਸਥਾਨ ਧੂਰੀ ਵੱਲੋਂ 11ਵਾਂ ਅੰਤਰ ਰਾਸ਼ਟਰੀ ਯੋਗ ਦਿਵਸ ਸਥਾਨਕ ਰਾਮ ਬਾਗ ਪਾਰਕ ਧੂਰੀ ਵਿਖੇ ਮਨਾਇਆ ਗਿਆ, ਜਿਸ ਵਿੱਚ ਸਾਧਕਾ ਨੇ ਵਧ ਚੜ੍ਹ ਕੇ ਹਿੱਸਾ ਲਿਆ।ਇਸ ਯੋਗ ਦਿਵਸ ਮੌਕੇ ਸਰੀਰ ਦੇ ਵੱਖ ਵੱਖ ਰੋਗਾਂ ਨੂੰ ਦੂਰ ਕਰਨ ਲਈ ਵੱਖ ਵੱਖ ਆਸਨ, ਪ੍ਰਾਣਾਯਾਮ ਤੇ ਧਿਆਨ ਕਰਵਾਏ ਗਏ।ਮਦਲ ਨਾਲ ਬਾਂਸਲ ਨੇ ਕਿਹਾ ਕਿ ਰੋਜ਼ਾਨਾ ਯੋਗ ਕਰਨ ਨਾਲ ਵੱਖ ਵੱਖ ਤਰ੍ਹਾਂ ਦੀਆਂ ਬਿਮਾਰੀਆਂ ਜਿਵੇਂ ਕਿ ਬੀ.ਪੀ., ਸ਼ੂਗਰ, ਥਾਇਰਾਈਡ, ਹੱਡੀਆਂ ਦੇ ਦਰਦ ਆਦਿ ਰੋਗਾਂ ਤੋਂ ਨਿਜਾਤ ਪਾਈ ਜਾ ਸਕਦੀ ਹੈ।ਪ੍ਰੋਗਰਾਮ ਦੀ ਸ਼ੁਰੂਆਤ ਮੈਡਮ ਕਿਰਨ ਬਾਲਾ ਨੇ ਖੂਬਸੂਰਤ ਯੋਗ ਗੀਤ ਗਾ ਕੇ ਕੀਤੀ ਗਈ।ਸਟੇਜ ਸੱਕਤਰ ਦੀ ਭੂਮਿਕਾ ਜ਼ੋਨ ਪ੍ਰਧਾਨ ਨਿਸ਼ੀ ਗੋਇਲ ਨੇ ਬਾਖੂਬੀ ਨਿਭਾਈ ਤੇ ਪ੍ਰੋਗਰਾਮ ਦੀ


ਧੂਰੀ

ਰਸਮੀ ਸ਼ੁਰੂਆਰ ਕਰਵਾਈ।ਇਸ ਮੌਕੇ ਧੂਰੀ ਸਬ ਡਵੀਜ਼ਨ ਦੇ ਤਹਿਸੀਲਦਾਰ ਵਿਸ਼ਵਜੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਤੇ ਯੋਗ ਕੀਤਾ।ਸਰਕਾਰੀ ਖੇਤੀਬਾੜੀ ਤੇ ਵਿਕਾਸ ਬੈਂਕ ਧੂਰੀ ਤੋਂ ਮੈਨੇਜਰ ਸ਼ੈਲੰਦਰ ਗਰਗ ਤੇ ਪ੍ਰਧਾਨ ਸਤਵੰਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਅਤੇ ਯੋਗ ਕੀਤਾ।ਧੂਰੀ ਮਾਰਕਿਟ ਕਮੇਟੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋ ਕੇ ਯੋਗ ਕਰਨ ਲਈ ਲੋਕਾਂ ਨੂੰ ਪ੍ਰੇਰਿਤ ਕੀਤਾ। ਇਸ ਮੌਕੇ ਰਣਦੀਪ ਸਿੰਘ ਦਿਓਲ ਹਲਕਾ ਇੰਚਾਰਜ ਧੂਰੀ ਤੇ ਭੁਪੇਸ਼ ਜਿੰਦਲ ਜ਼ਿਲ੍ਹਾ ਵਾਇਸ ਪ੍ਰੈਜ਼ੀਡੈਂਟ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਅਤੇ ਯੋਗ ਕੀਤਾ।ਰੋਟਰੀ ਕੱਲਬ ਧੂਰੀ ਦੇ ਪ੍ਰਧਾਨ ਮੱਖਣ ਗਰਗ ਚੇਅਰਮੈਨ ਕੈਂਬਰਿਜ ਗਰੁੱਪ ਆਪ ਸਕੂਲਜ਼ ਦੀ ਯੋਗ ਅਗਵਾਈ ਵਿੱਚ ਸਾਧਕਾ ਨੂੰ ਰਿਫਰੈਸ਼ਮੈਂਟ ਦਿੱਤੀ ਗਈ।

**ਮਮਦੋਟ (ਹਰਪਾਲ ਸੋਢੀ)** : ਕਸਬਾ ਮਮਦੋਟ ਵਿਖੇ 99 ਬੀ. ਐੱਨ. ਬੀ.


ਮਮਦੋਟ

ਐੱਸ. ਐੱਫ. ਕੈਂਪਸ ਵਿਖੇ ਕਮਾਂਡੈਂਟ ਸੰਜੀਵ ਕੁਮਾਰ ਦੀ ਦੇਖ-ਰੇਖ ਬੜੇ ਹੀ ਅਨੁਸ਼ਾਸਤ ਤਰੀਕੇ ਨਾਲ ਮਨਾਇਆ ਗਿਆ।ਇਸ ਯੋਗਾ ਕੈਂਪ ਵਿੱਚ ਬੀ. ਐੱਸ. ਐੱਫ. ਦੇ ਜਵਾਨਾਂ ਤੋਂ ਇਲਾਵਾ ਕੁੱਝ ਸਥਾਨਕ ਐੱਮ. ਸੀ. ਤੇ ਪੱਤਰਕਾਰ ਭਾਈਚਾਰੇ ਦੇ ਲੋਕ ਵੀ ਸ਼ਾਮਲ ਹੋਏ।ਇਸ ਮੌਕੇ ਕਮਲੇਸ਼ ਕੁਮਾਰ ਡਿਪਟੀ ਕਮਾਂਡੈਂਟ, ਗੋਪਾਲ ਸਿੰਘ ਡਿਪਟੀ ਕਮਾਂਡੈਂਟ, ਸੁਰੇਂਦਰ ਸਿੰਘ ਡਿਪਟੀ ਕਮਾਂਡੈਂਟ, ਅੰਕੁਸ਼ ਰਾਵਲ ਅਸਿਸਟੈਂਟ ਕਮਾਂਡੈਂਟ ਤੋਂ ਇਲਾਵਾ ਐੱਮ ਸੀ ਸੋਨੂੰ ਸੇਠੀ, ਜੋਗਿੰਦਰ ਸਿੰਘ ਭੋਲਾ ਪ੍ਰਧਾਨ ਪ੍ਰੈੱਸ ਕਲੱਬ ਮਮਦੋਟ, ਸੀਨੀਅਰ ਪੱਤਰਕਾਰ ਬਲਦੇਵ ਰਾਜ ਸ਼ਰਮਾ, ਪੱਤਰਕਾਰ ਸੰਜੀਵ ਕੁਮਾਰ ਮਦਾਨ ਆਦਿ ਸ਼ਾਮਲ ਹੋਏ।

**ਰਾਜਪੁਰਾ (ਰਮੇਸ਼ ਕਟਾਰੀਆ)** : ਸਥਾਨਕ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਵਿਖੇ 5 ਪੰਜਾਬ ਬਟਾਲੀਅਨ ਦੇ ਏ.ਐੱਨ.ਓ. ਲੈਫ਼ਟੀਨੈਂਟ ਡਾ. ਜੈਦੀਪ ਸਿੰਘ ਤੇ ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਦੀ ਅਗਵਾਈ ਵਿੱਚ ਵਿਸ਼ਵ ਯੋਗਾ ਦਿਵਸ ਮਨਾਇਆ ਗਿਆ। ਐੱਨ.ਸੀ. ਸੀ. ਦੇ ਕੈਡਿਟਸ ਦੇ ਨਾਲ-ਨਾਲ ਕਾਲਜ ਦੇ 90 ਦੇ ਕਰੀਬ ਵਿਦਿਆਰਥੀਆਂ ਤੇ ਸਟਾਫ਼ ਨੇ ਇਸ ਪ੍ਰੋਗਰਾਮ ਵਿੱਚ ਭਾਗ ਲਿਆ। ਯੋਗਾ ਕੋਚ ਨੀਰਜ ਸ਼ਰਮਾ ਨੇ ਬੱਚਿਆਂ ਨੂੰ ਯੋਗ ਦੇ ਅਲੱਗ-ਅਲੱਗ ਆਸਣ ਕਰਵਾਏ। ਕੋਚ ਨੀਰਜ ਸ਼ਰਮਾ ਨੇ ਇਸ ਦਿਨ ਦੇ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਕਿਹਾ ਕਿ ਸਾਲ ਦੇ ਸੱਭ ਤੋਂ ਵੱਡੇ ਦਿਨ 21 ਜੂਨ ਨੂੰ ਯੋਗ ਦਿਵਸ ਪੂਰੇ ਵਿਸ਼ਵ ਵਿੱਚ ਮਨਾਇਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਯੋਗ


ਰਾਜਪੁਰਾ

ਆਸਣ ਸਾਡੇ ਸਰੀਰ ਦੇ ਅੰਗਾਂ ਨੂੰ ਖੋਲ੍ਹ ਕੇ ਵੱਖ ਵੱਖ ਦਿਸ਼ਾਵਾਂ ਵਿੱਚ ਗਤੀਸ਼ੀਲ ਬਣਾਉਣ ਵਿੱਚ ਮਦਦ ਕਰਦਾ ਹੈ, ਜਿਸ ਨਾਲ ਸਾਡੇ ਸਰੀਰ ਤੇ ਜੋੜਾਂ ਵਿਚਲੀ ਕਠੋਰਤਾ ਘਟਦੀ ਹੈ ਅਤੇ ਸਾਡਾ ਸਰੀਰ ਬਿਮਾਰੀਆਂ ਤੋਂ ਬਚ ਜਾਂਦਾ ਹੈ। ਉਨ੍ਹਾਂ ਬੱਚਿਆਂ ਨੂੰ ਮੋਬਾਇਲ, ਨਸ਼ਿਆਂ ਤੇ ਜੰਕ-ਫੂਡ ਤੋਂ ਦੂਰ ਰਹਿ ਕੇ ਰੋਜ਼ਾਨਾ ਯੋਗ ਆਸਣ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਰੋਜ਼ਾਨਾ ਯੋਗ ਆਸਣ ਕਰਨ ਕਰਕੇ ਸਰੀਰ ਤੰਦਰੁਸਤੀ ਦੇ ਨਾਲ-ਨਾਲ ਜਵਾਨ ਵੀ ਰਹਿੰਦਾ ਹੈ। ਇਸ ਪ੍ਰੋਗਰਾਮ ਵਿੱਚ ਡਾ. ਗੁਰਪ੍ਰੀਤ ਸਿੰਘ ਨੇ ਵਿਸ਼ੇਸ਼ ਸ਼ਿਰਕਤ ਕੀਤੀ।

**ਸਮਾਣਾ/ਪਟਿਆਲਾ (ਇਕਬਾਲ, ਗੁਰਪਿਆਰ, ਰਾਜਿੰਦਰ ਥਿੰਦ)** : ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਤੰਦਰੁਸਤ ਰੱਖਣ ਲਈ ਚਲਾਈ ਜਾ ਰਹੀ ਸੀ.ਐੱਮ. ਦੀ ਯੋਗਸ਼ਾਲਾ ਤਹਿਤ ਇਥੇ ਗਿਆਰ੍ਹਵਾਂ ਅੰਤਰ-ਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ, ਜਿਸ ਨੂੰ ਪਟਿਆਲਵੀਆਂ ਦੀ ਲਾਮਿਸਾਲ ਸ਼ਮੂਲੀਅਤ ਨੇ ਸਫਲ ਬਣਾਇਆ। ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਥਾਪਰ ਯੂਨੀਵਰਸਿਟੀ ਵਿਖੇ ਸਵੇਰੇ 6 ਤੋਂ 7:30 ਵਜੇ ਤੱਕ ਮਨਾਏ ਗਏ ਇਸ ਅੰਤਰਰਾਸ਼ਟਰੀ ਯੋਗ ਦਿਵਸ ਦੇ ਜ਼ਿਲ੍ਹਾ ਪੱਧਰੀ ਸਮਾਰੋਹ 'ਚ ਵੱਡੀ ਗਿਣਤੀ 'ਚ ਰੋਜ਼ਾਨਾ ਸ਼ਮੂਲੀਅਤ ਕਰਨ ਵਾਲੇ ਪਟਿਆਲਵੀ, ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ, ਵਿਦਿਆਰਥੀਆਂ, ਖਿਡਾਰੀਆਂ, ਸਥਾਨਕ ਵਾਸੀਆਂ ਤੇ ਹੋਰ ਪਤਵੰਤਿਆਂ ਨੇ ਸ਼ਮੂਲੀਅਤ ਕੀਤੀ।ਇਸ ਮੌਕੇ ਪਟਿਆਲਾ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦਾ ਸੁਪਨਾ ਹੈ ਕਿ ਪੰਜਾਬ ਦੇਸ਼ ਦਾ ਸਭ ਤੋਂ ਤੰਦਰੁਸਤ ਸੂਬਾ ਬਣੇ, ਜਿਸ ਲਈ ਉਨ੍ਹਾਂ ਵੱਲੋਂ ਸੂਬੇ ਭਰ ਵਿੱਚ ਸੀ.ਐੱਮ. ਦੀ ਯੋਗਸ਼ਾਲਾ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਦਾ ਰੋਜ਼ਾਨਾ ਸੂਬੇ ਦੇ ਲੱਖਾਂ ਲੋਕ ਸਵੇਰੇ-ਸ਼ਾਮ ਲਾਭ ਉੱਠਾ ਰਹੇ ਹਨ।ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਲਈ ਸੀ.ਐੱਮ. ਦੀ ਯੋਗਸ਼ਾਲਾ ਸ਼ੁਰੂ ਕਰਨ ਇਕ


ਸਮਾਣਾ

ਦੂਰਅੰਦੇਸ਼ੀ ਸੋਚ ਹੈ, ਜੋ ਰੰਗਲਾ ਪੰਜਾਬ ਬਣਾਉਣ 'ਚ ਅਹਿਮ ਰੋਲ ਅਦਾ ਕਰੇਗੀ।ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਮੇਘ ਚੰਦ ਸ਼ੇਰਮਾਜਰਾ, ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲ, ਕੌਂਸਲਰ ਜਸਬੀਰ ਗਾਂਧੀ, ਕੌਂਸਲਰ ਦਵਿੰਦਰ ਕੌਰ, ਜ਼ਿਲ੍ਹਾ ਆਯੁਰਵੇਦ ਤੇ ਯੂਨਾਨੀ ਅਫ਼ਸਰ ਡਾ. ਮੋਹਨ ਕੌਸ਼ਲ, ਜ਼ਿਲ੍ਹਾ ਹੋਮਿਓਪੈਥੀ ਅਫ਼ਸਰ ਡਾ. ਰਜੀਵ ਜਿੰਦਲ, ਸੁਪਰਡੈਂਟ ਡੀ.ਏ.ਯੂ.ਓ ਮੋਹਨ ਪ੍ਰਕਾਸ਼, ਸੀਨੀਅਰ ਮੈਡੀਕਲ ਅਫ਼ਸਰ ਡਾ. ਅਨੂ ਸ਼ਾਰਦਾ, ਆਯੁਰਵੈਦਿਕ ਮੈਡੀਕਲ ਅਫ਼ਸਰ ਡਾ. ਯੋਗੇਸ਼ ਭਾਟੀਆ, ਡਾ. ਅਮਨਦੀਪ ਕੌਰ, ਡਾ. ਰਜਨੀਸ਼, ਡਾ. ਮਨੀਸ਼ਾ ਸਿੰਗਲਾ, ਉਪਵੇਦ ਮੋਹਿਤ ਰਿਸ਼ੀ, ਸਚਿਨ, ਜ਼ਿਲ੍ਹਾ ਕੋਆਰਡੀਨੇਟਰ ਸੀ.ਐੱਮ. ਦੀ ਯੋਗਸ਼ਾਲਾ ਰਜਿੰਦਰ ਸਿੰਘ, ਡਾ. ਰਾਜਨੀਤ ਕੌਰ, ਡਾ. ਕਮਲਜੀਤ ਕੌਰ, ਤਾਇਕਵਾਂਡੋ ਕੋਚ ਸਤਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਪਟਿਆਲਵੀ ਮੌਜੂਦ ਸਨ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਪਾਤੜਾਂ ਰੋਇਲ ਵੱਲੋਂ ਅੰਤਰਰਾਸ਼ਟਰੀ ਯੋਗ ਦਿਹਾੜਾ ਮਨਾਇਆ


ਪਾਤੜਾਂ

ਗਿਆ।ਕਲੱਬ ਦੇ ਪ੍ਰਧਾਨ ਕਪਿਲ ਕੌਸ਼ਲ ਮਲਿਕ ਨੇ ਦੱਸਿਆ ਕਿ ਸਾਨੂੰ ਸਾਰਿਆਂ ਨੂੰ ਯੋਗ ਕਰਨਾ ਚਾਹੀਦਾ ਹੈ, ਜਿਸ ਨਾਲ ਅਸੀਂ ਅਪਣੇ ਸਰੀਰ ਨੂੰ ਤੰਦਰੁਸਤ ਕਰ ਸਕਦੇ ਹਾਂ।ਯੋਗ ਦਿਹਾੜੇ ਦੀ ਸ਼ੁਰੂਆਤ ਅਸ਼ੋਕ ਗਰਗ ਤੇ ਮੈਡਮ ਵੀਨਾ ਰਾਣੀ ਵੱਲੋਂ ਕੀਤੀ ਗਈ।ਰੋਟਰੀ ਕਲੱਬ ਰੋਇਲ ਹਰ ਸਮੇਂ ਸਮਾਜ ਭਲਾਈ ਦੇ ਕੰਮਾਂ ਲਈ ਤਿਆਰ ਰਹਿੰਦਾ ਹੈ।ਇਸ ਮੌਕੇ ਸੈਕਟਰੀ ਕੁਨਾਲ ਗੋਇਲ, ਕੈਸ਼ੀਅਰ ਅਰੁਣ ਕੁਮਾਰ, ਅਮਨਦੀਪ ਸਿੰਘ, ਰਾਕੇਸ਼ ਗਰਗ ਚੇਅਰਮੈਨ ਮਦਰ ਇੰਡੀਆ, ਨਰਾਇਣ ਗਰਗ, ਅਸ਼ੋਕ ਗਰਗ, ਹਰਮੇਸ਼ ਸਿੰਗਲਾ, ਰਾਕੇਸ਼ ਗੋਇਲ, ਨਰਾਇਣ ਦਾਸ, ਰਾਕੇਸ਼ ਸਿੰਗਲਾ ਚੇਅਰਮੈਨ ਗੁਰੂਕੁਲ ਸਕੂਲ, ਵਿਸ਼ਾਲ ਗੋਇਲ, ਜੀਵਨ ਸਿੰਗਲਾ, ਡਾ. ਮੋਹਨ ਲਾਲ ਸਿੰਗਲਾ, ਸੋਨੂੰ ਬਾਂਸਲ, ਸੁਨੀਲ ਮਿੱਤਲ, ਹੈਪੀ ਸਿੰਗਲਾ, ਡਾ. ਅਮਨ ਸ਼ਰਮਾ, ਅਮਿਤ ਗਰਗ, ਰਾਕੇਸ਼ ਸਿੰਗਲਾ, ਸੰਦੀਪ ਗੁਪਤਾ, ਰਜਿੰਦਰ ਬਾਂਸਲ ਆਦਿ ਮੈਂਬਰ ਹਾਜ਼ਰ ਸਨ।

**ਧੂਰੀ (ਬਿੰਨੀ ਗਰਗ)** : ਸਕੂਲ ਪ੍ਰਿੰਸੀਪਲ ਰਮਨਦੀਪ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਧੂਰੀ ਪਿੰਡ ਦੀ ਯੋਗ ਅਗਵਾਈ ਵਿੱਚ


ਧੂਰੀ

ਅਤੇ ਸਕੂਲ ਐੱਨ.ਐੱਸ.ਐੱਸ. ਯੂਨਿਟ ਦੇ ਪ੍ਰੋਗਰਾਮ ਅਫਸਰ ਸੁਖਵੀਰ ਸਿੰਘ ਮਾਨ ਦੀ ਦੇਖ ਰੇਖ ਹੇਠ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਬੜੀ ਧੂਮਧਾਮ ਨਾਮ ਮਨਾਇਆ ਗਿਆ।

ਇਸ ਕੈਂਪ 'ਚ ਵੱਖ ਵੱਖ ਅਧਿਆਪਕਾਂ, ਬੱਚਿਆਂ ਤੇ ਬੱਚਿਆ ਦੇ ਮਾਤਾ-ਪਿਤਾ ਨੇ ਭਾਗ ਲਿਆ ਤੇ ਯੋਗ ਕੀਤਾ।ਮਹਿੰਦਰ ਕੁਮਾਰ ਗਰਗ ਕੰਪਿਊਟਰ ਫੈਕਲਟੀ ਨੇ ਵਿਸ਼ੇਸ਼ ਤੌਰ 'ਤੇ ਸਾਰੇ ਸਾਧਕਾਂ ਨੂੰ ਆਸਨ, ਪ੍ਰਾਣਾਯਾਮ ਤੇ ਧਿਆਨ ਦੀਆਂ ਕ੍ਰਿਆਵਾਂ ਕਰਵਾਈਆਂ ਅਤੇ ਅੱਜ ਦੇ ਸਮੇਂ ਵਿੱਚ ਯੋਗ ਕਰਨ ਦੇ ਮਹੱਤਵ ਬਾਰੇ ਚਾਨਣਾ ਪਾਇਆ।ਸਕੂਲ ਪ੍ਰਿੰਸੀਪਲ ਰਮਨਦੀਪ ਕੌਰ ਨੇ ਵੀ ਰੋਜ਼ ਯੋਗ ਕਰਨ ਲਈ ਸਾਰਿਆਂ ਨੂੰ ਪ੍ਰੇਰਿਤ ਕੀਤਾ।ਮੈਡਮ ਸੁਰਿੰਦਰਪਾਲ ਕੌਰ ਵੱਲੋਂ ਅੰਤ ਵਿੱਚ ਬੱਚਿਆਂ ਨੂੰ ਰਿਫਰੈੱਸ਼ਮੈਂਟ ਭੇਜ ਕੇ ਸੇਵਾ ਕੀਤੀ ਗਈ।ਇਸ ਕੈਂਪ ਦੌਰਾਨ ਹੋਰਨਾਂ ਤੋਂ ਇਲਾਵਾ ਵਿਜੈ ਸਿੰਗਲਾ, ਨੀਲਮ ਸ਼ਰਮਾ, ਯਸ਼ਪਾਲ, ਮਨੀਸ਼ ਗਰਗ, ਨਿਤਨ ਗੋਇਲ, ਸੋਨੀਆ ਬਾਂਸਲ, ਅੰਜੂ ਬਾਲਾ, ਗੋਪਿਕਾ ਮਿੱਤਲ, ਸ਼ਿਮਲਾ ਰਾਣੀ, ਰਣਦੀਪ ਕੌਰ, ਸੁਨੀਤਾ ਰਾਣੀ, ਕਮਲਜੀਤ ਕੌਰ ਸਮੇਤ ਸਮੂਹ ਸਟਾਫ ਹਾਜ਼ਰ ਸੀ।

## ਗੁਰੂ ਘਰਾਂ 'ਚ ਅਖੌਤੀ ਪੰਥਕ ਕਮੇਟੀਆਂ ਦੀ ਬੇਲੋੜੀ ਦਖਲ-ਅੰਦਾਜ਼ੀ 'ਤੇ ਚਰਚਾ, ਸ੍ਰੀ ਅਕਾਲ ਤਖਤ ਸਾਹਿਬ ਨੂੰ ਸ਼ਿਕਾਇਤ ਭੇਜਣ ਦਾ ਫੈਸਲਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਕੇਂਦਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੋਗਾ ਸ਼ਹਿਰੀ ਦੀ ਇੱਕ ਮੀਟਿੰਗ ਗੁਰਦੁਆਰਾ ਕਲਗੀਧਰ ਦੱਤ ਰੋਡ ਮੋਗਾ ਵਿਖੇ ਹੋਈ, ਜਿਸ ਵਿੱਚ ਵੱਖ-ਵੱਖ ਗੁਰੂ ਘਰਾਂ ਵਿੱਚ ਚੱਲ ਰਹੀਆਂ ਸੇਵਾਵਾਂ ਨੂੰ ਸਾਂਝਾ ਕੀਤਾ ਗਿਆ।ਪ੍ਰਬੰਧਕ ਕਮੇਟੀਆਂ ਵਿੱਚ ਕੁਝ ਅਖੌਤੀ ਪੰਥਕ ਕਮੇਟੀਆਂ ਦੇ ਵਿਅਕਤੀਆਂ ਵੱਲੋਂ ਕੀਤੀ ਜਾ ਰਹੀ ਬੇਲੋੜੀ ਦਖਲ ਅੰਦਾਜ਼ੀ 'ਤੇ ਚਰਚਾ ਹੋਈ। ਬੀਤੇ ਦਿਨੀਂ ਗੁਰਦੁਆਰਾ ਸੋਢੀ ਨਗਰ ਮੋਗਾ ਵਿਖੇ ਗਿਆਨੀ ਵੱਲੋਂ ਸਪੀਕਰ ਰਾਹੀਂ ਇੱਕ ਦਿੱਤੀ ਹੋਈ ਆਵਾਜ਼ 'ਤੇ ਇਨ੍ਹਾਂ ਲੋਕਾਂ ਵੱਲੋਂ ਕੀਤੇ ਗਏ ਵਿਵਾਦ ਦੇ ਮਾਮਲੇ ਨੂੰ ਵਿਚਾਰਿਆ ਗਿਆ। ਅਜਿਹੇ ਲੋਕਾਂ ਬਾਰੇ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਨੂੰ ਸ਼ਿਕਾਇਤ ਭੇਜਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਇਹ ਵੀ ਫੈਸਲਾ ਹੋਇਆ ਕਿ ਕਿਸੇ ਗੁਰੂ ਘਰ ਵਿੱਚ ਕੋਈ ਐਸੀ ਹਰਕਤ ਜਾਂ ਬੇਲੋੜੀ ਦਖਲ ਅੰਦਾਜ਼ੀ ਕੋਈ ਕਰਦਾ ਹੈ ਤਾਂ ਸਾਂਝੇ ਤੌਰ 'ਤੇ ਇਨ੍ਹਾਂ ਮਾਮਲਿਆਂ ਨਾਲ ਨਜਿੱਠਿਆ ਜਾਵੇਗਾ।ਇਸ ਮੀਟਿੰਗ ਦੌਰਾਨ ਬਲਵਿੰਦਰ ਸਿੰਘ ਸੋਡੀ ਨਗਰ, ਬਲਜੀਤ ਸਿੰਘ ਵਿੱਕੀ, ਮਨਮੋਹਨ ਸਿੰਘ ਬਿੰਦਰਾ, ਅਵਤਾਰ ਸਿੰਘ ਵਿਰਦੀ, ਜਸਵੰਤ ਸਿੰਘ ਬਾਵਾ, ਇੰਦਰਪਾਲ ਸਿੰਘ ਬੱਬੀ, ਜਸਵੰਤ ਸਿੰਘ ਬਧਨੀ, ਹਰ ਨੈਬ ਸਿੰਘ, ਅਨੂਪ ਸਿੰਘ, ਕਰਮਜੀਤ ਸਿੰਘ ਲੰਘਿਆਣਾ ਤੇ ਗੁਰਪ੍ਰੀਤ ਸਿੰਘ ਚੀਮਾ ਹਾਜ਼ਰ ਹੋਏ।

## ਨਸ਼ੀਲੀਆਂ ਗੋਲੀਆਂ ਸਮੇਤ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਮੱਲਾਂਵਾਲਾ ਨੇ ਗਸ਼ਤ ਤੇ ਚੈਕਿੰਗ ਦੌਰਾਨ ਦੋ ਵਿਅਕਤੀਆਂ ਨੂੰ 109 ਨਸ਼ੀਲੀਆਂ ਗੋਲੀਆਂ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਕੰਵਲਜੀਤ ਕੌਰ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਕਰਮਚਾਰੀਆਂ ਦੇ ਗਸ਼ਤ ਕਰਦੀ ਹੋਈ ਪਿੰਡ ਕੋਹਾਲਾ ਮੰਡੀ ਪੁੱਜੀ ਤਾਂ 2 ਮੋਨੇ ਨੌਜਵਾਨ ਰਮਨਦੀਪ ਪੁੱਤਰ ਧਰਮਾ ਵਾਸੀ ਕੱਟਿਆਂ ਵਾਲਾ ਮੁਹੱਲਾ ਥਾਣਾ ਮੱਲਾਂਵਾਲਾ ਤੇ ਸੁਖਵਿੰਦਰ ਸਿੰਘ ਉਰਫ ਮੋਟਾ ਪੁੱਤਰ ਨਿਰਮਲ ਸਿੰਘ ਵਾਸੀ ਹਾਮਦ ਵਾਲਾ ਪੁਲਸ ਪਾਰਟੀ ਨੂੰ ਵੇਖ ਕੇ ਖਿਸਕਣ ਲੱਗੇ, ਜਿਨ੍ਹਾਂ ਦੀ ਤਲਾਸ਼ੀ ਲਈ ਤਾਂ ਇਨ੍ਹਾਂ ਕੋਲੋਂ 109 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਮੈਡੀਕਲ ਲੈਬੋਰੇਟਰੀ ਐਸੋਸੀਏਸ਼ਨ ਦੀ ਚੋਣ, ਜਸ਼ੋਰੀਆ ਬਲਾਕ ਪ੍ਰਧਾਨ ਬਣੇ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਜੈ ਮਲਾਪ ਮੈਡੀਕਲ ਲੈਬੋਰੇਟਰੀ ਐਸੋਸੀਏਸ਼ਨ ਬਲਾਕ ਧੂਰੀ ਦੀ ਜ਼ਿਲ੍ਹਾ ਪ੍ਰਧਾਨ ਵਿਸ਼ਾਲ ਕੌਸ਼ਲ ਦੀ ਅਗਵਾਈ ਹੇਠ ਹੋਈ ਚੋਣ ਵਿੱਚ ਰਾਜ ਕੁਮਾਰ ਜਸ਼ੋਰੀਆ ਨੂੰ ਐਸੋਸੀਏਸ਼ਨ ਦੀ ਬਲਾਕ ਕਮੇਟੀ ਦਾ ਅਗਲੇ ਦੋ ਸਾਲਾਂ ਲਈ ਮੁੜ ਪ੍ਰਧਾਨ ਚੁਣ ਲਿਆ ਗਿਆ।ਇਸ ਮੌਕੇ ਕੈਸ਼ੀਅਰ ਸਚਿਨ ਸਿੰਗਲਾ ਤੇ ਸੈਕਟਰੀ ਜਗਸੀਰ ਸਿੰਘ ਨੂੰ ਨਾਮਜ਼ਦ ਕੀਤਾ ਗਿਆ। ਇਸ ਮੌਕੇ ਜਥੇਬੰਦੀ ਦੇ ਲੇਖੇ ਜੋਖੇ ਦਾ ਹਿਸਾਬ ਕਰਦਿਆਂ ਅੱਗੇ ਨੂੰ ਹੋਰ ਵੀ ਵੱਧ ਚੜ੍ਹ ਕੇ ਕੰਮ ਕਰਨ ਦਾ ਅਹਿਦ ਕੀਤਾ ਗਿਆ।ਇਸ ਮੌਕੇ ਅਜੈ ਕੁਮਾਰ, ਗੁਰਜੀਵਨ ਸਿੰਘ, ਵਰਿੰਦਰ ਗੋਇਲ, ਸਤਵੀਰ ਸਿੰਘ, ਗਗਨਦੀਪ, ਗਗਨਦੀਪ ਗਰਗ, ਹਰਦੀਪ ਸਿੰਘ, ਨਵਦੀਪ ਸਿੰਘ ਹਾਜ਼ਰ ਸਨ।

## ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਡੀਲਰਾਂ ਦੀ ਚੈਕਿੰਗ



**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ)**-ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਤੇ ਖੇਤੀਬਾੜੀ ਮੰਤਰੀ ਸ੍. ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ ਨਿਰਦੇਸ਼ ਅਤੇ ਮੁੱਖ ਖੇਤੀਬਾੜੀ ਅਫ਼ਸਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਡਾ. ਕਰਨਜੀਤ ਸਿੰਘ ਗਿੱਲ ਦੀ ਯੋਗ ਅਗਵਾਈ ਹੇਠ ਐਕਟ ਅਨੁਸਾਰ ਨਾ ਕੰਮ ਕਰਨ ਵਾਲੇ ਡੀਲਰਾਂ 'ਤੇ ਵੱਡੇ ਪੱਧਰ 'ਤੇ ਕਾਰਵਾਈ ਚੱਲ ਰਹੀ ਹੈ।ਮੁੱਖ ਖੇਤੀਬਾੜੀ ਅਫ਼ਸਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਡਾ. ਕਰਨਜੀਤ ਸਿੰਘ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੀਲਰਾਂ ਦੀ ਚੈਕਿੰਗ ਦਾ ਮੰਤਵ ਕਿਸਾਨਾਂ ਨੂੰ ਸੁੱਧ, ਸਮੇਂ ਤੇ ਪੱਕੇ ਬਿੱਲ ਅਤੇ ਬਿਨਾਂ ਕਿਸੇ ਲੁੱਟ ਘਸੁੱਟ ਅਤੇ ਕਾਲਾ-ਬਜ਼ਾਰੀ ਦੇ ਖੇਤੀ ਵਸਤਾਂ ਮੁਹੱਈਆ ਕਰਵਾਉਣੀਆਂ ਹਨ।ਇਸੇ ਲੜੀ ਤਹਿਤ ਨਵੀਂ ਤੇ ਪੁਰਾਣੀ ਦਾਣਾ ਮੰਡੀ ਸ੍ਰੀ ਮੁਕਤਸਰ ਸਾਹਿਬ ਦੇ ਡੀਲਰ ਮੈਸ. ਗਰਗ ਸੇਲਜ਼ ਕਾਰਪੋਰੇਸ਼ਨ, ਗਰਗ ਟ੍ਰੇਡਿੰਗ ਕੰਪਨੀ, ਰਾਜੇਸ਼ ਫਰਟੀਲਾਈਜ਼ਰਜ਼ ਤੇ ਗਾਜਾ ਨੰਦ ਐਂਡ ਕੰਪਨੀ ਦੀ ਚੈਕਿੰਗ ਕੀਤੀ ਗਈ।ਚੈਕਿੰਗ ਦੌਰਾਨ ਦੇਖਣ ਵਿੱਚ ਆਇਆ ਕਿ ਦੋ-ਦੋ ਫਰਮਾਂ ਇੱਕੋ ਪਰੀਮਾਈਸਜ਼ ਤੇ ਕਾਰੋਬਾਰ ਕਰ ਰਹੀਆਂ ਹਨ ਅਤੇ ਖਾਦਾਂ ਤੇ ਦਵਾਈਆਂ ਦਾ ਰਿਕਾਰਡ ਗਲਤ ਜਾਂ ਅਧੂਰਾ ਪਾਇਆ ਗਿਆ।ਮੁੱਖ ਖੇਤੀਬਾੜੀ ਅਫ਼ਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖਾਦਾਂ ਤੇ ਦਵਾਈਆਂ ਦੀ ਸੇਲ ਬੰਦ ਕਰ ਦਿੱਤੀ ਗਈ ਅਤੇ ਸੈਂਪਲ ਭਰੇ ਗਏ।ਉਨ੍ਹਾਂ ਕਿਹਾ ਕਿ ਕਾਰਨ ਦੱਸੋ ਨੋਟਿਸ ਵੀ ਜਾਰੀ ਕੀਤੇ ਜਾਣਗੇ ਤੇ ਮਹਿਕਮੇ ਦੀ ਤਸੱਲੀ ਨਾ ਹੋਣ ਦੀ ਸੂਰਤ 'ਚ ਖਾਦ ਕੰਟਰੋਲ ਆਰਡਰ 1983 ਤੇ ਇਨਸੈਕਟੀਸਾਈਡਜ਼ ਐਕਟ 1968 ਤਹਿਤ ਬਣਦੀ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਟੀਮ ਮੈਂਬਰ ਡਾ. ਜਸਨਪ੍ਰੀਤ ਸਿੰਘ ਬਰਾੜ, ਡਾ. ਸੁਖਜਿੰਦਰ ਸਿੰਘ, ਡਾ. ਹਰਜੀਤ ਸਿੰਘ, ਡਾ. ਸ਼ਵਿੰਦਰ ਸਿੰਘ ਤੇ ਡਾ. ਹਰਮਨਦੀਪ ਸਿੰਘ ਸਮੇਤ ਸਹਾਇਕ ਸਟਾਫ ਹਾਜ਼ਰ ਸਨ।

## ਅਜੀਤ ਨਗਰ ਦਾ ਟਿਊਬਵੈੱਲ ਵਿਧਾਇਕ ਨਰਿੰਦਰ ਕੌਰ ਵੱਲੋਂ ਲੋਕ ਅਰਪਿਤ

### ਪ੍ਰੋਜੈਕਟ ਤਹਿਤ ਵੱਖੋ-ਵੱਖ ਥਾਂ ਲਾਏ ਜਾਣਗੇ 3 ਹੋਰ ਟਿਊਬਵੈੱਲ



**ਸੰਗਰੂਰ (ਪ੍ਰਵੀਨ ਸਿੰਘ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਕਾਰਜ ਬੇਰੋਕ ਜਾਰੀ ਹਨ, ਜਿਨ੍ਹਾਂ ਦੀ ਲੜੀ ਤਹਿਤ ਕਰੀਬ 1 ਕਰੋੜ 50 ਲੱਖ ਰੁਪਏ ਦੀ ਲਾਗਤ ਵਾਲੇ ਪ੍ਰੋਜੈਕਟ ਤਹਿਤ ਅਜੀਤ ਨਗਰ ਦਾ ਟਿਊਬਵੈੱਲ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਲੋਕ ਅਰਪਿਤ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਨੇ ਕਿਹਾ ਕਿ ਅਜੀਤ ਨਗਰ ਦਾ ਟਿਊਬਵੈੱਲ ਪੁਰਾਣਾ ਹੋਣ ਕਾਰਨ ਲੋਕਾਂ ਨੂੰ ਪਾਣੀ ਦੀ ਪੂਰੀ ਸਪਲਾਈ ਨਹੀਂ ਮਿਲ ਰਹੀ ਸੀ ਤੇ ਸ਼ਹਿਰ ਦੇ ਹੋਰ ਕਈ ਖੇਤਰਾਂ ਵਿੱਚ ਵੀ ਅਜਿਹੀ ਦਿੱਕਤ ਆ ਰਹੀ ਸੀ।

ਇਸ ਦੇ ਮੱਦੇਨਜ਼ਰ 4 ਖੇਤਰਾਂ ਅਜੀਤ ਨਗਰ, ਰਣਬੀਰ ਕਾਲਜ, ਹਰੀਪੁਰਾ ਤੇ ਗੁਰੂ ਨਾਨਕ ਕਲੋਨੀ ਵਿਖੇ ਕਰੀਬ 1 ਕਰੋੜ 50 ਲੱਖ ਰੁਪਏ ਦੀ ਲਾਗਤ ਨਾਲ 04 ਟਿਊਬਵੈੱਲ ਲਗਾਏ ਜਾਣੇ ਹਨ।ਇਨ੍ਹਾਂ ਵਿੱਚੋਂ ਅਜੀਤ ਨਗਰ ਦਾ ਟਿਊਬਵੈੱਲ ਲੋਕ ਅਰਪਿਤ ਕਰ ਦਿੱਤਾ ਗਿਆ ਹੈ, ਜਿਸ ਨਾਲ ਇਸ ਖੇਤਰ ਦੇ ਲੋਕਾਂ ਦੀ ਮੰਗ ਪੂਰੀ ਹੋਈ ਹੈ।ਹਲਕਾ ਵਿਧਾਇਕ ਨੇ ਦੱਸਿਆ ਕਿ ਬਾਕੀ ਟਿਊਬਵੈੱਲਾਂ ਦਾ ਕੰਮ ਵੀ ਜਲਦ ਹੀ ਮੁਕੰਮਲ ਕਰ ਕੇ ਬਹੁਤ ਜਲਦ ਉਨ੍ਹਾਂ ਨੂੰ ਵੀ ਲੋਕ ਅਰਪਿਤ ਕਰ ਦਿੱਤਾ ਜਾਵੇਗਾ, ਜਿਸ ਨਾਲ ਲੋਕਾਂ ਨੂੰ ਵੱਡੇ ਪੱਧਰ 'ਤੇ ਰਾਹਤ ਮਿਲੇਗੀ।ਸ੍ਰੀਮਤੀ ਭਰਾਜ ਨੇ ਕਿਹਾ ਕਿ ਸ਼ਹਿਰ ਦੀਆਂ ਜਿਹੜੀਆਂ ਵੀ ਦਿੱਕਤਾਂ ਤੇ ਮੰਗਾਂ ਹਨ, ਉਨ੍ਹਾਂ ਸਾਰੀਆਂ ਬਾਬਤ ਕਾਰਵਾਈ ਜਾਰੀ ਹੈ।ਸ਼ਹਿਰ ਦੀ ਹਰ ਇਕ ਮੁਸ਼ਕਲ ਨੂੰ ਹੱਲ ਕੀਤਾ ਜਾਵੇਗਾ ਤੇ ਸ਼ਹਿਰ ਵਾਸੀਆਂ ਦੀਆਂ ਸਾਰੀਆਂ ਮੰਗਾਂ ਦੀ ਪੂਰਤੀ ਵਿੱਚ ਕੋਈ ਕਸਰ ਨਹੀਂ ਛੱਡੀ ਜਾਵੇਗੀ।ਇਸ ਮੌਕੇ ਲਲਿਤ ਮਿੱਤਲ ਐੱਸ.ਡੀ.ਓ. ਜਲ ਸਪਲਾਈ ਸਮੇਤ ਵੱਖੋ-ਵੱਖ ਅਹੁਦੇਦਾਰ, ਵਿਭਾਗਾਂ ਦੇ ਅਧਿਕਾਰੀ, ਪਤਵੰਤੇ ਤੇ ਵੱਡੀ ਗਿਣਤੀ ਅਜੀਤ ਨਗਰ ਦੇ ਵਸਨੀਕ ਹਾਜ਼ਰ ਸਨ।

## ਦੇਸ਼ ਭਗਤ ਕੈਂਪਸ 'ਚ ਲਾਲ ਸਿੰਘ ਜੀ ਦੀ ਬਰਸੀ ਮਨਾਈ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਵਿਖੇ ਦੇਸ਼ ਭਗਤ ਯੂਨਾਈਟਡ ਗਰੁੱਪ ਦੇ ਚਾਂਸਲਰ ਡਾ. ਜੋਰਾ ਸਿੰਘ ਤੇ ਪ੍ਰੋ ਚਾਂਸਲਰ ਡਾ. ਤਜਿੰਦਰ ਕੌਰ ਜੀ ਦੀ ਅਗਵਾਈ ਹੇਠ ਵਿਸ਼ਵ ਯੋਗ ਦਿਵਸ ਮਨਾਇਆ ਗਿਆ।ਇਸ ਮੌਕੇ ਰੁਪਿੰਦਰ ਕੌਰ ਬੁੱਟਰ (ਪ੍ਰਿੰਸੀਪਲ, ਮਾਤਾ ਜਰਨੈਲ ਕੌਰ ਮੈਮੋਰੀਅਲ ਇੰਸਟੀਚਿਊਟ ਆਫ ਨਰਸਿੰਗ ਐਂਡ ਪੈਰਾਮੈਡੀਕਲ ਸਾਇੰਸਜ਼) ਸ੍ਰੀ ਮੇਜਰ ਮਹਿਤਾ (ਸੁਪਰਡੈਂਟ, ਦੇਸ਼ ਭਗਤ ਕੈਂਪਸ), ਸੰਜੀਵ ਜਿੰਦਲ (ਪ੍ਰਿੰਸੀਪਲ, ਦੇਸ਼ ਭਗਤ ਗਲੋਬਲ ਸਕੂਲ), ਮੁਨੀਸ਼ ਜੋਸ਼ੀ (ਪ੍ਰਿੰਸੀਪਲ, ਮਾਤਾ ਜਰਨੈਲ ਕੌਰ ਮੈਮੋਰੀਅਲ ਕਾਲਜ ਆਫ ਫਾਰਮੇਸੀ), ਨਵਦੀਪ ਸਿੰਘ (ਲੇਖਾਕਾਰ), ਸਮੂਹ ਸਟਾਫ ਤੇ ਵਿਦਿਆਰਥੀ ਮੌਜੂਦ ਸਨ।ਇਸ ਤੋਂ ਇਲਾਵਾ ਇਸ ਵਿਸ਼ੇਸ਼ ਦਿਵਸ 'ਤੇ ਡਾ. ਜ਼ੋਰਾ ਸਿੰਘ, ਚਾਂਸਲਰ ਦੇਸ਼ ਭਗਤ ਯੂਨੀਵਰਸਿਟੀ ਦੇ ਪਿਤਾ ਸ੍. ਲਾਲ ਸਿੰਘ ਜੀ, ਜੋ ਕਿ ਉੱਘੇ ਅਜ਼ਾਦੀ ਘੁਲਾਟੀਏ ਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਨਜ਼ਦੀਕੀ ਸਨ, ਅੱਜ ਉਨ੍ਹਾਂ ਦੀ ਸਦੀਵੀਂ ਯਾਦ ਵਿੱਚ ਉਨ੍ਹਾਂ ਨੂੰ ਫੁੱਲਾਂ ਦੀ ਸ਼ਰਧਾਂਜਲੀ ਦੇ ਕੇ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਕੀਤਾ।ਪ੍ਰਿੰਸੀਪਲ ਰੁਪਿੰਦਰ ਕੌਰ ਬੁੱਟਰ ਨੇ ਯੋਗ ਦਿਵਸ ਦੀ ਮਹੱਤਤਾ ਦੱਸਦੇ ਹੋਏ ਸਾਰਿਆਂ ਨੂੰ ਰੋਜ਼ ਯੋਗ ਕਰਨ ਦੀ ਸਲਾਹ ਦਿੱਤੀ।ਇਸ ਮੌਕੇ ਮਿਸਜ਼ ਤੇਜਿੰਦਰ ਕੌਰ ਚਲਾਈ ਗਈ ਮੁਹਿੰਮ 'ਹਰਾ ਪੰਜਾਬ ਖਰਾ ਪੰਜਾਬ' ਨੂੰ ਮੁੱਖ ਰੱਖਦਿਆਂ ਸਮੂਹ ਸਟਾਫ ਵੱਲੋਂ ਫਲਦਾਰ ਤੇ ਫੁੱਲਦਾਰ ਪੌਦੇ ਵੰਡੇ ਅਤੇ ਲਗਾਏ ਗਏ।

## ਕਮੇਟੀ ਵੱਲੋਂ ਅਮਰਨਾਥ ਸ਼ਰਧਾਲੂਆਂ ਲਈ ਲੰਗਰ ਦੇ ਟਰੱਕ ਰਵਾਨਾ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ਼ਨੀਵਾਰ ਸਵੇਰੇ ਸੁਨਾਮ ਤੋਂ ਸ੍ਰੀ ਬਾਬਾ ਅਮਰਨਾਥ ਯਾਤਰਾ ਵਿੱਚ ਸ਼ਰਧਾਲੂਆਂ ਲਈ ਲੰਗਰ ਲਗਾਉਣ ਲਈ ਰਾਸ਼ਨ ਦੇ ਦੋ ਟਰੱਕ ਜੰਮੂ ਕਸ਼ਮੀਰ ਵਿੱਚ ਸ਼ੇਸ਼ਨਾਗ ਲਈ ਰਵਾਨਾ ਕੀਤੇ ਗਏ।ਕਮੇਟੀ ਦੇ ਪ੍ਰਧਾਨ ਰਕੇਸ਼ ਜਿੰਦਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸ਼ਹਿਰ ਸੁਨਾਮ ਦੇ ਸਹਿਯੋਗ ਸਦਕਾ ਕਸ਼ਮੀਰ ਵਿੱਚ ਅਮਰਨਾਥ ਸ਼ਰਧਾਲੂਆਂ ਲਈ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ੇਸ਼ਨਾਗ ਕਸ਼ਮੀਰ ਵਿੱਚ 3 ਜੁਲਾਈ ਤੋਂ ਲੈ ਕੇ ਸ਼ਿਵ ਭੋਲੇ ਦੀ ਇੱਛਾ ਤੱਕ ਲੰਗਰ ਲਗਾਇਆ ਜਾਵੇਗਾ, ਜਿਸ ਵਿੱਚ ਸ਼ਰਧਾਲੂਆਂ ਲਈ ਗਰਮ ਕੰਬਲ ਆਰਾਮ ਕਰਨ ਲਈ ਗੱਦੇ ਤੇ ਖਾਣ ਪੀਣ ਲਈ ਭੋਜਨ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਸ਼ਰਧਾਲੂਆਂ ਦੀ ਹਰ ਦੁੱਖ ਤਕਲੀਫ ਦਾ ਵੀ ਪੂਰਾ ਧਿਆਨ ਰੱਖਿਆ ਜਾਂਦਾ ਹੈ। ਇਸ ਮੌਕੇ ਸੁਨਾਮ ਤੋਂ ਦੋ ਟਰੱਕਾਂ ਨੂੰ ਸੁਨਾਮ ਵਾਸੀਆਂ ਤੇ ਕਮੇਟੀ ਮੈਂਬਰਾਂ ਵੱਲੋਂ ਹਰੀ ਝੰਡੀ ਦੇ ਕੇ ਸ਼ਿਵ ਭੋਲੇ ਦੇ ਜੈਕਾਰੇ ਲਾਉਂਦੇ ਹੋਏ ਰਵਾਨਾ ਕੀਤਾ ਗਿਆ। ਇਸ ਮੌਕੇ ਚਰਨ ਦਾਸ, ਅਸ਼ੋਕ ਕੁਮਾਰ, ਰਵਿੰਦਰ ਕੁਮਾਰ ਗੋਰਖਾ, ਲੱਕੀ ਮਹਿਰੋਕ, ਮੁਕੇਸ਼ ਕਾਂਸਲ, ਪਤਵੰਤੇ ਸੱਜਣ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਡਿਪਟੀ ਕਮਿਸ਼ਨਰ ਵੱਲੋਂ ਸਤਲੁਜ ਦਰਿਆ ਦੇ ਬੰਨ੍ਹ ਦਾ ਦੌਰਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-** ਬਰਸਾਤਾਂ ਦੇ ਮੌਸਮ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਸਤਲੁਜ ਦਰਿਆ ਨਾਲ ਲੱਗਦੇ ਵੱਖ-ਵੱਖ ਇਲਾਕਿਆਂ ਵਿੱਚ ਜਾ ਕੇ ਹੜ੍ਹ ਰੋਕੂ ਕਾਰਜਾਂ ਦਾ ਜਾਇਜ਼ਾ ਲੈਂਦਿਆਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਕੰਮਾਂ ਵਿੱਚ ਤੇਜ਼ੀ ਲਿਆਈ ਜਾਵੇ। ਸਤਲੁਜ ਦਰਿਆ ਦੇ ਬੰਨ੍ਹ ਦੇ ਨਿਰੀਖਣ ਮੌਕੇ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਦਰਿਆ ਦੇ ਬੰਨ੍ਹ ਦੇ ਨੇੜੇ ਸਫ਼ਾਈ ਕਾਰਜਾਂ ਨੂੰ ਤਰਜੀਹ ਦੇ ਆਧਾਰ 'ਤੇ ਨੇਪਰੇ ਚਾੜ੍ਹਿਆ ਜਾਵੇ ਤਾਂ ਜੋ ਬਰਸਾਤੀ ਮੌਸਮ ਦੌਰਾਨ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਤਾਜੋਵਾਲ ਅਤੇ ਲਾਲੇਵਾਲ ਕੰਪਲੈਕਸ ਵਿਖੇ ਬੰਨ੍ਹ ਦੇ ਦੁਆਲੇ ਜਾਲ ਵਿੱਚ ਲਾਏ ਗਏ ਪੱਥਰ ਦੇ ਕੰਮ ਦੀ ਸਮੀਖਿਆ ਦੌਰਾਨ ਪਿੰਡ ਦੇ ਮੋਹਤਬਰਾਂ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਇਹ ਕੰਮ ਮੁਕੰਮਲ ਹੋਣ ਨਾਲ ਬੰਨ੍ਹ ਨੂੰ ਨਵੀਂ ਮਜ਼ਬੂਤੀ ਮਿਲੀ ਹੈ। ਉਨ੍ਹਾਂ ਦੱਸਿਆ ਕਿ ਇਹ ਇਲਾਕੇ ਪਹਿਲਾਂ ਹੜ੍ਹਾਂ ਦੀ ਮਾਰ ਝਲਦੇ ਰਹੇ ਹਨ ਪਰ ਮੌਜੂਦਾ ਸਮੇਂ ਬੰਨ੍ਹ ਨਾਲ ਪੱਥਰ ਲੱਗਣ ਕਰਕੇ ਹੜ੍ਹਾਂ ਤੋਂ ਬਚਾਅ ਰਹੇਗਾ। ਝਾਂਡਾ ਇਲਾਕੇ 'ਚ ਲੋਕਾਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਡਰੇਨ ਦੀ ਮੁਕੰਮਲ ਸਫ਼ਾਈ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਪਿੰਡ ਸ਼ਹਿਬਾਜ਼ਪੁਰ ਵਿਖੇ ਰਾਹੋਂ ਡਰੇਨ 'ਚੋਂ ਸਰਕੰਡਾ, ਬੂਟੀ, ਜਾਲਾ ਅਤੇ ਸਫ਼ਾਈ ਦੇ ਕੰਮ ਨੂੰ ਜਲਦ ਨੇਪਰੇ ਚਾੜ੍ਹਨ ਦੇ ਨਿਰਦੇਸ਼ ਦਿੱਤੇ। ਇਨ੍ਹਾਂ ਥਾਵਾਂ 'ਤੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਆਉਂਦੇ ਸਮੇਂ ਵਿੱਚ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਹਰ ਲੋੜੀਂਦੇ ਕਾਰਜ ਨੂੰ ਸਮੇਂ ਸਿਰ ਮੁਕੰਮਲ ਕਰਵਾਉਣ ਲਈ ਵਚਨਬੱਧ ਹੈ। ਡਿਪਟੀ ਕਮਿਸ਼ਨਰ ਨੇ ਪਿੰਡ ਬੁਰਜ, ਪਨਵਾਂ, ਸੋਨਾ ਅਤੇ ਬਰਨਾਲਾ ਕਲਾਂ ਵਿਖੇ ਵੀ ਡਰੇਨਾਂ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਦਿੱਤੇ। ਇਸ ਮੌਕੇ ਸਿਵਲ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ।



## ਵਿਕਟੋਰੀਆ ਸਕੂਲ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਸ਼ੂਟਿੰਗ ਮੁਕਾਬਲੇ 'ਚ ਜਿੱਤੇ ਤਗਮੇ



**ਔੜ ਸਰਾਂ (ਜਸਵੀਰ ਕਾਜਲ)-** ਵਿਕਟੋਰੀਆ ਇੰਟਰਨੈਸ਼ਨਲ ਸਕੂਲ, ਟਾਂਡਾ ਦੇ ਵਿਦਿਆਰਥੀਆਂ ਨੇ ਫੁੱਟਹੋਲੇ ਸਕੂਲ, ਹੁਸ਼ਿਆਰਪੁਰ ਵਿਖੇ ਹੋਏ ਜ਼ਿਲ੍ਹਾ ਸ਼ੂਟਿੰਗ ਮੁਕਾਬਲੇ ਵਿਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਦੇ 70 ਵਿਦਿਆਰਥੀਆਂ ਨੇ ਇਸ ਮੁਕਾਬਲੇ ਵਿਚ ਹਿੱਸਾ ਲਿਆ, ਜਿਸ ਨਾਲ ਮੁਕਾਬਲੇਬਾਜ਼ੀ ਬਹੁਤ ਹੀ ਦਿਲਚਸਪ ਅਤੇ ਮੁਕਾਬਲੇ ਵਾਲਾ ਬਣ ਗਿਆ। ਇਸ ਸਖ਼ਤ ਮੁਕਾਬਲੇ ਵਿਚ ਵਿਕਟੋਰੀਆ ਇੰਟਰਨੈਸ਼ਨਲ ਸਕੂਲ ਦੇ ਪ੍ਰਤਿਭਾਸ਼ਾਲੀ ਨਿਸ਼ਾਨੇਬਾਜ਼ਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਤਗਮੇ ਜਿੱਤੇ ਹਨ।ਸ਼ਿਵੰਸ਼ ਅਤੇ ਹਰਸਿਮਰਤ ਸਿੰਘ ਨੇ ਸੋਨ ਤਗਮਾ ਜਿੱਤਿਆ। ਇਸੇ ਤਰ੍ਹਾਂ ਜਸਜੀਤ, ਪਰਜਸਦੀਪ ਅਤੇ ਤਰੁਣਪ੍ਰੀਤ ਸਿੰਘ ਨੇ ਚਾਂਦੀ ਦਾ ਤਗਮਾ ਜਿੱਤਿਆ।ਉਪਰੋਕਤ ਸਾਰੇ ਵਿਦਿਆਰਥੀਆਂ ਦੇ ਨਾਲ, ਅਮਿਤ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਰਾਜ ਪੱਧਰ ਲਈ ਕੁਆਲੀਫਾਈ ਕੀਤਾ ਹੈ, ਜੋ ਕਿ ਸਕੂਲ ਅਤੇ ਖੇਤਰ ਲਈ ਮਾਣ ਵਾਲੀ ਗੱਲ ਹੈ।ਸਕੂਲ ਡਾਇਰੈਕਟਰ ਪ੍ਰੋ. ਜੀ.ਐੱਸ. ਮੁਲਤਾਨੀ, ਨੀਰੂ ਮੁਲਤਾਨੀ ਅਤੇ ਪ੍ਰਿੰਸੀਪਲ ਪੂਜਾ ਪਟਿਆਲ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪ੍ਰਾਪਤੀ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਨੇ ਆਪਣੇ ਕੋਚ ਸ੍ਰੀ ਗੁਰਪ੍ਰੀਤ ਸਿੰਘ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ।ਸਕੂਲ ਨੇ ਹਮੇਸ਼ਾ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਅਤੇ ਸਹਿ-ਪਾਠਕ੍ਰਮ ਗਤੀਵਿਧੀਆਂ ਵਿੱਚ ਸ਼ਾਨਦਾਰ ਮੌਕੇ ਪ੍ਰਦਾਨ ਕਰਕੇ ਉਨ੍ਹਾਂ ਦੀ ਪ੍ਰਤਿਭਾ ਨੂੰ ਵਿਕਸਤ ਕਰਨ ਦੀ ਕੋਸ਼ਿਸ਼ ਕੀਤੀ ਹੈ।

## ਅੱਜ ਦੇ ਯੁੱਗ 'ਚ ਪੋਲੀਟੈਕਨਿਕ ਸਿੱਖਿਆ ਦੀ ਮਹੱਤਤਾ

ਪੋਲੀਟੈਕਨਿਕ ਉਸ ਸਿੱਖਿਆ ਅਦਾਰੇ ਜਾਂ ਕਾਲਜ ਨੂੰ ਕਿਹਾ ਜਾਂਦਾ ਹੈ, ਜਿੱਥੇ ਦਸਵੀਂ ਜਾਂ ਬਾਰ੍ਹਵੀਂ ਪਾਸ ਵਿਦਿਆਰਥੀਆਂ ਨੂੰ ਕਈ ਤਰ੍ਹਾਂ ਦੇ ਕਿੱਤਾ-ਮੁਖੀ ਜਾਂ ਵਧੇਰੇ ਪ੍ਰੈਕਟੀਕਲ ਟ੍ਰੇਨਿੰਗ ਵਾਲੇ ਕੋਰਸ ਕਰਵਾਏ ਜਾਂਦੇ ਹਨ, ਤਾਂ ਜੋ ਇਹਨਾਂ ਕੋਰਸਾਂ ਨੂੰ ਪੂਰਾ ਕਰਨ ਉਪਰੰਤ ਸਾਡੇ ਨੌਜਵਾਨ ਸੰਬੰਧਤ ਖੇਤਰ ਵਿੱਚ ਕੋਈ ਰੋਜ਼ਗਾਰ ਪ੍ਰਾਪਤ ਕਰ ਸਕਣ ਜਾਂ ਆਪਣਾ ਹੀ ਕੋਈ ਕੰਮ ਸ਼ੁਰੂ ਕਰ ਸਕਣ। ਇਹ ਕੋਰਸ ਜ਼ਿਆਦਾਤਰ ਤਿੰਨ ਸਾਲਾਂ ਦੇ ਹੁੰਦੇ ਹਨ, ਪਰ ਕੁਝ ਡਿਪਲੋਮੇ ਜਾਂ ਪੋਸਟ ਡਿਪਲੋਮੇ (ਵਿਸ਼ੇਸ਼ਕਰ ਬਾਰ੍ਹਵੀਂ ਪਾਸ ਵਿਦਿਆਰਥੀਆਂ ਲਈ) ਦੋ ਸਾਲਾਂ ਦੇ ਹੁੰਦੇ ਹਨ। ਹੁਣ ਸਵਾਲ ਉਠਦਾ ਹੈ ਕਿ ਇਹਨਾਂ ਬਹੁਤਕਨੀਕੀ ਕਾਲਜਾਂ ਵਿੱਚ ਐਡਮਿਸ਼ਨ ਕੌਣ ਲਵੇਗਾ। ਐੱਨ ਈ ਪੀ 2020 ਅਨੁਸਾਰ ਅੱਠਵੀਂ ਤੋਂ ਬਾਅਦ ਹਰ ਵਿਅਕਤੀ ਲਈ ਹੁਨਰ ਜ਼ਰੂਰੀ ਹੈ। 'ਹੁਨਰ ਹਰ ਇਕ ਵਿੱਚ ਹੁੰਦਾ ਹੈ, ਕਿਸੇ ਦਾ ਛਿਪ ਜਾਂਦਾ ਹੈ ਤੇ ਕਿਸੇ ਦਾ ਛਪ ਜਾਂਦਾ ਹੈ।' ਜੋ ਵਿਦਿਆਰਥੀ ਦਸਵੀਂ ਤੋਂ ਬਾਅਦ ਆਪਣੇ ਪਰਵਾਰ ਦਾ ਸਹਾਰਾ ਬਣਨਾ ਲੋਚਦਾ ਹੈ, ਆਪਣਾ ਕੈਰੀਅਰ ਸੰਵਾਰਨਾ ਚਾਹੁੰਦਾ ਹੈ, ਪ੍ਰੈਕਟੀਕਲ ਵਿੱਚ ਕੁਝ ਨਵਾਂ ਤਜਰਬਾ ਕਰਨਾ ਚਾਹੁੰਦਾ ਹੈ, ਉਸ ਲਈ ਪੋਲੀਟੈਕਨਿਕ ਅਦਾਰੇ ਵਿੱਚ ਸਿੱਖਿਆ ਦਾ ਬਹੁਤ ਮਹੱਤਵ ਹੈ। ਆਪਣੇ ਮਨਪਸੰਦ ਖੇਤਰ ਵਿੱਚ ਡਿਪਲੋਮੇ ਦਾ ਕੋਰਸ ਕਰਕੇ ਉਹ ਤਿੰਨ ਸਾਲਾਂ ਵਿੱਚ ਹੀ ਪਰਵਾਰ ਨੂੰ ਸੰਭਾਲਣ ਜਾਂ ਪੈਸਾ ਕਮਾਉਣਾ ਦੇ ਕਾਬਲ ਹੋ ਜਾਂਦਾ ਹੈ। ਦੂਜੇ ਪਾਸੇ ਜੇਕਰ ਵਿਦਿਆਰਥੀ ਨੂੰ ਕੈਰੀਅਰ ਨਿਖਾਰਨ ਦੀ ਕਾਹਲ ਨਹੀਂ, ਉਸ ਦਾ ਪਰਵਾਰ ਆਰਥਿਕ ਤੌਰ 'ਤੇ ਪੂਰੀ ਤਰ੍ਹਾਂ ਸੰਪਨ ਹੈ, ਤਾਂ ਉਹ ਬੀ.ਟੈਕ, ਐਮ.ਟੈੱਕ, ਐੱਮ ਏ, ਬੀ ਐੱਡ, ਐੱਲ ਐੱਲ ਬੀ., ਪੀ ਐੱਚ ਡੀ ਵਰਗੀ ਉੱਚ ਸਿੱਖਿਆ ਜਾਂ ਕਿਸੇ ਹੋਰ ਮਨਪਸੰਦ ਦੇ ਖੇਤਰ ਵਿੱਚ ਜਾਣ ਬਾਰੇ ਸੋਚ ਸਕਦਾ ਹੈ।, ਇਹਨਾਂ ਖੇਤਰਾਂ ਵਿੱਚ ਔਸਤਨ ਪੜ੍ਹਾਈ ਦੀ ਮਿਆਦ ਲੰਬੀ ਹੁੰਦੀ ਹੈ। ਨੌਕਰੀ ਤੱਕ ਪੁਹੰਚਣ ਲਈ ਸਮਾਂ ਜ਼ਿਆਦਾ ਲਗਦਾ ਹੈ। ਸਭ ਤੋਂ ਵੱਡੀ ਗੱਲ ਹੈ ਕਿ ਤੁਸੀਂ ਪੋਲੀਟੈਕਨਿਕ ਵਿੱਚ ਹਾਸਿਲ ਕੀਤੀ ਵਿਦਿਆ ਰਾਹੀਂ ਬੀ ਟੈਕ., ਐੱਮ ਟੈਕ. ਜਾਂ ਪੀ ਐੱਚ ਡੀ ਦੇ ਸਿਖਰ ਤੱਕ ਪਹੁੰਚ ਸਕਦੇ ਹੋ।

ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ ਐੱਨ ਬੀ ਏ ਐਕਰੀਡੀਟੇਸ਼ਨ ਵਾਲੇ ਪ੍ਰੋਗਰਾਮ ਵੀ ਚਲਦੇ ਹਨ। ਇਸ ਸੰਸਥਾ ਨੇ ਪੂਰੇ ਦਸ ਵਾਰ ਇੰਟਰ ਪੋਲੀਟੈਕਨਿਕ ਸਟੇਟ ਟੈਕ ਫੈਸਟ ਟਰਾਫੀ 'ਤੇ ਕਬਜ਼ਾ ਕੀਤਾ ਹੈ। ਇਸ ਕਾਲਜ ਨੂੰ ਪੰਜ ਵਾਰ ਉਤਰ ਭਾਰਤ ਵਿੱਚੋਂ ਸਰਵਉਤਮ ਪੋਲੀਟੈਕਨਿਕ ਦਾ ਖਿਤਾਬ ਕੇਂਦਰੀ ਸੰਸਥਾ ਨਿੱਟਰ ਚੰਡੀਗੜ੍ਹ ਵੱਲੋਂ ਮਿਲਿਆ ਹੈ। ਕਈ ਵਾਰ ਪਲਸ ਟੂ ਕਰਨ ਤੋਂ ਬਾਅਦ ਵਿਦਿਆਰਥੀਆਂ ਦੇ ਖਾਬਾਂ ਨੂੰ ਧੱਕਾ ਲਗਦਾ ਹੈ, ਕਿਉਂਕਿ ਉਹਨਾਂ ਨੂੰ ਜੇ ਈ ਈ (ਮੇਨ) ਵਰਗੇ ਔਖੇ ਇਮਤਿਹਾਨ ਵਿੱਚੋਂ ਲੰਘਣਾ ਪੈਂਦਾ ਹੈ, ਉਹਨਾਂ ਦਾ ਸੁਪਨਾ ਟੁੱਟ ਜਾਂਦਾ ਹੈ, ਮਾਯੂਸ ਹੋ ਜਾਂਦੇ ਹਨ, ਪਰ ਵਿਦਿਆਰਥੀ ਡਿਪਲੋਮੇ ਰਾਹੀਂ ਬੀ ਟੈਕ ਵਿੱਚ ਜੇ.ਈ.ਈ (ਮੇਨ) ਤੋਂ ਬਿਨ੍ਹਾਂ ਸਿੱਧੀ ਭਰਤੀ ਪ੍ਰਾਪਤ ਕਰ ਸਕਦੇ ਹਨ। ਇਸ ਤੋਂ ਇਲਾਵਾ ਪੋਲੀਟੈਕਨਿਕ ਵਿੱਚ ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਕਿਸੇ ਇੰਡਸਟਰੀ ਵਿੱਚ ਪਾਰਟ ਟਾਈਮ ਕੰਮ ਵੀ ਕਰ ਸਕਦੇ ਹਨ ਤੇ ਆਪਣੀਆਂ ਫੀਸਾਂ ਦੇ ਵੱਡੇ ਹਿੱਸੇ ਦਾ ਇੰਤਜਾਮ ਆਪਣੇ ਬਲਬੂਤੇ 'ਤੇ ਕਰ ਸਕਦੇ ਹਨ। ਜਿਹੜੇ ਐੱਸ ਸੀ ਜਾਂ ਐੱਸ ਟੀ ਵਿਦਿਆਰਥੀ ਹਨ, ਉਹਨਾਂ ਲਈ ਸਰਕਾਰ ਵੱਲੋਂ ਪਹਿਲਾਂ ਹੀ ਫੀਸਾਂ ਵਿੱਚ ਛੋਟ ਦਿੱਤੀ ਹੋਈ ਹੈ। ਇੱਕ ਹੋਰ ਗੱਲ ਸਮਝਣ ਵਾਲੀ ਹੈ।



ਪੋਲੀਟੈਕਨਿਕ ਦੀ ਪੜ੍ਹਾਈ ਵਿੱਚ ਵਧੇਰੇ ਡਰਾਇੰਗ ਅਤੇ ਪ੍ਰੈਕਟੀਕਲ ਵਰਕ ਸ਼ਾਮਿਲ ਹੁੰਦਾ ਹੈ ਤੇ ਥਿਊਰੀ ਘੱਟ ਹੁੰਦੀ ਹੈ। ਔਸਤ ਪ੍ਰਤਿਭਾ ਵਾਲੇ ਵਿਦਿਆਰਥੀ ਵੀ ਪੋਲੀਟੈਕਨਿਕ ਵਿਦਿਆ ਅਸਾਨੀ ਨਾਲ ਹਾਸਿਲ ਕਰ ਲੈਂਦੇ ਹਨ। ਪਿੰਡਾਂ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਲਈ ਤਾਂ ਇਹ ਤਕਨੀਕੀ ਸਿੱਖਿਆ ਰਾਮ ਬਾਣ ਹੈ। ਪੇਂਡੂ ਵਿਦਿਆਰਥੀ ਹੱਥਾਂ-ਪੈਰਾਂ ਦੇ ਖੁੱਲ੍ਹੇ ਹੁੰਦੇ ਹਨ ਤੇ ਉਹ ਲੈਬ ਪ੍ਰੈਕਟੀਕਲ, ਵਰਕਸ਼ਾਪ ਟ੍ਰੇਨਿੰਗ ਅਤੇ ਪ੍ਰੋਜੈਕਟ ਵਰਕ ਵਿੱਚ ਹਮੇਸ਼ਾ ਹੀ ਮੋਹਰੀ ਹੋ ਨਿਬੜਦੇ ਹਨ। ਇਸੇ ਤਰਾਂ ਲੜਕੀਆਂ ਅਤੇ ਦਿਵਿਆਂਗ ਵਿਦਿਆਰਥੀਆਂ ਲਈ ਵੀ ਡਿਪਲੋਮੇ ਦੀ ਪੜ੍ਹਾਈ ਬੜੀ ਕਾਰਗਰ ਹੈ। ਵਿਦਿਆਰਥੀਆਂ ਦੀ ਮਦਦ ਵਾਸਤੇ ਪੰਜਾਬ ਤਕਨੀਕੀ ਸਿੱਖਿਆ ਬੋਰਡ ਨੇ ਵੀ ਇਸ ਸੈਸ਼ਨ ਤੋਂ ਡਿਪਲੋਮੇ ਦੀਆਂ ਕਿਤਾਬਾਂ ਨੂੰ ਅੰਗਰੇਜ਼ੀ ਅਤੇ ਪੰਜਾਬੀ ਦੋਵਾਂ ਭਾਸ਼ਾਵਾਂ ਵਿੱਚ ਛਾਪਣ ਦਾ ਫੈਸਲਾ ਕੀਤਾ ਹੈ, ਜਿਸ ਲਈ ਬੋਰਡ ਵਧਾਈ ਦਾ ਹੱਕਦਾਰ ਹੈ। ਜੇਕਰ ਕੋਈ ਵਿਦਿਆਰਥੀ ਕਿਸੇ ਕੌਸ਼ਲ ਜਾਂ ਹੁਨਰ ਵਿੱਚ ਨਿਪੁੰਨ ਹੋ ਕੇ ਮਾਨਤਾ ਪ੍ਰਾਪਤ ਸਰਟੀਫਿਕੇਟ ਨਾਲ ਬੇਗਾਨੀ ਧਰਤੀ 'ਤੇ ਪਹੁੰਚਦਾ ਹੈ ਤਾਂ ਉਸ ਦਾ ਕੰਮ ਕਾਫੀ ਅਸਾਨ ਹੋ ਜਾਂਦਾ ਹੈ । ਉਸ ਨੂੰ ਭਟਕਣਾ ਨਹੀਂ ਪੈਂਦਾ ਤੇ ਆਪਣੇ ਹਾਸਿਲ ਕੀਤੇ ਹੋਏ ਹੁਨਰ ਦੇ ਖੇਤਰ ਵਿੱਚ ਕੰਮ ਲੱਭਣ ਵਿੱਚ ਅਸਾਨੀ ਹੋ ਜਾਂਦੀ ਹੈ। ਉਸ ਨੂੰ ਚੋਖੀ ਤਨਖਾਹ ਮਿਲਦੀ ਹੈ ਤੇ ਇੱਜ਼ਤ ਤੇ ਰੁਤਬਾ ਵੀ।

ਮੇਰੀ ਵਿਦਿਆਰਥੀਆਂ ਨੂੰ ਇਹ ਗੁਜਾਰਿਸ਼ ਹੈ ਕਿ ਜੋ ਵੀ ਹੁਨਰ ਚੁਣੋ, ਉਸ ਨਾਲ ਇਨਸਾਫ ਕਰੋ। ਉਸ ਨੂੰ ਇਮਾਨਦਾਰੀ ਤੇ ਮਿਹਨਤ ਨਾਲ ਸਿੱਖੋ। ਪ੍ਰੈਕਟੀਕਲ ਟ੍ਰੇਨਿੰਗ ਪੂਰੀ ਲਗਨ ਨਾਲ ਹਾਸਲ ਕਰੋ। ਅੰਕੜੇ ਇਹ ਵੀ ਦੱਸਦੇ ਹਨ ਕਿ ਬੀ ਟੈਕ ਕਰਨ ਤੋਂ ਬਾਅਦ ਤਾਂ ਕਈ ਵਾਰ ਮਨਪਸੰਦ ਨੌਕਰੀ ਨਾ ਮਿਲਣ ਕਰਕੇ ਵਿਦਿਆਰਥੀ ਬੇਰੁਜ਼ਗਾਰ ਘੁੰਮਦੇ ਹਨ, ਪਰ ਪੋਲੀਟੈਕਨਿਕ ਰਾਹੀਂ ਡਿਪਲੋਮਾ ਕਰਨ ਵਾਲੇ ਵਿਦਿਆਰਥੀਆਂ ਨੂੰ ਨੌਕਰੀ ਦੀ ਕਦੇ ਵੀ ਦਿੱਕਤ ਪੇਸ਼ ਨਹੀਂ ਹੁੰਦੀ। ਸਫ਼ਲਤਾ ਦਾ ਕੋਈ ਸ਼ਾਰਟਕੱਟ ਨਹੀਂ। ਵੱਧ ਤੋਂ ਵੱਧ ਫੀਲਡ ਜਾਂ ਇੰਡਸਟਰੀ ਦਾ ਤਜਰਬਾ ਲਓ, ਆਪਣੇ ਅਧਿਆਪਕਾਂ ਦਾ ਸਨਮਾਨ ਕਰੋ। ਤੁਹਾਨੂੰ ਮੰਜ਼ਲ ਜ਼ਰੂਰ ਪ੍ਰਾਪਤ ਹੋਵੇਗੀ ਤੇ ਤੁਹਾਡੇ ਸੁਪਨੇ ਸਾਕਾਰ ਹੋਣਗੇ।

**—ਡਾ. ਜਗਰੂਪ ਸਿੰਘ, ਪ੍ਰਿੰਸੀਪਲ**
**ਮੇਹਰ ਚੰਦ ਪੋਲੀਟੈਕਨਿਕ ਕਾਲਜ, ਜਲੰਧਰ**
**ਫੋਨ : 98786-15600**

## ਸਰਕਾਰੀ ਹਸਪਤਾਲ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ

**ਗੁਰਾਇਆ (ਬਿੰਦਰ ਸੁਮਨ)** ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵੱਲੋਂ ਅੰਤਰਰਾਸ਼ਟਰੀ ਯੋਗ ਦਿਵਸ ਸੀਨੀਅਰ ਮੈਡੀਕਲ ਅਫਸਰ ਡਾ. ਅਮਿਤਾ ਲੂਨਾ ਦੀ ਅਗਵਾਈ ਹੇਠ ਮਨਾਇਆ ਗਿਆ। ਮੈਡੀਕਲ ਡਾ ਮਮਤਾ ਗੌਤਮ ਅਤੇ ਆਯੁਰਵੈਦਿਕ ਮੈਡੀਕਲ ਅਫ਼ਸਰ ਡਾ ਬਲਜਿੰਦਰ ਸਿੰਘ ਵੱਲੋਂ ਯੋਗ ਅਭਿਆਸ ਕਰਵਾਏ ਗਏ।ਯੋਗ ਸ਼ਿਵਿਰ ਵਿੱਚ ਸਿਹਤ ਵਿਭਾਗ ਦੇ ਕਰਮਚਾਰੀਆਂ, ਆਸ਼ਾ ਵਰਕਰਾਂ ਵਿਦਿਆਰਥੀਆਂ ਨੇ ਹਿੱਸਾ ਲਿਆ। ਯੋਗ ਅਭਿਆਸ ਵਿੱਚ ਪ੍ਰਾਣਾਯਾਮ, ਵਜ੍ਰਾਸਨ, ਭਸਤ੍ਰਿਕਾ ਅਤੇ ਧਿਆਨ ਆਦਿ ਕਰਵਾਏ ਗਏ।ਮਮਤਾ ਗੌਤਮ ਨੇ ਕਿਹਾ ਕਿ ਯੋਗ ਸਿਰਫ਼ ਵਿਆਇਮ ਨਹੀਂ, ਸਗੋਂ ਇਹ ਮਨ, ਸਰੀਰ ਤੇ ਆਤਮਾ ਦੀ ਇਕਾਗਰਤਾ ਦਾ ਵੀ ਰਾਹ ਹੈ। ਰੋਜ਼ਾਨਾ ਯੋਗ ਕਰਨ ਨਾਲ ਤਨਾਵ ਘਟਦਾ ਹੈ ਅਤੇ ਮਨੁੱਖੀ ਜੀਵਨ ਵਿੱਚ ਸੰਤੁਲਨ ਬਣਿਆ ਰਹਿੰਦਾ ਹੈ।ਅੰਤ ਵਿੱਚ ਸਾਰੇ ਹਾਜ਼ਰੀਨ ਨੂੰ ਸਿਹਤਮੰਦ ਜੀਵਨ ਲਈ ਰੋਜ਼ਾਨਾ ਯੋਗ ਅਭਿਆਸ ਕਰਨ ਦੀ ਅਪੀਲ ਕੀਤੀ ਗਈ।ਇਸ ਮੌਕੇ 'ਤੇ ਚੀਫ ਫਾਰਮਾਸਿਸਟ ਪ੍ਰਿਤਪਾਲ ਕੌਰ, ਬਲਾਕ ਐਕਸਟੈਨਸ਼ਨ ਐਜੂਕੇਟਰ ਪ੍ਰੀਤਇੰਦਰ ਸਿੰਘ, ਹੈਲਥ ਸੁਪਰਵਾਈਜ਼ਰ ਸਤਨਾਮ, ਫਾਰਮਾਸਿਸਟ ਸਰਬਜੀਤ ਸਿੰਘ, ਫਾਰਮਾਸਿਸਟ ਅਮਿਤ ਪਾਂਡੇ, ਸਟਾਫ ਦਪਿੰਦਰ ਕੌਰ, ਲੈਬ ਟੈਕਨੀਸ਼ੀਅਨ ਹਰਦੀਪ, ਏਨਮ ਸੁਨੀਤਾ ਅਤੇ ਸਮੂਹ ਸਟਾਫ ਹਾਜ਼ਰ ਸੀ।



## ਅਕਾਲ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਮੈਨੇਜਿੰਗ ਡਾਇਰੈਕਟਰ ਦਾ ਹੋਇਆ ਵਿਸ਼ੇਸ਼ ਸਨਮਾਨ

**ਲੋਹੀਆਂ ਖਾਸ (ਯੋਗੇਸ਼ਵਰ, ਗੀਤਾ ਸ਼ਰਮਾ)** ਸਕੂਲ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੁਆਰਾ ਬੀਤੇ ਦਿਨੀਂ ਮਲੇਸ਼ੀਆ ਵਿਖੇ ਹੋਏ ਤੀਜੇ ਅੰਤਰਰਾਸ਼ਟਰੀ ਸਿੱਖਿਆ ਸੰਮੇਲਨ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਪੰਜਾਬ ਫਾਊਂਡੇਸ਼ਨ ਅਤੇ ਫੈਪ ਵੱਲੋਂ ਪੰਜਾਬ ਤੋਂ ਬਾਹਰ ਅੰਤਰਰਾਸ਼ਟਰੀ ਸਿੱਖਿਆ ਸੰਮੇਲਨਾਂ ਦੀ ਲੜੀ ਵਜੋਂ ਤੀਜਾ ਸੰਮੇਲਨ ਮਲੇਸ਼ੀਆ ਦੇ ਸ਼ਹਿਰ ਕੁਆਲਾਲੰਪੁਰ ਵਿਖੇ ਸਫਲਤਾਪੂਰਵਕ ਸੰਪੰਨ ਹੋਇਆ ਅਤੇ ਅਕਾਲ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਜੱਜ ਤੇ ਅਸਿਸਟੈਂਟ ਮੈਨੇਜਿੰਗ ਡਾਇਰੈਕਟਰ ਪ੍ਰਗਟ ਸਿੰਘ ਜੱਜ ਇਸ ਸੰਮੇਲਨ ਦਾ ਹਿੱਸਾ ਬਣੇ। ਡਾਕਟਰ ਜਗਜੀਤ ਸਿੰਘ ਧੂਰੀ ਦੀ ਯੋਗ ਅਗਵਾਈ ਹੇਠ ਇਹ ਸੰਮੇਲਨ ਮਲੇਸ਼ੀਆ ਵਿਖੇ ਆਯੋਜਿਤ ਕੀਤਾ ਗਿਆ ਜਿਸ ਵਿੱਚ ਭਾਰਤ ਅਤੇ ਬਾਹਰਲੇ ਦੇਸ਼ਾਂ ਤੋਂ ਆਏ 75 ਡੈਲੀਗੇਟਾਂ ਨੇ ਕੁਆਲਾਲੰਪੁਰ ਵਿਖੇ ਹੋਏ ਇਸ ਸੰਮੇਲਨ ਵਿੱਚ ਭਾਗ ਲਿਆ। ਸੁਖਦੇਵ ਸਿੰਘ ਜੱਜ ਨੂੰ ਉਹਨਾਂ ਦੇ ਵਿਦਿਅਕ ਅਦਾਰੇ ਵਿੱਚ 30 ਸਾਲਾਂ ਦੇ ਸਫਲਤਾ ਪੂਰਵਕ ਯੋਗਦਾਨ ਲਈ ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਪ ਦੇ ਮੁਖੀ ਡਾਕਟਰ ਜਗਜੀਤ ਸਿੰਘ ਧੂਰੀ ਵੱਲੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ।ਡੈਲੀਗੇਟਸ ਨੂੰ ਸੰਬੋਧਨ ਕਰਦਿਆਂ ਡਾਕਟਰ ਸੁਖਦੇਵ ਸਿੰਘ ਜੱਜ ਜੀ ਨੇ ਕਿਹਾ ਕਿ ਜੇਕਰ ਅਸੀਂ ਆਪਣੇ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣਾ ਹੈ ਤਾਂ ਸਾਨੂੰ ਆਪਣੇ ਸਕੂਲਾਂ ਨੂੰ ਅਪਡੇਟ ਕਰਨਾ ਹੋਵੇਗਾ। ਬੱਚਿਆਂ ਨੂੰ ਸਾਨੂੰ ਅਜਿਹੀ ਸਕਿਲ ਐਜੂਕੇਸ਼ਨ ਮੁਹੱਈਆ ਕਰਵਾਉਣੀ ਹੋਵੇਗੀ ਜੋ ਭਵਿੱਖ ਵਿੱਚ ਉਹਨਾਂ ਦੇ ਕੰਮ ਆ ਸਕੇ। ਆਪਣਾ ਪੰਜਾਬ ਫਾਊਂਡੇਸ਼ਨ ਦੇ ਡਾਇਰੈਕਟਰ ਡਾਲੀ ਸਿੰਘ ਨੇ ਸਭ ਨੂੰ ਜੀ ਆਇਆ ਨੂੰ ਕਿਹਾ ਅਤੇ ਕਾਨਫਰੰਸ ਦੇ ਵਿਸ਼ੇ ਉੱਪਰ ਚਾਨਣਾ ਪਾਇਆ । ਡਾਕਟਰ ਜਗਜੀਤ ਸਿੰਘ ਧੂਰੀ ਸੰਮੇਲਨ ਦੇ ਮੁੱਖ ਬੁਲਾਰੇ ਸਨ ਜਿਹਨਾਂ ਨੇ ਸੰਮੇਲਨ ਦੇ ਵਿਸ਼ੇ ਐਜੂਕੇਸ਼ਨਲ ਈਕੋ ਸਿਸਟਮ ਫਿਊਚਰ ਪਰੂਫਿੰਗ ਦ ਐਜੂਕੇਸ਼ਨ ਦੇ ਸੰਬੰਧ ਵਿੱਚ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਡਾਕਟਰ ਐਚ. ਐਸ. ਧਾਲੀਵਾਲ ਨੇ ਸਕਿੱਲ ਐਜੂਕੇਸ਼ਨ ਉੱਪਰ ਜ਼ੋਰ ਦਿੱਤਾ। ਅੰਤ ਵਿੱਚ ਏ. ਪੀ. ਐਫ. ਦੇ ਡਾਇਰੈਕਟਰ ਸੰਦੀਪ ਮਹਿਤਾ ਨੇ ਸਾਰਿਆਂ ਦਾ ਧੰਨਵਾਦ ਕੀਤਾ ਤੇ ਸਫਲ ਪ੍ਰਬੰਧਾਂ ਲਈ ਸਾਰੇ ਅੰਤਰ ਰਾਸ਼ਟਰੀ ਸੰਮੇਲਨ ਕਮੇਟੀ ਦੇ ਡਾਇਰੈਕਟਰਾਂ ਦੀ ਪ੍ਰਸ਼ੰਸਾ ਕੀਤੀ ਤੇ ਚੌਥੇ ਅੰਤਰ ਰਾਸ਼ਟਰ ਸੰਮੇਲਨ ਲਈ ਕੈਨੇਡਾ ਦੀ ਧਰਤੀ ਨੂੰ ਚੁਣਿਆ ਗਿਆ।



## ਤਿੰਨ ਦਿਨਾ ਜੋੜ ਮੇਲਾ ਸ਼ਾਨੋ-ਸ਼ੌਕਤ ਨਾਲ ਸੰਪੰਨ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸ਼ਾਹੀ ਦਰਬਾਰ ਬਾਬਾ ਮਸਤ ਕਾਕੇ ਸ਼ਾਹ ਪਿੰਡ ਭੀਣ ਵਿਖੇ ਸਾਲਾਨਾ ਤਿੰਨ ਦਿਨਾ ਜੋੜ ਮੇਲਾ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਇਆ। ਦਰਬਾਰ ਦੇ ਮੁੱਖ ਸੇਵਾਦਾਰ ਜਸਪ੍ਰੀਤ ਸਹੋਤਾ ਵਾਇਸ ਪ੍ਰਧਾਨ ਗੱਦੀ ਨਸ਼ੀਨ ਬਾਬਾ ਬਲਵੰਤ ਸਿੰਘ ਬਲੀ ਸਾਈ ਪ੍ਰਬੰਧਕ ਕਮੇਟੀ ਦੇ ਬਲਵੰਤ ਸਿੰਘ ਕਮਲਜੀਤ ਸਿੰਘ ਖਜਾਨਚੀ ਸੰਦੀਪ ਸਿੰਘ ਸੀਪਾ ਸੁਰਜੀਤ ਸਿੰਘ ਦਵਿੰਦਰ ਮਨਪ੍ਰੀਤ,ਪਵਨਦੀਪ,ਨਰੇਸ਼ ਕੁਮਾਰ,ਸੋਮਨਾਥ ਹੁੰਦਾ ਗੁਰਪ੍ਰੀਤ ਸੇਵਾਦਾਰਾਂ ਨੇ ਦੱਸਿਆ ਕਿ ਪਹਿਲਾਂ ਚਿਰਾਗ ਅਤੇ ਚਾਦਰ ਦੀ ਰਸਮ ਕੀਤੀ ਗਈ। ਰਾਤ ਮਹਿੰਦੀ ਦੀ ਰਸਮ ਉਪਰੰਤ ਪੰਜਾਬ ਦੇ ਪ੍ਰਸਿੱਧ ਗਾਇਕ , ਕਾਸ਼ੀ ਨਾਥ ਕਲੇਰ ਕੁਲਵੰਤ, ਅਲੀ ਪਾਰਟੀਆਂ ਵੱਲੋਂ ਹਾਜ਼ਰੀ ਲਗਾਈ ਗਈ। ਦੂਜੇ ਦਿਨ ਰਾਤ ਨੂੰ ਨਕਾਲ ਪਾਰਟੀਆਂਹੋਰ ਅਨੇਕਾਂ ਕਲਾਕਾਰਾਂ ਨੇ ਹਾਜ਼ਰੀ ਭਰੀ। ਇਸ ਮੌਕੇ ਚਾਹ ਪਕੌੜਿਆ ਦੇ ਲੰਗਰ ਅਤੇ ਬਾਬਾ ਜੀ ਦੇ ਲੰਗਰ ਅਤੁੱਟ ਵਰਤਾਏ ਗਏ ਅਤੇ ਠੰਢੇ ਮਿੱਠੇ ਜਲ ਦੀ ਛਬੀਲ ਵੀ ਚਲਾਈ ਗਈ।



## 9 ਦੀ ਹੜਤਾਲ ਲਈ ਟਰੇਡ ਯੂਨੀਅਨਾਂ ਤੇ ਜਨਤਕ ਜਥੇਬੰਦੀਆਂ ਦੀ ਸਾਂਝੀ ਭਰਵੀਂ ਮੀਟਿੰਗ

**ਨਵਾਸ਼ਹਿਰ, ਬੰਗਾ (ਕੁਲਵਿੰਦਰ ਸਿੰਘ ਦੁਰਗਾਪੁਰੀਆ, ਅਵਤਾਰ ਕਲੇਰ)** ਇੱਥੇ ਭਾਰਤ ਦੀਆਂ 10 ਵੱਡੀਆਂ ਟਰੇਡ ਯੂਨੀਅਨਾਂ ਦੇ ਸੱਦੇ 'ਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀਆਂ ਵੱਖ-ਵੱਖ ਟਰੇਡ ਯੂਨੀਅਨਾਂ , ਕਿਸਾਨ ਤੇ ਖੇਤ ਮਜਦੂਰ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਏਟਕ ਦੇ ਦਸੌਂਧਾ ਸਿੰਘ,ਸੀ ਟੀ ਯੂ ਦੇ ਕੁਲਦੀਪ ਦੌੜਕਾ, ਸੀਟੂ ਦੇ ਜਸਵੀਰ ਕੌਰ ਬੰਗਾ ਦੀ ਪ੍ਰਧਾਨਗੀ ਹੇਠ ਮੇਹਲੀ ਭਵਨ ਨਵਾਂਸ਼ਹਿਰ ਵਿਖੇ ਹੋਈ। ਮੀਟਿੰਗ ਵਿੱਚ ਫੈਸਲਾ ਹੋਇਆ ਕਿ 9 ਜੁਲਾਈ ਦੀ ਇਤਿਹਾਸਕ ਦੇਸ਼ ਵਿਆਪੀ ਹੜਤਾਲ ਨੂੰ ਕਾਮਯਾਬ ਕਰਨ ਲਈ ਵੱਖ-ਵੱਖ ਅਦਾਰਿਆਂ ਦੀਆਂ ਮੀਟਿੰਗਾਂ, ਰੈਲੀਆਂ, ਮੁਜ਼ਾਹਰੇ,ਵਾਲ ਪੇਂਟਿੰਗਾਂ, ਇਸ਼ਤਿਹਾਰਾਂ ਰਾਹੀਂ ਜ਼ੋਰਦਾਰ ਪ੍ਰਚਾਰ ਕਰਕੇ ਇਹ ਹੜਤਾਲ ਚਾਰ ਕੋਡ ਬਿੱਲ ਖਤਮ ਕਰਨ, ਬਾਰਾਂ ਘੰਟੇ ਦਿਹਾੜੀ ਰੱਦ ਕਰਨ, 2004 ਤੋਂ ਬਾਅਦ ਭਰਤੀ ਕੀਤੇ ਮੁਲਾਜ਼ਮਾਂ ਦੀ ਪੈਨਸ਼ਨ ਲਾਗੂ ਕਰਨਾ, ਆਂਗਣਵਾੜੀ, ਮਿਡ ਡੇ ਮੀਲ ਔਰਤਾਂ ਦੀਆਂ ਮੰਗਾਂ ਤੁਰੰਤ ਮੰਨੀਆਂ ਜਾਣ,ਹੋਰ ਦੂਜੇ ਠੇਕੇ ਤੇ ਭਰਤੀ ਬੰਦ ਕੀਤੀ ਜਾਵੇ,ਸਮੇਤ ਕਿਸਾਨਾਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਮੀਟਿੰਗ ਵਿੱਚ ਜੰਗਲਾਤ ਵਰਕਰ ਯੂਨੀਅਨ, ਪਸਸਫ, ਪੰਜਾਬ ਪੈਨਸ਼ਨਰਜ਼ ਯੂਨੀਅਨ , ਸਵਰਾਜ ਮਾਜ਼ਦਾ ਡਰਾਈਵਰ ਯੂਨੀਅਨ,ਪੇਪਰ ਮਿੱਲ ਬਨਾ, ਪੇਂਡੂ ਚੌਕੀਦਾਰ ਯੂਨੀਅਨ , ਆਸ਼ਾ ਵਰਕਰ ਯੂਨੀਅਨ, ਆਂਗਣਵਾੜੀ ਮੁਲਾਜ਼ਮ ਯੂਨੀਅਨ, ਜਨਵਾਦੀ ਇਸਤਰੀ ਸਭਾ,ਕੁਲ ਹਿੰਦ ਕਿਸਾਨ ਸਭਾ 1936, ਕੁਲ ਹਿੰਦ ਕਿਸਾਨ ਸਭਾ,ਕੁਲ ਹਿੰਦ ਖੇਤ ਮਜਦੂਰ ਯੂਨੀਅਨ, ਜਮਹੂਰੀ ਕਿਸਾਨ ਮੋਰਚਾ, ਪੰਜਾਬ ਖੇਤ ਮਜਦੂਰ ਸਭਾ ਬੀ ਐਸ ਐਨ ਐਲ ਯੂਨੀਅਨ, ਪੰਜਾਬ ਰੋਡਵੇਜ਼ ਪੈਨਸ਼ਨਰ ਯੂਨੀਅਨ, ਪੰਜਾਬ ਰੋਡਵੇਜ਼ ਮੁਲਾਜ਼ਮ ਯੂਨੀਅਨ, ਰੋਡਵੇਜ ਪਨਬਸ ਮੁਲਾਜ਼ਮ ਯੂਨੀਅਨ, ਮਹਾਂ ਸਿੰਘ ਰੌੜੀ, ਬਲਜੀਤ ਕੌਰ ਮੱਲਪੁਰ, ਜਸਵੀਰ ਕੌਰ ਪ੍ਰਧਾਨ ਆਂਗਣਵਾੜੀ, ਕਮਲਜੀਤ ਕੌਰ ਆਸ਼ਾ ਵਰਕਰ,ਅਜੇ ਕੁਮਾਰ ਪ੍ਰਧਾਨ ਸਵਰਾਜ ਮਾਜ਼ਦਾ ਯੂਨੀਅਨ, ਪਰਮਿੰਦਰ ਕੰਗ ਸਵਰਾਜ ਮਾਜ਼ਦਾ ਡਰਾਈਵਰ ਯੂਨੀਅਨ, ਪ੍ਰੇਮ ਰੱਕੜ ਪੈਨਸ਼ਨਰ ਯੂਨੀਅਨ, ਅਵਤਾਰ ਸਿੰਘ ਪੇਂਡੂ ਚੌਕੀਦਾਰ ਯੂਨੀਅਨ, ਸੁਖਦੇਵ ਸਿੰਘ ਪ੍ਰਧਾਨ ਪੇਪਰ ਮਿੱਲ ਬਨਾ, ਸਤਨਾਮ ਸਿੰਘ ਜਾਨੀਵਾਲ ਪ੍ਰਧਾਨ ਖੇਤ ਮਜਦੂਰ ਯੂਨੀਅਨ, ਬਲਦੇਵ ਸਿੰਘ ਕਿਸਾਨ ਆਗੂ, ਜੋਗਿੰਦਰ ਲੜੋਆ, ਸਰਾਧੂ ਰਾਮ ਤਾਜੋਵਾਲ, ਮਨਜੀਤ ਸਿੰਘ ਸਵਰਾਜ ਮਾਜ਼ਦਾ, ਸੁਖਦੇਵ ਸਿੰਘ ਗਰਚਾ ਸੀਟੂ, ਦਸੌਂਧਾ ਸਿੰਘ, ਜਸਵਿੰਦਰ ਸਿੰਘ ਭੰਗਲ, ਗੋਰਿੰਦਰ ਲਾਲ, ਜੋਗਿੰਦਰ ਸਿੰਘ ਜੋਗੀ, ਨਰਿੰਦਰ ਪਾਲ ਕਾਲੀਆ, ਜਰਨੈਲ ਸਿੰਘ ਪਨਾਮ ਬਲਵੀਰ ਸਿੰਘ ਕਸ਼ਮੀਰ ਸਿੰਘ ਪਰਮਿੰਦਰ ਸੰਧੂ ਅਸ਼ੋਕ ਕੁਮਾਰ ਸੁਰਿੰਦਰ ਪਾਲ ਜੋਗਾ ਸਿੰਘ ਕਰਨੈਲ ਚੰਦ ਨੇ ਆਪਣੇ ਵਿਚਾਰ ਪੇਸ਼ ਕੀਤੇ।ਇਸ ਮੌਕੇ 'ਤੇ ਸਾਥੀ ਰਾਮ ਸਿੰਘ ਨੂਰਪੁਰੀ ਤੇ ਨਰੰਜਣ ਦਾਸ ਮੇਹਲੀ ਵੀ ਹਾਜ਼ਰ ਸਨ।



## ਨਸ਼ਾ ਤੇ ਸ਼ਰਾਬ ਤਸਕਰਾਂ 'ਤੇ ਨਜ਼ਰ ਰੱਖਣ ਲਈ 93 ਨਾਕੇ ਲਗਾਏ

**ਚੰਡੀਗੜ੍ਹ (ਗੁਰਜੀਤ ਬਿੱਲਾ)-** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ ਗਈ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦਰਮਿਆਨ ਪੰਜਾਬ ਪੁਲਸ ਵੱਲੋਂ ਅੱਜ ਇੱਕ ਵਿਸ਼ੇਸ਼ ਆਪ੍ਰੇਸ਼ਨ 'ਓਪੀਐਸ ਸੀਲ-15' ਚਲਾਇਆ ਗਿਆ, ਜਿਸ ਦੌਰਾਨ ਨਸ਼ਿਆਂ ਅਤੇ ਸ਼ਰਾਬ ਦੀ ਤਸਕਰੀ 'ਤੇ ਨਜ਼ਰ ਰੱਖਣ ਦੇ ਉਦੇਸ਼ ਨਾਲ ਸਰਹੱਦੀ ਰਾਜ ਪੰਜਾਬ ਵਿੱਚ ਦਾਖਲ ਹੋਣ ਜਾਂ ਇਥੋਂ ਬਾਹਰ ਜਾਣ ਵਾਲੇ ਸਾਰੇ ਵਾਹਨਾਂ ਦੀ ਜਾਂਚ ਕੀਤੀ ਗਈ।ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸਾਰੇ ਜ਼ਿਲ੍ਹਿਆਂ ਵਿੱਚ ਸਵੇਰੇ 6 ਵਜੇ ਤੋਂ ਦੁਪਹਿਰ 2 ਵਜੇ ਤੱਕ ਇੱਕੋ ਸਮੇਂ ਚਲਾਏ ਗਏ ਇਸ ਆਪ੍ਰੇਸ਼ਨ ਦੌਰਾਨ ਸਰਹੱਦੀ ਜ਼ਿਲ੍ਹਿਆਂ ਦੇ ਸਾਰੇ ਐਸਐਸਪੀਜ਼ ਨੂੰ ਜ਼ਿਲ੍ਹਿਆਂ ਦੀਆਂ ਰਣਨੀਤਕ ਥਾਵਾਂ 'ਤੇ ਸਾਂਝੇ ਨਾਕੇ ਲਾਉਣ ਦੇ ਨਾਲ-ਨਾਲ ਗਜ਼ਟਿਡ ਅਧਿਕਾਰੀਆਂ/ਐਸਐਚਓਜ਼ ਦੀ ਨਿਗਰਾਨੀ ਹੇਠ ਸੀਲਿੰਗ ਪੁਆਇੰਟਾਂ 'ਤੇ ਮਜ਼ਬੂਤ 'ਨਾਕੇ' ਲਾਉਣ ਲਈ ਵੱਧ ਤੋਂ ਵੱਧ ਕਾਰਜਬਲ ਜੁਟਾਉਣ ਦੇ ਨਿਰਦੇਸ਼ ਦਿੱਤੇ ਗਏ।ਆਪ੍ਰੇਸ਼ਨ ਦੇ ਵੇਰਵੇ ਸਾਂਝੇ ਕਰਦਿਆਂ ਵਿਸ਼ੇਸ਼ ਡੀਜੀਪੀ ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਇੰਸਪੈਕਟਰਾਂ/ਡੀਐਸਪੀਜ਼ ਦੀ ਨਿਗਰਾਨੀ ਹੇਠ 900 ਤੋਂ ਵੱਧ ਪੁਲਿਸ ਕਰਮਚਾਰੀਆਂ ਵੱਲੋਂ ਆਪਸੀ ਤਾਲਮੇਲ ਨਾਲ10 ਜ਼ਿਲ੍ਹਿਆਂ, ਜਿਨ੍ਹਾਂ ਦੀ ਹੱਦ ਚਾਰ ਸਰਹੱਦੀ ਰਾਜਾਂ ਅਤੇ ਯੂਟੀ ਚੰਡੀਗੜ੍ਹ ਨਾਲ ਲੱਗਦੀ ਹੈ, ਦੇ ਘੱਟੋ-ਘੱਟ 93 ਪ੍ਰਵੇਸ਼/ਐਗਜ਼ਿਟ ਪੁਆਇੰਟਾਂ 'ਤੇ ਮਜ਼ਬੂਤ ਨਾਕੇ ਲਾਏ ਗਏ। ਇਨ੍ਹਾਂ 10 ਅੰਤਰ-ਰਾਜੀ ਸਰਹੱਦੀ ਜ਼ਿਲ੍ਹਿਆਂ ਵਿੱਚ ਪਠਾਨਕੋਟ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਰੂਪਨਗਰ, ਐਸਏਐਸ ਨਗਰ, ਪਟਿਆਲਾ, ਸੰਗਰੂਰ, ਮਾਨਸਾ, ਹੁਸ਼ਿਆਰਪੁਰ ਅਤੇ ਬਠਿੰਡਾ ਸ਼ਾਮਲ ਹਨ।ਉਨ੍ਹਾਂ ਕਿਹਾ ਕਿ ਇਸ ਦੌਰਾਨ ਰਾਜ ਵਿੱਚ ਦਾਖਲ ਹੋਣ/ਬਾਹਰ ਜਾਣ ਵਾਲੇ 3180 ਵਾਹਨਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 367 ਵਾਹਨਾਂ ਦੇ ਚਲਾਨ ਕੱਟਣ ਦੇ ਨਾਲ-ਨਾਲ ਸੱਤ ਵਾਹਨਾਂ ਨੂੰ ਜ਼ਬਤ ਕੀਤਾ ਗਿਆ।ਇਸ ਤੋਂ ਇਲਾਵਾ ਪੁਲਸ ਟੀਮਾਂ ਨੇ 111ਵੇਂ ਦਿਨ ਨਸ਼ਿਆਂ ਵਿਰੁੱਧ ਆਪਣੀ ਘੇਰਾਬੰਦੀ ਅਤੇ ਖੋਜ ਮੁਹਿੰਮ (ਕਾਸੋ) ਨੂੰ ਜਾਰੀ ਰੱਖਦਿਆਂ 505 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 98 ਐਫ.ਆਈ.ਆਰ. ਦਰਜ ਕਰਕੇ 127 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 111 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 18,372 ਹੋ ਗਈ ਹੈ।ਵਿਸ਼ੇਸ਼ ਡੀਜੀਪੀ ਨੇ ਕਿਹਾ ਕਿ ਇਸ ਛਾਪੇਮਾਰੀ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 4.2 ਕਿਲੋ ਹੈਰੋਇਨ, 3 ਕਿਲੋ ਅਫੀਮ, 118 ਕਿਲੋ ਭੁੱਕੀ ਅਤੇ 11,170 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ 101 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਸ ਮੁਲਾਜ਼ਮਾਂ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ ਛਾਪੇਮਾਰੀ ਕੀਤੀ ਅਤੇ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ 543 ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ ਗਈ।ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਸੂਬੇ 'ਚੋਂ ਨਸ਼ਿਆਂ ਦੇ ਖ਼ਾਤਮੇ ਲਈ ਵਿਆਪਕ ਰਣਨੀਤੀ ਤਿਆਰ ਕੀਤੀ ਹੈ ਅਤੇ ਜਦੋਂ ਤੱਕ ਨਸ਼ਿਆਂ ਦਾ ਮੁਕੰਮਲ ਸਫ਼ਾਇਆ ਨਹੀਂ ਹੋ ਜਾਂਦਾ, ਅਜਿਹੇ ਆਪ੍ਰੇਸ਼ਨ ਜਾਰੀ ਰਹਿਣਗੇ।ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 78 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ।

## ਪੁਲਸ ਨੇ ਸੁੱਚੀ ਪਿੰਡ ਕਤਲ ਕੇਸ ਸੁਲਝਾਇਆ, ਚਾਰ ਮੁਲਜ਼ਮ ਗ੍ਰਿਫ਼ਤਾਰ

**ਜਲੰਧਰ (ਸੁਰਿੰਦਰ ਕੁਮਾਰ)** ਪੁਲਸ ਕਮਿਸ਼ਨਰ ਸ਼੍ਰੀਮਤੀ ਧਨਪ੍ਰੀਤ ਕੌਰ, ਆਈ.ਪੀ.ਐਸ ਦੀ ਅਗਵਾਈ ਅਤੇ ਡੀ.ਸੀ.ਪੀ (ਇੰਨਵੈਸਟੀਗੇਸ਼ਨ) ਮਨਪ੍ਰੀਤ ਸਿੰਘ, ਪੀ.ਪੀ.ਐਸ ਦੀ ਨਿਗਰਾਨੀ ਹੇਠ 24 ਘੰਟਿਆਂ ਦੇ ਅੰਦਰ ਇੱਕ ਕਤਲ ਕੇਸ ਨੂੰ ਸਫਲਤਾਪੂਰਵਕ ਸੁਲਝਾ ਲਿਆ, ਚਾਰ ਵਿਅਕਤੀਆਂ ਨੂੰ ਅਪਰਾਧ ਵਿੱਚ ਵਰਤੇ ਗਏ ਵਾਹਨ ਅਤੇ ਤੇਜ਼ਧਾਰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ।ਵੇਰਵਾ ਸਾਂਝਾ ਕਰਦੇ ਹੋਏ, ਸੀਪੀ ਜਲੰਧਰ ਨੇ ਕਿਹਾ ਕਿ ਐਫਆਈਆਰ ਨੰਬਰ 176 ਮਿਤੀ 17.06.2025 u/s 103, 109, 191(3), and 190 BNS ਥਾਣਾ ਰਾਮਾ ਮੰਡੀ, ਜਲੰਧਰ ਵਿਖੇ ਮੁਕੇਸ਼ ਕੁਮਾਰ ਦੇ ਬਿਆਨ 'ਤੇ ਦਰਜ ਕੀਤੀ ਗਈ ਸੀ। ਇਹ ਘਟਨਾ 16.06.2025 ਦੀ ਰਾਤ ਨੂੰ ਜਲੰਧਰ ਦੇ ਸੁੱਚੀ ਪਿੰਡ ਮੋੜ, ਮੇਨ ਰੋਡ 'ਤੇ ਵਾਪਰੀ, ਜਿੱਥੇ ਮੁਕੇਸ਼ ਕੁਮਾਰ, ਪਵਨ ਕੁਮਾਰ, ਮਨਦੀਪ ਕੁਮਾਰ ਅਤੇ ਉਨ੍ਹਾਂ ਦੇ ਪਿਤਾ ਜੈ ਰਾਮ 'ਤੇ ਅਣਪਛਾਤੇ ਵਿਅਕਤੀਆਂ ਨੇ ਉਨ੍ਹਾਂ ਦੀ ਕਰਿਆਨੇ ਦੀ ਦੁਕਾਨ 'ਤੇ ਹਮਲਾ ਕੀਤਾ। ਇਸ ਗੰਭੀਰ ਹਮਲੇ ਕਾਰਨ ਮਨਦੀਪ ਕੁਮਾਰ ਦੀ ਮੌਕੇ ਪਰ ਹੱਤਿਆ ਹੋ ਗਈ।ਐਫਆਈਆਰ ਦਰਜ ਹੋਣ ਤੋਂ ਬਾਅਦ, ਪੁਲਸ ਨੇ ਤੇਜੀ ਨਾਲ ਕਾਰਵਾਈ ਕਰਦੇ ਹੋਏ ਜਾਂਚ ਸ਼ੁਰੂ ਕੀਤੀ। ਕਈ ਪੁਲਸ ਟੀਮਾਂ ਬਣਾਈਆਂ ਗਈਆਂ ਅਤੇ ਤਕਨੀਕੀ ਨਿਗਰਾਨੀ ਦੀ ਸਹਾਇਤਾ ਨਾਲ, ਇਸ ਅਪਰਾਧ ਦੇ ਸੰਬੰਧ ਵਿੱਚ ਛੇ ਵਿਅਕਤੀਆਂ ਦੀ ਪਛਾਣ ਕੀਤੀ ਗਈ: ਯਾਦਵਿੰਦਰ ਸਿੰਘ ਉਰਫ਼ ਪ੍ਰਿੰਸ, ਸਾਹਿਲ ਕੁਮਾਰ ਉਰਫ਼ ਜੇਹਰ, ਕ੍ਰਿਸ਼ਨਾ, ਅੰਕਿਤ, ਆਕਾਸ਼ਦੀਪ ਅਤੇ ਅਨਮੋਲ।



## ਸ਼ਹੀਦ ਬਾਬਾ ਕਰਮ ਸਿੰਘ ਦੀ ਯਾਦ 'ਚ ਸਾਲਾਨਾ ਕੀਰਤਨ ਦਰਬਾਰ ਕਰਵਾਇਆ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਇਤਿਹਾਸਕ ਪਿੰਡ ਬੱਡੋਂ ਵਿਖੇ ਗੁਰਦੁਆਰਾ ਸ਼ਹੀਦ ਬਾਬਾ ਕਰਮ ਸਿੰਘ ਜੀ (ਸ਼ਹੀਦਾਂ ) ਦੇ ਅਸਥਾਨ 'ਤੇ ਸਿੱਖ ਕੌਮ ਦੇ ਮਹਾਨ ਉਨ੍ਹਾਂ ਦੀ ਯਾਦ ਵਿੱਚ ਸਾਲਾਨਾ ਮਹਾਨ ਕੀਰਤਨ ਦਰਬਾਰ ਸ਼ਰਧਾ ਭਾਵਨਾ ਨਾਲ ਕਰਵਾਏ ਗਏ। 14 ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਭਾਈ ਸੁਖਦੇਵ ਸਿੰਘ ਨਡਾਲੋਂ, ਭਾਈ ਅਮਨਦੀਪ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਮਨਜੀਤ ਸਿੰਘ ਸੂਹੀ ਕਵੀਸ਼ਰੀ ਜੱਥਾ, ਬਾਬਾ ਜਤਿੰਦਰ ਸਿੰਘ ਖਾਲਸਾ ਪਿੱਪਲੀ ਸਾਹਿਬ ਵਾਲੇ, ਭਾਈ ਮੱਖਣ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਜਸਵੰਤ ਸਿੰਘ ਪਰਵਾਨਾ ਕਥਾ ਵਾਚਕ, ਭਾਈ ਬਲਵੀਰ ਸਿੰਘ ਇੰਟਰਨੈਸ਼ਨਲ ਢਾਡੀ ਜੱਥਾ ਆਦਿ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸੰਤ ਬਾਬਾ ਗੁਰਚਰਨ ਸਿੰਘ ਬੱਡੋ, ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ ਤੇ ਹੋਰ ਸੰਤ ਮਹਾਂਪੁਰਸ਼ਾਂ ਨੇ ਹਾਜ਼ਰੀ ਭਰੀ।ਛਬੀਲ, ਚਾਹ ਪਕੌੜੇ ਅਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਪ੍ਰਧਾਨ ਦਰਸ਼ਨ ਸਿੰਘ, ਮੱਖਣ ਸਿੰਘ ਮੀਤ ਪ੍ਰਧਾਨ, ਜਨਰਲ ਸਕੱਤਰ ਸੁਰਿੰਦਰ ਸਿੰਘ, ਹਰਦੀਪ ਸਿੰਘ ਖਾਲਸਾ ਖਜਾਨਚੀ, ਸਰਵਪ੍ਰੀਤ ਸਿੰਘ ਖਾਲਸਾ ਸਟੇਜ ਸਕੱਤਰ, ਤਰਲੋਚਨ ਸਿੰਘ, ਵਿਜੇ ਸਿੰਘ, ਹਰਵੇਲ ਸਿੰਘ, ਕਰਨਵੀਰ ਸਿੰਘ, ਭਾਈ ਪਰਮਜੀਤ ਸਿੰਘ ਹੈਡ ਗ੍ਰੰਥੀ, ਸਰਪੰਚ ਬਲਵਿੰਦਰ ਸਿੰਘ, ਅਵਤਾਰ ਸਿੰਘ, ਸੋਢੀ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਕੇ ਭਰ ਤੋਂ ਸੰਗਤਾਂ ਨੇ ਹਾਜਰੀ ਭਰੀ।



## ਪੀ ਏ ਪੀ ਕੈਂਪਸ ਵਿਖੇ ਮਨਾਇਆ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ



**ਜਲੰਧਰ (ਸ਼ੈਲੀ ਐਲਬਰਟ)-** ਏ.ਡੀ.ਜੀ.ਪੀ. ਸਟੇਟ ਆਰਮਡ ਪੁਲਸ, ਜਲੰਧਰ ਐਮ.ਐਫ. ਫ਼ਰੂਕੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਕਮਾਂਡੈਂਟ ਸਿਖ਼ਲਾਈ ਮਨਦੀਪ ਸਿੰਘ ਗਿੱਲ ਦੀ ਰਹਿਨੁਮਾਈ ਹੇਠ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ ਪੀ.ਏ.ਪੀ. ਕੈਂਪਸ ਵਿਖੇ ਮਨਾਇਆ ਗਿਆ।ਇਸ ਸਮਾਗਮ ਵਿੱਚ ਸਟੇਟ ਆਰਮਡ ਪੁਲਸ ਦੇ ਵੱਖ-ਵੱਖ ਰੈਂਕਾਂ ਦੇ ਤਕਰੀਬਨ 650 ਅਧਿਕਾਰੀ/ਕਰਮਚਾਰੀ ਸ਼ਾਮਲ ਹੋਏ।ਇਸ ਮੌਕੇ ਕਮਾਂਡੈਂਟ ਨੇ ਯੋਗ ਅਭਿਆਸ ਵਿੱਚ ਭਾਗ ਲੈ ਰਹੇ ਅਧਿਕਾਰੀਆਂ ਅਤੇ ਜਵਾਨਾਂ ਨੂੰ ਯੋਗ ਦੇ ਫਾਇਦਿਆਂ ਬਾਰੇ ਜਾਣੂ ਕਰਵਾਉਂਦਿਆਂ ਸਰੀਰ ਨੂੰ ਫਿੱਟ ਰੱਖਣ ਸਬੰਧੀ ਨੁਕਤੇ ਸਾਂਝੇ ਕੀਤੇ । ਉਨ੍ਹਾਂ ਕਿਹਾ ਕਿ ਅੱਜ ਦੇ ਭੱਜ-ਦੌੜ ਵਾਲੇ ਯੁੱਗ ਵਿੱਚ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਯੋਗ ਬਹੁਤ ਫਾਇਦੇਮੰਦ ਹੈ। ਉਨ੍ਹਾਂ ਨਸ਼ਿਆਂ ਤੋਂ ਬਚਣ ਦੀ ਪੁਰਜ਼ੋਰ ਅਪੀਲ ਕਰਦਿਆਂ ਤੰਦਰੁਸਤ ਜੀਵਨ ਸ਼ੈਲੀ ਅਪਣਾਉਣ 'ਤੇ ਜ਼ੋਰ ਦਿੱਤਾ।ਇਸ ਦੌਰਾਨ ਯੋਗ ਇੰਸਟਰਕਟਰਜ਼ ਵੱਲੋਂ ਸਮਾਗਮ ਵਿੱਚ ਹਾਜ਼ਰ ਅਧਿਕਾਰੀਆਂ ਅਤੇ ਜਵਾਨਾਂ ਨੂੰ ਯੋਗ ਦੇ ਵੱਖ-ਵੱਖ ਆਸਣ ਕਰਵਾਏ ਗਏ।ਇਸ ਮੌਕੇ ਡੀ.ਐਸ.ਪੀ ਸਿਖ਼ਲਾਈ ਸੁਖਜਿੰਦਰ ਸਿੰਘ, ਇੰਸਪੈਕਟਰ ਰਛਪਾਲ ਸਿੰਘ ਸੀ.ਡੀ.ਆਈ., ਇੰਸਪੈਕਟਰ ਚੈਂਚਲ ਸਿੰਘ ਸੀ.ਐਨ.ਆਈ., ਇੰਸਪੈਕਟਰ ਜਤਿੰਦਰ ਸਿੰਘ, ਇੰਸਪੈਕਟਰ ਚੈਂਚਲ ਸਿੰਘ ਅਤੇ ਆਰ.ਟੀ.ਸੀ. ਸਟਾਫ਼ ਵਿਸ਼ੇਸ਼ ਤੌਰ 'ਤੇ ਮੌਜੂਦ ਸੀ।

## ਬਾਲ ਕ੍ਰਿਸ਼ਨ ਨੂੰ ਪ੍ਰਧਾਨ ਤੇ ਗੁਰਨਾਮ ਚੰਦ ਨੂੰ ਜਨਰਲ ਸਕੱਤਰ ਚੁਣਿਆ

**ਜਲੰਧਰ (ਰਾਜੇਸ਼ ਥਾਪਾ)** ਪੰਜਾਬ ਸਰਕਾਰ ਦੇ ਪੈਨਸ਼ਨਰਾਂ ਦੀ ਇੱਕ ਮੀਟਿੰਗ ਬਲਵਿੰਦਰ ਕੁਮਾਰ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪੰਜਾਬ ਪੈਂਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਅਤੇ ਬਲਵਿੰਦਰ ਕੁਮਾਰ ਪ੍ਰਧਾਨ ਪੰਜਾਬ ਪੈਂਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫਿਲੌਰ ਨੇ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਨੂੰ ਸਾਂਝੇ ਕਰਦੇ ਹੋਏ, ਉਹਨਾਂ ਦੀਆਂ ਸਮੱਸਿਆਵਾਂ ਅਤੇ ਸਾਂਝੀਆਂ ਮੰਗਾਂ ਸਬੰਧੀ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਵਤੀਰੇ ਬਾਰੇ ਵੀ ਵਿਸਥਾਰ ਵਿੱਚ ਦੱਸਿਆ। ਉਹਨਾਂ ਨੇ ਕਿਹਾ ਕਿ ਪੈਨਸ਼ਨਰਾਂ ਨੂੰ ਪੈਂਨਸ਼ਨ ਰੀਵਾਈਜ ਲਈ 2.59 ਦਾ ਗੁਣਾਂਕ ,13 ਪ੍ਰਤੀਸ਼ਤ ਦੀਆਂ ਡੀ ਏ ਦੀਆਂ ਕਿਸ਼ਤਾਂ ਅਤੇ ਪਿਛਲੇ ਬਕਾਏ,ਪੇ ਕਮਿਸ਼ਨ ਦੇ 66 ਮਹੀਨਿਆਂ ਦੇ ਬਕਾਏ ਇੱਕੋ ਵਾਰ ਨਾ ਦੇਣ, ਮੈਡੀਕਲ ਭੱਤਾ 2000/- ਰੁਪਏ ਨਾ ਕਰਨ, ਮੈਡੀਕਲ ਕਲੇਮ ਦੇ ਬਿੱਲ ਲੰਬੇ ਸਮੇਂ ਤੱਕ ਅਦਾ ਨਾ ਕਰਨ ਆਦਿ ਮੰਗਾਂ ਨੂੰ ਲਾਗੂ ਕਰਨ ਲਈ ਪੰਜਾਬ ਸਰਕਾਰ ਲਾਰੇ ਲੱਪੇ ਦੀ ਨੀਤੀ ਤੇ ਚੱਲਦੇ ਹੋਏ ਆਪਣਾ ਟਾਈਮ ਪਾਸ ਕਰ ਰਹੀ ਹੈ। ਆਗੂਆਂ ਨੇ ਕਿਹਾ ਕਿ ਉਪਰੋਕਤ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਵਾਉਣ ਲਈ ਹਰ ਪੱਧਰ 'ਤੇ ਪੈਨਸ਼ਨਰਾਂ ਦਾ ਜਥੇਬੰਦ ਹੋਣਾ ਅਤੇ ਚੱਲ ਰਹੇ ਸੰਘਰਸ਼ਾਂ ਵਿੱਚ ਸ਼ਮੂਲੀਅਤ ਕਰਨੀ ਸਮੇਂ ਦੀ ਬਹੁਤ ਹੀ ਅਹਿਮ ਲੋੜ ਹੈ।ਇਸੇ ਨੂੰ ਧਿਆਨ ਵਿੱਚ ਰੱਖਦੇ ਹੋਏ ਗੰਭੀਰਤਾ ਨਾਲ ਵਿਚਾਰ ਚਰਚਾ ਕਰਦੇ ਹੋਏ ਜਲੰਧਰ ਤਹਿਸੀਲ ਦੀ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦਾ ਗਠਨ ਕੀਤਾ ਗਿਆ। ਐਸੋਸੀਏਸ਼ਨ ਦੀ ਕੀਤੀ ਗਈ ਚੋਣ ਅਨੁਸਾਰ ਬਾਲ ਕ੍ਰਿਸ਼ਨ ਬੀ ਪੀ ਈ ਓ ਨੂੰ ਪ੍ਰਧਾਨ, ਗੁਰਨਾਮ ਚੰਦ ਹੈਲਥ ਵਿਭਾਗ ਨੂੰ ਜਨਰਲ ਸਕੱਤਰ, ਅਵਤਾਰ ਸਿੰਘ ਬੀ ਪੀ ਈ ਓ ਨੂੰ ਵਿੱਤ ਸਕੱਤਰ, ਸੂਰਤੀ ਲਾਲ ਬੀ ਪੀ ਈ ਓ ਨੂੰ ਪ੍ਰੈੱਸ ਸਕੱਤਰ ਅਤੇ ਪਰਮਜੀਤ ਸਿੰਘ ਹੈਲਥ ਵਿਭਾਗ ਨੂੰ ਜਥੇਬੰਦਕ ਸਕੱਤਰ ਸਰਬ ਸੰਮਤੀ ਨਾਲ ਚੁਣਿਆ ਗਿਆ।ਪ੍ਰਧਾਨ ਬਾਲ ਕ੍ਰਿਸ਼ਨ ਨੂੰ ਭਵਿੱਖ ਵਿੱਚ ਐਸੋਸੀਏਸ਼ਨ ਦੀ ਕਮੇਟੀ ਦਾ ਹੋਰ ਵਿਸਥਾਰ ਕਰਨ ਦੇ ਅਧਿਕਾਰ ਦਿੱਤੇ ਗਏ।ਇਸ ਸਮੇਂ ਹੋਰਨਾਂ ਤੋਂ ਇਲਾਵਾ ਬਾਲ ਕ੍ਰਿਸ਼ਨ, ਸੂਰਤੀ ਲਾਲ, ਗੁਰਨਾਮ ਚੰਦ, ਅਵਤਾਰ ਸਿੰਘ, ਪਰਮਜੀਤ ਸਿੰਘ, ਬਲਵਿੰਦਰ ਕੁਮਾਰ, ਮੁਖਤਿਆਰ ਸਿੰਘ, ਸੁੱਚਾ ਰਾਮ, ਕਸ਼ਮੀਰੀ ਲਾਲ,ਬਾਲ ਬਹਾਦਰ ਰਮੇ, ਸੁਰਿੰਦਰ ਪਾਲ,ਤਾਰਾ ਸਿੰਘ ਬੀਕਾ,ਚਰਨ ਦਾਸ, ਸ਼ਿਵ ਦਾਸ, ਸਤਪਾਲ ਮਹਿਮੀ,ਰਤਨ ਸਿੰਘ, ਕੁਲਦੀਪ ਸਿੰਘ ਕੌੜਾ ਆਦਿ ਪੈਨਸ਼ਨਰ ਸਾਥੀ ਹਾਜ਼ਰ ਹੋਏ।



## ਦ ਲੈਂਡਮਾਰਕ ਸਕੂਲ 'ਚ ਮਨਾਇਆ ਅੰਤਰਰਾਸ਼ਟਰੀ ਯੋਗ ਦਿਵਸ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)—** ਦ ਲੈਂਡਮਾਰਕ ਸਕੂਲ ਵਿਖੇ ਪ੍ਰਿੰਸੀਪਲ ਮਿਸ ਸੋਨਮ ਸ਼ਰਮਾ ਦੀ ਅਗਵਾਈ ਹੇਠ ਆਨਲਾਈਨ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ, ਜਿਸ ਵਿੱਚ ਬੱਚੇ, ਉਨ੍ਹਾਂ ਦੇ ਮਾਤਾ ਪਿਤਾ ਅਤੇ ਸਮੂਹ ਸਟਾਫ ਨੇ ਵੱਧ ਚੜ ਕੇ ਹਿੱਸਾ ਲਿਆ। ਇਸ ਵਿਚ ਅਧਿਆਪਕਾ ਮਿਸਜ਼ ਰਾਖੀ ਅਤੇ ਅਧਿਆਪਕ ਅੰਮ੍ਰਿਤਪਾਲ ਸਿੰਘ ਨੇ ਬੱਚਿਆਂ ਨੂੰ ਅਲੱਗ-ਅਲੱਗ ਯੋਗ ਆਸਨ ਕਰਵਾਏ ਅਤੇ ਉਨ੍ਹਾਂ ਨੂੰ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਯੋਗ ਅਭਿਆਸ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸਕੂਲ ਦੇ ਬੱਚਿਆਂ ਨੇ ਯੋਗ ਦਾ ਅਭਿਆਸ ਕਰਦਿਆਂ ਆਨਲਾਈਨ ਵੱਖ-ਵੱਖ ਤਸਵੀਰਾਂ ਸਾਂਝੀਆਂ ਕੀਤੀਆਂ। ਇਸ ਦੇ ਨਾਲ ਹੀ ਸਕੂਲ ਦੇ ਪ੍ਰਿੰਸੀਪਲ ਨੇ ਸੰਦੇਸ਼ ਦਿੱਤਾ ਕਿ ਯੋਗ ਇਕ ਆਧੁਨਿਕ ਵਿਧੀ ਹੈ, ਜੋ ਅਜੋਕੇ ਸਮੇਂ 'ਚ ਮਨੁੱਖੀ ਸਰੀਰ ਦੀ ਤੰਦਰੁਸਤੀ ਲਈ ਬਹੁਤ ਲਾਭਦਾਇਕ ਹੈ ਤੇ ਸਾਨੂੰ ਸਾਰਿਆਂ ਨੂੰ ਰੋਜ਼ਾਨਾ ਯੋਗ ਕਰਨਾ ਚਾਹੀਦਾ ਹੈ।

## ਕਿਸਾਨ ਆਗੂ ਕਸ਼ਮੀਰ ਸਿੰਘ ਦੀ ਸੜਕ ਹਾਦਸੇ 'ਚ ਮੌਤ 'ਤੇ ਵਿਧਾਇਕ ਮਾਨ ਵੱਲੋਂ ਦੁੱਖ ਦਾ ਪ੍ਰਗਟਾਵਾ

**ਨਕੋਦਰ (ਬਲਵਿੰਦਰ ਸਿੰਘ ਧਾਲੀਵਾਲ)-** ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਦੁਆਬਾ ਏਰੀਏ ਦੇ ਬੁਲਾਰੇ ਜਥੇਦਾਰ ਕਸ਼ਮੀਰ ਸਿੰਘ ਜੰਡਿਆਲਾ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਜਿਸ ਦੌਰਾਂਨ ਹਲਕਾ ਨਕੋਦਰ ਤੋਂ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਉਨ੍ਹਾਂ ਕਿਹਾ ਕਿ ਕਸ਼ਮੀਰ ਸਿੰਘ ਜੰਡਿਆਲਾ ਇੱਕ ਬਹੁਤ ਹੀ ਨੇਕ ਸੁਭਾਅ ਦੇ ਮਾਲਕ ਸਨ। ਇਸ ਮੌਕੇ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਦੱਸਿਆ ਕਿ ਕਿਸਾਨ ਅੰਦੋਲਨ ਦੌਰਾਨ ਦੁਆਬੇ ਦੇ ਕਿਸਾਨਾਂ ਨੂੰ ਲਾਮਬੰਦ ਕਰਨ ਵਿੱਚ ਜਥੇਦਾਰ ਕਸ਼ਮੀਰ ਸਿੰਘ ਜੰਡਿਆਲਾ ਨੇ ਅਹਿਮ ਯੋਗਦਾਨ ਪਾਇਆ ਸੀ। ਉਨ੍ਹਾਂ ਦੀ ਮੌਤ ਦੀ ਖਬਰ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਰਸ਼ਨ ਸਿੰਘ ਟਾਹਲੀ ਵਾਇਸ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਜਲੰਧਰ, ਕਰਨੈਲ ਬਾਬੂ ਚੇਅਰਮੈਨ ਮਾਰਕੀਟ ਕਮੇਟੀ ਨਕੋਦਰ, ਜਸਵੀਰ ਧੰਜਲ ਬਲਾਕ ਪ੍ਰਧਾਨ , ਸ਼ਾਂਤੀ ਸਰੂਪ, ਬਲਦੇਵ ਰਾਜ ਸਹੋਤਾ ਬਲਾਕ ਪ੍ਰਧਾਨ, ਸੁਰਿੰਦਰ ਬਠਲਾ ਬਲਾਕ ਪ੍ਰਧਾਨ, ਰਜਨੀਸ਼ ਗੌਤਮ ਸਾਬਕਾ ਸਰਪੰਚ, ਮਾਸਟਰ ਸਵਰਨ ਸਿੰਘ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ।

## ਐੱਸ ਏ ਐੱਸ ਨਗਰ 'ਚ ਬਣੇਗਾ ਜੇਲ੍ਹ ਵਿਭਾਗ ਦਾ ਮੁੱਖ ਦਫ਼ਤਰ; ਲਾਲਜੀਤ ਭੁੱਲਰ ਨੇ ਰੱਖਿਆ ਨੀਂਹ ਪੱਥਰ

**ਚੰਡੀਗੜ੍ਹ (ਗੁਰਜੀਤ ਬਿੱਲਾ)-** ਪੰਜਾਬ ਸਰਕਾਰ ਵੱਲੋਂ ਐਸ.ਏ.ਐਸ ਨਗਰ ਵਿਖੇ ਜੇਲ੍ਹ ਵਿਭਾਗ ਦਾ ਮੁੱਖ ਦਫਤਰ 'ਜੇਲ੍ਹ ਭਵਨ' ਬਣਾਇਆ ਜਾਵੇਗਾ, ਇਸ ਸਬੰਧੀ ਸਮੁੱਚੀਆਂ ਪ੍ਰਵਾਨਗੀਆਂ ਮਗਰੋਂ ਪੰਜਾਬ ਦੇ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਨੀਂਹ ਪੱਥਰ ਰੱਖਿਆ। ਇਸ ਉਸਾਰੇ ਜਾ ਰਹੇ ਨਵੇਂ ਮੁੱਖ ਦਫਤਰ ਦੀ ਅਜੋਕੇ ਸਮੇਂ ਦੀਆਂ ਲੋੜਾਂ ਅਨੁਸਾਰ ਨਿਰਮਾਣ ਪ੍ਰਕਿਰਿਆ ਸ਼ੁਰੂਆਤ ਹੋ ਗਈ ਹੈ।ਜੇਲ੍ਹ ਮੰਤਰੀ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਜੇਲ੍ਹ ਵਿਭਾਗ ਵਿੱਚ ਵੱਡੇ ਸੁਧਾਰ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਸੂਬੇ ਦੀਆਂ ਸਮੁੱਚੀਆਂ ਜੇਲ੍ਹਾਂ ਨੂੰ ਅਤੀ ਆਧੁਨਿਕ ਉਪਕਰਨਾਂ ਅਤੇ ਸਹੂਲਤਾਂ ਨਾਲ ਲੈਸ ਕੀਤਾ ਜਾ ਰਿਹਾ ਹੈ, ਉੱਥੇ ਹੀ ਜੇਲ੍ਹ ਵਿਭਾਗ ਦੇ ਵੱਖਰੇ ਮੁੱਖ ਦਫ਼ਤਰ ਦੀ ਉਸਾਰੀ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਜੇਲ੍ਹ ਵਿਭਾਗ ਅਤੀ ਆਧੁਨਿਕ ਅਤੇ ਪ੍ਰਸ਼ਾਸਨਿਕ ਸਚੱਜੇਪਣ ਵੱਲ ਕਦਮ ਪੁੱਟ ਰਿਹਾ ਹੈ।ਵਿਭਾਗ ਦੀਆਂ ਭਵਿੱਖੀ ਯੋਜਨਾਵਾਂ ਬਾਰੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ ਕਿ ਨਵਾਂ ਉਸਾਰਿਆ ਜਾ ਰਿਹਾ ਜੇਲ੍ਹ ਭਵਨ ਵਿਭਾਗ ਲਈ ਕੇਂਦਰੀਕ੍ਰਿਤ ਨੀਤੀ ਬਣਾਉਣ, ਨਵੀਨਤਮ ਤਕਨਾਲੋਜੀ ਅਤੇ ਆਧੁਨਿਕ ਕਾਰਜਸ਼ੈਲੀ ਨੂੰ ਅਪਣਾਉਣ ਵਿੱਚ ਮਦਦਗਾਰ ਹੋਵੇਗਾ। ਭੁੱਲਰ ਨੇ ਦੱਸਿਆ ਕਿ ਮੁੱਖ ਦਫ਼ਤਰ ਦੀ ਇਮਾਰਤ 35 ਕਰੋੜ ਦੀ ਲਾਗਤ ਨਾਲ 2 ਸਾਲ 'ਚ ਮੁਕੰਮਲ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭਾਵੇਂ ਇਹ ਪ੍ਰਾਜੈਕਟ ਮੁਕੰਮਲ ਕਰਨ ਦੀ ਮਿਆਦ ਅਪ੍ਰੈਲ 2027 ਨਿਰਧਾਰਿਤ ਕੀਤੀ ਗਈ ਹੈ, ਪਰ ਠੇਕੇਦਾਰ ਨੂੰ ਸਮੁੱਚਾ ਕੰਮ ਦਸੰਬਰ 2026 ਤੱਕ ਮੁਕੰਮਲ ਕਰਨ ਲਈ ਕਿਹਾ ਗਿਆ ਹੈ।ਮੰਤਰੀ ਨੇ ਕਿਹਾ ਕਿ ਮੁੱਖ ਦਫ਼ਤਰ ਦੀ ਉਸਾਰੀ, ਜੇਲ੍ਹ ਵਿਭਾਗ ਦੇ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਨੂੰ ਵਧਾਉਣ ਦੇ ਯਤਨਾਂ ਵਿੱਚ ਇੱਕ ਵੱਡਾ ਮੀਲ ਪੱਥਰ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਦਫ਼ਤਰ ਦੇ ਬਣਨ ਨਾਲ ਜਿੱਥੇ ਵਿਭਾਗ ਦੇ ਕਰਮਚਾਰੀਆਂ ਤੇ ਅਧਿਕਾਰੀਆਂ ਦੇ ਕੰਮ ਕਰਨ ਦੀ ਸੁਵਿਧਾ 'ਚ ਵਾਧਾ ਹੋਵੇਗਾ, ਉੱਥੇ ਹੀ ਕਿਰਾਏ ਵਜੋਂ ਦਿੱਤੀ ਜਾਂਦੀ ਇੱਕ ਵੱਡੀ ਰਾਸ਼ੀ (7 ਲੱਖ ਪ੍ਰਤੀ ਮਹੀਨਾ, 84 ਲੱਖ ਸਲਾਨਾ) ਦੀ ਬੱਚਤ ਵੀ ਹੋਵੇਗੀ। ਮੰਤਰੀ ਨੇ ਦੱਸਿਆ ਕਿ ਸੈਕਟਰ 68, ਐਸ.ਏ.ਐਸ ਨਗਰ ਵਿੱਚ ਜੇਲ੍ਹ ਹੈੱਡਕੁਆਰਟਰ ਦੀ ਇਮਾਰਤ ਦੀ ਉਸਾਰੀ ਲਈ ਏ.ਐਸ.ਸੀ. ਬਿਲਡਰ ਨੂੰ ਠੇਕਾ ਦਿੱਤਾ ਗਿਆ ਹੈ। ਇਹ ਪ੍ਰੋਜੈਕਟ ਲਈ ਕੁੱਲ 35 ਕਰੋੜ ਰੁਪਏ ਦਾ ਕੁੱਲ ਬਜਟ ਅਲਾਟ ਕੀਤਾ ਗਿਆ ਹੈ ਅਤੇ ਇਮਾਰਤ ਦਾ ਪਲਾਟ ਖੇਤਰ 43,700 ਵਰਗ ਫੁੱਟ (1 ਏਕੜ) ਦਾ ਹੈ, ਜਦਕਿ ਢੱਕਿਆ ਹੋਇਆ ਖੇਤਰ 83,947.71 ਵਰਗ ਫੁੱਟ ਦੀ ਹੋਵੇਗਾ। ਇਸ ਇਮਾਰਤ ਖੇਤਰ ਵਿਖੇ ਪਾਰਕਿੰਗ ਸਮਰੱਥਾ 115 ਕਾਰਾਂ ਹੋਵੇਗੀ।ਉਨ੍ਹਾਂ ਦੱਸਿਆ ਕਿ ਇਸ ਇਮਾਰਤ ਵਿੱਚ ਇੱਕ ਬੇਸਮੈਂਟ ਅਤੇ ਪੰਜ ਮੰਜ਼ਿਲਾਂ ਤੋਂ ਇਲਾਵਾ ਏਸਕੈਲੇਟਰ, ਫਾਇਰ ਫਾਈਟਿੰਗ, ਫਾਇਰ ਅਲਾਰਮਿੰਗ, ਲਿਫਟਾਂ, ਲੋਕਲ ਏਰੀਆ ਨੈਟਵਰਕ ਸਿਸਟਮ ਆਦਿ ਸੁਵਿਧਾਵਾਂ ਮਹੱਈਆ ਕਰਵਾਈਆਂ ਜਾਣਗੀਆਂ।ਇਸ ਇਮਾਰਤ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿੰਦਿਆਂ ਮੰਤਰੀ ਨੇ ਕਿਹਾ ਕਿ ਇੱਥੇ ਐਸ.ਟੀ.ਪੀ. ਸਿਸਟਮ, ਕੇਂਦਰੀ ਏਅਰ ਕੰਡੀਸ਼ਨਡ ਸਿਸਟਮ, ਸੂਰਜੀ ਊਰਜਾ ਉਤਪਾਦਨ, ਅੱਗ ਬੁਝਾਉਣ ਅਤੇ ਅੱਗ ਅਲਾਰਮਿੰਗ ਸਿਸਟਮ ਤੋਂ ਇਲਾਵਾ ਹੋਰ ਅਤੀ ਆਧੁਨਿਕ ਸਿਸਟਮ ਲਗਾਏ ਜਾਣਗੇ। ਮੰਤਰੀ ਨੇ ਕਿਹਾ ਕਿ ਇਹ ਅਤਿ-ਆਧੁਨਿਕ ਸਹੂਲਤ ਵਾਲੀ ਇਮਾਰਤ ਜੇਲ੍ਹ ਵਿਭਾਗ ਲਈ ਮੁੱਖ ਦਫਤਰ ਵਜੋਂ ਕੰਮ ਕਰੇਗੀ ਅਤੇ ਕਰਮਚਾਰੀਆਂ ਤੇ ਅਧਿਕਾਰੀਆਂ ਲਈ ਇੱਕ ਆਧੁਨਿਕ ਅਤੇ ਕੁਸ਼ਲ ਕਾਰਜ ਸਥਾਨ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਨੂੰ ਵਧਾਉਣ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਇਸ ਮੌਕੇ ਪ੍ਰਮੁੱਖ ਸਕੱਤਰ ਜੇਲ੍ਹਾਂ ਸ਼੍ਰੀਮਤੀ ਭਾਵਨਾ ਗਰਗ, ਅਡੀਸ਼ਨਲ ਡਾਇਰੈਕਟਰ ਜਨਰਲ ਆਫ ਪੰਜਾਬ ਪੁਲੀਸ ਜੇਲ੍ਹਾਂ ਸ੍ਰੀ ਅਰੁਨ ਪਾਲ ਸਿੰਘ, ਮੁੱਖ ਇੰਜੀਨੀਅਰ ਪੰਜਾਬ ਪੁਲੀਸ ਹਾਊਸਿੰਗ ਕਾਰਪੋਰੇਸ਼ਨ ਸ੍ਰੀ ਰਣਜੋਧ ਸਿੰਘ ਤੋਂ ਇਲਾਵਾ ਵਿਭਾਗ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।



## ਮੁੜ ਨਿਯੁਕਤੀ ਮਾਮਲਿਆਂ ਦੀ ਸਮੀਖਿਆ ਲਈ ਕਮੇਟੀ ਦਾ ਮੁੜ ਗਠਨ

**ਚੰਡੀਗੜ੍ਹ (ਕ੍ਰਿਸ਼ਨ ਗਰਗ)-** ਹਰਿਆਣਾ ਸਰਕਾਰ ਨੇ ਮੁੜ ਨਿਯੁਕਤੀ ਮਾਮਲਿਆਂ ਦੀ ਜਾਂਚ ਲਈ ਕਮੇਟੀ ਦਾ ਮੁੜ ਗਠਨ ਕੀਤਾ ਹੈ। ਇਹ ਕਮੇਟੀ ਨਿਜੀ ਮਾਮਲੇ ਅਤੇ ਪ੍ਰਸ਼ਾਸ਼ਨਿਕ ਵਿਭਾਗਾਂ ਵੱਲੋਂ ਭੇਜੇ ਗਏ ਵਰਗਾਂ ਜਾਂ ਸ਼੍ਰੇਣੀਆਂ ਨਾਲ ਸਬੰਧਿਤ ਮਾਮਲਿਆਂ ਦੀ ਸਮੀਖਿਆ ਕਰੇਗੀ। ਮੁੱਖ ਸਕੱਤਰ ਅਨੁਰਾਗ ਰਸਤੋਗੀ ਵੱਲੋਂ ਜਾਰੀ ਆਦੇਸ਼ਾਂ ਅਨੁਸਾਰ, ਆਈਏਐਸ ਅਧਿਕਾਰੀ ਸੁਧੀਰ ਰਾਜਪਾਲ ਇਸ ਕਮੇਟੀ ਦੇ ਚੇਅਰਮੈਨ ਹੋਣਗੇ, ਜਦੋਂ ਕਿ ਡਾ. ਸੁਮਿਤਾ ਮਿਸ਼ਰਾ ਅਤੇ ਆਨੰਦ ਮੋਹਨ ਸ਼ਰਣ ਇਸ ਦੇ ਮੈਂਬਰ ਹੋਣਗੇ। ਇਹ ਕਮੇਟੀ ਅਗਾਮੀ ਕਾਰਵਾਈ ਲਈ ਸਬੰਧਿਤ ਪ੍ਰਸ਼ਾਸ਼ਨਿਕ ਵਿਭਾਗਾਂ ਨੂੰ ਸਿਫਾਰਿਸ਼ ਕਰੇਗੀ।

## ਐੱਮ ਡੀ ਯੂ ਨੇ ਜਾਰੀ ਕੀਤੇ ਪ੍ਰੀਖਿਆ ਨਤੀਜੇ

**ਚੰਡੀਗੜ੍ਹ (ਕ੍ਰਿਸ਼ਨ ਗਰਗ)-**ਮਹਾਰਿਸ਼ੀ ਦਿਆਨੰਦ ਯੂਨੀਵਰਸਿਟੀ ਰੋਹਤਕ ਨੇ ਮਾਰਚ, 2025 ਵਿੱਚ ਆਯੋਜਿਤ ਸਰਟੀਫਿਕੇਟ ਕੋਰਸ ਇੰਨ ਕਮਿਊਨੀਕੇਸ਼ਨ ਸਕਿਲਸ ਅਤੇ ਸਰਟੀਫਿਕੇਟ ਕੋਰਸ ਇਨ ਹਾਸਪਿਟਲ ਫੂਡ ਸਰਵਿਸਿਸ ਐਂਡ ਡਾਇਟੇਟਿਕਸ ਦੇ ਪਹਿਲੇ ਸੈਮੇਸਟਰ ਦੀ ਪ੍ਰੀਖਿਆ ਦਾ ਨਤੀਜਾ ਜਾਰੀ ਕਰ ਦਿੱਤਾ ਹੈ। ਯੂਨੀਵਰਸਿਟੀ ਦੇ ਬੁਲਾਰੇ ਨੇ ਦਸਿਆ ਕਿ ਪ੍ਰੀਖਿਆ ਨਤੀਜੇ ਯੂਨੀਵਰਸਿਟੀ ਵੈਬਸਾਇਟ 'ਤੇ ਉਪਲਬਧ ਹਨ।

**ਜਨਮ ਦਿਨ ਮੁਬਾਰਕ**



ਲਕਸ਼ਦੀਪ ਸਿੰਘ
ਪਿਤਾ : ਗੁਰਦੇਵ ਸਿੰਘ
ਮਾਤਾ : ਨਵਪ੍ਰੀਤ ਕੌਰ
ਵਾਸੀ : ਜੰਡਿਆਲਾ ਗੁਰੂ



ਦੇਸ਼ ਭਗਤ ਅਤੇ ਇਨਕਲਾਬੀ ਸਾਹਿਤਕਾਰ ਗਿਆਨੀ ਹੀਰਾ ਸਿੰਘ ਦਰਦ

(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ



ਖੰਭ ਤੜਪਣਗੇ, ਜਦੋਂ ਤੱਕ ਪਿੰਜਰੇ ਖੁੱਲ੍ਹਦੇ ਨਹੀਂ
ਕੈਦ ਹੋ ਕੇ ਵੀ ਪਰਿੰਦੇ ਉੱਡਣਾ ਭੁੱਲਦੇ ਨਹੀਂ।
ਪੁੱਛਦਾ ਰੰਗਾਂ ਨੂੰ ਅਕਸਰ ਹੀ ਲਲਾਰੀ ਅੱਕਿਆ,
ਜ਼ਿੰਦਗੀ ਮੇਰੀ 'ਚ ਬੇਰਹਿਮੋ ਕਿਉਂ ਘੁਲ਼ਦੇ ਨਹੀਂ।

- ਕੁਲਵਿੰਦਰ ਬੱਛੋਆਣਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 22 ਜੂਨ 2025

www.nawanzamana.in

ਕੀਮਤ 5.00 ਰੁਪਏ

# ਵੱਡੀ ਮਰਦਮਸ਼ੁਮਾਰੀ

*ਪਿਛਲੇ ਦਿਨੀ ਕੇਂਦਰ ਸਰਕਾਰ ਵੱਲੋਂ 16ਵੀਂ ਮਰਦਮਸ਼ੁਮਾਰੀ ਲਈ ਨੋਟੀਫਿਕੇਸ਼ਨ ਜਾਰੀ ਹੋਇਆ। ਇਸ ਮਰਦਮਸ਼ੁਮਾਰੀ ਵਿੱਚ ਜਾਤੀਗਤ ਮਰਦਮਸ਼ੁਮਾਰੀ ਵੀ ਸ਼ਾਮਲ ਕੀਤੀ ਗਈ ਹੈ। ਚੇਤੇ ਰਹੇ ਇਹ ਮਰਦਮਸ਼ੁਮਾਰੀ 16 ਸਾਲਾਂ ਬਾਅਦ ਵਿਰੋਧੀ ਧਿਰ ਦੇ ਦਬਾਅ ਮਗਰੋਂ ਹੋ ਰਹੀ ਹੈ। ਦੇਸ਼ ਵਿੱਚ ਆਜ਼ਾਦੀ ਤੋਂ ਮਗਰੋਂ ਪਹਿਲੀ ਜਾਤੀਗਤ ਮਰਦਮਸ਼ੁਮਾਰੀ ਕਰਵਾਈ ਜਾ ਰਹੀ ਹੈ। ਅੰਗਰੇਜ਼ਾਂ ਦੇ ਰਾਜ ਸਮੇਂ 1881 ਅਤੇ 1931 ਵਿੱਚ ਜਾਤ ਅਧਾਰਿਤ ਵਿਆਪਕ ਮਰਦਮਸ਼ੁਮਾਰੀ ਕਰਵਾਈ ਗਈ ਸੀ। ਆਜ਼ਾਦੀ ਮਗਰੋਂ ਸਾਰੀਆਂ ਮਰਦਮਸ਼ੁਮਾਰੀਆਂ 'ਚੋਂ ਜਾਤ ਨੂੰ ਬਾਹਰ ਕੱਢ ਦਿੱਤਾ ਗਿਆ ਸੀ। ਇਸ ਪ੍ਰਸੰਗ ਵਿੱਚ ਮਾਰਕ ਜਰਗਨਜ਼ਮਾਇਰ ਦਾ ਲੇਖ ਪਹਿਲੀ ਮਰਦਮਸ਼ੁਮਾਰੀ ਬਾਰੇ ਮਹੱਤਵਪੂਰਨ ਹੈ, ਜਿਸ ਨੂੰ ਇੱਥੇ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ।*

ਮਾਰਕ ਜਰਗਨਜ਼ਮਾਇਰ

ਅਨੁ. : ਮੰਗਤ ਰਾਮ

ਆਦਿ ਧਰਮ ਲਹਿਰ ਦਾ ਪੂਰਾ ਜ਼ੋਰ 1931 ਦੀ ਮਰਦਮਸ਼ੁਮਾਰੀ 'ਤੇ ਲੱਗਾ ਹੋਇਆ ਸੀ। ਆਦਿ ਧਰਮ ਦੇ ਗਠਨ ਤੋਂ ਬਾਅਦ ਦੀ ਇਹ ਪਹਿਲੀ ਮਰਦਮਸ਼ੁਮਾਰੀ ਸੀ। ਇਸ ਮਰਦਮਸ਼ੁਮਾਰੀ 'ਚ ਚੰਗੀ ਕਾਰਜਗੁਜ਼ਾਰੀ ਨਾਲ ਹੀ ਆਦਿ ਧਰਮ ਨੂੰ ਮਾਨਤਾ ਮਿਲਣੀ ਸੀ ਤੇ ਉਹਨਾਂ ਦੀ ਗਿਣਤੀ ਵੀ ਜੱਗ ਜ਼ਾਹਿਰ ਹੋ ਜਾਣੀ ਸੀ, ਪਰ ਇਸ ਮਰਦਮਸ਼ੁਮਾਰੀ ਦਾ ਮਹੱਤਵ ਇਸ ਤੋਂ ਵੀ ਵਧ ਕੁਝ ਸੀ, ਇਹ ਲਹਿਰ ਲਈ ਇਕ ਨਿਰਣਾਇਕ ਘੜੀ ਸੀ, ਜਿਸ ਨੂੰ ਐਰਿਕ ਐਰਿਕਸਨ 'ਬੀਜਕ ਘਟਨਾ' ਦਾ ਨਾਂਅ ਦਿੰਦਾ ਹੈ। ਗਾਂਧੀ ਦੇ ਪਹਿਲੇ ਸੱਤਿਅਗ੍ਰਹਿ ਦੀ ਤਰ੍ਹਾਂ 1931 ਦੀ ਮਰਦਮਸ਼ੁਮਾਰੀ ਨੂੰ ਲੋਕ ਉਸ ਵੇਲੇ ਦੀ ਤਰ੍ਹਾਂ ਯਾਦ ਕਰਿਆ ਕਰਨਗੇ, ਜਦੋਂ ਸਾਰੇ ਪਾੜੇ ਮਿਟ ਜਾਣਗੇ। ਇਸ ਪਿਛਲੀ ਸੋਚ ਤੇ ਇਹ ਕਾਰਜ ਭਵਿੱਖ ਲਈ ਬੜੇ ਅਰਥਪੂਰਨ ਅਧਾਰ ਸਨ।

ਇਹ ਅਜੀਬ ਤਾਂ ਲੱਗਦਾ ਹੈ ਕਿ ਮਰਦਮਸ਼ੁਮਾਰੀ ਤੁਹਾਡੀ ਤਾਕਤ, ਤੁਹਾਡੇ ਜਜ਼ਬਾਤਾਂ ਦੇ ਪ੍ਰਗਟਾਅ ਦਾ ਜ਼ਰੀਆ ਬਣੇਗੀ, ਪਰ ਇਸ ਦੀ ਅਹਿਮੀਅਤ ਬੜੀ ਵਿਹਾਰਕ ਸੀ। ਇਸ ਦੇ ਕਾਰਨ ਮਰਦਮਸ਼ੁਮਾਰੀ ਦੇ ਅੰਕੜਿਆਂ 'ਚ ਦੇਖੇ ਜਾ ਸਕਦੇ ਹਨ, ਭਾਵੇਂ ਕਿ ਪੰਜਾਬ ਦੇ ਵੱਖ-ਵੱਖ ਖਿੱਤਿਆਂ 'ਚ ਧਾਰਮਿਕ ਸਮੁਦਾਵਾਂ ਦੀ ਅਨੁਪਾਤਿਕ ਗਿਣਤੀ ਅਲੱਗ-ਅਲੱਗ ਹੈ। ਕੇਂਦਰੀ ਪੰਜਾਬ ਜਿੱਥੇ ਆਦਿ ਧਰਮ ਦਾ ਪ੍ਰਭਾਵ ਸਭ ਤੋਂ ਵੱਧ ਸੀ, ਉੱਥੇ ਹਿੰਦੂ, ਸਿੱਖਾਂ ਤੇ ਮੁਸਲਮਾਨਾਂ ਦੀ ਗਿਣਤੀ ਵੀ ਲੱਗਭੱਗ ਬਰਾਬਰ ਸੀ। ਸਤਲੁਜ ਤੇ ਬਿਆਸ ਦੇ ਦੋ-ਆਬ ਖਾਸ ਕਰਕੇ ਜਲੰਧਰ, ਹੁਸ਼ਿਆਰਪੁਰ ਜ਼ਿਲ੍ਹਿਆਂ ਅੰਦਰ ਇਹ ਫ਼ਰਕ ਨਾਮਾਤਰ ਹੀ ਸੀ। ਮਰਦਮਸ਼ੁਮਾਰੀ ਦੇ ਅੰਕੜੇ ਵੀ ਇਸ ਗੱਲ ਦਾ ਸਬੂਤ ਹਨ ਕਿ ਇਸ ਇਲਾਕੇ ਦੀ ਇਹ ਵੀ ਖਾਸੀਅਤ ਸੀ ਕਿ ਇੱਥੇ ਅਛੂਤਾਂ ਦੀ ਗਿਣਤੀ ਬਹੁਤ ਸੀ, ਲੱਗਭੱਗ 23 ਫੀਸਦੀ। ਜੇਕਰ ਅਛੂਤਾਂ ਨੂੰ ਮਰਦਮਸ਼ੁਮਾਰੀ ਦੀਆਂ ਪਹਿਲੀਆਂ ਸੂਚੀਆਂ, ਜਿਹਨਾਂ 'ਚ ਉਹਨਾਂ ਨੂੰ ਹਿੰਦੂ, ਸਿੱਖ ਜਾਂ ਮੁਸਲਮਾਨ ਲਿਖਿਆ ਹੋਇਆ ਹੈ, ਵਿੱਚੋਂ ਬਾਹਰ ਕਰਕੇ ਅਲੱਗ ਸਮੂਹ ਵਜੋਂ ਦੇਖਿਆ ਜਾਵੇ ਤਾਂ ਉਹਨਾਂ ਦੀ ਗਿਣਤੀ ਬਾਕੀ ਤਿੰਨੇ ਵੱਡੇ ਸਮੂਹਾਂ ਦੇ ਬਰਾਬਰ ਹੀ ਹੈ। ਜੇਕਰ ਵਿਧਾਨ ਸਭਾਵਾਂ ਅੰਦਰ ਗੋਰੀ ਸਰਕਾਰ ਦੇ ਸੰਪ੍ਰਦਾਇਕ ਨੁਮਾਇੰਦਗੀ ਵਾਲੇ ਸੂਤਰ ਨੂੰ ਧਿਆਨ ਨਾਲ ਦੇਖਿਆ ਜਾਵੇ ਤਾਂ ਹਰ ਸਮੁਦਾਇ ਵੱਲੋਂ ਕੀਤੀ ਇਸ ਗਿਣਤੀ-ਮਿਣਤੀ ਨੂੰ ਸਿਆਸੀ ਤਾਕਤ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ। ਅਮਲੀ ਚੋਣਾਂ ਵੇਲੇ ਉਮੀਦਵਾਰਾਂ ਦੀ ਚੋਣ ਉਹਨਾਂ ਨੂੰ ਪਈਆਂ ਵੋਟਾਂ ਦੇ ਅਧਾਰ 'ਤੇ ਨਹੀਂ ਬਲਕਿ ਉਹਨਾਂ ਨੂੰ ਸੀਟਾਂ ਦੀ ਵੰਡ ਇਸ ਮਰਦਮਸ਼ੁਮਾਰੀ ਦੇ ਅਧਾਰ 'ਤੇ ਹੋਣੀ ਸੀ।

ਜੇਕਰ ਨੀਵੀਂਆਂ ਜਾਤਾਂ ਨੂੰ ਮਰਦਮਸ਼ੁਮਾਰੀ ਦੀਆਂ ਪੁਰਾਣੀਆਂ ਸੂਚੀਆਂ ਚੋਂ ਕੱਢ ਕੇ ਉਹਨਾਂ ਨੂੰ ਆਦਿ ਧਰਮ ਵਰਗੀ ਨਵੀਂ ਸੂਚੀ 'ਚ ਦਰਜ ਕਰ ਲਿਆ ਜਾਂਦਾ ਤਾਂ ਸਭ ਤੋਂ ਵੱਧ ਨੁਕਸਾਨ ਹਿੰਦੂਆਂ ਦਾ ਹੋਣਾ ਸੀ। ਇਸ ਦਾ ਕਾਰਨ ਮਰਦਮਸ਼ੁਮਾਰੀ ਵਾਲਿਆਂ ਨੂੰ ਇਹ ਨਿਰਦੇਸ਼ ਸਨ ਕਿ ਜੇ ਅਛੂਤ ਉੱਤਰਦਾਤਾ ਆਪਣੀ ਧਾਰਮਿਕ ਪਛਾਣ ਬਾਰੇ ਭੰਬਲਭੂਸੇ 'ਚ ਹੈ ਤਾਂ ਉਹ ਉਸ ਨੂੰ ਹਿੰਦੂ ਹੀ ਲਿਖਣਗੇ। ਇਹ ਕੋਡ ਇਸ ਤਰ੍ਹਾਂ ਸੀ:

'ਸਾਰੇ ਬਾਲਮੀਕੀ, ਜਿਹੜੇ ਮੁਸਲਮਾਨ ਜਾਂ ਈਸਾਈ ਨਹੀਂ ਹਨ ਤੇ ਜੇ ਉਹ ਕੋਈ ਦੂਸਰਾ ਧਰਮ ਨਹੀਂ ਲਿਖਵਾਉਂਦੇ ਤਾਂ ਉਹਨਾਂ ਨੂੰ ਹਿੰਦੂ ਲਿਖਿਆ ਜਾਵੇ। ਇਹ ਨਿਯਮ ਦੂਸਰੇ ਦਲਿਤਾਂ 'ਤੇ ਵੀ ਲਾਗੂ ਹੁੰਦਾ ਹੈ, ਜਿਹਨਾਂ ਦਾ ਕੋਈ ਖਾਸ ਧਰਮ ਨਹੀਂ ਹੈ।'

1909 ਵਿੱਚ ਜਦੋਂ ਮਰਦਮਸ਼ੁਮਾਰੀ ਕਮਿਸ਼ਨਰ ਐਡਵਰਡ ਗੇਟ ਨੇ ਇਹ ਸੁਝਾਅ ਦਿੰਦਿਆਂ ਲਿਖਤੀ ਪੱਤਰ ਜਾਰੀ ਕੀਤਾ ਕਿ ਦਲਿਤਾਂ ਨੂੰ ਹਿੰਦੂਆਂ ਨਾਲੋਂ ਅੱਡ ਸ਼੍ਰੇਣੀ ਵਿੱਚ ਰੱਖਿਆ ਜਾਵੇ ਤਾਂ ਹਿੰਦੂਆਂ ਦਾ ਪ੍ਰਤੀਕਰਮ ਬੜਾ ਰੋਹ ਭਰਿਆ ਸੀ। ਇਸ ਸੁਝਾਅ ਲਾਗੂ ਨਹੀਂ ਹੋਇਆ, ਪਰ ਇਹਦਾ ਅਸਰ ਦੇਰ ਤੱਕ ਰਿਹਾ।

ਮਰਦਮਸ਼ੁਮਾਰੀ 'ਚ ਆਦਿ ਧਰਮ ਦੇ ਪ੍ਰਸਤਾਵਿਤ ਇੰਦਰਾਜ਼ ਨੇ ਉਹਨਾਂ ਤੌਖਲਿਆਂ ਨੂੰ ਫੇਰ ਤੋਂ ਅੱਗੇ ਲੈ ਆਂਦਾ ਸੀ। ਖਾਸ ਕਰਕੇ ਇਸ ਨੇ ਆਦਿ ਧਰਮ ਤੇ ਆਰੀਆ ਸਮਾਜ ਵਿਚਕਾਰ ਤਣਾਅ ਦੀ ਲੀਕ ਨੂੰ ਹੋਰ ਗੂਹੜਾ ਕਰ ਦਿੱਤਾ, ਜਿਸ ਦੇ ਬਹੁਤੇ ਮੈਂਬਰਾਂ ਨੂੰ ਮਰਦਮਸ਼ੁਮਾਰੀ ਵਾਲੇ ਮੁੱਦੇ ਤੋਂ ਹੋਣ ਵਾਲੇ ਸਿਆਸੀ ਘਾਟੇ ਦੀ ਸਮਝ ਸੀ। ਗੋਰੀ ਸਰਕਾਰ ਆਦਿ ਧਰਮ ਦੇ ਆਗਮਨ 'ਤੇ ਖੁਸ਼ ਸੀ, ਕਿਉਂਕਿ ਇਸ ਅੰਦਰ ਰਾਸ਼ਟਰਵਾਦ ਵੱਲ ਨੂੰ ਤੁਰ ਪਏ ਆਰੀਆ ਸਮਾਜ ਵਰਗੇ ਹਿੰਦੂ ਸੰਗਠਨ ਦੇ ਵਿਰੋਧ ਦਾ ਮਾਦਾ ਸੀ।

ਜਦੋਂ ਆਦਿ ਧਰਮ ਮਰਦਮਸ਼ੁਮਰੀ ਵਾਲੇ ਰਜਿਸਟਰਾਂ 'ਚ ਵੱਖਰੇ ਧਰਮ ਵਜੋਂ ਦਰਜ ਹੋ ਗਿਆ ਤਾਂ ਤਕਲੀਫ਼ ਤਾਂ ਹੋਣੀ ਹੀ ਸੀ, ਪਰ ਇਹ ਬੜੀ ਵੱਡੀ ਪ੍ਰਾਪਤੀ ਸੀ। ਇਸ ਨਾਲ ਕਾਨੂੰਨੀ ਮਾਨਤਾ ਮਿਲ ਗਈ। ਹੁਣ ਆਦਿ ਧਰਮ ਦੂਸਰੇ ਸੰਗਠਨਾਂ ਤੇ ਸਰਕਾਰ ਨਾਲ ਆਪਣੇ ਤੌਰ 'ਤੇ ਗੱਲ ਕਰ ਸਕਦਾ ਸੀ। ਸਭ ਤੋਂ ਅਹਿਮ ਗੱਲ ਇਹ ਹੋਈ ਕਿ ਇਸ ਨਾਲ ਲਹਿਰ ਦੀ ਅੰਦਰੂਨੀ ਵਿਚਾਰਧਾਰਾ ਦੀ ਜਿੱਤ ਹੋਈ। ਵੇਲੇ ਦੀ ਲੋੜ ਵੀ ਸੀ ਕਿ ਆਦਿ ਧਰਮ ਨੂੰ ਮੁਸਲਮਾਨਾਂ, ਸਿੱਖਾਂ ਤੇ ਹਿੰਦੂਆਂ ਵਾਂਗ ਵੱਖਰੀ ਕੌਮ ਦੇ ਤੌਰ 'ਤੇ ਪਛਾਣਿਆ ਜਾਵੇ। ਇਸ ਨਾਲ ਅਲੱਗ ਪਹਿਚਾਣ ਮਿਲਣ ਲੱਗੀ, ਜਿਸ ਦਾ ਤਹੱਈਆ ਆਦਿ ਧਰਮ ਦੀ ਪਹਿਲੀ ਕਾਨਫ਼ਰੰਸ ਵਿੱਚ ਕੀਤਾ ਗਿਆ ਸੀ:

'ਅਸੀਂ ਹਿੰਦੂ ਨਹੀਂ ਹਾਂ। ਅਸੀਂ ਸਰਕਾਰ ਨੂੰ ਬੜੇ ਜ਼ੋਰਦਾਰ ਸ਼ਬਦਾਂ 'ਚ ਬੇਨਤੀ ਕਰਦੇ ਹਾਂ ਕਿ ਸਾਨੂੰ ਹਿੰਦੂਆਂ ਵਾਲੀ ਸੂਚੀ ਅੰਦਰ ਨਾ ਰੱਖਿਆ ਜਾਵੇ। ਸਾਡਾ ਧਰਮ ਹਿੰਦੂ ਨਹੀਂ, ਬਲਕਿ ਆਦਿ ਧਰਮ ਹੈ। ਨਾ ਤਾਂ ਅਸੀਂ ਹਿੰਦੂ ਧਰਮ ਦਾ ਹਿੱਸਾ ਹਾਂ ਤੇ ਨਾ ਹੀ ਹਿੰਦੂ ਧਰਮ ਸਾਡਾ ਹਿੱਸਾ ਹੈ।'

10 ਅਕਤੂਬਰ 1929 ਨੂੰ ਆਦਿ ਧਰਮ ਨੇ ਸਰਕਾਰ ਕੋਲ ਇਹ ਮੰਗ ਰੱਖੀ ਕਿ ਆਦਿ ਧਰਮ ਨੂੰ ਮਰਦਮਸ਼ੁਮਾਰੀ ਵਿੱਚ ਵੱਖਰੇ ਧਰਮ ਵਜੋਂ ਸੂਚੀਬੱਧ ਕੀਤਾ ਜਾਵੇ, ਇਸ ਸੁਝਾਅ ਨੂੰ ਇਕਦਮ ਮੰਨ ਲਿਆ ਗਿਆ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਬਹੁਤ ਸਾਰੀਆਂ ਉੱਚੀਆਂ ਜਾਤਾਂ ਦੇ ਵਿਸ਼ਲੇਸ਼ਕ ਅਛੂਤਾਂ ਨੂੰ ਹਿੰਦੂਆਂ ਤੋਂ ਜਾਣ ਬੁਝ ਕੇ ਅਲੱਗ ਕਰਨ ਦੇ ਇਸ ਫੈਸਲੇ ਨੂੰ ਨਿੰਦਿਆਜਨਕ ਉਦੇਸ਼ ਦੀ ਪੂਰਤੀ ਮੰਨਦੇ ਸਨ। ਸਰਕਾਰ ਦੱਸਣ ਤੋਂ ਆਨਾਕਾਨੀ ਕਰਦੀ ਸੀ ਕਿ ਇਹ ਫੈਸਲਾ ਕਿਸ ਤਰ੍ਹਾਂ ਹੋ ਗਿਆ ਸੀ। 1931 ਦੀ ਮਰਦਮਸ਼ੁਮਾਰੀ ਰਿਪੋਰਟ ਵਿੱਚ ਇਹ ਸਪੱਸ਼ਟ ਦਰਸਾਇਆ ਗਿਆ ਹੈ ਕਿ ਇਹ ਫੈਸਲਾ ਮੰਗੂ ਰਾਮ ਤੇ ਆਦਿ ਧਰਮ ਦੇ ਹੋਰ ਪ੍ਰਤੀਨਿਧੀਆਂ ਦੇ ਜ਼ੋਰ ਪਾਉਣ 'ਤੇ ਲਿਆ ਗਿਆ ਸੀ, ਨਾ ਕਿ ਛਲਾਵੇ ਜਾਂ ਸਰਕਾਰ ਦੀ ਆਪਣੀ ਮਰਜ਼ੀ ਅਨੁਸਾਰ।



ਪੰਜਾਬ ਆਦਿ ਧਰਮ ਮੰਡਲ ਨੇ ਸਰਕਾਰ ਨੂੰ 1930 ਵਿੱਚ ਮਰਦਮਸ਼ੁਮਾਰੀ ਦੀ ਕਵਾਇਦ ਸ਼ੁਰੂ ਕਰਨ ਤੋਂ ਪਹਿਲਾਂ ਬੇਨਤੀ ਕੀਤੀ ਸੀ ਕਿ ਦਲਿਤਾਂ ਨੂੰ ਹਿੰਦੁਸਤਾਨ ਦੇ ਮੂਲ ਨਿਵਾਸੀ ਹੋਣ ਕਾਰਨ ਧਰਮ ਵਾਲੇ ਖਾਨੇ 'ਚ ਆਦਿ ਧਰਮ ਲਿਖਵਾਉਣ ਦੀ ਆਗਿਆ ਦਿੱਤੀ ਜਾਵੇ, ਕਿਉਂਕਿ ਹਿੰਦੂ ਉਹਨਾਂ ਤੋਂ ਦੂਰੀ ਬਣਾ ਕੇ ਰੱਖਦੇ ਸਨ, ਇਸ ਲਈ ਉਹ ਹਿੰਦੂ ਧਰਮ ਨੂੰ ਨਹੀਂ ਮੰਨਦੇ। ਪੰਜਾਬ ਆਦਿ ਧਰਮ ਮੰਡਲ ਦੇ ਪ੍ਰਧਾਨ ਨੂੰ ਸੂਚਿਤ ਕਰ ਦਿੱਤਾ ਗਿਆ ਸੀ ਕਿ ਇਹ ਮੱਦ ਮਰਦਮਸ਼ੁਮਾਰੀ ਦੀ ਨਿਯਮਾਂਵਲੀ 'ਚ ਜੋੜ ਦਿੱਤੀ ਗਈ ਹੈ ਕਿ ਜੋ ਵੀ ਆਪਣਾ ਧਰਮ ਆਦਿ ਧਰਮ ਲਿਖਵਾਉਣਾ ਚਾਹੁੰਦਾ ਹੈ, ਉਹਨਾਂ ਨੂੰ ਆਦਿ ਧਰਮ ਵਜੋਂ ਹੀ ਦਰਜ ਕੀਤਾ ਜਾਵੇ।

ਜਦੋਂ ਆਦਿ ਧਰਮ ਮਰਦਮਸ਼ੁਮਾਰੀ ਦੀਆਂ ਲਿਸਟਾਂ ਵਿੱਚ ਦਰਜ ਹੋ ਗਿਆ ਤਾਂ ਇਹ ਜ਼ੋਰ ਲਾਇਆ ਗਿਆ ਕਿ ਬਹੁਤੇ ਲੋਕ ਇਸ ਨੂੰ ਹੀ ਆਪਣਾ ਅਸਲੀ ਧਰਮ ਲਿਖਾਉਣ। ਸੰਗਠਨ ਨੇ ਇਸ ਟੀਚੇ ਦੀ ਪ੍ਰਾਪਤੀ ਲਈ ਬਰਾਂਚ ਦਫ਼ਤਰਾਂ 'ਤੇ ਬਹੁਤ ਸਾਰੇ ਪੇਂਡੂ ਕਾਮੇ ਲਾ ਦਿੱਤੇ। ਇਹ ਬੜਾ ਖਿਚੋਤਾਣ ਵਾਲਾ ਸਮਾਂ ਸੀ। ਆਦਿ ਧਰਮ ਨੇ ਗਰੀਬਾਂ ਦੀ ਇਕੋ-ਇਕ ਦੌਲਤ ਉਹਨਾਂ ਦੀ ਗਿਣਤੀ ਦਾ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਤੇ ਦੂਸਰੇ ਸਮੁਦਾਵਾਂ ਦੀ ਗਿਣਤੀ ਨੂੰ ਵੀ ਆਪਣੇ ਵੱਲ ਖਿੱਚਣ ਲੱਗੇ। ਆਦਿ ਧਰਮ ਦੀ ਰਿਪੋਰਟ 'ਚ ਉਸ ਵੇਲੇ ਦੇ ਹਾਲਤ ਬਾਰੇ ਲਿਖਿਆ ਹੈ:

'ਮਰਦਮਸ਼ੁਮਾਰੀ ਦੌਰਾਨ ਜੇਕਰ ਕੋਈ ਆਦਿ ਧਰਮੀ ਦੱਸਦਾ ਸੀ ਤਾਂ ਉਹ ਲਿਖਦੇ ਨਹੀਂ ਸਨ। ਉਹ ਲੋਕ ਕਹਿੰਦੇ ਸਨ ਕਿ ਤੁਸੀਂ ਸਾਡੇ ਭਰਾ ਹੋ, ਪਰ ਉਹ ਸਾਡੇ ਨਾਲ ਬਿੱਲਿਆਂ-ਕੁੱਤਿਆਂ ਵਰਗਾ ਵਤੀਰਾ ਕਰਦੇ ਸਨ। ਜੇ ਅਸੀਂ ਮਰਦਮਸ਼ੁਮਾਰੀ ਕਰਨ ਵਾਲੇ ਨੂੰ ਕਹਿੰਦੇ ਕਿ ਅਸੀਂ ਆਦਿ ਧਰਮੀ ਹਾਂ ਤਾਂ ਅਕਾਲੀ-ਸਿੱਖ ਰੌਲਾ ਪਾ ਲੈਂਦੇ। ਉਹ ਸਾਡੇ ਘਰਾਂ ਮੋਹਰੇ ਕੰਡਿਆਲੀਆਂ ਝਾੜੀਆਂ ਰੱਖ ਦਿੰਦੇ ਸਨ। ਉਹ ਸਾਨੂੰ ਖੂਹਾਂ ਤੋਂ ਪਾਣੀ ਨਾ ਭਰਨ ਦਿੰਦੇ, ਨਾ ਹੀ ਸਾਨੂੰ ਦੁਕਾਨਾਂ ਤੋਂ ਸੌਦਾ ਖਰੀਦਣ ਦਿੰਦੇ। ਉਹ ਸਾਨੂੰ ਕੁ-ਨਾਵਾਂ ਨਾਲ ਬੁਲਾਉਂਦੇ, ਸਾਨੂੰ ਤੰਗ ਕਰਦੇ ਤੇ ਸਾਡੇ ਪਸ਼ੂਆਂ ਨੂੰ ਵੀ ਬਾਹਰ ਨਹੀਂ ਚਰਨ ਦਿੰਦੇ ਸਨ। ਸਾਡੀਆਂ ਧੀਆਂ ਦੀ ਰਾਹਾਂ 'ਚ ਬੇਪਤੀ ਕੀਤੀ ਗਈ, ਉਹਨਾਂ ਨਾਲ ਧੱਕੇ ਕੀਤੇ। ਕਈ ਵਾਰ ਉਹਨਾਂ ਸਾਡੇ ਘਰਾਂ ਨੂੰ ਸਾੜਿਆ, ਲੁੱਟਿਆ ਤੇ ਤਬਾਹ ਕੀਤਾ। ਉਹ ਸਾਡੀ ਛੇ ਮਹੀਨੇ ਤੋਂ ਲੈ ਕੇ ਸਾਲ ਤੱਕ ਦੀ ਮਜ਼ਦੂਰੀ ਰੋਕੀ ਰੱਖਦੇ, ਸਾਡੇ ਪਸ਼ੂ ਡੱਕ ਲੈਂਦੇ, ਸਾਡੇ ਘਰਾਂ 'ਤੇ ਸੁੱਕਾ ਘਾਹ ਸੁੱਟ ਕੇ ਅੱਗ ਲਾ ਕੇ ਜਿਉਂਦਿਆਂ ਸਾੜਨ ਦੀ ਕੋਸ਼ਿਸ਼ ਕਰਦੇ। ਉਹ ਸਾਨੂੰ ਛੱਪੜਾਂ ਦਾ ਗੰਦਾ ਪਾਣੀ ਵੀ ਨਾ ਪੀਣ ਦਿੰਦੇ। ਛੱਪੜਾਂ ਦੁਆਲੇ ਸਿੱਖ ਸਵੈ-ਸੇਵਕ ਗੰਦੇ ਪਾਣੀ ਦੀ ਰਾਖੀ ਲਈ ਖੜੇ ਹੁੰਦੇ। ਬਿਨ੍ਹਾਂ ਵਜ੍ਹਾ ਸਾਡੇ 'ਤੇ ਮੁਕੱਦਮੇ ਕਰ ਦਿੰਦੇ ਤੇ ਸਾਨੂੰ ਬੰਦੂਕਾਂ, ਪਿਸਤੌਲਾਂ ਤੇ ਤਲਵਾਰਾਂ ਨਾਲ ਡਰਾਉਂਦੇ-ਧਮਕਾਉਂਦੇ। ਸਾਡੇ ਬੱਚਿਆਂ ਨੂੰ ਭੁੱਖੇ ਮਰਦੇ ਦੇਖ ਕੇ ਵੀ ਇਹਨਾਂ ਨੂੰ ਤਰਸ ਨਹੀਂ ਆਉਂਦਾ ਸੀ। ਸਾਡੇ ਬਜ਼ੁਰਗ ਜੰਗਲਾਂ ਚ ਜਾ ਕੇ ਖਾਣ ਲਈ ਘਾਹ ਵੱਢ ਕੇ ਲਿਆਉਂਦੇ। ਸਿੱਖ ਸਵੈ-ਸੇਵਕ ਸਾਡੀਆਂ ਤੌੜੀਆਂ ਵੀ ਤੋੜ ਦਿੰਦੇ ਸਨ, ਪਰ ਏਨੀਆਂ ਔਕੜਾਂ ਦੇ ਬਾਵਜੂਦ ਆਦਿ ਧਰਮੀ ਲੋਕਾਂ ਨੇ ਆਪਣਾ ਸੰਦੇਸ਼ ਬਾਕੀ ਲੋਕਾਂ ਤੱਕ ਪਹੁੰਚਾਇਆ।'

ਜਿਵੇਂ ਕਿ ਇਸ ਰਿਪੋਰਟ ਤੋਂ ਸੰਕੇਤ ਮਿਲਦਾ ਹੈ ਕਿ ਹਿੰਦੂਆਂ ਨਾਲੋਂ ਸਿੱਖਾਂ ਨੂੰ ਆਦਿ ਧਰਮ ਤੋਂ ਬਹੁਤੀ ਔਖ ਸੀ। ਇਕ ਬਜ਼ੁਰਗ ਆਦਿ ਧਰਮੀ ਨੇ ਦੱਸਿਆ : ਹਿੰਦੂ ਸਿੱਖਾਂ ਨੂੰ ਧੱਕੇ ਨਾਲ ਮਰਦਮਸ਼ੁਮਾਰੀ 'ਚ ਸ਼ਾਮਲ ਕਰ ਲੈਂਦੇ ਤੇ ਉਹਨਾਂ ਨੂੰ ਤੰਗ ਕਰਦੇ। ਇਹਦਾ ਬਦਲਾ ਸਿੱਖ ਸਾਡੇ ਤੋਂ ਲੈਂਦੇ । ਸਿੱਖਾਂ ਨੇ ਨਨਕਾਣਾ ਸਾਹਿਬ ਦੀ ਆਦਿ ਧਰਮ ਰੈਲੀ ਵੇਲੇ ਰਸੋਈ ਤੋੜ ਦਿੱਤੀ। ਇਸ ਰੈਲੀ 'ਚ ਸ਼ਾਮਲ ਲੋਕਾਂ 'ਤੇ ਗਰਮ-ਗਰਮ ਚੌਲ ਸੁੱਟ ਕੇ ਤੇ ਬਹੁਤ ਸਾਰੇ ਆਦਿ ਧਰਮੀਆਂ ਨੂੰ ਕੁੱਟ ਕੇ ਇਹ ਰੈਲੀ ਸਿਰੇ ਨਹੀਂ ਚੜ੍ਹਨ ਦਿੱਤੀ। ਇਕ ਹੋਰ ਥਾਂ ਦੋ ਆਦਿ ਧਰਮੀ ਸੰਗਠਨਕਰਤਾ ਮਾਰ ਦਿੱਤੇ। ਮਰਦਮਸ਼ੁਮਾਰੀ ਦੇ ਮਹੱਤਵ ਬਾਰੇ ਦੱਸਣ ਲਈ ਲਹਿਰ ਨੇ ਇਹਨਾਂ ਘਟਨਾਵਾਂ ਦਾ ਬੜਾ ਪ੍ਰਚਾਰ ਕੀਤਾ ਤੇ ਅਛੂਤਾਂ ਨੂੰ ਇਸ ਮੌਕੇ ਮਜ਼ਬੂਤੀ ਨਾਲ ਡਟੇ ਰਹਿਣ ਲਈ ਹਰ ਕੋਸ਼ਿਸ਼ ਕੀਤੀ। ਹੇਠਲਾ ਗੀਤ ਇਸ ਗੱਲ ਦੀ ਗਵਾਹੀ ਹੈ:

ਛੋਟੇ-ਮੋਟੇ ਛੱਡ ਕੇ ਝੇੜੇ
ਸਿਰ 'ਤੇ ਲਾਲ ਪੱਗ ਸਜਾਉਣੀ
ਆਪਣੀ ਕੌਮ ਬਿਨਾਂ ਨਹੀਂ
ਹੋਰ ਕੋਈ ਦਰਜ ਕਰਾਉਣੀ
ਆਦਿ ਧਰਮੀਆਂ ਹੋ ਤਕੜਾ।

ਇਹ ਆਦਿ ਧਰਮ ਲਈ ਸੱਚੀਂ ਹੀ ਬੜਾ ਰੁਝੇਵਿਆਂ ਭਰਿਆ ਤੇ ਉਹਦੀ ਚੜ੍ਹਤ ਦਾ ਵੇਲਾ ਵੀ ਸੀ।



ਪੰਜਾਬ ਵਿੱਚ 1931 ਦੀ ਮਰਦਮਸ਼ੁਮਾਰੀ ਵਿੱਚ ਆਦਿ ਧਰਮੀਆਂ ਦੀ ਕੁੱਲ ਗਿਣਤੀ 4,18,789 ਸੀ। ਇਹ ਗਿਣਤੀ ਪੰਜਾਬ ਦੇ ਈਸਾਈਆਂ ਦੀ ਗਿਣਤੀ ਦੇ ਲੱਗਭੱਗ ਬਰਾਬਰ ਸੀ। ਮੰਗੂ ਰਾਮ ਨੇ ਦੱਸਿਆ ਕਿ ਈਸਾਈ ਪਿਛਲੇ ਪੰਜਾਹ ਸਾਲਾਂ ਤੋਂ ਲੋਕਾਂ ਨੂੰ ਆਪਣੇ ਧਰਮ 'ਚ ਰਲਾ ਰਹੇ ਸਨ, ਜਦਕਿ ਆਦਿ ਧਰਮੀ ਪਿਛਲੇ ਪੰਜ ਸਾਲਾਂ ਤੋਂ ਹੀ ਸਰਗਰਮ ਹਨ। ਜਲੰਧਰ ਜ਼ਿਲ੍ਹੇ ਵਿੱਚ ਲੱਗਭੱਗ ਅੱਸੀ ਫੀਸਦੀ ਨੀਵੀਆਂ ਜਾਤਾਂ ਨੇ ਆਪਣੇ ਆਪ ਨੂੰ ਆਦਿ ਧਰਮੀ ਲਿਖਵਾਇਆ। ਹੁਸ਼ਿਆਰਪੁਰੋਂ ਵੀ ਗਿਣਤੀ ਏਨੀ ਕੁ ਹੀ ਸੀ। ਅੱਧੀ ਦਰਜਨ ਹੋਰ ਜ਼ਿਲ੍ਹਿਆਂ ਦੀ ਲੱਗਭੱਗ ਅੱਧੀ ਅਬਾਦੀ ਨੇ ਆਪਣੇ ਆਪ ਨੂੰ ਆਦਿ ਧਰਮੀ ਦਰਜ ਕਰਵਾਇਆ ਸੀ, ਪਰ ਪੰਜਾਬ ਦੀ ਕੁੱਲ ਅਬਾਦੀ ਦੇ ਹਿਸਾਬ ਆਦਿ ਧਰਮੀਆਂ ਦੀ ਗਿਣਤੀ ਬਹੁਤੀ ਨਹੀਂ ਸੀ, ਬੱਸ ਡੇਢ ਕੁ ਫੀਸਦੀ, ਇਹ ਤਾਂ ਪੰਜਾਬ ਦੀਆਂ ਨੀਵੀਆਂ ਜਾਤਾਂ ਦੀ ਅਬਾਦੀ ਦਾ ਦਸਵਾਂ ਕੁ ਹਿੱਸਾ ਹੀ ਬਣਦਾ ਸੀ। ਆਦਿ ਧਰਮ ਦੇ ਨੇਤਾਵਾਂ ਨੇ ਦਾਅਵੇ ਨਾਲ ਕਿਹਾ ਕਿ ਵੱਡੇ ਪੱਧਰ 'ਤੇ ਸਾਨੂੰ ਡਰਾ-ਧਮਕਾ ਕੇ ਆਦਿ ਧਰਮੀ ਵਜੋਂ ਦਰਜ ਹੋਣ ਤੋਂ ਰੋਕਿਆ ਗਿਆ ਸੀ। ਅਖ਼ਬਾਰਾਂ ਦੀਆਂ ਖ਼ਬਰਾਂ ਤੇ ਮਰਦਮਸ਼ੁਮਾਰੀ ਦੀਆਂ ਟਿੱਪਣੀਆਂ ਵੀ ਇਸ ਗੱਲ ਦਾ ਸਮਰਥਨ ਕਰਦੀਆਂ ਹਨ। ਸਿੱਟੇ ਵਜੋਂ ਕੁਝ ਆਦਿ ਧਰਮੀ ਨੇਤਾ ਮਹਿਸੂਸ ਕਰਦੇ ਸਨ ਕਿ ਉਹਨਾਂ ਦੀ ਅਸਲ ਗਿਣਤੀ ਇਸ ਤੋਂ ਚਾਰ ਗੁਣਾ ਵੱਧ ਭਾਵ ਵੀਹ ਲੱਖ ਤੱਕ ਹੋ ਸਕਦੀ ਸੀ।

ਇਹ ਪੰਜ ਜਾਂ ਵੀਹ ਲੱਖ ਆਦਿ ਧਰਮੀ ਕੌਣ ਸਨ? ਮਰਦਮਸ਼ੁਮਾਰੀ ਦੇ ਅੰਕੜੇ ਜ਼ਿਲ੍ਹੇਵਾਰ ਜਾਂ ਜਾਤ ਅਨੁਸਾਰ ਹੋਣ ਕਾਰਨ ਉਹਨਾਂ ਦੀ ਭੂਗੋਲਿਕ ਵੰਡ ਤੇ ਜਾਤੀ ਵਖਰੇਵਿਆਂ ਦੀ ਨਿਸ਼ਾਨਦੇਹੀ ਕਰਨਾ ਸੰਭਵ ਹੈ। ਭੂਗੋਲਿਕ ਵੰਡ ਬੜੀ ਨਾਟਕੀ ਰੂਪ-ਰੇਖਾ ਪੇਸ਼ ਕਰਦੀ ਹੈ। ਨਕਸ਼ਾ 2 'ਤੇ ਆਦਿ ਧਰਮ ਦੇ ਦੋ ਕੇਂਦਰ ਇਕਦਮ ਸਪੱਸ਼ਟ ਹਨ: ਇਕ ਜਲੰਧਰ ਦੋ-ਆਬ ਦਾ ਇਲਾਕਾ (ਜਿਸ ਵਿੱਚ ਜਲੰਧਰ, ਹੁਸ਼ਿਆਰਪੁਰ ਤੇ ਕਪੂਰਥਲਾ ਰਿਆਸਤ ਸ਼ਾਮਿਲ ਹਨ) ਤੇ ਦੂਸਰਾ ਲਾਇਲਪੁਰ ਦੇ ਇਲਾਕੇ ਵਿੱਚ (ਜਿਸ ਵਿੱਚ ਸ਼ੇਖੂਪੁਰਾ, ਮੁਲਤਾਨ ਤੇ ਮਿੰਟਗੁਮਰੀ ਜ਼ਿਲ੍ਹੇ ਸ਼ਾਮਲ ਸਨ)। ਇਸ ਦੇ ਜਲੰਧਰ ਦੋ-ਆਬ ਵਿੱਚ ਬਹੁਗਿਣਤੀ ਹੋਣ ਦੇ ਕਾਰਨ ਸਪੱਸ਼ਟ ਹਨ ਕਿ ਇਹ ਲਹਿਰ ਦਾ ਕੇਂਦਰ ਸੀ, ਪਰ ਇਹ ਸਪੱਸ਼ਟ ਨਹੀਂ ਕਿ ਲਾਇਲਪੁਰ ਜ਼ਿਲ੍ਹੇ ਅੰਦਰ ਏਨੇ ਉਤਸ਼ਾਹਜਨਕ ਅੰਕੜੇ ਕਿਵੇਂ ਪ੍ਰਾਪਤ ਹੋਏ। ਇਕ ਸਪੱਸ਼ਟੀਕਰਨ ਤਾਂ ਇਹ ਹੋ ਸਕਦਾ ਹੈ ਕਿ ਨਵੀਂਆਂ ਸ਼ਹਿਰੀ ਬਸਤੀਆਂ ਵਿੱਚ ਆਉਣ ਵਾਲੇ ਬਹੁਤੇ ਜਲੰਧਰ ਤੋਂ ਚਮਾਰ ਸਨ। ਇਸ ਉਤਸ਼ਾਹਜਨਕ ਸਮਰਥਨ ਦਾ ਦੂਸਰਾ ਸਰੋਤ ਕਾਂਗੜੇ ਦਾ ਪਹਾੜੀ ਇਲਾਕਾ (18 ਫੀਸਦੀ ਆਦਿ ਧਰਮੀ) ਤੇ ਸ਼ਾਹਪੁਰ ਤੇ ਗੁਜਰਾਤ ਦਾ ਉੱਤਰ-ਪੱਛਮੀ ਇਲਾਕਾ ਸੀ। ਇਹਨਾਂ ਇਲਾਕਿਆਂ ਵਿੱਚ ਆਦਿ ਧਰਮ ਨੇ ਰਾਜਪੂਤਾਂ ਦੀ ਧੱਕੇਸ਼ਾਹੀ ਵਿਰੁੱਧ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਲਾਮਬੰਦ ਕਰਨ ਲਈ ਬਹੁਤ ਸਾਰੀਆਂ ਸੰਗਠਨਾਤਿਮਕ ਕਾਰਵਾਈਆਂ ਕੀਤੀਆਂ। ਬੜੀ ਹੈਰਾਨੀ ਦੀ ਗੱਲ ਹੈ ਕਿ ਅੰਮ੍ਰਿਤਸਰ ਤੇ ਲਾਹੌਰ ਜ਼ਿਲ੍ਹਿਆਂ ਵਿੱਚੋਂ ਆਦਿ ਧਰਮੀਆਂ ਦੀ ਹਾਜ਼ਰੀ ਬੜੀ ਘੱਟ ਸੀ, ਕਿਉਂਕਿ ਦੋਵੇਂ ਜ਼ਿਲ੍ਹੇ ਜਲੰਧਰ ਤੇ ਲਾਇਲਪੁਰ ਵਾਲੇ ਗੜ੍ਹ ਵਿਚਕਾਰ ਸਨ। ਅੰਕੜਿਆਂ ਦੀ ਇਸ ਬੇਤਰਤੀਬੀ ਦੀ ਸਧਾਰਨ ਜਿਹੀ ਵਿਆਖਿਆ ਇਹ ਹੈ ਕਿ ਇੱਥੇ ਹਿੰਦੂ-ਸਿੱਖਾਂ ਦੀ ਗਿਣਤੀ ਦੇ ਮੁਕਾਬਲੇ ਅਨੁਸੂਚਿਤ ਜਾਤਾਂ ਦੀ ਗਿਣਤੀ ਬੜੀ ਘੱਟ ਸੀ, ਜਲੰਧਰ ਵਿੱਚ 1,35,000 ਦੇ ਮੁਕਾਬਲੇ ਅੰਮ੍ਰਿਤਸਰ ਵਿੱਚ 30,000 ਤੇ ਲਾਹੌਰ ਵਿੱਚ 50,000 ਦੇ ਕਰੀਬ। ਉਸ ਤਰ੍ਹਾਂ ਵੀ ਅੰਮ੍ਰਿਤਸਰ ਤੇ ਲਾਹੌਰ ਦੇ ਬਹੁਤੇ ਅਨੁਸੂਚਿਤ ਜਾਤੀਏ ਵਾਲਮੀਕੀ ਸਨ, ਨਾ ਕਿ ਚਮਾਰ ਤੇ ਆਦਿ ਧਰਮ ਦੇ ਬਹੁਤੇ ਸਮਰਥਕ ਚਮਾਰ ਸਨ।

ਉਹਨਾਂ ਦੇ ਰਿਹਾਇਸ਼ੀ ਇਲਾਕਿਆਂ ਦੇ ਇਲਾਵਾ ਮਰਦਮਸ਼ੁਮਾਰੀ ਦੇ ਅੰਕੜੇ ਆਦਿ ਧਰਮ ਲਿਖਾਉਣ ਵਾਲਿਆਂ ਦੇ ਸਮਾਜੀ ਵਤੀਰੇ 'ਤੇ ਵੀ ਝਾਤ ਪਵਾਉਂਦੇ ਹਨ। ਉਦਾਹਰਨ ਲਈ ਆਦਿ ਧਰਮੀਆਂ ਦੀ ਸਾਖਰਤਾ ਦਰ ਨੀਵੀਆਂ ਜਾਤਾਂ ਦੇ ਦੂਸਰੇ ਮੈਂਬਰਾਂ ਨਾਲੋਂ ਦੁੱਗਣੀ ਸੀ। ਇਹ ਸੰਭਵਤਾ ਉਮਰ ਵੱਲ ਵੀ ਸੰਕੇਤ ਕਰਦਾ ਹੈ, ਕਿਉਂਕਿ ਨੌਜਵਾਨਾਂ ਨੇ ਨਵੇਂ ਵਿਦਿਅਕ ਮੌਕੇ ਜ਼ਿਆਦਾ ਪਹੁੰਚ 'ਚ ਸਨ। ਉਹ ਆਰਥਕ ਪੱਖੋਂ ਵੀ ਚੰਗੇ ਸਨ, ਕਿਉਂਕਿ ਉਹਨਾਂ ਦੀ ਗਿਣਤੀ ਪੰਜਾਬ ਦੇ ਸਰਦੇ-ਪੁੱਜਦੇ ਰਿਹਾਇਸ਼ੀ ਇਲਾਕਿਆਂ ਵਿੱਚ ਵਾਹਵਾ ਸੀ। ਮਰਦਮਸ਼ੁਮਾਰੀ ਦੇ ਅੰਕੜੇ ਇਹ ਸੰਕੇਤ ਵੀ ਦਿੰਦੇ ਹਨ ਕਿ ਭਾਵੇਂ ਆਦਿ ਧਰਮੀ ਕਈ ਜਾਤਾਂ 'ਚੋਂ ਆਏ ਸਨ, ਪਰ ਵੱਡੀ ਗਿਣਤੀ ਚਮਾਰਾਂ ਦੀ ਹੀ ਸੀ। ਭਾਵੇਂ ਕੁਝ ਕੁ ਬਾਲਮੀਕੀਆਂ ਨੇ ਵੀ ਆਪਣੇ ਆਪ ਨੂੰ ਆਦਿ ਧਰਮੀ ਵਜੋਂ ਦਰਜ ਕਰਵਾਇਆ, ਪਰ ਇਹ ਜ਼ਿਆਦਾਤਰ ਕੁਝ ਖਾਸ ਇਲਾਕਿਆਂ ਵਿੱਚ ਹੀ ਹੋਇਆ। ਇਹਨਾਂ ਦਾ ਚਮਾਰਾਂ ਦੇ ਮੁਕਾਬਲੇ ਬੜਾ ਵੱਡਾ ਅੰਤਰ ਸੀ, ਜਿਵੇਂ ਕਿ ਆਦਿ ਧਰਮ ਰਿਪੋਰਟ ਦੇ ਅੰਕੜਿਆਂ ਅਨੁਸਾਰ ਵਾਲਮੀਕੀਆਂ ਦੀ ਗਿਣਤੀ ਚਮਾਰਾਂ ਦੇ ਮੁਕਾਬਲੇ ਬਹੁਤ ਘੱਟ ਸੀ। ਬਾਲਮੀਕੀਆਂ ਵਿੱਚੋਂ ਵੱਡੀ ਗਿਣਤੀ ਵਿੱਚ ਅਨਪੜ੍ਹ ਬਾਲਮੀਕੀਆਂ ਨੇ ਹੀ ਆਪਣੇ ਆਪ ਨੂੰ ਆਦਿ ਧਰਮੀ ਵਜੋਂ ਦਰਜ ਕਰਵਾਇਆ ਸੀ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਨੌਜਵਾਨ ਬਾਲਮੀਕੀਆਂ ਦਾ ਪੜ੍ਹਿਆ-ਲਿਖਿਆ ਵਰਗ ਆਦਿ ਧਰਮ ਵੱਲ ਓਨਾ ਆਕਰਸ਼ਤ ਨਹੀਂ ਸੀ, ਜਿੰਨਾ ਉਹਨਾਂ ਦੇ ਚਮਾਰ ਸਾਥੀ ਤੇ ਉਹਨਾਂ ਆਪਣਾ ਵੱਖਰਾ ਸੰਗਠਨ ਬਣਾਉਣਾ ਸ਼ੁਰੂ ਕਰ ਦਿੱਤਾ ਸੀ।

1931 ਦੀ ਮਰਦਮਸ਼ੁਮਾਰੀ ਨਾਲ ਆਦਿ ਧਰਮ ਨੇ ਆਪਣਾ ਖਾਸ ਮੁਕਾਮ ਬਣਾ ਲਿਆ ਸੀ। ਪੰਜਾਬ ਵਿੱਚ ਆਦਿ ਧਰਮ ਨੇ ਆਰੀਆ ਸਮਾਜ, ਸਿੰਘ ਸਭਾ ਤੇ ਵੱਖ-ਵੱਖ ਫ਼ਿਰਕੂ ਪਹਿਚਾਣ ਵਾਲੀਆਂ ਲਹਿਰਾਂ, ਰਾਸ਼ਟਰਵਾਦੀ ਤੇ ਸੁਧਾਰਕ ਲਹਿਰਾਂ 'ਤੇ ਆਪਣੀ ਛਾਪ ਛੱਡੀ। ਇਸ ਨੇ ਇਸ ਗੱਲ ਨੂੰ ਝੂਠਾ ਸਾਬਤ ਕਰ ਦਿੱਤਾ ਕਿ ਅਛੂਤ ਆਪਣੇ ਹਿੱਤਾਂ ਲਈ ਲਾਮਬੰਦ ਨਹੀਂ ਹੋ ਸਕਦੇ। ਉਹ ਵੀ ਇਸ ਢੰਗ ਨਾਲ, ਜੋ ਉਹਨਾਂ ਨੂੰ ਬਾਕੀਆਂ ਨਾਲ ਮੁਕਾਬਲੇਬਾਜ਼ੀ 'ਚ ਖੜ੍ਹਾ ਕਰਦਾ ਸੀ ਤੇ ਸਿਆਸੀ ਅਖਾੜੇ 'ਚ ਦਸਤਪੰਜਾ ਲੈਣ ਦੇ ਯੋਗ ਬਣਾਉਂਦਾ ਸੀ। ਅਜਿਹੀ ਪ੍ਰਾਪਤੀ ਲਈ ਇਹ ਢੁਕਵਾਂ ਸਮਾਂ ਸੀ ਤੇ ਇਹ ਪ੍ਰਾਪਤੀ ਵੀ ਵੱਡੀ ਸੀ ਤੇ ਆਦਿ ਧਰਮ ਨੂੰ ਜੋ ਵੀ ਪ੍ਰਸਿੱਧੀ ਮਿਲੀ, ਉਹ ਉਹਦਾ ਵੀ ਹੱਕਦਾਰ ਸੀ। ਸਾਲ 1931 ਦੀ ਇਸ ਮਹਾਨ ਮਰਦਮਸ਼ੁਮਾਰੀ ਨੂੰ ਲਹਿਰ ਦੇ ਸ਼ਾਨਦਾਰ ਪਲਾਂ ਵਜੋਂ ਯਾਦ ਕੀਤਾ ਜਾਇਆ ਕਰੇਗਾ।

(ਰਿਲੀਜੀਅਸ ਰੈਬੇਲ ਇਨ ਦ ਪੰਜਾਬ 'ਚੋਂ)

ਸੰਪਰਕ : 73408-39630

# ਕੰਚਨ ਕੌਰ ਦੇ ਬਹਾਨੇ ਸੋਸ਼ਲ ਮੀਡੀਆ ਦਾ ਸਮਕਾਲੀ ਸਰੋਕਾਰ

ਅਤਰਜੀਤ, ਬਠਿੰਡਾ

ਮੈਨੂੰ ਕੰਚਨ ਕੌਰ ਜਾਂ ਕਮਲ ਕੌਰ ਮਸ਼ਹੂਰ ਬਾਰੇ ਕੋਈ ਜਾਣਕਾਰੀ ਨਹੀਂ ਸੀ। ਜਦੋਂ ਮੈਂ ਪ੍ਰਗਤੀਵਾਦੀ ਲੇਖਕ ਸੰਘ ਦੇ ਆਗੂ ਡਾ. ਕੁਲਦੀਪ ਦੀਪ ਦੀ ਪੋਸਟ ਪੜ੍ਹ ਕੇ ਟਿੱਪਣੀ ਕਰਨ ਲੱਗਿਆ, ਤਦ ਵੀ ਕੋਈ ਕੰਨੀ ਨਾ ਫੜੀ ਗਈ। ਫਿਰ ਕਿਸੇ ਹੋਰ ਟਿੱਪਣੀਕਾਰ ਦੀ ਟਿੱਪਣੀ ਤੋਂ ਪਤਾ ਲੱਗਿਆ ਤੇ ਨਾਲ਼ ਹੀ ਇੱਕ ਵੀਡੀਓ ਕਿ ਕਮਲ ਕੌਰ ਦਾ ਬਠਿੰਡੇ ਦੀ ਦਾਣਾ ਮੰਡੀ ਦੇ ਸ਼ਮਸ਼ਾਨਘਾਟ ਵਿੱਚ ਸਸਕਾਰ ਕੀਤਾ ਜਾ ਰਿਹਾ ਹੈ। ਕੁੜੀ ਦੀ ਮਾਂ ਨਾਲ਼ ਇੱਕ ਔਰਤ ਜਾਂ ਕੁੱਝ ਪੁਲਸ ਵਾਲਿਆਂ ਨੂੰ ਸ਼ਮਸ਼ਾਨ ਘਾਟ ਵਿੱਚ ਵੇਖ ਕੇ ਵੀ ਗੱਲ ਦੀ ਕੋਈ ਸਮਝ ਨਾ ਆਈ, ਹੈਰਾਨੀ ਹੀ ਹੁੰਦੀ ਰਹੀ। ਜ਼ਿਆਦਾ ਦੇਰ ਬੈਠਣ ਦੀ ਅਸਮਰੱਥਾ ਕਾਰਨ ਸਵੇਰੇ ਪੰਜਾਬੀ ਟ੍ਰਿਬਿਊਨ ਦੇ ਅੰਦਰਲੇ ਪੰਨੇ 'ਤੇ ਵੱਡੀ ਖ਼ਬਰ ਸੀ। ਪੜ੍ਹ ਕੇ ਦੁੱਖ ਹੋਇਆ ਕਿ ਇਹ ਖ਼ਾਲਸਈ ਜਲੌਅ ਵਾਲ਼ੇ ਨਹਿੰਗ ਐਨੇ ਕਸਾਈ ਨਿਕਲ਼ੇ, ਜੋ ਇੱਕ ਔਰਤ ਨੂੰ ਕਾਰ ਦਾ ਕੋਈ ਮਸਲਾ ਸੁਲਝਾਉਣ ਦਾ ਝਾਂਸਾ ਦੇ ਕੇ ਬਠਿੰਡੇ ਲਿਆਏ ਤੇ ਕਤਲ ਕਰ ਦਿੱਤਾ ਤੇ ਉਹਦੀ ਲਾਸ਼ ਕਾਰ ਵਿੱਚ ਪਾ ਕੇ ਆਦੇਸ਼ ਹਸਪਤਾਲ ਦੀ ਪਾਰਕਿੰਗ ਵਿੱਚ ਖੜ੍ਹੀ ਕਰ ਦਿੱਤੀ।

ਇਸ ਸਭ ਕਾਸੇ ਦੇ ਪਿਛਲੇ ਪਰਦੇ ਅੰਦਰ ਹੋਰ ਕੀ ਕੁੱਝ ਹੋ ਰਿਹਾ ਹੈ? ਅਤੇ ਇਹ ਕੁੱਝ ਕੌਣ ਕਰਵਾ ਰਿਹਾ ਹੈ? ਕਿਸੇ ਨੂੰ ਸਾਊਪੁਣੇ ਦੀ ਜੀਵਨ ਸ਼ੈਲੀ ਤੋਂ ਉਖੇੜ ਕੇ ਦਿਸ਼ਾ ਹੀਣ ਕੌਣ ਕਰਦਾ ਹੈ? ਇੰਸਟਾਗ੍ਰਾਮ, ਯੂਟਿਊਬ, ਗੂਗਲ ਕਰੋਮ ਵਗੈਰਾ ਉੱਪਰ ਕੀ ਕੁੱਝ ਆਉਂਦਾ ਹੈ? ਕਿੰਨੇ ਕੁ ਲੋਕ ਫ਼ਿਕਰਮੰਦ ਹਨ? ਅਨੈਤਿਕ ਪੋਸਟਾਂ ਸਾਮਰਾਜੀ ਮੁਲਕਾਂ ਦੀਆਂ ਵੱਡੀਆਂ ਕੰਪਨੀਆਂ ਲਈ ਵਪਾਰ ਦਾ ਵਸੀਲਾ ਬਣੀਆਂ ਹੋਈਆਂ ਹਨ। ਇਸ ਦੀ ਨਿਸ਼ਾਨਦੇਹੀ ਕੀਤੀ ਜਾਣੀ ਚਾਹੀਦੀ ਹੈ।

ਇਸ ਤਰ੍ਹਾਂ ਦਾ ਲੁਭਾਉਣਾ ਬਿਰਤਾਂਤ ਸਿਰਜਿਆ ਜਾ ਰਿਹਾ ਸਾਡੇ ਲੋਕਾਂ ਵਿੱਚ ਕਿ ਅਜਿਹੀਆਂ ਵੀਡੀਓਜ਼ ਜਾਂ ਰੀਲ੍ਹਾਂ ਧੜਾਧੜ ਪਾਓ ਤੇ ਖ਼ੂਬ ਪੈਸੇ ਕਮਾਓ।

ਜਿਨ੍ਹਾਂ ਲੋਕਾਂ ਕੋਲ਼ ਕੋਈ ਹੋਰ ਉਸਾਰੂ ਜਾਂ ਲੋਕ ਪੱਖੀ ਰੁਝੇਵਾਂ ਨਹੀਂ, ਜਾਂ ਬੇਰੁਜ਼ਗਾਰੀ ਕਾਰਨ ਤੰਗਦਸਤੀ ਦਾ ਸ਼ਿਕਾਰ ਹਨ, ਆਪਣੀ ਵਿਹਲ ਨੂੰ ਇੱਧਰ ਝੋਕ ਰਹੇ ਹਨ ਤੇ ਇਸ ਅਲਾਮਤ ਨੂੰ ਕਮਾਈ ਦਾ ਸਾਧਨ ਬਣਾ ਰਹੇ ਹਨ। ਖ਼ਾਸ ਕਰਕੇ ਉਨ੍ਹਾਂ ਸਮਿਆਂ ਵਿੱਚ ਜਦੋਂ ਲੋਕ ਲਹਿਰਾਂ ਦਾ ਮੈਦਾਨ ਭਖਦਾ ਹੈ, ਸੱਤਾ ਸੰਪੰਨ ਧਿਰਾਂ ਜੁਆਨੀ ਨੂੰ ਗੁੰਮਰਾਹ ਕਰਨ ਲਈ ਅਜਿਹੇ ਬਿਰਤਾਂਤ ਸਿਰਜਦੀਆਂ ਹਨ।

ਮੈਨੂੰ ਸੱਤਰਵਿਆਂ ਦਾ ਸਮਾਂ ਯਾਦ ਆਉਂਦਾ ਹੈ ਜਦੋਂ ਕਿਸਾਨੀ ਵਿੱਚ ਬਾਗ਼ੀ ਰੁਝਾਨ ਪੈਦਾ ਹੋਣ ਲੱਗਿਆ ਸੀ ਤਾਂ ਕਿਤਾਬਾਂ ਦੀਆਂ ਦੁਕਾਨਾਂ ਉੱਪਰ ਸੀਲਬੰਦ ਅਸ਼ਲੀਲ ਅਖ਼ਬਾਰਾਂ ਦਾ ਹੜ੍ਹ ਆ ਗਿਆ ਸੀ। ਜਦੋਂ ਹੀ ਉਹ ਇਨਕਲਾਬੀ ਲਹਿਰ ਮੱਧਮ ਪਈ, ਸਭ ਅਖ਼ਬਾਰਾਂ ਦਮ ਤੋੜ ਗਈਆਂ ਸਨ। ਸਾਮਰਾਜੀ ਮੁਲਕਾਂ, ਬਹੁ-ਕੌਮੀ ਧੜਵੈਲ ਕੰਪਨੀਆਂ, ਲੁਟੇਰੀਆਂ ਸੱਤਾਧਾਰੀ ਹੁਕਮਰਾਨ ਜਮਾਤਾਂ ਦਾ ਧਰਮ ਕਰਮ ਸਿਰਫ਼ ਧਨੀਆਂ ਨੂੰ ਹੋਰ ਧਨ ਲੁੱਟਣ ਦਾ ਮਾਹੌਲ ਸਿਰਜਣਾ ਤੇ ਆਮ ਲੋਕਾਈ ਨੂੰ ਬੇਰੁਜ਼ਗਾਰੀ, ਭੁੱਖਮਰੀ, ਬੀਮਾਰੀ ਦੇ ਹਵਾਲੇ ਕਰਕੇ ਜਵਾਨੀ ਨੂੰ ਅਸ਼ਲੀਲਤਾ ਅਤੇ ਨਸ਼ਿਆਂ ਦੀ ਚਾਟ 'ਤੇ ਲਾ ਕੇ ਆਪਣੇ ਲੁੱਟ ਪ੍ਰਧਾਨ ਮਨਸੂਬਿਆਂ ਨੂੰ ਇਸ ਪਰਦੇ ਦੇ ਓਹਲੇ ਲਾਗੂ ਕਰਨਾ ਹੁੰਦਾ ਹੈ।

ਕਮਲ ਕੌਰ ਦੇ ਗੁਆਂਢੀ ਦੀ ਇੰਟਰਵਿਊ ਦਾ ਕੁੱਝ ਹਿੱਸਾ ਸੁਣਿਆ, ਜਿਸ ਵਿੱਚ ਉਹ ਕਹਿ ਰਿਹਾ ਸੀ ਕਿ ਉਸ ਦੀ ਸਮਾਜਿਕ ਜ਼ਿੰਦਗੀ ਵਿੱਚ ਕੁੱਝ ਵੀ ਅਜਿਹਾ ਨਹੀਂ ਸੀ। ਆਂਢ-ਗੁਆਂਢ ਨਾਲ਼ ਉਸ ਦਾ ਵਰਤਾਉ ਸਾਊਆਂ ਵਾਲ਼ਾ ਹੀ ਸੀ, ਪਰ ਸੋਸ਼ਲ ਮੀਡੀਆ ਉੱਤੇ ਉਹ ਚੰਗੀਆਂ ਰੀਲ੍ਹਾਂ ਨਹੀਂ ਸੀ ਪਾਉਂਦੀ। ਉਹ ਵੱਧ ਤੋਂ ਵੱਧ ਪੈਸਾ ਕਮਾਉਣ ਦੀ ਸ਼ਿਕਾਰ ਹੋ ਗਈ ਸੀ। ਉਹ ਕੁੜੀ ਹੋ ਕੇ ਏਨੀ ਕਿਉਂ ਭਟਕ ਗਈ? ਉਸ ਨੂੰ ਇਸ ਦਿਸ਼ਾ ਵੱਲ ਧੱਕਣ ਵਾਲ਼ੇ ਕਾਰਕ ਕੌਣ ਸਨ? ਇਹ ਵੀ ਸਾਹਮਣੇ ਆ ਰਿਹਾ ਹੈ ਕਿ ਇਸ ਨਿਹੰਗ ਦਾ ਚਿਰਾਂ ਤੋਂ ਕੁੜੀ ਨਾਲ਼ ਲਗਾਓ ਬਣਿਆ ਹੋਇਆ ਸੀ। ਇਹ ਵੀ ਜੱਗ ਜ਼ਾਹਰ ਹੈ ਕਿ ਉਹ ਉਸ ਦੀਆਂ ਰੀਲ੍ਹਾਂ ਲਗਾਤਾਰ ਦੇਖਦਾ ਆ ਰਿਹਾ ਸੀ। ਕਿਸੇ ਵੱਲੋਂ ਕਮਲ ਕੌਰ ਮਸ਼ਹੂਰ, ਆਪਣੇ ਬਾਪ ਦੇ ਇਲਾਜ ਵਾਸਤੇ ਪੈਸਾ ਕਮਾਉਣ ਲਈ ਇਸ ਰਸਤੇ ਤੁਰੀ ਦੱਸੀ ਜਾਂਦੀ ਹੈ। ਇਹ ਵੀ ਸੋਸ਼ਲ ਮੀਡੀਆ ਉੱਤੇ ਆ ਰਿਹਾ ਹੈ ਕਿ ਅੰਮ੍ਰਿਤਪਾਲ ਨਿਹੰਗ ਨੇ ਵੀ ਉਸ ਪਰਵਾਰ ਦੀ ਆਰਥਿਕ ਮਦਦ ਕੀਤੀ ਸੀ। ਕੀ ਠੀਕ ਹੈ, ਕੀ ਗ਼ਲਤ ਹੈ? ਕਿਸੇ ਸਿੱਟੇ 'ਤੇ ਅੱਪੜਨਾ ਕਠਿਨ ਜਾਪਦਾ ਹੈ। ਚਾਹੇ ਉਹ ਕੁੜੀ ਕਿੰਨੀ ਵੀ ਖ਼ਤਰਨਾਕ ਸੀ, ਉਸ ਦੇ ਕਤਲ ਨੂੰ ਕੋਈ ਖਾਲੀ ਸਿਰ ਵਾਲ਼ਾ ਹੀ ਜਾਇਜ਼ ਠਹਿਰਾਏਗਾ।

ਮੈਨੂੰ ਯਾਦ ਆਉਂਦਾ ਹੈ ਜਦੋਂ ਤੀਹ-ਪੈਂਤੀ ਸਾਲ ਪਹਿਲਾਂ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਵਿੱਚ ਮੈਂ ਪੁਸਤਕਾਂ ਵਾਲੀ ਚਲਦੀ-ਫਿਰਦੀ ਲਾਇਬਰੇਰੀ ਲੈ ਕੇ ਘੁੰਮ ਰਿਹਾ ਸਾਂ ਤਾਂ ਰਾਣੀਆਂ ਮੰਡੀ ਦੀ ਇੱਕ ਕੈਸਟਾਂ ਦੀ ਦੁਕਾਨ ਕੋਲੋਂ ਲੰਘਦਿਆਂ ਮੇਰੇ ਕੰਨੀਂ ਬੋਲ ਪਏ ਸਨ-ਮੈਂ ਲਾਹੁੰਦੀ ਹਾਂ ਘੱਗਰੀ ਜੀਜਾ ਤੂੰ ਵੀ ਖੋਲ੍ਹ ਪਜਾਮਾ। ਨੱਚਣ, ਕੁੱਦਣ, ਹੱਸਣ, ਖੇਡਣ ਦਾ ਆਇਆ ਵੇਖ ਜ਼ਮਾਨਾ ਬਾਂਹਾਂ ਦੇ ਵਿੱਚ ਪਾ ਕੇ ਬਾਂਹਾਂ ਆ ਜਾ ਰਾਸ ਰਚਾ ਲੈ। ਜੀਜਾ ਸਾਲੀ ਨਾਲ਼ ਆ ਜਾ ਭੰਗੜਾ ਪਾ ਲੈ। ਚਾਰ-ਪੰਜ ਮਹੀਨਿਆਂ ਵਿੱਚ ਮੈਂ ਉਸ ਗਾਇਕ ਜੋੜੀ ਨੂੰ ਲੱਭਣ ਵਿੱਚ ਕਾਮਯਾਬ ਹੋ ਗਿਆ ਸੀ, ਜਦੋਂ ਚੰਡੀਗੜ੍ਹ ਲੇਖਕਾਂ ਦੇ ਧਰਨੇ ਵਿੱਚ ਸ਼ਾਮਲ ਹੋਣ ਲਈ ਇੱਕ ਢਾਬੇ ਤੋਂ ਰੋਟੀ ਖਾਂਦਿਆਂ ਉਸ ਗਾਇਕ ਦੀ ਹੋਰ ਕੈਸਟ ਤੋਂ ਲੇਖਕ ਦਾ ਫੋਨ ਨੰਬਰ ਮਿਲ ਗਿਆ ਸੀ। ਧਰਨੇ 'ਤੇ ਹਾਜ਼ਰ ਨਾਵਲਕਾਰ ਕੇਵਲ ਕਲੋਟੀ ਨੂੰ ਮੈਂ ਇੱਕ ਪਾਸੇ ਲਿਜਾ ਕੇ ਕਿਹਾ-ਕਲੋਟੀ ਜੀ ਪਲ ਦੀ ਪਲ ਤੁਸੀਂ ਮੇਰੇ ਲੜਕੇ ਹੋ। ਆਪਾਂ ਤੁਹਾਡੇ ਵਿਆਹ ਲਈ ਏਸ ਗਾਇਕ ਦਾ ਅਖਾੜਾ ਬੁੱਕ ਕਰਾਉਣ ਦਾ ਨਾਟਕ ਕਰਕੇ ਇਸ ਦਾ ਐਡਰੈੱਸ ਲੈਣਾ ਹੈ। ਮੈਂ ਉਸ ਨੰਬਰ 'ਤੇ ਫੋਨ ਮਿਲਾਇਆ - ਸਫ਼ਰੀ ਜੀ ਅਸੀਂ ਤੁਹਾਡੇ ਵੱਲ ਆ ਰਹੇ ਸੀ, ਲੁਧਿਆਣੇ ਢੋਲੇਵਾਲ ਚੌਂਕ ਵਿੱਚ ਸਾਡੀ ਕਾਰ ਖਰਾਬ ਹੋ ਗਈ। ਮੇਰੇ ਮੁੰਡੇ ਦਾ ਵਿਆਹ ਹੈ। ਇਹ ਬਰਾਤ ਵਿੱਚ ਤੁਹਾਡਾ 'ਖਾੜਾ ਲਵਾਉਣ 'ਤੇ ਅੜਿਆ ਹੋਇਆ ਹੈ। ਆਹ ਮੇਰੇ ਮੁੰਡੇ ਨਾਲ਼ ਗੱਲ ਕਰੋ। ਕਲੋਟੀ ਜੀ ਨੇ ਤਾਂ ਗੱਲ ਸਿਰੇ ਹੀ ਲਾ ਦਿੱਤੀ ਸੀ-ਅੰਕਲ ਜੀ ਡੈਡੀ ਤਾਂ ਮੰਨਦੇ ਨ੍ਹੀਂ, ਪਰ ਮੈਂ ਤੁਹਾਡਾ ਅਖਾੜਾ ਬੁੱਕ ਕਰਾਉਣਾ ਹੈ।

ਸਾਡੇ ਸ਼ਬਦਾਂ ਦੀ ਚੱਕਰੀ ਵਿੱਚ ਉਲਝੇ ਬੱਗਾ ਸਫ਼ਰੀ ਨੇ ਕਲੋਟੀ ਜੀ ਨੂੰ ਆਪਣਾ ਪਤਾ ਲਿਖਾ ਦਿੱਤਾ।

ਬਠਿੰਡੇ ਆ ਕੇ ਮੈਂ ਸਾਰੇ ਗੀਤ ਸੁਣ ਕੇ ਕਾਗਜ਼ ਉੱਪਰ ਉਤਾਰੇ ਤੇ ਬਠਿੰਡੇ ਦੇ ਇਨਕਲਾਬੀ ਵਿਚਾਰਾਂ ਦੇ ਧਾਰਨੀ ਵਕੀਲ ਐੱਨ.ਕੇ. ਜੀਤ ਹੁਰਾਂ ਦੇ ਹਵਾਲੇ ਕਰ ਦਿੱਤੇ ਸਨ। ਅਦਾਲਤ ਵਿੱਚ ਕੇਸ ਦਰਜ ਹੋ ਗਿਆ। ਚਾਰ-ਪੰਜ ਸਾਲ ਮੁਕੱਦਮਾ ਚੱਲਿਆ। ਉਹਦਾ ਇੱਕ ਭਰਾ ਕਮਿਊਨਿਸਟ ਪਾਰਟੀ ਦਾ ਮੈਂਬਰ ਸੀ ਜਾਂ ਹਮਦਰਦ। ਬਠਿੰਡੇ ਦੇ ਸਾਬਕਾ ਐੱਮ ਐੱਲ ਏ ਕਾ. ਹਰਦੇਵ ਨੇ ਮੇਰੇ ਉੱਪਰ ਕੇਸ ਵਾਪਸੀ ਲਈ ਦਬਾਅ ਪਾਇਆ ਤਾਂ ਮੈਂ ਗੀਤਾਂ ਵਿੱਚੋਂ ਕੁੱਝ ਟੂਕਾਂ ਬੋਲ ਕੇ ਸੁਣਾਈਆਂ। ਖ਼ੈਰ ਅਰਸ਼ੀ ਚੁੱਪ ਕਰ ਗਿਆ।

ਤਰੀਕ ਉਪਰ ਅੱਠ ਦਸ ਬੰਦਿਆਂ ਦੇ ਨਾਲ਼ ਇੱਕ ਲੱਤੋਂ ਆਰੀ ਗਾਇਕਾ ਤੇ ਗਾਇਕ ਬੱਗਾ ਸਫ਼ਰੀ ਆ ਕੇ ਮਿੰਨਤਾਂ ਕਰਨ ਲੱਗੇ। ਇਸ ਤਰੀਕ 'ਤੇ ਫੈਸਲਾ ਹੋਣਾ ਸੀ ਤੇ ਲੱਗਦਾ ਸੀ ਕਿ ਉਨ੍ਹਾਂ ਦੇ ਨਾਲ਼ ਪ੍ਰੋਡਿਊਸਰ, ਪਰੋਮੋਟਰ, ਫਾਇਨਾਂਸਰ ਆਦਿ ਸਭ ਨੂੰ ਜ਼ਰੂਰ ਸਜ਼ਾ ਹੋਵੇਗੀ। ਉਸ ਵਕਤ ਖ਼ਾਸ ਕਰਕੇ ਕੁੜੀ ਦੇ ਬੋਲ ਯਾਦ ਆ ਰਹੇ ਹਨ-

ਅੰਕਲ ਜੀ, ਮੈਂ ਗਰੀਬ ਘਰ (ਮਜ਼੍ਹਬੀ ਸਿੱਖ) ਦੀ ਕੁੜੀ ਹਾਂ। ਮੇਰੇ ਵਾਸਤੇ ਮਾਪੇ ਮੁੰਡੇ ਦੀ ਭਾਲ਼ ਕਰ ਰਹੇ ਨੇ। ਮੈਂ ਤਾਂ ਲੱਤੋਂ ਵੀ ਆਰੀ ਆਂ। ਮੇਰੀ ਜ਼ਿੰਦਗੀ ਰੁਲ਼ ਜਾਊ।

ਵਕੀਲਾਂ ਨੂੰ ਘੁੰਡੀਆਂ ਦਾ ਪਤਾ ਹੁੰਦੈ। ਗਵਾਹ ਕਿੱਥੋਂ ਬੋਲਦੈ?- ਜੱਜ ਜਾਣਦਾ ਹੁੰਦੈ। ਚਾਰ-ਪੰਜ ਸਾਲ ਉਹ ਸਜ਼ਾ ਤਾਂ ਭੁਗਤ ਹੀ ਚੁੱਕੇ ਸਨ। ਕਾਨੂੰਨ ਦੀਆਂ ਘੁੰਡੀਆਂ ਕਾਰਨ ਉਨ੍ਹਾਂ ਦਾ ਬਚਾਅ ਹੋ ਗਿਆ ਤੇ ਉਹ ਸਾਡਾ ਧੰਨਵਾਦ ਕਰਕੇ ਆਪਣੇ ਰਾਹ ਪੈ ਗਏ।

ਮੇਰਾ ਧਿਆਨ ਦਿੱਲੀ ਦੇ ਕਿਸਾਨ ਮੋਰਚੇ ਵੱਲ ਚਲਾ ਗਿਆ ਹੈ। ਨਿਹੰਗਾਂ ਦੁਆਰਾ ਦਿੱਲੀ ਦੇ ਕਿਸਾਨ ਮੋਰਚੇ ਦੌਰਾਨ ਤਰਨ ਤਾਰਨ ਦੇ ਇੱਕ ਦਲਿਤ ਮਜ਼ਦੂਰ ਨਾਲ਼ ਜੋ ਅਨਰਥ ਕੀਤਾ ਗਿਆ ਸੀ, ਜਿੱਥੇ ਨਿਹੰਗਾਂ ਨੇ ਆਪਣੇ ਕਿਸੇ ਅਖੌਤੀ ਸਰਵਲੋਹ ਗ੍ਰੰਥ ਦੀ ਬੇਅਦਬੀ ਦਾ ਬਹਾਨਾ ਬਣਾ ਕੇ ਉਸ ਗਰੀਬ ਤੇ ਮੰਦਬੁੱਧੀ ਨੌਜਵਾਨ ਨੂੰ ਕਤਲ ਕਰਨ ਮਗਰੋਂ ਟੋਟੇ ਕਰਕੇ ਕੰਡਿਆਲੀਆਂ ਲੋਹੇ ਦੀਆਂ ਤਾਰਾਂ 'ਤੇ ਟੰਗ ਦਿੱਤਾ ਸੀ। ਇਸ ਕੁੜੀ ਦਾ, ਚਾਹੇ ਉਹ ਕੁੱਝ ਵੀ ਸੀ, ਕਤਲ ਕਰਨਾ ਉਸ ਅਪਰਾਧ ਨਾਲੋਂ ਵੀ ਘਿਨਾਉਣੇ ਅਪਰਾਧ ਵਿੱਚ ਗਿਣਿਆ ਜਾਏਗਾ। ਇਹ ਸਿੱਖੀ ਸੰਕਲਪ ਉੱਪਰ ਕਾਲਖ ਪੋਚਣ ਦੇ ਬਰਾਬਰ ਨਾ ਬਖ਼ਸ਼ਣਯੋਗ ਗੁਨਾਹ ਹੈ। ਇਸ ਕਾਰੇ ਨੂੰ ਸਿੰਘ ਅਖਵਾਉਣ ਵਾਲ਼ਿਆਂ ਦੀ ਕਾਲ਼ੀ ਕਰਤੂਤ ਸਮਝਿਆ ਜਾਏਗਾ।

ਅਸੀਂ ਫੇਸਬੁੱਕ ਉੱਪਰ ਆਪਣੇ ਦੋਸਤਾਂ ਦੀ ਪੋਸਟ ਉੱਪਰ ਨਜ਼ਰ ਮਾਰਦੇ ਟਿੱਪਣੀ ਕਰਦੇ ਅੱਗੇ ਵਧਦੇ ਹਾਂ ਤਾਂ ਮਨ ਦੁਖੀ ਹੁੰਦਾ ਹੈ ਜਦੋਂ ਕੋਈ ਔਰਤ ਲਿਖਦੀ ਹੈ- ਹੇਠਾਂ ਕਲਿੱਕ ਕਰੋ ਸਾਰੇ ਕੱਪੜੇ ਉਤਰ ਜਾਣਗੇ। ਤੁਸੀਂ ਅੱਗੇ ਲੰਘ ਕੇ ਆਪਣੇ ਜਾਣਕਾਰ ਦੀ ਕੋਈ ਹੋਰ ਪੋਸਟ ਵੇਖਦੇ ਹੋ। ਅੱਗੇ ਅੱਗੇ ਲੰਘਦੇ ਜਾਂਦੇ ਹੋ, ਫਿਰ ਕਿਸੇ ਹੋਰ ਔਰਤ ਦੀ ਵੀਡੀਓ ਦਿਖਾਈ ਦਿੰਦੀ ਹੈ। ਉਹ ਤੁਹਾਡੇ ਕੋਲੋਂ ਫ਼ੋਨ ਨੰਬਰ ਮੰਗਦੀ ਹੈ ਤੇ ਕਿਸੇ ਨਿਸ਼ਾਨ ਉੱਪਰ ਕਲਿੱਕ ਕਰਨ ਲਈ ਆਖਦੀ ਦੀ ਅਸ਼ਲੀਲ ਗੱਲ ਲਿਖੀ ਪੜ੍ਹਦੇ ਹੋ। ਸਿੱਖੀ ਦੇ ਬਾਣਾਧਾਰੀਓ ਕਿੰਨੀਆਂ ਕੁ ਔਰਤਾਂ ਨੂੰ ਕਤਲ ਕਰੋਗੇ?

ਪਿਛਲੇ ਦਿਨੀਂ ਲੇਖਕਾਂ, ਕਿਸਾਨ ਜਥੇਬੰਦੀਆਂ ਦੇ ਆਗੂਆਂ, ਪ੍ਰਗਤੀਵਾਦੀ ਵਿਚਾਰਧਾਰਾ ਦੇ ਅਨੁਆਈਆਂ ਨੂੰ ਘੋਨ ਮੋਨ ਖਾਲਿਸਤਾਨ ਪੱਖੀ ਗੁਰਗੇ, ਸਭ ਨੂੰ ਕਾਮਰੇਡਾਂ ਦਾ ਵਿਸ਼ੇਸ਼ਣ ਲਾ ਕੇ, ਔਰਤਾਂ ਮਰਦਾਂ ਦੇ ਅੰਗਾਂ ਦੇ ਨਾਂਅ ਲੈ ਕੇ ਮਾਂਵਾਂ, ਭੈਣਾਂ, ਧੀਆਂ ਦੀਆਂ ਗਾਲਾਂ ਕੱਢਦੇ ਰਹੇ ਨੇ। ਉਦੋਂ ਤੁਹਾਡੀ ਸਿੱਖੀ ਕਿਧਰੇ ਦਿਖਾਈ ਨਾ ਦਿੱਤੀ। ਉਦੋਂ ਤੁਸੀਂ ਓਸ ਵਰਤਾਰੇ ਨੂੰ ਸਿੱਖੀ ਸਿਧਾਂਤਾਂ ਦੇ ਉਲਟ ਨਹੀਂ ਕਿਹਾ। ਜਿਹੜੇ ਲੋਕ ਆਪਣੇ ਹੀ ਘਰਾਂ ਵਿੱਚ ਤੇ ਬਾਹਰ ਔਰਤਾਂ-ਮਰਦਾਂ ਦੇ ਅੰਗਾਂ ਦੇ ਨਾਂਅ ਲੈ ਕੇ ਗਾਲ੍ਹਾਂ ਕੱਢਦੇ ਹਨ, ਉਨ੍ਹਾਂ ਵੱਲ ਤੁਹਾਡੀ ਨਿਗਾਹ ਨਹੀਂ ਜਾਂਦੀ। ਮਰਦ ਇਕੱਲੇ ਕੱਛੇ ਵਿੱਚ ਘੁੰਮ ਸਕਦਾ ਹੈ ਪਰ ਔਰਤ ਦੀ ਨੰਗੀ ਢਾਕ ਵੀ ਮਰਦ ਨੂੰ ਧੁੜਧੁੜੀ ਛੇੜ ਦਿੰਦੀ ਹੈ। ਜਗੀਰੂ ਕਦਰਾਂ-ਕੀਮਤਾਂ ਅਧੀਨ ਮਰਦ ਦੋਸ਼ੀ ਨਹੀਂ, ਹਰ ਦੋਸ਼ ਦੀ ਭਾਗੀਦਾਰ ਔਰਤ ਹੈ। ਲੱਖਾਂ ਦੀ ਗਿਣਤੀ ਵਿੱਚ ਜਿਹੜੇ ਲੋਕ ਇਸ ਗੰਦ ਵਿੱਚ ਲਿੱਬੜੇ ਹੋਏ ਹਨ, ਕੀ ਇੱਕ ਔਰਤ ਨੂੰ ਕਤਲ ਕਰਨ ਨਾਲ਼ ਉਨ੍ਹਾਂ ਦੇ ਮਨਾਂ ਵਿਚਲਾ ਗੰਦ ਧੋਤਾ ਗਿਆ? ਮਰਦ ਆਪਣੇ ਕੱਛੇ ਕਛਹਿਰਿਆਂ ਦੀ ਖੁੱਲ੍ਹੀ ਨੁਮਾਇਸ਼ ਲਗਾ ਸਕਦਾ ਹੈ ਪਰ ਔਰਤ ਆਪਣੇ ਅੰਦਰਲੇ ਪਹਿਰਨ ਵੀ ਤਣੀ ਉੱਪਰ ਨਹੀਂ ਪਾ ਸਕਦੀ। ਯੂਰਪੀ ਮੁਲਕਾਂ ਵਿੱਚ ਇਹ ਵਰਤਾਰਾ ਆਮ ਹੋਣ 'ਤੇ ਵੀ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੁੰਦਾ। ਨਿਊਜ਼ੀਲੈਂਡ ਠਹਿਰ ਦੌਰਾਨ ਮੈਂ ਸਮੁੰਦਰੀ ਤੱਟ 'ਤੇ ਮਾਂ ਪੁੱਤ, ਪਿਉ ਧੀ ਨੂੰ ਇਸ਼ਨਾਨ ਕਰਦਿਆਂ ਤੇ ਉਸੇ ਸੂਰਤ ਵਿੱਚ ਔਰਤਾਂ ਨੂੰ ਸਿਰਫ਼ ਅੰਦਰਲੇ ਦੋ ਬਸਤਰਾਂ ਵਿੱਚ ਬਾਹਰ ਆ ਕੇ ਤੌਲੀਏ ਨਾਲ਼ ਪਿੰਡਾ ਸਾਫ਼ ਕਰਦਿਆਂ ਨੂੰ ਵੇਖਿਆ। ਸਾਮੰਤਵਾਦੀ ਜਕੜ ਵਿੱਚ ਸਾਡੇ ਮੁਲਕ ਦੀਆਂ ਕਦਰਾਂ-ਕੀਮਤਾਂ, ਅਸਲ ਵਿੱਚ ਦਿਮਾਗ਼ੀ ਗੰਦ, ਇਸ ਦੀ ਆਗਿਆ ਨਹੀਂ ਦਿੰਦਾ। ਜੇ ਸਾਡੇ ਮੁਲਕ ਵਿੱਚ ਇਹ ਲਾਗੂ ਹੋ ਜਾਂਦਾ ਹੈ ਤਾਂ ਸਾਡੀ ਮਾਨਸਿਕ ਤੇ ਬੌਧਿਕ ਕੰਗਾਲੀ ਅੱਗਾਂ ਲਾਉਣ ਤੱਕ ਜਾਏਗੀ ਤੇ ਸਿਰਫ਼ ਔਰਤਾਂ ਨੂੰ ਨੰਗੀਆਂ ਗਾਲ਼ਾਂ ਕੱਢੇਗੀ। ਇਹੋ ਕੁੱਝ ਵਾਪਰਿਆ ਹੈ ਕੰਚਨ ਤਿਵਾੜੀ ਉਰਫ ਕਮਲ ਕੌਰ ਮਸ਼ਹੂਰ ਨਾਲ਼।

ਸਿੱਖੀ ਦੇ ਲਬਾਦੇ ਦੇ ਰਾਖੇ ਇਸ ਕੁੜੀ ਦੇ ਕਤਲ ਨੂੰ ਜਾਇਜ਼ ਠਹਿਰਾਉਣ ਲਈ ਐਲਾਨ ਕਰ ਰਹੇ ਹਨ-ਅਸੀਂ ਸਿੰਘਾਂ ਦੇ ਨਾਲ਼ ਹਾਂ। ਕਾਤਲਾਂ ਲਈ ਉਹ ਵੀ ਇੱਕ ਔਰਤ ਦੇ ਕਾਤਲਾਂ ਲਈ ਸਿੰਘ ਜਾਂ ਭਾਈ ਸ਼ਬਦ ਵਰਤਦੇ ਭੋਰਾ ਸ਼ਰਮ ਮਹਿਸੂਸ ਨਹੀਂ ਕਰਦੇ, ਸਗੋਂ ਸਿੰਘ ਤੇ ਭਾਈ ਸ਼ਬਦ ਨੂੰ ਬਦਨਾਮ ਕਰ ਰਹੇ ਹਨ। ਕਿਉਂ ਦੇਖਦੇ ਹੋ ਇਹ ਰੀਲ੍ਹਾਂ? ਕਿਉਂ ਹਰ ਵੇਲ਼ੇ ਤੁਹਾਡੀਆਂ ਉਂਗਲਾਂ ਸਮਾਰਟ ਫੋਨ ਦਾ ਪਿੰਡਾ ਪੱਛਦੀਆਂ ਰਹਿੰਦੀਆਂ ਨੇ। ਜਣੇ ਖਣੇ ਨੇ ਕਿਉਂ ਆਪਣੇ ਇੰਸਟਾਗ੍ਰਾਮ ਅਕਾਊਂਟ ਬਣਾ ਰੱਖੇ ਹਨ? ਤੁਸੀਂ ਉਨ੍ਹਾਂ ਨੂੰ ਫੌਲੋ ਕਰਦੇ ਹੋ। ਸਬਸਕ੍ਰਾਈਬ ਕਰਦੇ ਹੋ। ਕਿਉਂ? ਕਿਤਾਬਾਂ ਤੋਂ ਮੂੰਹ ਮੋੜ ਲਿਆ ਹੈ, ਅਖ਼ਬਾਰ ਵੀ ਘਰ ਦਾ ਬੂਹਾ ਨਹੀਂ ਲੰਘਦੀ ਤੇ ਫੋਨ ਉੱਪਰ ਗੰਦ ਵਿੱਚ ਲਿੱਬੜ ਕੇ ਮਨ ਬਹਿਲਾਉਣ ਨੂੰ ਜੀਵਨ ਦਾ ਅੰਗ ਬਣਾ ਲਿਆ ਹੈ। ਪੂੰਜੀਕਾਰਾ ਚਕਾਚੌਂਧ ਨੇ ਦਿਮਾਗ਼ ਦੀਆਂ ਤਾਰਾਂ ਹਿਲਾ ਛੱਡੀਆਂ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕਈਆਂ ਦੇ ਚੈਨਲ ਉਸਾਰੂ ਸੋਚ ਦਾ ਪ੍ਰਗਟਾਵਾ ਵੀ ਕਰਦੇ ਹਨ, ਵਿਚਾਰ ਅਤੇ ਗਿਆਨ ਨੂੰ ਤਰਜੀਹ ਦਿੰਦੇ ਹਨ, ਪਰ ਸੋਸ਼ਲ ਮੀਡੀਆ 'ਤੇ ਛਾਏ ਲੱਖਾਂ ਲੋਕ ਉੱਧਰ ਧਿਆਨ ਨਹੀਂ ਦਿੰਦੇ। ਗਿਣਤੀ ਦੇ ਸੱਜਣ ਲਾਈਕ ਜਾਂ ਟਿੱਪਣੀ ਕਰਦੇ ਹਨ। ਫੇਸਬੁੱਕ 'ਤੇ ਲਗਾਤਾਰ ਕੰਮ ਕਰਦਿਆਂ ਮੈਂ ਸਮਝਦਾ ਹਾਂ ਕਿ ਦੋਸਤੀ ਸ਼ਬਦ ਨਾਲ਼ ਵੀ ਅਨਰਥ ਹੋ ਰਿਹਾ ਹੈ। ਦੋਸਤੀ ਸ਼ਬਦ ਦੀ ਰੂਹ ਨੂੰ ਬਚਾਉਣ ਦੀ ਜ਼ਰੂਰਤ ਹੈ ਦੋਸਤੋ!

ਸੰਪਰਕ-94175-81936

# ਜਨੂੰਨ ਦਾ ਇੱਕ ਹੋਰ ਪਲਟਾ ਮਾਰਨ ਵਾਲੀ ਸੁਣੀਂਦੀ ਹੈ ਭਾਰਤ ਦੇਸ਼ ਦੀ ਰਾਜਨੀਤੀ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਸਾਡੀ ਹਾਲਤ ਉਸ ਹਿਰਨ ਵਾਲੀ ਹੈ, ਜਿਹੜਾ ਮਾਰੂਥਲ ਵਿੱਚ ਜਾ ਵੜਦਾ ਅਤੇ ਫਿਰ ਗਰਮੀ ਅਤੇ ਪਿਆਸ ਲੱਗਣ ਨਾਲ ਬੁਰੀ ਤਰ੍ਹਾਂ ਹਾਲੋਂ ਬੇਹਾਲ ਹੋਇਆ ਪਾਣੀ ਦੀ ਝਾਕ ਵਿੱਚ ਭਟਕਦਾ ਆਪਣੀ ਬਚੀ-ਖੁਚੀ ਤਾਕਤ ਵੀ ਦੌੜਾਂ ਲਾ-ਲਾ ਕੇ ਗੁਆ ਲੈਂਦਾ ਹੈ। ਅਸੀਂ ਭਾਰਤੀ ਲੋਕ ਹਰ ਚੋਣ ਵਿੱਚ ਕਿਸੇ ਭਲੇ ਲਈ ਇੱਕ ਵਾਰੀ ਹੋਰ ਆਸ ਰੱਖ ਲੈਂਦੇ ਤੇ ਕਿਸੇ ਵੀ ਪਾਸਿਉਂ ਮਿਲੇ ਉਸ ਦੇ ਸੰਕੇਤ, ਵਾਅਦੇ ਜਾਂ ਲਾਰੇ ਜਾਂ ਝਾਕ ਵਿੱਚ ਉਸ ਪਾਸੇ ਉਲਾਰ ਹੋ ਕੇ ਵੋਟਾਂ ਪਾਉਣ ਚੱਲ ਪੈਂਦੇ ਹਾਂ, ਪਰ ਮਸਾਂ ਇੱਕ ਸਾਲ ਨਹੀਂ ਲੰਘਦਾ ਕਿ ਉਹ ਝਾਕ ਵੀ ਝੂਠੀ ਸਾਬਤ ਹੁੰਦੀ ਹੈ। ਫਿਰ ਅਸੀਂ ਕਿੰਨਾ ਚਿਰ ਵੋਟ ਦੇਣ ਵੇਲੇ ਕੀਤੀ ਗਈ ਇੱਕ ਹੋਰ ਗਲਤੀ ਨੂੰ ਮੰਨਣ ਤੋਂ ਬਚਦੇ ਹੋਏ ਸੱਚ ਕਬੂਲਣ ਦੀ ਥਾਂ ਇਹ ਦਲੀਲ ਵਰਤੀ ਜਾਂਦੇ ਹਾਂ ਕਿ ਹਾਲੇ ਬਹੁਤਾ ਵਕਤ ਨਹੀਂ ਹੋਇਆ, ਸਰਕਾਰ ਕੁਝ ਤਾਂ ਕਰੇਗੀ, ਸਾਡੇ ਵਰਗੇ ਲੋਕਾਂ ਦੀ ਆਸ ਦਾ ਸਵਾਲ ਨਹੀਂ, ਇਸ ਸਰਕਾਰ ਨੂੰ ਚਲਾਉਣ ਵਾਲਿਆਂ ਨੇ ਅਗਲੀ ਵਾਰ ਲੋਕਾਂ ਕੋਲ ਜਾਣ ਲਈ ਕੁਝ ਨਾ ਕੁਝ ਤਾਂ ਕਰਨਾ ਹੈ। ਸਾਡੀ ਇਹੋ ਜਿਹੀ ਸੋਚ ਵੀ ਆਖਰ ਝੂਠੀ ਦਿੱਸਣ ਲੱਗ ਪੈਂਦੀ ਹੈ ਤਾਂ ਅਸੀਂ ਇਸ ਨਵੀਂ ਸੋਚ ਦੇ ਬੋਝ ਹੇਠ ਦੱਬ ਜਾਂਦੇ ਹਾਂ ਕਿ ਹਾਲਾਤ ਮੁਤਾਬਕ ਅਸੀਂ ਜੇ ਹਕੀਕੀ ਹਾਲਾਤ ਦੀ ਗੱਲ ਕੀਤੀ ਤਾਂ ਲੋਕ ਸਾਨੂੰ ਪਿਛਲੀ ਵੋਟ ਵੇਲੇ ਕੀਤੀ ਭੁੱਲ ਦਾ ਮਿਹਣਾ ਦੇਣਗੇ। ਇਹ ਸਾਡੇ ਆਮ ਲੋਕਾਂ ਦੀ ਹਾਲਤ ਹੈ। ਆਗੂ ਬਣਨ ਵਾਲਿਆਂ ਦੀ ਏਦਾਂ ਦੀ ਮੋਟੀ ਚਮੜੀ ਹੁੰਦੀ ਹੈ ਕਿ ਉਹ ਇਹੋ ਦੀਆਂ ਗੱਲਾਂ ਸੋਚਣਾ ਹੀ ਬੰਦ ਕਰ ਦੇਂਦੇ ਹਨ। ਕੋਈ ਕੀ ਆਖਦਾ ਹੈ, ਫਿਰ ਕਦੇ ਉਹ ਇਸ ਦੀ ਪ੍ਰਵਾਹ ਹੀ ਨਹੀਂ ਕਰਿਆ ਕਰਦੇ।

ਇਸ ਦੀ ਸਭ ਤੋਂ ਤਕੜੀ ਮਿਸਾਲ ਇਹੋ ਸੀ ਕਿ ਜਦੋਂ ਨਰਿੰਦਰ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਵਾਸਤੇ ਜ਼ੋਰ ਲਾ ਰਹੇ ਸਨ, ਉਨ੍ਹਾ ਇਹ ਗੱਲ ਕਹੀ ਸੀ ਕਿ ਵਿਦੇਸ਼ਾਂ ਵਿਚ ਪਿਆ ਕਾਲਾ ਧਨ ਵਾਪਸ ਲਿਆ ਕੇ ਹਰ ਭਾਰਤੀ ਨਾਗਰਿਕ ਦੇ ਬੈਂਕ ਖਾਤੇ ਵਿੱਚ ਤਿੰਨ-ਤਿੰਨ ਲੱਖ ਅਤੇ ਪੰਜ ਜੀਆਂ ਵਾਲੇ ਪਰਵਾਰ ਦੇ ਖਾਤੇ ਵਿੱਚ ਪੰਦਰਾਂ ਲੱਖ ਰੁਪਏ ਜਮ੍ਹਾਂ ਕਰਾਏ ਜਾਣਗੇ। ਭਾਰਤ ਵਿੱਚ ਆਮ ਲੋਕ ਉਸ ਆਗੂ ਦੇ ਅਗਵਾਈ ਸਾਂਭਣ ਪਿੱਛੋਂ ਝਾਕ ਰੱਖਣ ਲੱਗ ਪਏ ਕਿ ਸਮਾਂ ਲੱਗ ਸਕਦਾ ਹੈ, ਖਾਤੇ ਵਿੱਚ ਪੰਦਰਾਂ ਲੱਖ ਰੁਪਏ ਜ਼ਰੂਰ ਆਉਣਗੇ। ਬੀਤੇ ਤਜਰਬੇ ਦੇ ਆਧਾਰ ਉੱਤੇ ਅਸੀਂ ਕਹਿੰਦੇ ਰਹੇ ਕਿ ਮੋਰਾਰਜੀ ਡਿਸਾਈ ਦੀ ਸਰਕਾਰ ਬਣਨੋਂ ਪਹਿਲਾਂ ਜੈ ਪ੍ਰਕਾਸ਼ ਨਾਰਾਇਣ ਦੀ ਅਗਵਾਈ ਹੇਠ ਚੱਲਦੀ ਚੋਣ ਮੁਹਿੰਮ ਦੌਰਾਨ ਖੜੇ ਪੈਰ ਬਣਾਈ ਹੋਈ ਜਨਤਾ ਪਾਰਟੀ ਦੇ ਸਾਰੇ ਆਗੂ ਕਹਿੰਦੇ ਸਨ ਕਿ ਆਉਂਦੇ ਸਾਰ ਸਭ ਦੇ ਕਰਜ਼ੇ ਮੁਆਫ ਕਰ ਦਿੱਤੇ ਜਾਣਗੇ, ਪਰ ਬਾਅਦ ਵਿੱਚ ਇਹੋ ਜਿਹਾ ਕੁਝ ਨਹੀਂ ਸੀ ਹੋਇਆ। ਲੋਕ ਸਾਡੀ ਇਹ ਗੱਲ ਨਹੀਂ ਸੀ ਸੁਣਦੇ। ਛੇ ਮਹੀਨੇ ਬਾਅਦ ਇੱਕ ਦਿਨ ਭਾਰਤ ਦੀ ਮੌਜੂਦਾ ਸਰਕਾਰ ਦੇ ਚਹੇਤੇ ਇੱਕ ਚੈਨਲ ਉੱਤੇ ਭਾਜਪਾ ਦੇ ਉਸ ਵੇਲੇ ਦੇ ਪ੍ਰਧਾਨ ਅਮਿਤ ਸ਼ਾਹ ਦੀ ਇੱਕ ਇੰਟਰਵਿਊ ਆਈ ਤਾਂ ਇਹ ਸਵਾਲ ਉਸ ਅੱਗੇ ਕੀਤਾ ਗਿਆ। ਉਸ ਨੇ ਇੱਕ ਸੈਕਿੰਡ ਵੀ ਖਰਾਬ ਕਰਨ ਦੀ ਲੋੜ ਨਹੀਂ ਸਮਝੀ ਅਤੇ ਝੱਟ ਇਹ ਆਖ ਦਿੱਤਾ ਕਿ 'ਵੋ ਤੋ ਏਕ ਚੁਨਾਵ ਜੁਮਲਾ ਥਾ।' ਇਸ ਦਾ ਅਰਥ ਬੜਾ ਸਾਫ ਸੀ ਕਿ ਵੋਟਾਂ ਲੈਣ ਲਈ ਚੋਗਾ ਪਾਇਆ ਗਿਆ ਸੀ, ਤੁਸੀਂ ਉਹ ਚੁਗ ਲਿਆ ਸੀ ਤਾਂ ਤੁਹਾਡੀ ਭੁੱਲ ਸੀ, ਤੁਹਾਡੇ ਵੱਲੋਂ ਏਦਾਂ ਦੀ ਭੁੱਲ ਕਰਨ ਦੀ ਜ਼ਿੰਮੇਵਾਰੀ ਭਾਰਤ ਦਾ ਪ੍ਰਧਾਨ ਮੰਤਰੀ ਚੁੱਕਣ ਵਾਸਤੇ ਤਿਆਰ ਨਹੀਂ ਹੋ ਸਕਦਾ। ਸਾਫ ਇਹ ਮੰਨਣ ਦੇ ਬਾਵਜੂਦ ਕਿ ਲੋਕਾਂ ਦੇ ਅੱਖੀਂ ਘੱਟਾ ਪਾ ਕੇ ਸੱਤਾ ਸੰਭਾਲੀ ਸੀ, ਲੀਡਰਾਂ ਦੀ ਉਹੋ ਟੀਮ ਅੱਜ ਤੱਕ ਜਿੱਤਾਂ ਜਿੱਤ ਰਹੀ ਹੈ।

ਸਾਡੇ ਲੋਕ ਇਹੋ ਜਿਹੇ ਧੋਖਿਆਂ ਦਾ ਸ਼ਿਕਾਰ ਹੋਣਾ ਗਿੱਝ ਚੁੱਕੇ ਹਨ। ਇੰਦਰਾ ਗਾਂਧੀ ਨੇ ਜਦੋਂ 'ਗਰੀਬੀ ਹਟਾਓ' ਦਾ ਨਾਅਰਾ ਲਾਇਆ ਸੀ, ਉਸ ਦੇ ਪਿੱਛੇ ਸਾਰੇ ਭਾਰਤ ਦੇ ਗਰੀਬ ਇਸ ਆਸ ਵਿੱਚ ਆਣ ਖੜੇ ਹੋਏ ਸਨ ਕਿ ਇਹ ਭਵਿੱਖ ਦੀ ਪੀੜ੍ਹੀ ਵਾਸਤੇ ਕੁਝ ਚੰਗਾ ਕਰਨ ਲੱਗੀ ਹੈ। ਨਤੀਜਾ ਕੁਝ ਨਹੀਂ ਸੀ ਨਿਕਲਿਆ ਅਤੇ ਲੋਕ ਜਿਹੋ ਜਿਹੀ ਜੂਨ ਓਦੋਂ ਭੁਗਤਦੇ ਸਨ, ਅਗਲੀ ਪੀੜ੍ਹੀ ਵੀ ਉਹੋ ਜਿਹੀ ਜਾਂ ਉਸ ਤੋਂ ਵੀ ਬਦਤਰ ਜੂਨ ਭੁਗਤਦੀ ਵੇਖੀ ਗਈ ਸੀ ਅਤੇ ਕਾਂਗਰਸ ਪਾਰਟੀ ਕਦੀ ਹਾਰਦੀ ਤੇ ਕਦੀ ਜਿੱਤਦੀ ਅੰਤ ਤੱਕ ਸਿਆਸੀ ਮੈਦਾਨ ਵਿੱਚ ਪੈਰ ਜਮਾਈ ਬੈਠੀ ਹੈ। ਅਸੀਂ ਸਿਰਫ ਦੋ ਕੇਂਦਰੀ ਪਾਰਟੀਆਂ ਦੀ ਗੱਲ ਕੀਤੀ ਹੈ, ਤੀਜੀ ਕਿਸੇ ਦੀ ਗੱਲ ਇਸ ਲਈ ਨਹੀਂ ਕੀਤੀ ਕਿ ਫਿਰ ਤੀਸਰੀ, ਚੌਥੀ ਜਾਂ ਪੰਜਵੀਂ ਤੱਕ ਗੱਲ ਸੀਮਤ ਨਹੀਂ ਰਹਿਣੀ, ਭਾਰਤ ਦੀ ਹਰ ਪਾਰਟੀ ਇਹੋ ਕੁਝ ਕਰ ਰਹੀ ਹੋਣ ਕਾਰਨ ਉਨ੍ਹਾਂ ਦਾ ਜ਼ਿਕਰ ਕਰਨ ਦੇ ਲਈ ਪਹਿਲਾਂ ਅਤੇ ਪਿੱਛੋਂ ਦਾ ਫੈਸਲਾ ਕਰਨਾ ਸਾਡੇ ਲਈ ਬੜਾ ਔਖਾ ਹੋ ਸਕਦਾ ਹੈ। ਸਾਰੀਆਂ ਪਾਰਟੀਆਂ ਦੇ ਲਗਭਗ ਸਾਰੇ ਆਗੂ ਇਹ ਗੱਲ ਜਾਣ ਚੁੱਕੇ ਹਨ ਕਿ ਲੋਕਾਂ ਦਾ ਚੇਤਾ ਬੜਾ ਥੋੜ੍ਹ-ਚਿਰਾ ਹੁੰਦਾ ਹੈ ਅਤੇ ਜਿਸ ਨੂੰ ਅੱਜ ਬਹੁਤ ਕੁਲੱਛਣਾ ਕਹਿ ਕੇ ਲੋਕ ਰੱਦ ਕਰਦੇ ਹਨ, ਮਸਾਂ ਪੰਜ ਸਾਲ ਨਹੀਂ ਲੰਘਦੇ ਕਿ ਫਿਰ ਉਸੇ ਨੂੰ ਵੋਟਾਂ ਪਾਉਣ ਨੂੰ ਤਿਆਰ ਹੋ ਸਕਦੇ ਹਨ।

ਅੱਜਕੱਲ੍ਹ ਇਸ ਤੋਂ ਵੀ ਬੁਰੀ ਖੇਡ ਚੱਲ ਪਈ ਹੈ। ਲਗਾਤਾਰ ਕੀਤੇ ਸਿਆਸੀ ਤਜਰਬਿਆਂ ਤੋਂ ਲੀਡਰਾਂ ਨੇ ਤਾਂ ਬਹੁਤ ਕੁਝ ਸਿੱਖਿਆ ਹੈ, ਪਰ ਲੋਕ ਕੁਝ ਨਹੀਂ ਸਿੱਖ ਸਕੇ। ਇੰਦਰਾ ਗਾਂਧੀ ਨੇ ਪਹਿਲੀ ਵਾਰੀ ਇਹ ਫਾਰਮੂਲਾ ਵਰਤਣ ਦਾ ਯਤਨ ਕੀਤਾ ਸੀ ਤੇ ਇਹ ਕਾਮਯਾਬ ਵੀ ਹੋਇਆ ਸੀ ਕਿ ਹਰ ਚੜ੍ਹਦੇ ਦਿਨ ਕੋਈ ਨਵਾਂ ਸ਼ੋਸ਼ਾ ਛੱਡ ਦਿਉ ਤੇ ਜਦੋਂ ਤੱਕ ਵਿਰੋਧੀ ਧਿਰ ਦੇ ਆਗੂ ਉਸ ਦਾ ਜਵਾਬ ਦੇਣ ਜਾਂ ਆਮ ਲੋਕ ਉਸ ਬਾਰੇ ਸੋਚ ਕੇ ਕੋਈ ਫੈਸਲਾ ਲੈਣ ਦਾ ਯਤਨ ਕਰਨ, ਓਦੋਂ ਤੱਕ ਅਗਲਾ ਨਵਾਂ ਸ਼ੋਸ਼ਾ ਛੱਡ ਦਿਉ ਤੇ ਪਿਛਲਾ ਮੁੱਦਾ ਲੋਕਾਂ ਦੇ ਚੇਤੇ ਵਿੱਚੋਂ ਕੱਢ ਦਿਉ। ਅੱਜਕੱਲ੍ਹ ਇਸ ਫਾਰਮੂਲੇ ਦੀ ਵਰਤੋਂ ਜੇ ਕੋਈ ਮੁਕੰਮਲ ਕਾਮਯਾਬੀ ਨਾਲ ਕਰ ਸਕਦਾ ਹੈ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੈ। ਕੁਝ ਸਾਲ ਪਹਿਲਾਂ ਇੱਕ ਦਿਨ ਲੋਕ ਸਭਾ ਵਿੱਚ ਖੜੋ ਕੇ ਉਨ੍ਹਾ ਇੱਕ ਚਿੱਟ ਪੜ੍ਹਨੀ ਸ਼ੁਰੂ ਕੀਤੀ, ਜਿਸ ਵਿੱਚ ਲਿਖਿਆ ਸੀ ਕਿ ਮੈਨੂੰ ਭਾਰਤ ਦੀ ਤਰੱਕੀ ਦੀ ਚਿੰਤਾ ਹੈ, ਸਮੱਸਿਆਵਾਂ ਦੇ ਹੱਲ ਲੱਭਣ ਦੀ ਚਿੰਤਾ ਹੈ ਤੇ ਵਿਰੋਧੀ ਧਿਰ ਦੇ ਆਗੂ ਇਸ ਦੀ ਥਾਂ ਬਜਾਏ ਮੈਨੂੰ ਹਟਾਉਣ ਦੀ ਚਿੰਤਾ ਵਿੱਚ ਡੁੱਬੇ ਹੋਏ ਹਨ। ਮੂਹਰੇ ਬੈਠੇ ਕਾਂਗਰਸੀ ਆਗੂਆਂ ਨੇ ਦੁਹਾਈ ਪਾ ਦਿੱਤੀ ਕਿ ਤੁਸੀਂ ਸਾਨੂੰ ਬਦਨਾਮ ਕਰਨ ਦਾ ਯਤਨ ਕਰ ਰਹੇ ਹੋ। ਅੱਗੋਂ ਨਰਿੰਦਰ ਮੋਦੀ ਨੇ ਕਿਹਾ ਸੀ: 'ਤੁਸੀਂ ਗੱਲ ਪੂਰੀ ਨਹੀਂ ਹੋਣ ਦਿੱਤੀ, ਮੈਂ ਤਾਂ ਕੁਝ ਕਿਹਾ ਹੀ ਨਹੀਂ, ਆਪਣੀ ਗੱਲ ਕਹਿਣ ਤੋਂ ਪਹਿਲਾਂ ਆਪਣੇ ਅੱਗੇ ਪਈ ਇੱਕ ਚਿੱਟ ਐਵੇਂ ਚੁੱਕੀ ਅਤੇ ਪੜ੍ਹ ਦਿੱਤੀ ਹੈ, ਇਹ ਗੱਲ ਮੈਂ ਨਹੀਂ ਕਹੀ, ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਫਲਾਣੇ ਸਾਲ ਵਿੱਚ ਲੋਕ ਸਭਾ ਵਿੱਚ ਕਹੀ ਸੀ ਤੇ ਰਿਕਾਰਡ ਉੱਤੇ ਹੈ।' ਉਸ ਦੇ ਏਨਾ ਕਹਿਣ ਨਾਲ ਕਾਂਗਰਸੀ ਆਗੂ ਬੋਲਣ ਜੋਗੇ ਨਹੀਂ ਸਨ ਰਹਿ ਗਏ। ਇਸ ਤੋਂ ਬਾਅਦ ਉਸ ਨੇ ਕੁਝ ਹੋਰ ਏਦਾਂ ਦੀਆਂ ਗੱਲ ਕਹਿ ਦਿੱਤੀਆਂ ਅਤੇ ਨਾਲ ਇਹ ਕਹਿ ਦਿੱਤਾ ਕਿ ਇਹ ਸ਼ਬਦ ਤਾਂ ਤੁਹਾਡੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਜਾਂ ਸਾਬਕਾ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਦੇ ਸਨ ਤੇ ਜਿੱਦਾਂ ਆਪਣੀ ਵਿਰੋਧੀ ਧਿਰ ਬਾਰੇ ਉਹ ਦੋਵੇਂ ਪ੍ਰਧਾਨ ਮੰਤਰੀ ਕਿਹਾ ਕਰਦੇ ਸਨ, ਜੇ ਉਹੀ ਮੈਂ ਕਹਿੰਦਾ ਹਾਂ ਤਾਂ ਤੁਸੀਂ ਸੁਣਦੇ ਵੀ ਨਹੀਂ।

ਕਹਿਣ ਤੋਂ ਇਹ ਤਾਂ ਭਾਵ ਹੈ ਸੀ ਕਿ ਉਸ ਵਕਤ ਦੀ ਹਾਕਮ ਅਤੇ ਵਿਰੋਧੀ ਧਿਰ ਜਿੱਦਾਂ ਦਾ ਵਿਹਾਰ ਕਰ ਰਹੀਆਂ ਸਨ, ਕਈ ਦਹਾਕੇ ਨਿਕਲ ਜਾਣ ਮਗਰੋਂ ਅੱਜ ਦੀ ਸਰਕਾਰ ਅਤੇ ਵਿਰੋਧੀ ਧਿਰ ਵੀ ਉਹੋ ਜਿਹਾ ਕਰਦੀਆਂ ਹਨ, ਪਰ ਵੱਡੀ ਗੱਲ ਇਹ ਹੈ ਕਿ ਲੋਕ ਵੀ ਏਨੇ ਸਾਲ ਲੰਘਣ ਮਗਰੋਂ ਓਦਾਂ ਦੇ ਹੀ ਹਨ, ਸਿਆਣੇ ਨਹੀਂ ਹੋ ਸਕੇ। ਅੱਜ ਵੀ ਲੋਕ ਆਪਣੇ ਲੀਡਰਾਂ ਦੀ ਚਲਾਕੀ ਸਮਝਣ ਦੀ ਥਾਂ ਝਾਂਸੇ ਵਿੱਚ ਆ ਜਾਂਦੇ ਹਨ ਅਤੇ ਜਦੋਂ ਪਤਾ ਲੱਗਦਾ ਹੈ ਕਿ ਇੱਕ ਠੱਗੀ ਇਸ ਵਾਰੀ ਹੋਰ ਵੱਜ ਗਈ ਹੈ ਤਾਂ ਇਸ ਤੋਂ ਨਾਰਾਜ਼ ਹੋਣ ਦੀ ਥਾਂ ਇਹ ਕਹਿ ਕੇ ਹੱਸ ਛੱਡਦੇ ਹਨ ਕਿ ਅਸੀਂ ਤਾਂ ਭੇਡਾਂ ਹਾਂ ਤੇ ਭੇਡਾਂ ਦੀ ਉੱਨ ਏਦਾਂ ਹੀ ਲਹਿੰਦੀ ਰਹਿਣੀ ਹੈ, ਕਾਂਗਰਸੀ ਲਾਹੇ ਜਾਂ ਭਾਜਪਾਈ, ਕੋਈ ਫਰਕ ਨਹੀਂ ਪੈਂਦਾ। ਭਾਰਤ ਦੇ ਲੋਕਾਂ ਦੀ ਇਹ ਸੋਚ ਸਿਆਸੀ ਆਗੂਆਂ ਨੂੰ ਹਮੇਸ਼ਾ ਰਾਸ ਆਈ ਹੈ ਤੇ ਅੱਗੋਂ ਵੀ ਆਈ ਰਹਿਣੀ ਹੈ ਅਤੇ ਗੁੱਸਾ ਕਰਨ ਨਾਲੋਂ ਲੋਕ ਆਪਣੀ ਨਾਸਮਝੀ ਉੱਤੇ ਹੱਸਣਾ ਸਿੱਖ ਗਏ ਹੋਣ ਕਰ ਕੇ ਲੀਡਰਾਂ ਨੂੰ ਕੋਈ ਚਿੰਤਾ ਕਰਨ ਦੀ ਲੋੜ ਨਹੀਂ ਰਹਿ ਗਈ।

ਦੂਸਰੀ ਗੱਲ ਇਹ ਕਿ ਅਸੀਂ ਆਪਣੇ ਗਵਾਂਢ ਵਿੱਚ ਅੰਗਰੇਜ਼ਾਂ ਦੀ ਕ੍ਰਿਪਾ ਨਾਲ ਬਣੇ ਦੇਸ਼ ਪਾਕਿਸਤਾਨ ਬਾਰੇ ਇਹ ਜਾਣਦੇ ਸਾਂ ਕਿ ਓਥੋਂ ਦੇ ਲੀਡਰ ਆਪਣੇ ਲੋਕਾਂ ਨੂੰ ਇਸਲਾਮ ਦੀ ਚੜ੍ਹਦੀ ਕਲਾ ਅਤੇ ਉਸ ਦੇਸ਼ ਨੂੰ ਭਾਰਤ ਤੋਂ ਖਤਰਾ ਹੋਣ ਦੀ ਦੁਹਾਈ ਚੁੱਕ ਕੇ ਰਾਜ ਕਰੀ ਜਾਂਦੇ ਹਨ। ਇਹੋ ਫਾਰਮੂਲਾ ਭਾਰਤੀ ਲੀਡਰਾਂ ਨੇ ਵਰਤਣਾ ਸਿੱਖ ਲਿਆ ਹੈ। ਕਾਂਗਰਸ ਤੇ ਭਾਜਪਾ ਦੇ ਲੀਡਰਾਂ ਦਾ ਵੱਡਾ ਫਰਕ ਏਨਾ ਹੈ ਕਿ ਕਾਂਗਰਸ ਵਾਲਿਆਂ ਕੋਲ ਸਿਰਫ ਇੱਕੋ ਦਾਅ ਇਸ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖਤਰੇ ਦੀ ਦੁਹਾਈ ਤੇ ਇਸ ਨੂੰ ਕਾਇਮ ਰੱਖਣ ਲਈ ਭਾਰਤੀ ਲੋਕਾਂ ਨੂੰ ਉਕਸਾਈ ਜਾਣ ਤੱਕ ਦਾ ਹੁੰਦਾ ਸੀ, ਭਾਜਪਾ ਨੇ ਦੋ ਦਾਅ ਚੁਣ ਲਏ ਹਨ। ਦੇਸ਼ ਦੀ ਅਖੰਡਤਾ ਨੂੰ ਖਤਰੇ ਦੀ ਦੁਹਾਈ ਉਹ ਵੀ ਦੇਂਦੇ ਸਨ ਅਤੇ ਖਤਰਾ ਹੋਣ ਦੀ ਦੁਹਾਈ ਇਹ ਵੀ ਦੇਂਦੇ ਹਨ। ਅਸੀਂ ਉਸ ਰਾਜ ਵਿੱਚ ਵੀ ਇਸ ਦੁਹਾਈ ਨੂੰ ਸੁਣ ਕੇ ਜਜ਼ਬਾਤੀ ਹੋ ਜਾਂਦੇ ਹੁੰਦੇ ਸਾਂ ਤੇ ਇਨ੍ਹਾਂ ਦੇ ਰਾਜ ਵਿੱਚ ਵੀ ਏਦਾਂ ਦਾ ਬਿਗਲ ਵੱਜਦਾ ਸੁਣ ਕੇ ਜਜ਼ਬਾਤੀ ਹੋ ਜਾਂਦੇ ਹਾਂ। ਦੂਸਰਾ ਮਸਲਾ ਰਾਜਨੀਤੀ ਲਈ ਧਰਮ ਦੀ ਵਰਤੋਂ ਦਾ ਭਾਜਪਾ ਕੋਲ ਹੈ, ਜਿਹੜਾ ਕਾਂਗਰਸੀ ਨਹੀਂ ਸਨ ਚੁੱਕਦੇ, ਪਰ ਚੋਣਾਂ ਦੌਰਾਨ ਰਾਜਸੀ ਲੋੜ ਦੇ ਮੁਹਤਾਜ ਹੋ ਕੇ ਇਸ ਦੀ ਸਿੱਧੀ ਤੇ ਅਸਿੱਧੀ ਵਰਤੋਂ ਉਹ ਵੀ ਕਰ ਲਿਆ ਕਰਦੇ ਸਨ। ਭਾਜਪਾ ਸਿੱਧੇ ਤੌਰ ਉੱਤੇ ਇਸ ਮੁੱਦੇ ਨੂੰ ਵਰਤ ਕੇ ਭਾਰਤ ਦੀ ਸਭ ਤੋਂ ਵੱਡੀ ਧਾਰਮਿਕ ਆਬਾਦੀ ਨੂੰ ਉਕਸਾਉਂਦੀ ਹੈ। ਜਦੋਂ ਨਰਿੰਦਰ ਮੋਦੀ ਨੇ ਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਕਮਾਂਡ ਸੰਭਾਲੀ ਤਾਂ ਭਾਜਪਾ ਆਗੂ ਇਹ ਨਹੀਂ ਸਨ ਕਹਿੰਦੇ ਕਿ ਭਾਜਪਾ ਰਾਜ ਕਈ ਸਾਲਾਂ ਪਿੱਛੋਂ ਆਇਆ ਹੈ, ਸਗੋਂ ਇਹ ਆਖਦੇ ਸਨ ਕਿ ਅੱਠ ਸੌ ਸਾਲਾਂ ਪਿੱਛੋਂ ਸਾਡਾ ਰਾਜ ਮੁੜ ਕੇ ਆਇਆ ਹੈ। 'ਅੱਠ ਸੌ ਸਾਲਾਂ ਪਿੱਛੋਂ' ਕਹਿਣ ਦਾ ਅਰਥ ਇਹ ਸੀ ਕਿ ਮੁਗਲਾਂ ਦੀ ਭਾਰਤ ਵਿੱਚ ਆਮਦ ਪਿੱਛੋਂ ਇਨ੍ਹਾਂ ਦੇ ਧਰਮ ਦੀ ਬੁਲੰਦੀ ਨਹੀਂ ਸੀ ਰਹਿ ਗਈ ਤੇ ਪ੍ਰਧਾਨ ਮੰਤਰੀ ਮੋਦੀ ਦੇ ਆਪਣੇ ਖਾਸ ਅਕਸ ਕਾਰਨ ਉਸ ਧਰਮ ਦੀ ਚੜ੍ਹਤ ਦੇ ਦਿਨ ਫਿਰ ਸਕਦੇ ਹਨ। ਬਾਅਦ ਵਿੱਚ ਏਦਾਂ ਦੀ ਗੱਲ ਭਾਰਤ ਸਰਕਾਰ ਹੀ ਨਹੀਂ, ਦੇਸ਼ ਦੀ ਸਭ ਤੋਂ ਉੱਚੀ ਅਦਾਲਤ ਦੇ ਫੈਸਲਿਆਂ ਵਿੱਚ ਵੀ ਦੇਖੀ ਜਾਣ ਲੱਗ ਪਈ। ਦੇਸ਼ ਦੇ ਮੁੱਖ ਜੱਜ ਨੇ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਸੀ ਰੱਖੀ ਕਿ ਬਾਬਰੀ ਮਸਜਿਦ ਬਨਾਮ ਰਾਮ ਜਨਮ ਭੂਮੀ ਦੇ ਕੇਸ ਵਿੱਚ ਫੈਸਲਾ ਭਾਵੇਂ ਕਾਨੂੰਨੀ ਪੱਖੋਂ ਦੇਣਾ ਸੀ, ਪਰ ਫੈਸਲਾ ਲਿਖਣ ਤੋਂ ਪਹਿਲਾਂ ਇਸ ਚਿਰੋਕਣੇ ਲਟਕਦੇ ਮਾਮਲੇ ਬਾਰੇ ਉਹ ਭਗਵਾਨ ਤੋਂ ਸੇਧ ਲੈਣ ਵਾਸਤੇ ਮੰਦਰ ਵਿੱਚ ਗਿਆ ਸੀ। ਜੇ ਭਲਾ ਕੋਈ ਮੁਸਲਿਮ ਜੱਜ ਕਹਿੰਦਾ ਕਿ ਉਹ ਫੈਸਲਾ ਲਿਖਣ ਤੋਂ ਪਹਿਲਾਂ ਮਸਜਿਦ ਵਿੱਚ ਗਿਆ ਜਾਂ ਕੋਈ ਈਸਾਈ ਜੱਜ ਕਹਿੰਦਾ ਕਿ ਫੈਸਲੇ ਲਈ ਸੇਧ ਲੈਣ ਉਹ ਈਸਾ ਦੇ ਦਰਬਾਰ ਵਿੱਚ ਗਿਆ ਸੀ ਤਾਂ ਬੜਾ ਹੰਗਾਮਾ ਹੋ ਸਕਦਾ ਸੀ, ਪਰ ਸੁਪਰੀਮ ਕੋਰਟ ਦੇ ਮੁਖੀ ਜੱਜ ਦਾ ਬਿਆਨ ਮੁੱਦਾ ਨਹੀਂ ਸੀ ਬਣਿਆ।

ਅਸੀਂ ਪੰਜਾਬ ਦੇ ਲੋਕਾਂ ਨੇ ਇਸ ਤਰ੍ਹਾਂ ਧਰਮ ਦੀ ਵਰਤੋਂ ਸਿਆਸੀ ਲਾਭਾਂ ਲਈ ਹੁੰਦੀ ਕਈ ਵਾਰੀ ਵੇਖੀ ਤੇ ਭੁਗਤੀ ਹੋਈ ਹੈ। ਭ੍ਰਿਸ਼ਟਾਚਾਰ ਦੀਆਂ ਸਿਖਰਾਂ ਛੋਂਹਦੀ ਸਰਕਾਰ ਦੀ ਅਗਵਾਈ ਕਰਨ ਮਗਰੋਂ ਵੀ ਜੇ ਕੋਈ ਧਾਰਮਿਕ ਖੇਤਰ ਵਿੱਚ ਆਪਣੀ ਅਗੇਤ ਸਥਾਪਤ ਕਰਨ ਵਿੱਚ ਸਫਲ ਰਹਿ ਸਕੇ ਤਾਂ ਉਹ ਸਿਆਸੀ ਪੱਖੋਂ ਆਪਣੀ ਚੜ੍ਹਤ ਦੀ ਵੀ ਮੁਕੰਮਲ ਆਸ ਰੱਖ ਸਕਦਾ ਹੈ। ਸਾਡੇ ਲੋਕਾਂ ਦੀ ਸੋਚ ਦੀ ਇਹ ਕਮਜ਼ੋਰੀ ਹੈ ਕਿ ਕੋਈ ਬੰਦਾ ਲੱਖ ਝੂਠ ਬੋਲੀ ਜਾਵੇ ਅਤੇ ਲੱਖ ਪਾਪ ਕਰੀ ਜਾਵੇ, ਜੇ ਉਹ ਧਾਰਮਿਕ ਅਸਥਾਨਾਂ ਉੱਤੇ ਹਾਜ਼ਰੀ ਭਰਦੇ ਵਕਤ ਮੀਡੀਆ ਕੈਮਰਿਆਂ ਦੇ ਸਾਹਮਣੇ ਖੜੋ ਕੇ ਆਪਣੀ ਧਾਰਮਿਕਤਾ ਦਾ ਪ੍ਰਗਟਾਵਾ ਕਰ ਦੇਵੇ ਤਾਂ ਲੋਕ ਬਾਕੀ ਸਭ ਕੁਝ ਅਣਗੌਲਿਆ ਕਰਨ ਨੂੰ ਤਿਆਰ ਰਹਿੰਦੇ ਹਨ ਅਤੇ ਫਿਰ ਉਹੋ ਕੁਝ ਹੁੰਦਾ ਹੈ, ਜਿਹੜਾ ਭਾਰਤ ਦੀ ਕੌਮੀ ਪੱਧਰ ਦੀ ਸਿਆਸਤ ਵਿੱਚ ਹੁੰਦਾ ਵੇਖਦੇ ਹਾਂ। ਭਾਰਤ ਦੀ ਕੌਮੀ ਪੱਧਰ ਦੀ ਸਿਆਸਤ ਤਾਂ ਸਗੋਂ ਰਾਜਾਂ ਵਿਚਲੀਆਂ ਧਰਮ ਦੀ ਵਰਤੋਂ ਕਰ ਕੇ ਚੱਲਦੀਆਂ ਪਾਰਟੀਆਂ ਨੂੰ ਇਸ ਕੰਮ ਵਿੱਚ ਰਾਹ ਤੇ ਦਾਅ ਸਿਖਾਉਣ ਦਾ ਕੰਮ ਕਰਦੀ ਹੈ। ਛੇ ਸਾਲ ਪਹਿਲਾਂ ਲੋਕ ਸਭਾ ਚੋਣਾਂ ਵੇਲੇ ਭਖਵੀਂ ਚੋਣ ਮੁਹਿੰਮ ਚਲਾਉਣ ਨਾਲ ਵੀ ਭਾਜਪਾ ਆਗੂ ਨਰਿੰਦਰ ਮੋਦੀ ਨੂੰ ਜਦੋਂ ਆਪਣੀ ਜਿੱਤ ਦਾ ਯਕੀਨ ਨਹੀਂ ਸੀ ਬੱਝਾ ਤਾਂ ਆਖਰੀ ਪੜਾਅ ਦਾ ਪ੍ਰਚਾਰ ਬੰਦ ਹੁੰਦੇ ਸਾਰ ਉਹ ਕੇਦਾਰਨਾਥ ਧਾਮ ਵਿਖੇ ਇੱਕ ਗੁਫਾ ਅੰਦਰ ਸਮਾਧੀ ਲਾਉਣ ਜਾ ਪੁੱਜਾ ਸੀ, ਪਰ ਬੈਠਦੇ ਵਕਤ ਵੀ ਆਸੇ-ਪਾਸੇ ਇਹ ਵੇਖ ਰਿਹਾ ਸੀ ਕਿ ਕੈਮਰਿਆਂ ਦਾ ਫੋਕਸ ਠੀਕ ਹੋਣਾ ਚਾਹੀਦਾ ਹੈ। ਓਦੋਂ ਵਰਤਿਆ ਇਹ ਦਾਅ ਦੂਜੀ ਵਾਰ ਵਰਤਦਾ ਹੁੰਦਾ ਤਾਂ ਲੋਕ ਪਛਾਣ ਲੈਂਦੇ, ਇਸ ਕਾਰਨ ਪਿਛਲੇ ਸਾਲ ਉਸ ਨੇ ਚੋਣਾਂ ਦੇ ਆਖਰੀ ਗੇੜ ਦੇ ਦੌਰਾਨ ਇੱਕ ਉਚੇਚੀ ਦਿੱਤੀ ਗਈ ਇੰਟਰਵਿਊ ਵਿੱਚ ਇਹ ਕਹਿ ਦਿੱਤਾ ਸੀ ਕਿ 'ਮੈਂ ਬਾਇਲੋਜੀਕਲ ਨਹੀਂ, ਮੈਨੂੰ ਤਾਂ ਭਗਵਾਨ ਨੇ ਕਿਸੇ ਖਾਸ ਮਕਸਦ ਲਈ ਦੁਨੀਆ ਵਿੱਚ ਭੇਜਿਆ ਹੈ।' ਕਹਿਣ ਤੋਂ ਭਾਵ ਇਹ ਕਿ ਜਿਵੇਂ ਭਗਵਾਨ ਸਮੇਂ-ਸਮੇਂ ਦੁਨੀਆ ਵਿੱਚ ਵੱਸਦੇ ਲੋਕਾਂ ਦਾ ਪਾਰ ਉਤਾਰਾ ਕਰਨ ਲਈ ਆਪਣੇ ਅਵਤਾਰ ਭੇਜਦਾ ਰਿਹਾ ਸੀ, ਨਰਿੰਦਰ ਮੋਦੀ ਸਾਹਿਬ ਅੱਜ ਵਾਲੇ ਦੁਨਿਆਵੀ ਲੋਕਾਂ ਦੇ ਪਾਰ ਉਤਾਰੇ ਲਈ ਭਗਵਾਨ ਨੇ ਖਾਸ ਮਕਸਦ ਲਈ ਭੇਜੇ ਹੋਏ ਹਨ। ਏਡੀ ਵੱਡੀ ਗੱਲ ਸੁਣ ਲੈਣ ਦੇ ਬਾਅਦ ਦੇਸ਼ ਦਾ ਸਭ ਤੋਂ ਵੱਧ ਗਿਣਤੀ ਵਾਲਾ ਭਾਈਚਾਰਾ ਉਨ੍ਹਾ ਦੇ ਮਗਰ ਲੱਗੀ ਲਾਈਨ ਤੋਂ ਹਟ ਕੇ ਹੋਰ ਸਿਆਸੀ ਪੱਖਾਂ ਦੇ ਲੀਡਰਾਂ ਵੱਲ ਜਾਣਾ ਤਾਂ ਇੱਕ ਪਾਸੇ ਰਹਿ ਗਿਆ, ਏਧਰ-ਓਧਰ ਕਿਸੇ ਪਾਸੇ ਝਾਕਣਾ ਵੀ ਪਾਪ ਸਮਝਣ ਲੱਗ ਸਕਦਾ ਸੀ।

ਕਹਿੰਦੇ ਹਨ ਕਿ ਬੀਤੇ ਵਕਤ ਵਿੱਚ ਕਦੇ ਲੁਕਮਾਨ ਨਾਂਅ ਦਾ ਕੋਈ ਹਕੀਮ ਹੁੰਦਾ ਸੀ, ਜਿਹੜਾ ਹਰ ਕਿਸੇ ਬਿਮਾਰੀ ਦਾ ਇਲਾਜ ਕਰਨ ਦੇ ਨੁਸਖੇ ਜਾਣਦਾ ਸੀ। ਅੱਜਕੱਲ੍ਹ ਜਿਸ ਕਿਸੇ ਦਾ ਦਾਅ ਫਿੱਟ ਬੈਠ ਜਾਂਦਾ ਹੈ, ਉਸ ਲੀਡਰ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ ਸਿਆਸਤ ਦੇ ਲੁਕਮਾਨੀ ਨੁਸਖੇ ਜਾਣਦਾ ਹੈ, ਇਸ ਲਈ ਹੋਰ ਕੋਈ ਇਸ ਦੀ ਟੱਕਰ ਦਾ ਸਾਬਤ ਨਹੀਂ ਹੋ ਰਿਹਾ। ਅਸੀਂ ਪਿਛਲੇ ਸਮਿਆਂ ਵਿੱਚ ਏਦਾਂ ਦੇ ਨੁਸਖੇ ਵਰਤਣ ਵਾਲਿਆਂ ਦਾ ਵੀ ਕਦੇ ਨਾ ਕਦੇ ਟਕਰਾਅ ਹੁੰਦਾ ਤੇ ਆਮ ਲੋਕਾਂ ਵਿੱਚ ਕੁਝ ਚਿਰ ਲਈ ਭੰਬਲਭੂਸੇ ਦੀ ਸਥਿਤੀ ਬਣਦੀ ਵੇਖੀ ਹੋਈ ਹੈ, ਜਿਹੜੀ ਬਹੁਤਾ ਚਿਰ ਨਹੀਂ ਰਹਿੰਦੀ ਹੁੰਦੀ ਅਤੇ ਫਿਰ ਆਮ ਲੋਕ ਇੱਕ ਪਿੱਛੋਂ ਦੂਸਰਾ ਭੇਡ-ਚਾਲ ਵਿੱਚ ਕਿਸੇ ਇੱਕ ਆਗੂ ਨਾਲ ਖੜੋਣਾ ਸ਼ੁਰੂ ਕਰ ਦੇਂਦੇ ਸਨ। ਇਹੋ ਜਿਹੀ ਖਿੱਚੋਤਾਣ ਇਸ ਵਕਤ ਵੀ ਭਾਰਤ ਵਿੱਚ ਚੱਲਦੀ ਜਾਪਦੀ ਹੈ। ਪੰਜਾਬ ਵਿੱਚ ਅਕਾਲੀ ਦਲ ਦੀ ਅਗਵਾਈ ਅਤੇ ਇਸ ਬਹਾਨੇ ਲੋਕਾਂ ਨੂੰ ਧਰਮ ਦੇ ਨਾਂਅ ਉੱਤੇ ਵਰਤਣ ਲਈ ਜਿੱਦਾਂ ਦੀ ਖਿੱਚੋਤਾਣ ਦੋਵਾਂ ਧਿਰਾਂ ਵਿੱਚ ਇਸ ਵੇਲੇ ਹੁੰਦੀ ਪਈ ਹੈ, ਏਦਾਂ ਦੀ ਖਿੱਚੋਤਾਣ ਕੌਮੀ ਪੱਧਰ ਉੱਤੇ ਵੀ ਹੋਣ ਦੇ ਚਰਚੇ ਸੁਣਨੇ ਫਿਰ ਸ਼ੁਰੂ ਹੋ ਗਏ ਹਨ। ਅਗਲੇ ਸਮੇਂ ਵਿੱਚ ਇਹ ਚਰਚੇ ਜਾਂ ਟਕਰਾਅ ਤੇਜ਼ ਵੀ ਹੋ ਸਕਦੇ ਹਨ, ਪਰ ਵਕਤ ਦੀ ਅਜੋਕੀ ਘੜੀ ਜਿਹੜੀ ਧਿਰ ਕੇਂਦਰ ਵਿੱਚ ਸੱਤਾ ਦੀ ਕਮਾਂਡ ਸਾਂਭੀ ਬੈਠੀ ਹੈ, ਉਹ ਛੇਤੀ ਕੀਤੇ ਕਿਸੇ ਹੋਰ ਦੇ ਪੈਰ ਲੱਗਣ ਨਹੀਂ ਦੇਂਦੀ ਜਾਪਦੀ। ਇਹ ਹਾਲਤ ਅੱਜ ਦੀ ਘੜੀ ਹੈ, ਵਕਤ ਦੇ ਰੰਗਾਂ ਦਾ ਕੁਝ ਪਤਾ ਨਹੀਂ ਹੁੰਦਾ ਕਿ ਕਦੋਂ ਕਿੱਧਰ ਨੂੰ ਪਲਟੀ ਮਾਰ ਜਾਣ, ਇਸ ਲਈ ਭਾਰਤ ਦਾ ਅਗਲਾ ਸਮਾਂ ਕਿੱਦਾਂ ਦਾ ਹੋਵੇਗਾ, ਅਗੇਤੇ ਅੰਦਾਜ਼ੇ ਲਾਉਣ ਵਾਲਿਆਂ ਨੂੰ ਜੋ ਮਰਜ਼ੀ ਸੋਚਣ ਦੀ ਖੁੱਲ੍ਹ ਹੈ। ਭਾਰਤੀ ਫੌਜ ਦੀ ਕਿਸੇ ਅਫਸਰ ਬੀਬੀ ਬਾਰੇ ਬਦ-ਕਲਾਮੀ, ਕਰਨਾਟਕ ਦੀ ਡਿਪਟੀ ਕਮਿਸ਼ਨਰ ਬੀਬੀ ਨੂੰ ਪਾਕਿਸਤਾਨੀ ਕਹਿਣ ਜਾਂ ਪਾਉਂਟਾ ਸਾਹਿਬ ਦੇ ਸਿੱਖ ਐੱਸ ਡੀ ਐੱਮ ਬਾਰੇ ਕੀਤੀ ਗਈ ਬੇਹੂਦਾ ਟਿਪਣੀ, ਇਹ ਸਾਰੀਆਂ ਗੱਲਾਂ ਕਿਸੇ ਖਾਸ ਪਾਸੇ ਸੇਧਤ ਹੋ ਸਕਦੀਆਂ ਹਨ, ਪਰ ਕਿਸ ਪਾਸੇ ਵੱਲ ਸੇਧਤ ਹਨ, ਇਸ ਬਾਰੇ ਅਜੇ ਤੱਕ ਸਥਿਤੀ ਬਹੁਤੀ ਸਪੱਸ਼ਟ ਨਹੀਂ ਹੋ ਰਹੀ। ਹੋ ਸਕਦਾ ਹੈ ਕਿ ਇਸ ਖੇਡ ਦੇ ਓਹਲੇ ਦੀਆਂ ਚੁਣੌਤੀਆਂ ਤੋਂ ਪਰਦਾ ਚੁੱਕਣ ਵਿੱਚ ਅਗਲਾ ਸਮਾਂ ਬਹੁਤੀ ਦੇਰ ਨਾ ਕਰੇ, ਕੁਝ ਵੀ ਹੋ ਸਕਦਾ ਹੈ।

# ਪ੍ਰਾਚੀਨ ਨਗਰ ਅਲਾਵਲਪੁਰ

ਪਿੰਡ ਵਸਿਆ-35

ਵਿਜੇ ਬੰਬੇਲੀ

ਅਲਾਵਲਪੁਰ ਦੀਆਂ ਥੇਹ ਹੋਈਆਂ ਕੁੱਝ ਧੜਵੈਲ ਇਮਾਰਤਾਂ ਦੇ ਕੁੱਝ ਬਚੇ-ਖੁਚੇ ਅਸਵੇਸ, ਇਸ ਨਗਰ ਦਾ ਵਿਚਾਲਾ ਅਤੇ ਆਲਾ-ਦੁਆਲਾ ਇਸਦੇ ਪ੍ਰਾਚੀਨ ਨਗਰੀ ਹੋਣ ਦਾ ਇਸ਼ਾਰਾ ਕਰਦੇ ਹਨ ਅਤੇ ਇਸ ਦੇ ਅੰਦਰ ਅਤੇ ਗਿਰਦ ਖਲੋਤੀਆਂ ਮੁਸਲਿਮ ਧਰਮ ਆਸਥਾ ਇਮਾਰਤਾਂ ਕਦੇ ਇਥੇ ਰਹੇ ਮੁਸਲਮਾਨੀ ਜਲੌਅ ਦਾ ਪ੍ਰਗਟਾਵਾ ਕਰਦੀਆਂ ਹਨ। ਪਰ, ਇਸ ਨਗਰ ਦੀ ਮੋੜ੍ਹੀ ਕਿਸ ਗੱਡੀ, ਕਦੋਂ ਗੱਡੀ ਅਤੇ ਇਸ ਦੇ ਇਸ ਖਿੱਤੇ ਵਿੱਚ ਬੁਲੰਦ ਸਥਾਪਤ ਹੋ ਜਾਣ ਬਾਰੇ, ਸੰਭਵ ਕੋਸ਼ਿਸ਼ਾਂ ਕਰਨ ਦੇ ਬਾਵਜੂਦ, ਪੱਕ ਨਾਲ ਪਤਾ ਨਹੀਂ ਲੱਗ ਸਕਿਆ। ਸੋ, ਜਿੰਨਾ ਕੁ ਹੱਥ ਆਇਆ ਜਾਂ ਦੱਸਿਆ ਗਿਆ, ਉਸ ਬਾਰੇ ਪਾਠਕਾਂ ਮੂਹਰੇ ਇਸ ਆਸ ਨਾਲ ਪਰੋਸਣਾ ਬੇਹਤਰ ਸਮਝਿਆ ਕਿ ਇਸ ਨੂੰ ਪੜ੍ਹ-ਸੁਣ ਕੇ ਕੋਈ ਹੋਰ ਸਮਰੱਥ ਇਸ ਨਗਰ ਦੀਆਂ ਪੀਢੀਆਂ ਜੜ੍ਹਾਂ ਫਰੋਲਣ ਲਈ ਜ਼ਰੂਰ ਅਹੁਲੇਗਾ।

ਜਲੰਧਰ ਡਿਸਟ੍ਰਿਕਟ ਗਜ਼ਟੀਅਰ ਮੁਤਾਬਿਕ, "ਇਹ ਕਸਬਾ ਧੋਗੜੀ ਪਰਵਾਰ ਦੇ ਪਠਾਣ ਸਰਦਾਰ ਅਲਾਵਲ ਖਾਂ ਦੇ ਪਿਤਾ ਨੇ, (ਕਨਸੋਆਂ ਅਨੁਸਾਰ ਆਪਣੇ ਪੁੱਤਰ ਨਾਮੇ) ਵਸਾਇਆ ਸੀ। ਸਮਾਂ-ਦਰ-ਸਮਾਂ ਇਸਦਾ ਪ੍ਰਮੁੱਖ ਰਜ਼ਬ ਅਲੀ ਖਾਂ ਬਣਿਆ, ਪਰ 1807 'ਚ ਉਸ ਦੀ ਮੌਤ ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਬੈਂਸ ਸਰਦਾਰ ਅਲਵੇਲ ਸਿੰਘ, (ਜਿਸ ਦਾ ਪਿਛੋਕੜ ਮਾਹਿਲਪੁਰ ਦੇ ਬੈਂਸ ਕੁਨਬੇ ਅਤੇ ਮਗਰੋਂ ਸੰਬੰਧ ਜਲ੍ਹਿਆਂਵਾਲੇ ਬਾਗ ਨਾਲ ਜੁੜਦਾ ਹੈ), ਨੂੰ ਜਗੀਰ ਵਜੋਂ ਸੌਂਪ ਦਿੱਤਾ। ਕਦੇ ਇੱਥੇ ਮਿੱਟੀ ਦਾ ਬਣਿਆ ਇੱਕ ਕਿਲ੍ਹਾ ਹੁੰਦਾ ਸੀ, ਜਿਹੜਾ ਕਿ ਉਸ ਸਮੇਂ ਕਰੀਬ ਥੇਹ ਹੋ ਚੁੱਕਾ ਸੀ। ਇਸ ਥੇਹ ਨੂੰ ਥੇਹ ਲਛਮਣ ਕਹਿੰਦੇ ਹਨ। ਇਥੇ ਸਮੀਰ ਪ੍ਰਬਤ (ਗੋਰਖ ਪੰਥੀ ਸਾਧੂ) ਦਾ ਵੀ ਇੱਕ ਮੱਟ ਸੀ/ਹੈ, ਜਿੱਥੇ ਹਰ ਸਾਲ ਮੇਲਾ ਭਰਦਾ ਹੈ।" ਬਕੌਲ ਬ੍ਰਿਟਿਸ਼ਟਰ ਅੰਗਰੇਜ਼ ਰਾਜ ਸ਼ੁਰੂ ਹੋਣ ਵੇਲੇ ਇਥੇ 6 ਮਸੀਤਾਂ ਅਤੇ 10 ਮੰਦਰ ਸਨ। ਮੰਦਰਾਂ ਦੀ ਬਹੁਤਾਤ, ਲਛਮਣ ਥੇਹ ਅਤੇ ਸਮੀਰ ਪ੍ਰਬਤ ਦਾ ਮੱਟ ਇਹ ਕਨਸੋਅ ਦਿੰਦੇ ਹਨ ਕਿ ਪਹਿਲ-ਪਲੱਕੜਿਆਂ ਵੇਲੇ, ਕਦੇ ਇਥੇ ਹਿੰਦੂ ਵੀ ਪ੍ਰਮੁੱਖ ਸਨ। ਇਸੇ ਗਜ਼ਟੀਅਰ ਅਨੁਸਾਰ, ਮਗਰੋਂ, "ਇਥੇ ਇੱਕ ਮਿਡਲ ਸਕੂਲ, ਫਿਰ ਡਾਕਖਾਨਾ, ਇੱਕ ਉੱਪ ਤਹਿਸੀਲ ਸਥਾਪਤ ਹੋਈ।" ਅਗਲੀ ਬਾਤ, "ਇਹ ਸ਼ਹਿਰ ਗਬਰੂਨ ਅਤੇ ਸੂਸੀ (ਸੂਤੀ ਜਾਂ ਸੂਸ ਦਾ ਕੱਪੜਾ, ਸਵਾਂ ਲਿਆ ਸੂਸ ਦਾ ਘੱਗਰਾ) ਕੱਪੜੇ ਵਜੋਂ ਵੀ ਪ੍ਰਸਿੱਧ ਰਿਹਾ ਤੇ ਅਨਾਜ਼ਜਅਤੇ ਗੁੜ ਮੰਡੀ ਵਜੋਂ ਵੀ। ਸੰਨ 1857 'ਚ ਇੱਥੇ ਮਿਉਂਸਪਲ ਕਮੇਟੀ ਬਣੀ, ਨਗਰ ਦੇ ਵਿਸਥਾਰ ਉਪਰੰਤ 1885 ਵਿੱਚ ਇਸ ਦੀ ਹੱਦ ਮੁੜ ਮਿੱਥੀ ਗਈ। ਨਗਰ ਦੀ ਆਮਦਨ ਅਤੇ ਕਾਰ-ਵਿਹਾਰ ਦਾ ਮੁੱਖ ਸ੍ਰੋਤ ਇਥੋਂ ਦੀਆਂ ਵਪਾਰਕ ਗਤੀਵਿਧੀਆਂ ਸਨ। ਮਗਰੋਂ, ਕਈ ਕਾਰਨੀ, ਖਾਸ ਕਰ '47 ਦੀ ਤ੍ਰਾਸਦੀ ਅਤੇ ਮੁੱਖ ਸੜਕ ਤੋਂ ਹਟਵਾਂ ਹੋ ਜਾਣ ਕਾਰਨ ਇਹ ਨਗਰ ਰਸਾਤਲ ਵੱਲ ਜਾਈ ਗਿਆ। ਹੁਣ ਕੁੱਝ ਸੰਭਲਿਆ ਹੈ, ਪ੍ਰੰਤੂ ਪੁਰਾਣੇ ਜਲੌਅ ਤੋਂ ਬਹੁਤ ਵਿਰਵਾ ਹੈ।

ਆਮ ਤੌਰ 'ਤੇ ਕਿਹਾ-ਸਮਝਿਆ ਇਹ ਜਾਂਦਾ ਹੈ ਕਿ ਅਲਾਵਲ ਖਾਂ ਅਤੇ ਆਦਮ ਖਾਂ ਦੋ ਪਠਾਣ ਭਰਾਵਾਂ ਨੇ ਤਿੰਨ-ਚਾਰ ਮੀਲ ਦੇ ਫਾਸਲੇ 'ਤੇ ਦੋ ਪਿੰਡ ਵਸਾਏ, ਅਲਾਵਲਪੁਰ ਅਤੇ ਆਦਮਪੁਰ। ਉਦੋਂ ਆਦਮਪੁਰ ਨਹੀਂ ਅਲਾਵਲਪੁਰ ਕਈ ਗੱਲੋਂ ਉੱਘਾ ਅਤੇ ਵੱਡਾ ਸੀ, ਜਿਥੇ ਰਾਜ ਅੰਗਰੇਜ਼ੀ ਸਥਾਪਤ ਹੁੰਦਿਆ ਹੀ ਮਿਉਂਸਪਲ ਕਮੇਟੀ ਬਣਾਈ ਗਈ, ਜਦ ਕਿ ਆਦਮਪੁਰ ਉਦੋਂ ਪੰਚਾਇਤ ਹੀ ਸੀ, ਪਰ ਅਸਲ ਗੱਲ ਇਉਂ ਨਹੀਂ ਹੈ, ਜਲੰਧਰ ਗਜ਼ਟੀਅਰ, 1884, ਇਹ ਕਥਾ ਇਉਂ ਬਿਆਨਦਾ ਹੈ, "ਆਦਮਪੁਰ ਬਿਨਾਂ ਕਿਸੇ ਯੋਜਨਾ ਤੋਂ ਬਣਿਆ ਹੋਇਆ ਇੱਗੜ-ਦੁੱਗੜਾ ਜਿਹਾ ਪਿੰਡ ਹੈ। ਮੰਨੀ ਜਾਂਦੀ ਗਾਥਾ ਅਨੁਸਾਰ ਇਸ ਦੀ ਨੀਂਹ ਲਿੱਟ ਗੋਤਰੀ ਜੱਟਾਂ ਨੇ ਰੱਖੀ ਸੀ। ਬਾਅਦ ਵਿੱਚ ਇਥੇ ਭੈਣੇ ਗੋਤ ਦੇ ਜੱਟ ਆ ਕਾਬਜ਼ ਹੋਏ, ਪ੍ਰਸਥਿਤੀਆਂ ਵੱਸ ਉਹਨੀਂ ਇਸ ਨੂੰ ਧੋਗੜੀ ਦੇ ਅਫਗਾਨ ਕੁਨਬੇ ਨੂੰ ਵੇਚ ਦਿੱਤਾ ਅਤੇ ਉਹਨਾਂ ਦੇ ਜੰਗੀ ਸਰਦਾਰ ਅਲਾਵਲ ਖਾਂ ਦੇ ਛੋਟੇ ਭਰਾ ਆਦਮ ਖਾਂ ਨੇ ਇਸ ਦਾ ਨਾਂਅ ਬਤੌਰ ਆਦਮ ਆਪਣੇ ਨਾਮੇ ਕਰ ਲਿਆ।" ਜਿਹੜਾ ਮਗਰੋਂ ਆਦਮਪੁਰ ਵਜੋਂ ਲੋਕ-ਮਨਾਂ ਵਿੱਚ ਉੱਘੜ ਗਿਆ।

ਪ੍ਰੰਤੂ; ਇਤਿਹਾਸਕ ਪੁਸਤਕ "ਪੰਜਾਬ ਦੀ ਜੋਗਰਾਫਯਾਈ ਤਵਾਰੀਖ" ਦਾ ਕਰਤਾ ਬੂਟੇ ਸ਼ਾਹ ਆਖਦਾ ਹੈ, "ਅਲਾਉਲਪੁਰ ਪਠਾਣਾਂ ਦਾ ਸ਼ਹਿਰ ਹੈ। ਉਹ ਅਲਾਉਲ ਖਾਂ ਦੇ ਬਾਪ ਦਲਾਉਰ ਖਾਂ ਦਾ ਬਣਾਇਆ ਹੋਇਆ ਹੈ। ਦਲਾਉਰ ਖਾਂ ਨੇ ਇਸ ਦਾ ਨਾਂਅ ਆਪਣੇ ਪੁੱਤਰ ਦੇ ਨਾਂਅ 'ਤੇ ਅਲਾਉਲਪੁਰ ਰੱਖਿਆ, (ਜਿਹੜਾ ਵਿਗੜਦਾ-ਸੰਵਰਦਾ ਅਲਾਵਲਪੁਰ ਬਣ ਗਿਆ)।" ਉਸ ਮੁਤਾਬਕ, "ਸ਼ਹਿਰ ਦੇ ਅੰਦਰ-ਵਾਰ ਇੱਕ ਪੱਕਾ ਕਿਲ੍ਹਾ ਹੈ ਅਤੇ ਉਸ ਦੀ ਫ਼ਸੀਲ ਅੰਦਰ ਵੱਡੀਆਂ ਸੋਹਣੀਆਂ ਅੰਬਾਰਤਾਂ (ਇਮਾਰਤਾਂ/ਹਵੇਲੀਆਂ) ਪਠਾਣਾਂ ਨੇ ਬਣਾਈਆਂ ਹੋਈਆਂ ਹਨ, ਪਰ ਜਾਂ (ਜਦੋਂ) ਰਜ਼ਬ ਅਲੀ ਖਾਂ ਦੀ ਸਰਦਾਰੀ ਦੀ ਵਾਰੀ ਆਈ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਇਹ ਸ਼ਹਿਰ ਉਸ ਕੋਲੋਂ ਜ਼ੋਰ ਨਾਲ ਖੋਹ ਲਿਆ। ਔਰ ਉਹ ਵਿਚਾਰਾ ਲਾਹੌਰ ਵਿਖੇ ਮਹਾਰਾਜ ਦੇ ਲਸ਼ਕਰ ਹੱਥੋਂ ਸਤਾਇਆ ਬੜੀ ਖੁਆਰੀ ਨਾਲ ਮਰ ਗਿਆ।"

ਦਰ-ਹਕੀਕਤ, ਉੱਕਤ ਕਥਾ ਦੇ ਸੰਦਰਭ ਲੋਕ-ਉੱਕਤੀ (ਮੌਖਿਕ ਇਤਿਹਾਸ) ਕੋਈ ਹੋਰ ਹੈ। ਹੋਇਆ ਇਉਂ ਕਿ, "1807-08 'ਚ ਇੱਕ ਵਾਰ ਮੁਹੱਰਮ ਦੇ ਦਿਨੀਂ ਤਾਜ਼ੀਏ ਦੇ ਜਲਸੇ-ਜਲੂਸ ਵਿੱਚ ਇੱਕ ਮਾਰ-ਖੰਡਾ ਸਾਨ੍ਹ ਆ ਘੁਸਿਆ। ਸਿੱਟੇ ਵਜੋਂ ਹੋਈ ਹਫੜਾ-ਦਫੜੀ ਵੇਖ ਤਿੰਨ ਅੱਲ੍ਹੜ ਮੁੰਡੇ ਹੱਸ-ਹੱਸ ਲੋਟ-ਪੋਟ ਹੋ ਗਏ, ਜਿਹੜੇ ਹਿੰਦੂਆਂ ਦੇ ਜਾਏ ਸਨ। ਕਾਜ਼ੀਆਂ ਇਸ ਨੂੰ ਆਪਣੀ ਹੇਠੀ ਮੰਨੀ ਅਤੇ ਪਠਾਣ ਸਰਦਾਰ ਰਜ਼ਬ ਅਲੀ ਕੋਲ ਜਾ ਸ਼ਿਕਾਇਤ ਕੀਤੀ। ਅਸਲ ਮਾਜਰਾ ਅਤੇ ਅੱਲ੍ਹੜ-ਵਰੇਸ ਬੁੱਝਣ ਦੀ ਬਜਾਏ ਉਹਨਾਂ ਮੁੰਡਿਆਂ ਨੂੰ ਸਖਤ ਸਜ਼ਾ ਸੁਣਾਈ ਗਈ ਜਿਸ ਕਾਰਨ ਰੋਹ 'ਚ ਆਇਆ ਇੱਕ ਹਿੰਦੂ ਸਾਧ ਲਾਹੌਰ ਪੁੱਜ ਮਹਾਰਾਜੇ ਦੇ ਦਰਬਾਰ ਜਾ ਹਰਖਿਆ। ਸਬੱਬੀਂ ਰਣਜੀਤ ਸਿੰਘ ਉਦੋਂ ਬਟਾਲੇ ਗਿਆ ਹੋਇਆ ਸੀ, ਸਾਧ ਉਹਨੀਂ ਪੈਰੀਂ, ਵਾਹੋ-ਦਾਹੀ ਬਟਾਲਾ ਜਾ ਪੁੱਜਾ। ਸਾਧ ਦਾ ਹੱਠ ਦੇਖ ਅਤੇ ਉਸ ਮੂੰਹੋਂ ਮਾਜਰਾ ਸੁਣ ਮਹਾਰਾਜੇ ਨੇ ਅਲਬੈਲ ਸਿੰਘ ਬੈਂਸ ਸਰਦਾਰ, ਜਿਸ ਦਾ ਪਿਛੋਕੜ ਮਾਹਿਲਪੁਰ ਦਾ ਬੈਂਸ ਕੁਨਬਾ ਸੀ, ਨੂੰ ਲਾਮ-ਲਸ਼ਕਰ ਨਾਲ ਅਲਾਵਲਪੁਰ ਨੂੰ ਰਜ਼ਬ ਅਲੀ ਦੇ ਸੁਧਾਰ ਹਿੱਤ ਤੋਰ ਦਿੱਤਾ। ਗਹਿ-ਗੱਚਵੇਂ ਮੁਕਾਬਲੇ ਅਤੇ ਜੰਗੀ ਗੜ੍ਹੀ ਨੂੰ ਤੋੜਨ ਉਪਰੰਤ ਬੈਂਸ ਕੁਮਕ ਅਲਾਵਲਪੁਰ 'ਤੇ ਕਬਜ਼ਾ ਕਰਨ ਅਤੇ ਰਜ਼ਬ ਅਲੀ ਨੂੰ ਗ੍ਰਿਫਤਾਰ ਕਰਨ ਵਿੱਚ ਸਫਲ ਹੋ ਗਈ।" ਕਹਿੰਦੇ ਹਨ ਕਿ ਬੈਂਸ ਸਰਦਾਰ ਨੇ, ਉਪਰੰਤ, ਪਰਵਾਨਾ ਲਿਖ ਭੇਜਿਆ ਕਿ ਕਿਲ੍ਹਾ ਅਤੇ ਨਗਰ ਕਿਸ ਦੇ ਹਵਾਲੇ ਕੀਤਾ ਜਾਵੇ ਜੀ? ਮੋੜਵੇਂ ਜਵਾਬ 'ਚ ਮਹਾਰਾਜਾ ਰਣਜੀਤ ਸਿੰਘ ਨੇ ਲਿਖਿਆ, "ਸੁਣਿਆ ਹੈ, ਸ਼ਹਿਰ ਤਾਂ ਥੇਹ ਕਰ ਦਿੱਤਾ ਗਿਆ ਹੈ। ਹੁਣ ਤੁਸੀਂ ਹੀ ਅਲਾਵਲਪੁਰ ਦੇ ਸਾਰੇ ਅਸਾਸਿਆਂ ਦੇ ਮਾਲਕ ਹੋ, ਪਰ ਇਸ ਤਵਾਰੀਖੀ ਸ਼ਹਿਰ ਦਾ ਨਾਂਅ ਅਲਾਵਲਪੁਰ ਹੀ ਰਹੇਗਾ।"

ਮੋਬਾ. 94634-39075

# ਸੁਣੀਂ 'ਗਨਕਾ ਦੇ ਕੋਠੇ' ਓਹੀਓ ਵੱਜਦਾ ਸੰਗੀਤ

ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇ-20

ਸੁਰਜੀਤ ਸੁਮਨ

ਤਪਦੇ ਜੇਠ-ਹਾੜ੍ਹ ਦੀ ਗਰਮੀ ਨੇ ਤਰਾਹ ਕੱਢ ਛੱਡਿਆ ਹੈ।ਉਂਝ ਅਸਮਾਨ 'ਤੇ ਛਾਏ ਚਿੱਟੇ-ਕਾਲ਼ੇ ਬੱਦਲ਼ਾਂ ਨੇ ਰਾਹਤ ਦੀ ਇੱਕ ਹਲਕੀ ਜਿਹੀ ਕੰਨੀ ਫੜਾਈ ਹੋਈ ਹੈ।ਆਸਾਂ ਨਾਲ਼ ਉਮੀਦਾਂ।ਆਸ ਦੀ ਇਕ ਕਿਰਨ ਹੀ ਤਾਂ ਹੁੰਦੀ ਹੈ, ਜਿਹੜੀ ਮਨੁੱਖ ਨੂੰ ਹਨ੍ਹੇਰੇ ਤੋਂ ਚਾਨਣ ਵੱਲ ਲੈ ਤੁਰਦੀ ਹੈ। ਕਿਤੇ ਕਿਤੇ ਪਏ ਮੀਂਹ ਨੇ ਮਨ ਲਲਚਾ ਛੱਡਿਆ ਹੈ। ਮਨ ਚਾਹੁੰਦਾ ਹੈ, ਮੋਹਲ਼ੇਧਾਰ ਮੀਂਹ ਪਵੇ। ਮਾਡਰਨ ਮਨੁੱਖ ਵੱਲੋਂ ਧਰਤੀ ਦੀ ਸੁੱਚੀ ਹਿੱਕੜੀ 'ਤੇ ਪਾਇਆ ਗੰਦ-ਮੰਦ ਹੂੰਝ ਲਵੇ, ਬਾਰਿਸ਼ ਦਾ ਇਹ ਛਮ-ਛਮ ਵਰਸਦਾ ਪਾਣੀ। ਬਨਸਪਤੀ ਖਿੜ ਜਾਵੇ।ਪਪੀਹੇ ਦੀ ਪੀਂ ਪੀ., ਡੱਡੂਆਂ ਦੀ ਗੜੈਂਅ ਗੜੈਂਅ। 'ਅੱਜ ਤਾਂ ਵੱਟਾਂ ਤੋੜ ਮੀਂਹ ਪੈਜੇ ਕਿਧਰੋਂ' ਮੱਥੇ 'ਤੇ ਖੱਬੇ ਹੱਥ ਦਾ ਛੱਪਰ ਜਿਹਾ ਬਣਾ, ਅਸਮਾਨ 'ਤੇ ਛਾਏ ਕਾਲ਼ੇ-ਚਿੱਟੇ ਬੱਦਲ਼ਾਂ ਨੂੰ ਗਹੁ ਨਾਲ਼ ਵੇਖਦਾ ਤਾਇਆ ਆਤਮਾ ਸਿੰਘ ਅਕਸਰ ਆਖਿਆ ਕਰਦਾ ਸੀ। ਕਿੰਨਾ ਈ ਚਿਰ ਮੈਂ ਇਸੇ ਅਹਿਸਾਸ ਦੇ ਵਿਸਮਾਦ ਵਿੱਚ ਡੁੱਬਿਆ ਰਹਿੰਦਾ ਹਾਂ।ਫਿਰ ਵਟਸਐਪ ਖੋਲ੍ਹਦਾ ਹਾਂ। ਵੱਡੇ ਵੀਰਾਂ ਵਰਗੇ ਦੋਸਤ ਬਲਵਿੰਦਰ ਰਾਜ਼ ਦੇ ਨੰਬਰ ਦੁਆਲ਼ੇ ਸੁਨੇਹਰੜਿਆਂ ਵਾਲ਼ੀ ਹਰੀ ਬੱਤੀ ਜਗਮਗ-ਜਗਮਗ ਕਰ ਰਹੀ ਹੈ।ਮੈਂ ਓਹਦੇ ਨੰਬਰ 'ਤੇ ਟੱਚ ਕਰਦਾ ਹਾਂ।ਫਿਰ ਉਸ ਵੱਲੋਂ ਸ਼ੇਅਰ ਕੀਤੀ ਵੀਡੀਓ ਉੱਤੇ ਕਲਿੱਕ ਕਰਦਾ ਹਾਂ। ਉਹ ਗਾ ਰਹੇ ਹਨ।ਉਹਦੇ ਗਲ਼ੇ ਵਿੱਚ ਸੋਜ਼ ਹੈ।ਮੈਂ ਓਹਦੀ ਰਗ-ਰਗ ਦਾ ਵਾਕਫ ਹਾਂ।ਮੈਂ ਓਹਦੇ ਦਰਦ ਨੂੰ ਪਛਾਣਦਾ ਹਾਂ।ਉਸ ਮੇਰੇ ਗੀਤ 'ਪਗਡੰਡੀਆਂ' ਦਾ ਅੰਤਰਾ ਛੋਹਿਆ ਹੈ, 'ਫੁੱਲ ਪੈਰਾਂ 'ਚ ਮਧੋਲ਼ੇ ਕਦੋਂ ਹੋਏ ਸੁਰਜੀਤ/ ਸੁਣੀਂ 'ਗਨਕਾ ਦੇ ਕੋਠੇ' ਓਹੀਓ ਵੱਜਦਾ ਸੰਗੀਤ/ਕਿੱਦਾਂ ਆਖ ਦੇਵਾਂ ਇਨ੍ਹਾਂ ਨੂੰ ਮੈਂ ਮਨ ਵਾਲਾ ਮੀਤ/ ਏਥੇ 'ਪੋਤਿਆਂ' ਨੇ 'ਬਾਬੇ' ਨਾਲ਼ੋਂ ਤੋੜ ਲਈ ਪ੍ਰੀਤ/ਅਹੁ! ਵੇਖੀਂ ਮੁੜ ਤੋਂ 'ਔਰੰਗੇ' ਨੇ ਝੁਲਾਈਆਂ ਝੰਡੀਆਂ/ ਓਏ! ਮੈਨੂੰ ਫਿਰ ਯਾਦ ਆਈਆਂ, ਮੈਨੂੰ ਫਿਰ ਯਾਦ ਆਈਆਂ ਓਹੀਓ ਪਗਡੰਡੀਆਂ/ ਓਏ ! ਮੈਨੂੰ ਫਿਰ ਯਾਦ ਆਈਆਂ।' ਹਮੇਸ਼ਾ ਵਾਂਗ ਓਹਦੀ ਆਵਾਜ਼, ਅੰਦਾਜ਼ ਤੇ ਆਵਾਜ਼ ਵਿੱਚਲੀ ਕਸ਼ਿਸ਼ ਨੇ ਮੈਨੂੰ ਕਿਸੇ ਹੋਰ ਸੰਸਾਰ ਵਿੱਚ ਲਿਆ ਖੜ੍ਹਾ ਕੀਤਾ ਹੈ।ਮੇਰੀ ਚੇਤਨਾ ਵਿੱਚ 'ਗਨਕਾ ਦਾ ਕੋਠਾ' ਆ ਬਹਿੰਦਾ ਹੈ।ਮੇਰੀ ਚੇਤਨਾ ਵਿੱਚ 'ਗਨਕਾ' ਦਾ ਉਹ ਰੂਪ ਵੀ ਪ੍ਰਗਟ ਹੋਣ ਲਗਦਾ ਹੈ, ਜਿਸ ਵਿੱਚ ਉਹ ਵੇਸਵਾ ਤੋਂ ਆਮ ਮਨੁੱਖ ਵਜੋਂ ਵਿਚਰਨ ਲਗਦੀ ਹੈ।ਉਸ ਦੇ ਕਿਰਦਾਰ ਦੀ ਪ੍ਰਸ਼ੰਸਾ ਹੋਣ ਲਗਦੀ ਹੈ। ਚੰਦਨ ਵਾਂਗ ਚੰਗੀ ਸੰਗਤ, ਕਿਵੇਂ ਮਨੁੱਖ ਨੂੰ ਸੁੱਚੀ ਸੋਹਬਤ ਵਿੱਚ ਬਦਲ ਦਿੰਦੀ ਹੈ, ਗਨਕਾ ਨੂੰ ਲੈ ਕੇ ਇਸੇ ਦਾ ਹੀ ਵਿਖਿਆਨ ਹੈ, ਗੁਰਬਾਣੀ ਵਿੱਚ। ਕਹਿੰਦੇ ਨੇ ਇੱਕ ਪੌਰਾਣਿਕ ਕਥਾ ਅਨੁਸਾਰ ਇਹ ਸ਼ਬਦ ਇੱਕ ਖਾਸ ਵੇਸਵਾ ਲਈ ਵਰਤਿਆ ਜਾਂਦਾ ਸੀ, ਜੋ ਵੇਸਵਾਪੁਣਾ ਕਰ ਕੇ ਆਪਣਾ ਜੀਵਨ ਨਿਰਬਾਹ ਕਰਿਆ ਕਰਦੀ ਸੀ। ਉਂਝ ਇੱਕ ਹੋਰ ਗਨਕਾ ਦਾ ਵੀ ਜ਼ਿਕਰ ਆਉਂਦਾ ਹੈ, ਬਾਣੀ ਵਿੱਚ। ਉਨ੍ਹਾਂ ਵੇਲ਼ਿਆਂ ਵਿੱਚ ਸਾਧ, ਸੰਤ, ਮਹਾਤਮਾ, ਗੁਰੂ, ਪੀਰ ਫ਼ਕੀਰ ਲੋਕਾਂ ਨੂੰ ਔਝੜ ਰਾਹਾਂ ਵਿੱਚੋਂ ਕੱਢ ਕੇ ਸੱਚੀ-ਸੁੱਚੀ ਜ਼ਿੰਦਗੀ ਜਿਊਣਾ ਸਿਖਾਉਂਦੇ ਸਨ। ਸਾਡੇ ਸਮਿਆਂ ਵਿੱਚ ਕਿੱਥੇ ਚਲੇ ਗਏ ਹਨ, ਇਹ ਲੋਕ ? ਸਿੱਧ ਛਪ ਬੈਠੇ ਪਰਬਤੀਂ। ਸਾਡੇ ਸਮਾਜ ਦਾ ਤਾਣਾ-ਬਾਣਾ ਏਨਾ ਉਲ਼ਝ ਕਿਉਂ ਗਿਆ ਹੈ। ਸਮਾਜ ਦੇ ਸ਼ੀਸ਼ੇ ਵੱਲ ਵੇਖ ਨਈਂ ਹੁੰਦਾ।ਸਮਾਜ ਦਾ ਚਿਹਰਾ-ਮੁਹਰਾ ਕਰੂਪ ਹੋਇਆ ਪਿਆ ਹੈ। ਕਾਮ ਦੇਵ ਦੇ ਤੀਰਾਂ ਦੀ ਵਾਛੜ ਦੀ ਰਸਾਈ ਬੱਚੇ ਤੋਂ ਲੈ ਕੇ ਬੁੱਢੇ ਤੱਕ ਹੋ ਰਹੀ ਹੈ।ਸਤਨਾਮ ਸਿੰਘ ਸ਼ੌਕਰ ਦੱਸ ਰਹੇ ਸਨ, 'ਮੈਂ ਅਕਸਰ ਪਿੰਡ ਦੇ ਡਾਕਟਰ ਕੋਲ਼ ਬੈਠ ਜਾਨਾਂ।ਉਸ ਕੋਲ਼ ਪੰਦਰਾਂ-ਵੀਹ ਸਾਲਾਂ ਦੇ ਮੁੰਡੇ ਆਉਂਦੇ ਹਨ।ਮੈਂ ਉਨ੍ਹਾਂ ਵੱਲ ਗਹੁ ਨਾਲ਼ ਦੇਖਦਾ ਹਾਂ। ਉਨ੍ਹਾਂ ਦੇ ਮੂੰਹ ਉੱਡੇ ਹੋਏ ਹੁੰਦੇ ਹਨ।ਨਕਸ਼ਾਂ ਵਿੱਚੋਂ ਜੁਆਨੀ ਨਦਾਰਦ।ਕਿਸੇ ਦੀ ਪਿੱਠ ਦੁਖਦੀ, ਕਿਸੇ ਨੂੰ ਸਾਹ ਚੜ੍ਹ ਰਿਹੈ।ਕਿਸੇ ਨੂੰ ਪੇਟ ਦਰਦ।ਕਿਸੇ ਨੂੰ ਪਿਸ਼ਾਬ ਲੱਗ ਕੇ ਆਉਂਦੈ।ਖੂਨ ਦੀ ਕਮੀ, ਸਿਰਦਰਦ, ਭੁੱਖ ਦਾ ਨਾ ਲੱਗਣਾ। ਚਿੰਤਾ ਵਿੱਚ ਡੁੱਬੇ ਹੋਏ ਚਿਹਰੇ, ਮੈਥੋਂ ਦੇਖੇ ਨਈਂ ਜਾਂਦੇ। ਸਾਡੀ ਜਵਾਨੀ ਦਾ ਕੀ ਬਣੂੰ ਯਾਰੋ ? ਚੌਵੀ ਘੰਟੇ ਮੋਬਾਈਲ ਨਾਲ਼ ਅੱਖਾਂ ਜੁੜੀਆਂ ਰਹਿੰਦੀਆਂ।ਚਮਕੀਲੇ ਦੇ ਕਤਲ ਤੋਂ ਬਾਅਦ ਕੀ ਨਹੀਂ ਹੋਇਆ ? ਕਮਲ ਕੌਰ ਉਰਫ ਕੰਚਨ ਕੁਮਾਰੀ ਦੇ ਕਤਲ ਬਾਅਦ ਓਹਦੇ ਫਾਲੋਅਰਜ਼ 'ਚ ਦੇਖ ਲਓ ਕਿੰਨਾ ਵਾਧਾ ਹੋਇਆ ?' ਸ਼ੌਕਰ ਸਾਬ੍ਹ ਦੀਆਂ ਸੱਚੀਆਂ ਗੱਲਾਂ ਬਾਰੇ ਸੋਚਦਾ ਹਾਂ, ਸਾਡੀ ਨੌਜਵਾਨ ਪੀੜ੍ਹੀ ਕਿੱਧਰ ਨੂੰ ਮੋੜਾ ਕੱਟਦੀ ਜਾ ਰਹੀ ਹੈ ? ਸਾਡੇ ਸਿਆਸੀ ਲੀਡਰ ਆਪਾ-ਧਾਪੀ ਵਿੱਚ ਹਨ, ਸਾਡੇ ਧਾਰਮਿਕ ਸਰਬਰਾਹ ਅੱਖਾਂ ਬੰਦ ਕਰੀ ਬੈਠੇ ਹਨ।ਵਪਾਰੀ ਵਰਗ ਆਪਣੇ ਜੋੜ-ਘਟਾਓ ਵਿੱਚ ਲੱਗਿਆ ਹੋਇਆ ਹੈ। ਬੁੱਧੀਜੀਵੀ/ਲੇਖਕ ਆਪਣੇ-ਆਪਣੇ ਗਰੁੱਪਾਂ ਵਿੱਚ ਮਸ਼ਹੂਰੀ ਖੱਟ ਰਹੇ ਹਨ।ਲੜ ਰਹੇ ਹਨ। 'ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥' ਵਾਲ਼ੀ ਗੱਲ ਹੋਈ ਪਈ ਏ।ਫੋਨ ਦੀ ਘੰਟੀ ਨੇ ਮੇਰੀ ਸੋਚ ਫਿਰਕੀ ਦੀ ਰਫਤਾਰ ਤੋੜੀ। ਵੀਰ ਦਲੇਰ ਸਿੰਘ ਬੋਲ ਰਹੇ ਨੇ, 'ਹੋਰ ਸੁਣਾ ਭਰਾ ਮੇਰਿਆ ਕਿਵੇਂ ਆਂ ? ਉਹ ਖਬਰ ਪੜ੍ਹੀ ਜੀਹਦੇ 'ਚ ਮੋਦੀ-ਕਾਰਨੀ ਕੂਟਨੀਤਕ ਸਬੰਧ ਸੁਧਾਰਨ ਲਈ ਜ਼ੋਰ ਦੇ ਰਹੇ ਨੇ।ਵਧੀਆ ਗੱਲ ਐ।ਜ਼ਿੱਦ ਨਾਲ਼ ਮਸਲੇ ਵਿਗੜ ਜਾਂਦੇ ਨੇ।ਉਂ ਟਰੰਪ ਨੂੰ ਮੋਦੀ ਨੇ ਕਹਿ 'ਤਾ ਬਈ ਸਾਨੂੰ ਕਸ਼ਮੀਰ ਬਾਰੇ ਦਖਲ ਮੰਨਜ਼ੂਰ ਨਈਂ।ਅਤਿਵਾਦ ਖਿਲਾਫ ਆਪਾਂ ਕੌਮਾਂਤਰੀ ਕਾਰਵਾਈ ਦੀ ਵਕਾਲਤ ਕਰਦੇ ਆਂ। ਪਰ ਯਾਰ ਇਜ਼ਰਾਈਲ ਦੇ ਇਰਾਨ 'ਤੇ ਕੀਤੇ ਹਮਲੇ ਤੋਂ ਬਾਅਦ ਇਰਾਨ ਦੇ ਹਮਲਿਆਂ ਨੇ ਦੋਹਾਂ ਮੁਲਕਾਂ ਨੂੰ ਤਬਾਹੀ ਦੇ ਢੇਰਾਂ ਉੱਤੇ ਲਿਆ ਖੜ੍ਹਾ ਕੀਤਾ ਹੈ।ਟਰੰਪ ਪਤਾ ਨਈਂ ਕੀ ਕਰੂ ਹੁਣ ? ਸਾਡੀ ਜੰਗ ਰੁਕਵਾਉਣ ਵਾਲ਼ਾ ਹੁਣ ਆਪ ਜੰਗ ਵਿੱਚ ਕੁੱਦਣ ਨੂੰ ਫਿਰਦੈ।ਰੱਬ ਬਚਾਏ ਬਾਈ।' ਅਚਾਨਕ ਫੋਨ ਕੱਟਿਆ ਗਿਆ।ਮੇਰੀ ਤਾਰ ਫਿਰ ਪਹਿਲੀ ਥਾਂ ਈ ਜੁੜ ਗਈ। ਸੋਚਦਾ ਹਾਂ, ਸਾਡਾ ਸਮਾਜ ਬਹੁਤ ਬਦਲ ਗਿਆ ਹੈ। ਭਲੇ ਵੇਲ਼ਿਆਂ ਵਿੱਚ ਕੋਈ ਔਰਤ ਜਾਂ ਕੁੜੀ-ਕੱਤਰੀ ਕਿਸੇ ਦੇ ਸਕੂਟਰ-ਮੋਟਰ ਸਾਈਕਲ 'ਤੇ ਬੈਠਣ ਲੱਗਿਆਂ ਝਿਜਕਦੀ ਸੀ। ਸੌ ਵਾਰ ਸੋਚਦੀ। ਅੱਜ ਦਾ ਸੀਨ ਬਦਲਿਆ ਹੈ।ਅੱਜ ਦੀ ਔਰਤ/ਲੜਕੀ ਖ਼ੁਦ ਕੈਬ ਜਾਂ ਰਾਈਡ ਬੁੱਕ ਕਰਦੀ ਹੈ।ਬੇਝਿਜਕ ਤੁਰ ਪੈਂਦੀ ਹੈ।ਕਿਸੇ ਵੇਲ਼ੇ ਕੁੜੀਆਂ/ ਔਰਤਾਂ ਵੱਲੋਂ ਪੈਂਟ-ਸ਼ਰਟ ਪਾਉਣ ਨੂੰ ਚੰਗਾ ਨਹੀਂ ਸੀ ਮੰਨਿਆ ਜਾਂਦਾ। ਉਹ ਸਮੇਂ ਵੀ ਬਦਲ ਗਏ। ਹੁਣ ਅਜਿਹਾ ਸਮਾਂ ਹੈ ਕਿ ਕੁਝ ਔਰਤਾਂ ਤਨ ਦੇ ਪੂਰੇ ਕੱਪੜੇ ਆਪਣੇ ਪਰਸ ਵਿੱਚ ਸਮੇਟਣ ਦੇ ਸਮਰੱਥ ਹੋ ਗਈਆਂ ਹਨ।ਕੰਮ-ਕਾਜੀ ਔਰਤਾਂ ਦੀ ਆਰਥਿਕ ਦਸ਼ਾ ਸੁਧਰਨ ਦੇ ਨਾਲ਼ ਨਾਲ਼ ਉਨ੍ਹਾਂ ਦਾ ਜੀਵਨ ਪੱਧਰ ਵੀ ਬਦਲਿਆ ਹੈ।ਪਰ ਇੰਝ ਨਹੀਂ ਲੱਗਦਾ ਜਿਵੇਂ ਔਰਤਾਂ ਦੇ ਕੁਝ ਕੁ ਹਿੱਸੇ ਨੂੰ ਛੱਡ ਕੇ ਬਹੁਤੀਆਂ ਨੇ ਇਸ ਦਾ ਉਪਯੋਗ ਕਰਨ ਦੀ ਬਜਾਏ, ਦੁਰਉਪਯੋਗ ਕਰਨਾ ਸ਼ੁਰੂ ਕਰ ਲਿਆ ਹੋਇਆ ਹੈ ? ਮੈਨੂੰ ਚੇਤੇ ਆ ਰਿਹਾ ਹੈ, ਸਾਲ 2013 ਦਾ ਉਹ ਵਰ੍ਹਾ, ਜਿਸ ਵਰ੍ਹੇ ਮੇਰੀ ਬੇਟੀ ਨੇ ਪੰਜਾਬ ਯੂਨੀਵਰਸਿਟੀ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਗੁਰਮੁਖੀ ਲਿਪੀ ਦੀ ਜੁਗਤ ਅਤੇ ਪੰਜਾਬੀ

ਡਾ. ਸੁਖਵਿੰਦਰ ਸਿੰਘ ਸੰਘਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਰਾਗੁ ਆਸਾ ਮਹਲਾ ੧ ਪਟੀ ਲਿਖੀ ਵਿਚ ਗੁਰਮੁਖੀ ਅੱਖਰਾਂ ਦੀ ਗਿਣਤੀ ਅਤੇ ਤਰਤੀਬ ਬਾਣੀ ਦੇ ਪੂਰੇ ਪੈਂਤੀ ਸ਼ਲੋਕਾਂ ਵਿਚ ਮਿਲਦੀ ਹੈ ।ਹਰ ਇਕ ਸ਼ਲੋਕ ਗੁਰਮੁਖੀ ਦੇ ਇਕ ਅੱਖਰ ਨਾਲ ਸ਼ੁਰੂ ਹੁੰਦਾ ਹੈ ।ਰਾਗੁ ਆਸਾ ਪਟੀ ਵਿਚ ਗੁਰਮੁਖੀ ਅੱਖਰਾਂ ਦੀ ਗਿਣਤੀ ਤਾਂ ਪੈਂਤੀ ਹੈ ਪਰ ਤਰਤੀਬ ਅਜੋਕੀ ਗੁਰਮੁਖੀ ਨਾਲੋਂ ਥੋੜ੍ਹੀ ਭਿੰਨ ਹੈ ।ਪਟੀ ਵਿਚ ਪਹਿਲਾ ਅੱਖਰ (ਸ) ਹੈ ਜਦੋਂ ਕਿ ਅਜੋਕੀ ਗੁਰਮੁਖੀ ਵਿਚ (ੳ) ਹੈ ।

ਰਾਗੁ ਆਸਾ ਮਹਲਾ ੧ ਪਟੀ ਲਿਖੀ ॥

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ। ਸੇਵਤ ਰਹੇ ਚਿਤੁ ਜਿਨ ਕਾ ਲਾਗਾ ਆਇਆ ਤਿਨ ਕਾ ਸਫਲੁ ਭਇਆ ।੧।ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ ।ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ ।੨। —ਆਇੜੈ ਆਪਿ ਕਰੇ ਜਿਨਿ ਛੋਡੀ ਜੋ ਕਿਛੁ ਕਰਣਾ ਸੁ ਕਰਿ ਰਹਿਆ ।ਕਰੇ ਕਰਾਏ ਸਭ ਕਿਛੁ ਜਾਣੈ ਨਾਨਕ ਸਾਇਰ ਇਵ ਕਹਿਆ ।੩੫।

ਰਾਗੁ ਆਸਾ ਮਹਲਾ ੧ ਪਟੀ ਲਿਖੀ ਵਿਚ ਗੁਰਮੁਖੀ ਅੱਖਰਾਂ ਦੀ ਤਰਤੀਬ

ਸ ੲ ੳ ਙ ਕ ਖ ਗ ਘ ਚ ਛ ਜ ਝ ਞ ਟ ਠ ਡ ਢ ਣ ਤ ਥ
ਦ ਧ ਨ ਪ ਫ ਬ ਭ ਮ ਯ ਰ ਲ ਵ ੜ ਹ ਅ

ਅਜੋਕੀ ਗੁਰਮੁਖੀ ਵਰਣਮਾਲਾ ਵਿਚ ਅੱਖਰਾਂ ਦੀ ਤਰਤੀਬ

ੳ ਅ ੲ ਸ ਹ ਕ ਖ ਗ ਘ ਙ ਚ ਛ ਜ ਝ ਞ ਟ ਠ ਡ ਢ ਣ
ਤ ਥ ਦ ਧ ਨ ਪ ਫ ਬ ਭ ਮ ਯ ਰ ਲ ਵ ੜ (ਇਨ੍ਹਾਂ ਵਿਚ ਪੈਰ-ਬਿੰਦੀ ਵਰਣ ਸ਼ਾਮਲ ਨਹੀਂ ਹਨ)

ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਦੁਨੀਆ ਵਿਚ, ਕਿਸੇ ਹੋਰ ਧਰਮ ਵਿਚ ਅਜਿਹਾ ਗ੍ਰੰਥ ਨਹੀਂ ਮਿਲਦਾ, ਜਿਸ ਦੀ ਰਚਨਾ ਅਤੇ ਸੰਪਾਦਨਾ ਗੁਰੂ ਸਾਹਿਬਾਨ ਦੁਆਰਾ ਖੁਦ ਕੀਤੀ ਗਈ ਹੋਵੇ ਅਤੇ ਗੁਰਮੁਖੀ ਲਿਪੀ ਤੋਂ ਬਿਨਾਂ, ਵਰਣਮਾਲਾ ਸੰਬੰਧੀ, ਅਜਿਹਾ ਪ੍ਰਮਾਣਿਕ ਦਸਤਾਵੇਜ਼ ਵੀ ਕਿਸੇ ਦੂਜੀ ਭਾਸ਼ਾ ਵਿਚ ਨਹੀਂ ਮਿਲਦਾ, ਜਿੱਥੇ ਲਿਪੀ ਨੂੰ ਉਨ੍ਹਾਂ ਦੇ ਧਾਰਮਿਕ ਗ੍ਰੰਥ ਵਿਚ ਏਡਾ ਸਨਮਾਨਯੁਕਤ ਸਥਾਨ ਪ੍ਰਾਪਤ ਹੋਵੇ ।ਸੰਸਾਰ ਦੀਆਂ ਲਿਪੀਆਂ ਵਿੱਚੋਂ ਸਿਰਫ ਗੁਰਮੁਖੀ ਹੀ ਇਕ ਅਜਿਹੀ ਲਿਪੀ ਹੈ, ਜਿਸ ਦਾ ਨਾਂਅ ਲਿਪੀ ਵਿਚ ਅੰਕਿਤ ਅੱਖਰਾਂ/ਚਿੰਨ੍ਹਾਂ ਦੀ ਗਿਣਤੀ (ਪੈਂਤੀ ਅੱਖਰੀ) 'ਤੇ ਆਧਾਰਤ ਹੋਵੇ ਅਤੇ ਸ਼ਾਇਦ ਦੁਨੀਆ ਦੀਆਂ ਲਿਪੀਆਂ ਵਿੱਚੋਂ ਸਿਰਫ ਗੁਰਮੁਖੀ ਹੀ ਇਕ ਅਜਿਹੀ ਲਿਪੀ ਹੈ, ਜਿਸ ਵਿਚ ਅੱਖਰਾਂ/ਚਿੰਨ੍ਹਾਂ ਦਾ ਕ੍ਰਮ ਉਚਾਰਨ ਸਥਾਨ ਅਧਾਰਤ ਹੈ। ਇਹ ਗੁਰਮੁਖੀ ਲਿਪੀ ਦੀ ਬਣਤਰ/ਸੰਰਚਨਾ ਦਾ ਇਕ ਬਹੁਤ ਹੀ ਮਹੱਤਵਪੂਰਨ ਵਿਗਿਆਨਕ/ਧੁਨੀ ਵਿਗਿਆਨਕ ਪੱਖ ਹੈ ।ਕ-ਵਰਗ, ਚ-ਵਰਗ, ਟ-ਵਰਗ, ਤ-ਵਰਗ ਅਤੇ ਪ-ਵਰਗ ਦੀ ਤਰਤੀਬ ਉਚਾਰਨ ਸਥਾਨ ਆਧਾਰਤ ਹੈ ।ਮੂੰਹ ਦੇ ਪਿਛਲੇ ਹਿੱਸੇ ਵਿਚ ਉਚਾਰੇ ਜਾਂਦੇ ਵਿਅੰਜਨ ਚਿੰਨ੍ਹਾਂ ਨੂੰ ਪਹਿਲਾਂ ਅੰਕਿਤ ਕੀਤਾ ਗਿਆ ਹੈ ਅਤੇ ਮੂੰਹ ਦੇ ਅਗਲੇ ਹਿੱਸੇ (ਬੁੱਲ੍ਹਾਂ-ਦੰਦਾਂ) ਵਿਚ ਉਚਾਰੇ ਗਏ ਵਿਅੰਜਨ ਚਿੰਨ੍ਹਾਂ ਨੂੰ ਬਾਅਦ ਵਿਚ ਅੰਕਿਤ ਕੀਤਾ ਗਿਆ ਹੈ ।/ੳ,ਅ,ੲ,ਸ,ਹ/ ਵਾਲੀ ਪਹਿਲੀ ਪੰਗਤੀ ਦੀ ਤਰਤੀਬ ਵੀ ਉਚਾਰਨ ਸਥਾਨ ਆਧਾਰਤ ਹੈ ।(ੳ) ਸੂਰ ਵਾਹਕ ਨਾਲ ਅੰਕਿਤ ਸੂਰ ਚਿੰਨ੍ਹ ਮੂੰਹ ਦੇ ਪਿਛਲੇ ਹਿੱਸੇ ਵਿਚ ਉਚਾਰੇ ਜਾਂਦੇ ਹਨ, (ਅ) ਨਾਲ ਅੰਕਿਤ ਸੂਰ ਚਿੰਨ੍ਹ ਮੂੰਹ ਦੇ ਵਿਚਕਾਰਲੇ ਹਿੱਸੇ ਵਿਚ ਅਤੇ (ੲ) ਸੂਰ ਵਾਹਕ ਨਾਲ ਅੰਕਿਤ ਸੂਰ ਚਿੰਨ੍ਹ ਮੂੰਹ ਦੇ ਅਗਲੇ ਹਿੱਸੇ ਵਿਚ ਉਚਾਰੇ ਜਾਂਦੇ ਹਨ ।ਇਸ ਤਰ੍ਹਾਂ /ੳ, ਅ, ੲ/ ਦੀ ਅੰਕਣ ਤਰਤੀਬ ਮੂੰਹ ਦੇ ਪਿਛਲੇ ਪਾਸੇ ਤੋਂ ਮੂੰਹ ਦੇ ਅਗਲੇ ਪਾਸੇ ਵੱਲ ਹੈ ।(ਸ, ਹ) ਵਿਅੰਜਨ ਚਿੰਨ੍ਹਾਂ ਨੂੰ ਸੂਰ ਵਾਹਕ ਚਿੰਨ੍ਹਾਂ ਤੋਂ ਬਾਅਦ (ਸ)-(ਹ) ਦੀ ਤਰਤੀਬ ਵਿਚ ਰੱਖਿਆ ਹੈ ।ਇਸ ਦਾ ਕਾਰਨ ਇਹ ਹੈ ਕਿ (ਸ) ਅਤੇ (ਹ) ਵਿਚ ਵੀ ਸੂਰਾਂ ਵਾਲੇ ਗੁਣ ਹਨ ।/ਸ/ /ਹ/ ਵਿਚ ਅਤੇ /ਹ/ ਸੂਰ ਵਿਚ ਅੱਜ ਵੀ ਤਬਦੀਲ ਹੋ ਰਿਹਾ ਹੈ, ਜਿਵੇਂ /ਸਾਡੇ/ ਤੋਂ /ਹਾਡਾ/ ਅਤੇ /ਹਾਡੇ/ ਤੋ /ਆਡਾ/ ।

ਲਿਪੀ ਅਤੇ ਭਾਸ਼ਾ ਦਾ ਅਧਿਐਨ ਵਿਸ਼ਲੇਸ਼ਣ ਕਰਦਿਆਂ ਬਹੁਤ ਵਾਰ ਇਨ੍ਹਾਂ ਦੋਹਾਂ ਸੰਕਲਪਾਂ ਨੂੰ ਆਪਸ ਵਿਚ ਰਲਗੱਡ ਕਰ ਦਿੱਤਾ ਜਾਂਦਾ ਹੈ।ਲਿਪੀ ਅਤੇ ਭਾਸ਼ਾ ਦੋ ਅਲੱਗ-ਅਲੱਗ ਸੰਕਲਪ/ਹਕੀਕਤਾਂ ਹਨ ।ਭਾਸ਼ਾ ਨੂੰ ਅੰਕਿਤ ਕਰਨ, ਸਾਂਭਣ ਅਤੇ ਸਦੀਵੀ ਰੂਪ ਦੇਣ ਲਈ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ ਪਰ ਭਾਸ਼ਾ ਲਈ ਲਿਪੀ ਦਾ ਹੋਣਾ ਜ਼ਰੂਰੀ ਨਹੀਂ ਹੈ ।ਦੁਨੀਆ ਵਿਚ ਬਹੁਤ ਸਾਰੀਆਂ ਭਾਸ਼ਾਵਾਂ ਅਜਿਹੀਆਂ ਹਨ, ਜਿਨ੍ਹਾਂ ਦੀ ਕੋਈ ਲਿਪੀ ਨਹੀਂ ਹੈ ।ਇਕ ਭਾਸ਼ਾ ਲਈ ਇਕ ਤੋਂ ਵੱਧ ਲਿਪੀਆਂ ਵੀ ਹੋ ਸਕਦੀਆਂ ਹਨ, ਜਿਵੇਂ ਪੰਜਾਬੀ ਲਈ ਗੁਰਮੁਖੀ ਅਤੇ ਸ਼ਾਹਮੁਖੀ ਦੀ ਵਰਤੋਂ ਕੀਤੀ ਜਾਂਦੀ ਹੈ ।ਇਸੇ ਤਰ੍ਹਾਂ ਹੀ ਇਕ ਲਿਪੀ ਇਕ ਤੋਂ ਵੱਧ ਭਾਸ਼ਾਵਾਂ ਲਈ ਵੀ ਵਰਤੀ ਜਾ ਸਕਦੀ ਹੈ, ਜਿਵੇਂ ਦੇਵਨਾਗਰੀ ਲਿਪੀ ਦੀ ਵਰਤੋਂ ਸੰਸਕ੍ਰਿਤ, ਹਿੰਦੀ ਅਤੇ ਡੋਗਰੀ ਲਈ ਕੀਤੀ ਜਾਂਦੀ ਹੈ।ਲਿਪੀ ਵਿਚ ਹਰ ਅੱਖਰ/ਚਿੰਨ੍ਹ ਦਾ ਇਕ ਨਾਂਅ ਹੁੰਦਾ ਹੈ, ਇਕ ਖਾਸ ਸ਼ਕਲ ਹੁੰਦੀ ਹੈ ਪਰ ਭਾਸ਼ਾ ਵਿਚ ਸਿਰਫ ਉਚਾਰਨ ਹੁੰਦਾ ਹੈ।/ਪ/ ਧੁਨੀ ਲਈ ਪੰਜਾਬੀ ਵਿਚ ਪੱਪਾ (ਪ) ਹੈ, ਹਿੰਦੀ ਵਿਚ (ਪਾ), ਸ਼ਾਹਮੁਖੀ ਵਿਚ ਪੇ ਅਤੇ ਅੰਗਰੇਜ਼ੀ ਵਿਚ ਪੀ (P) ਹੈ ਪਰ ਇਨ੍ਹਾਂ ਸਾਰਿਆਂ ਵਿਅੰਜਨ ਚਿੰਨ੍ਹਾਂ ਦਾ ਉਚਾਰਨ ਇਕ ਸਮਾਨ ਦੋ-ਹੋਠੀ ਅਲਪਪ੍ਰਾਣ ਅਘੋਸ਼ ਧੁਨੀ /ਪ/ ਵਜੋਂ ਹੀ ਹੁੰਦਾ ਹੈ ।ਅੰਗਰੇਜ਼ੀ ਵਿਚ/ਕ.ਫ/ਲਈ ਪੰਜ ਅੱਖਰਾਂ/ਚਿੰਨ੍ਹਾਂ /ਸੀਓਯੂਜੀਐਚ/( COUGH) ਦਾ ਪ੍ਰਯੋਗ ਹੁੰਦਾ ਹੈ ਪਰ ਇਨ੍ਹਾਂ ਪੰਜਾਂ ਅੱਖਰਾਂ ਵਿਚ ਨਾ /ਕ/ ਧੁਨੀ ਹੈ ਅਤੇ ਨਾ ਹੀ /ਫ਼/ ਧੁਨੀ ।ਪੰਜਾਬੀ ਵਿਚ /ਸਿਰ/ ਸ਼ਬਦ ਵਿਚ ਸਿਹਾਰੀ ਸੱਸੇ ਤੋਂ ਪਹਿਲਾਂ ਲੱਗਦੀ ਹੈ ਪਰ ਉਚਾਰੀ ਬਾਅਦ ਵਿਚ ਜਾਂਦੀ ਹੈ, ਜਿਵੇਂ/ਸਇਰ/।ਇਸ ਲਈ ਭਾਸ਼ਾ ਅਤੇ ਲਿਪੀ ਨੂੰ ਇਕ ਦੂਜੇ ਵਿਚ ਰਲਗੱਡ ਨਹੀਂ ਕਰਨਾ ਚਾਹੀਦਾ ।

ਗੁਰਮੁਖੀ ਲਿਪੀ ਅਰਥਾਤ ਪੈਂਤੀ ਅੱਖਰੀ ਵਿਚ ਕੁੱਲ 35 ਚਿੰਨ੍ਹ ਹਨ, ਜਿਨ੍ਹਾਂ ਵਿੱਚੋਂ ਤਿੰਨ ਸੂਰ ਵਾਹਕ (ੳ, ਅ, ੲ) ਅਤੇ ਬੱਤੀ ਵਰਣ ਹਨ। ਇਨ੍ਹਾਂ ਤੋਂ ਇਲਾਵਾ 10 ਸੂਰ ਚਿੰਨ੍ਹ (ਉ, ਊ, ਓ, ਅ, ਆ, ਐ, ਔ, ਇ, ਈ, ਏ), 9 ਲਗਾਂ ਮਾਤਰਾਵਾਂ (–, ੁ, ੂ, ਾ, ੇ, ੈ, ਿ, ੀ, ੋ, ੌ), 3 ਪੈਰ ਵਿਚ ਪੈਣ ਵਾਲੇ ਵਰਣ (੍ਹ, ੍ਰ, ੍ਵ) ਅਤੇ 3 ਲਗਾਖਰ (ਂ, ੰ, ੱ) ।ਇਸ ਤੋਂ ਇਲਾਵਾ ਅਜੋਕੀ ਗੁਰਮੁਖੀ ਵਿਚ 6 ਅੱਖਰ/ਚਿੰਨ੍ਹ/ਸ਼, ਜ਼, ਫ਼, ਖ਼, ਗ਼, ਲ਼/ ਹੋਰ ਜੋੜ ਲਏ ਗਏ ਹਨ, ਜਿਨ੍ਹਾਂ ਦੀ ਵਰਤੋਂ ਅਤੇ ਸਾਰਥਿਕਤਾ ਉੱਤੇ ਪ੍ਰਸ਼ਨ ਚਿੰਨ੍ਹ ਲੱਗਦੇ ਆਏ ਹਨ ।

ਗੁਰਮੁਖੀ ਅਰਥਾਤ ਪੈਂਤੀ ਅੱਖਰੀ ਦੀ ਧਾਰਮਿਕ, ਇਤਿਹਾਸਕ ਮਹੱਤਤਾ ਤੋਂ ਇਲਾਵਾ ਇਸ ਦੀ ਬਣਤਰ ਅਤੇ ਅੱਖਰਾਂ/ਚਿੰਨ੍ਹਾਂ ਦੀ ਵਿਗਿਆਨਕ ਵਿਚਰਨ ਤਰਤੀਬ ਵੀ ਇਕ ਬਹੁਤ ਮਹੱਤਵਪੂਰਨ ਪਹਿਲੂ ਹੈ, ਜਿਸ ਬਾਰੇ ਪਹਿਲਾਂ ਸੰਕੇਤ ਰੂਪ ਵਿਚ ਗੱਲ ਹੋ ਚੁੱਕੀ ਹੈ।ਗੁਰਮੁਖੀ ਦੇ ਮੁਕਾਬਲੇ ਰੋਮਨ ਜਾਂ ਸ਼ਾਹਮੁਖੀ ਲਿਪੀ ਦੇ ਚਿੰਨ੍ਹਾਂ ਦੇ ਵਿਚਰਨ ਕ੍ਰਮ ਦਾ ਕੋਈ ਵਿਗਿਆਨਕ ਜਾਂ ਧੁਨੀ ਵਿਗਿਆਨਕ ਆਧਾਰ ਨਹੀਂ ਹੈ।/123456/ਅਤੇ/ਅਲਫ਼ ਬੇ ਪੇ ਤੇ ਟੇ ਸੇ/ਦਾ ਵਿਚਰਨ ਕ੍ਰਮ ਆਪਹੁਦਰਾ ਹੈ ।

ਗੁਰਮੁਖੀ ਲਿਪੀ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਇਕ ਚਿੰਨ੍ਹ -ਇਕ ਧੁਨੀ ਦਾ ਸੰਕਲਪ ਹੈ।

ਇਕ ਚਿੰਨ੍ਹ-ਇਕ ਧੁਨੀ ਦਾ ਸੰਕਲਪ : ਗੁਰਮੁਖੀ ਲਿਪੀ ਦੀ ਇਹ ਇਕ ਬਹੁਤ ਹੀ ਮਹੱਤਵਪੂਰਨ ਵਿਸ਼ੇਸ਼ਤਾ ਹੈ ਕਿ ਇਸ ਵਿਚ ਇਕ ਚਿੰਨ੍ਹ ਇਕ ਹੀ ਧੁਨੀ ਵਾਸਤੇ ਘੜਿਆ ਗਿਆ ਹੈ ।ਗੁਰਮੁਖੀ ਲਿਪੀ ਵਿਚ ਕੋਈ ਵੀ ਅਜਿਹਾ ਚਿੰਨ੍ਹ ਨਹੀਂ ਹੈ ਜਿਸ ਦੀਆਂ ਇਕ ਤੋਂ ਵੱਧ ਧੁਨੀਆਂ ਹੋਣ ਅਤੇ ਅਜਿਹਾ ਵੀ ਨਹੀਂ ਹੈ ਕਿ ਇਕ ਤੋਂ ਵੱਧ ਚਿੰਨ੍ਹ ਕਿਸੇ ਇਕ ਧੁਨੀ ਨੂੰ ਪ੍ਰਗਟ ਕਰਦੇ ਹੋਣ ।ਅਜਿਹਾ ਵਿਗਿਆਨਕ ਵਰਤਾਰਾ ਸ਼ਾਹਮੁਖੀ ਜਾਂ ਰੋਮਨ ਲਿਪੀ ਵਿਚ ਨਹੀਂ ਮਿਲਦਾ।

/ਸ/ ਧੁਨੀ : ਗੁਰਮੁਖੀ ਅਤੇ ਸ਼ਾਹਮੁਖੀ : ਗੁਰਮੁਖੀ ਲਿਪੀ ਵਿਚ /ਸ/ ਧੁਨੀ ਲਈ ਸਿਰਫ਼ ਇਕ ਹੀ ਚਿੰਨ੍ਹ (ਸ) ਹੈ ਜਦੋਂ ਕਿ ਇਸ ਦੇ ਮੁਕਾਬਲੇ ਸ਼ਾਹਮੁਖੀ ਲਿਪੀ ਵਿਚ ਤਿੰਨ ਚਿੰਨ੍ਹਾਂ (ਸੇ), (ਸੀਨ) ਅਤੇ (ਸੁਆਦ/ ਸਵਾਦ) ਦੀ ਵਰਤੋਂ ਕੀਤੀ ਜਾਂਦੀ ਹੈ । ਸਾਬਿਤ ਸੇ ਨਾਲ, ਸਲਾਮ ਸੀਨ ਨਾਲ ਅਤੇ ਸਾਬੁਨ/ਸਾਬਣ ਸੁਆਦ ਨਾਲ ਲਿਖਿਆ ਜਾਂਦਾ ਹੈ ।ਪੰਜਾਬੀ ਲਈ ਇਹੋ ਜਿਹੀ ਤਰਕੀਬ ਨੂੰ ਅਪਣਾ ਲੈਣਾ ਸੰਭਵ ਨਹੀਂ ਹੈ ।

/ਜ਼/ ਧੁਨੀ : ਗੁਰਮੁਖੀ ਅਤੇ ਸ਼ਾਹਮੁਖੀ : ਪ੍ਰੰਪਰਾਗਤ ਗੁਰਮੁਖੀ ਲਿਪੀ ਅਰਥਾਤ ਪੈਂਤੀ ਅੱਖਰੀ ਵਿਚ /ਜ਼/ ਧੁਨੀ ਲਈ ਕੋਈ ਚਿੰਨ੍ਹ ਨਹੀਂ ਹੈ, ਪਰ ਅਜੋਕੀ ਗੁਰਮੁਖੀ ਲਿਪੀ ਵਿਚ (ਜ) ਦੇ ਪੈਰ ਵਿਚ ਬਿੰਦੀ ਪਾ ਕੇ (ਜ਼) ਚਿੰਨ੍ਹ ਬਣਾ ਲਿਆ ਹੈ, ਜਿਸ ਦਾ ਮੁੱਖ ਕਾਰਨ ਫ਼ਾਰਸੀ ਵਿਚੋਂ ਆਏ ਸ਼ਬਦਾਂ ਦੀ ਅਲਾਮਤ ਹੈ ।ਸ਼ਾਹਮੁਖੀ ਵਿਚ /ਜ਼/ ਧੁਨੀ ਲਈ ਪੰਜ ਚਿੰਨ੍ਹ ਹਨ, (ਜ਼ਾਲ), (ਜ਼ੇ), (ਜ਼ਾਏ), (ਜ਼ੁਆਦ/ਜ਼ਾਦ), (ਜ਼ੋਇ)।ਜ਼ਾਤ ਜ਼ਾਲ ਨਾਲ ਲਿਖਿਆ ਜਾਂਦਾ ਹੈ, ਜ਼ਮੀਨ ਜ਼ੇ ਨਾਲ , ਜ਼ੰਦਾ ਜ਼ਾਏ ਨਾਲ, ਜ਼ਰੂਰ ਜ਼ੁਆਦ/ਜ਼ਾਦ ਨਾਲ ਅਤੇ ਜ਼ਾਲਿਮ ਜ਼ੋਇ ਨਾਲ ਲਿਖਿਆ ਜਾਂਦਾ ਹੈ ਪਰ ਪੰਜਾਬੀ ਵਿਚ ਇਨ੍ਹਾਂ ਲਈ ਸਿਰਫ਼ ਇਕ ਹੀ ਚਿੰਨ੍ਹ (ਜ਼) ਵਰਤਿਆ ਜਾਂਦਾ ਹੈ ।ਇਸ ਲਈ ਇਹ ਸਪੱਸ਼ਟ ਨਹੀਂ ਹੁੰਦਾ ਕਿ ਇਹ ਚਿੰਨ੍ਹ ਸ਼ਾਹਮੁਖੀ ਦੇ ਕਿਸ ਵਰਣ ਲਈ ਵਰਤਿਆ ਜਾਂਦਾ ਹੈ ? ਇਹ ਵੀ ਸਪੱਸ਼ਟ ਹੈ ਕਿ ਇਨ੍ਹਾਂ ਵਰਣਾਂ ਦਾ ਉਚਾਰਨ ਵੀ ਅਲੱਗ-ਅਲੱਗ ਹੈ, ਪਰ ਪੰਜਾਬੀ ਵਿਚ ਅਜਿਹਾ ਸੰਭਵ ਨਹੀਂ ਹੈ, ਜਾਂ ਹੋ ਸਕਦਾ ਹੈ ਕਿ ਜੋ ਵਿਦਵਾਨ ਇਨ੍ਹਾਂ ਚਿੰਨ੍ਹਾਂ ਦੀ ਵਰਤੋਂ ਦੀ ਵਕਾਲਤ ਕਰਦੇ ਹਨ, ਉਹ ਇਨ੍ਹਾਂ ਧੁਨੀਆਂ ਨੂੰ ਉਚਾਰਨ ਦੇ ਸਮਰੱਥ ਹੀ ਨਾ ਹੋਣ।

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਪੂੰਜੀਵਾਦੀ ਦੌਰ 'ਚ ਰਿਸ਼ਤਿਆਂ ਦੀ ਟੁੱਟ-ਭੱਜ ਦਾ ਬਿਰਤਾਂਤ

## ਅੱਖਾਂ ਲੱਭਦੇ ਸੁਫ਼ਨੇ

(ਗ਼ਜ਼ਲ ਸੰਗ੍ਰਹਿ)
ਪੰਨੇ-152, ਮੁੱਲ-300 ਰੁਪਏ
ਨਵਰੰਗ ਪਬਲੀਕੇਸ਼ਨ, ਸਮਾਣਾ



ਫੋਕਸ



**ਚਰਚਾ ਇਕ ਪੁਸਤਕ ਦੀ**

**ਡਾ. ਮਨਦੀਪ ਕੌਰ**

ਜਦੋਂ ਮਨੁੱਖ ਦੇ ਮਨ ਵਿੱਚ ਅਮੂਰਤ ਭਾਵਨਾਵਾਂ ਨੂੰ ਮੂਰਤ-ਰੂਪ ਪ੍ਰਦਾਨ ਕਰਨ ਦਾ ਵਿਚਾਰ ਆਇਆ ਤਾਂ ਉਸ ਨੇ ਭਾਸ਼ਾ ਦੇ ਮਾਧਿਅਮ ਰਾਹੀਂ ਆਪਣੇ ਵਿਚਾਰਾਂ ਨੂੰ ਹੋਰ ਪ੍ਰਭਾਵਸ਼ਾਲੀ, ਰੌਚਿਕ ਅਤੇ ਆਕਰਸ਼ਕ ਬਣਾਉਣ ਲਈ ਵੱਖਰੇ-ਵੱਖਰੇ ਸਾਹਿਤ ਰੂਪਾਂ ਦਾ ਪ੍ਰਯੋਗ ਕੀਤਾ। ਸਰੂਪ ਅਨੇਕ ਸਾਹਿਤ-ਰੂਪਾਂ ਦਾ ਜਨਮ ਹੋਇਆ, ਗ਼ਜ਼ਲ ਉਨ੍ਹਾਂ ਵਿੱਚੋਂ ਇੱਕ ਹੈ।

ਬਲਦੇਵ ਸਿੰਘ 'ਬੱਦਨ' ਲੰਮਾ ਸਮਾਂ ਵਾਰਤਕ ਲਿਖਣ, ਆਲੋਚਨਾ, ਬਾਲ ਸਾਹਿਤ, ਸੰਪਾਦਨ ਅਤੇ ਅਨੁਵਾਦ-ਕਾਰਜ ਕਰਦਿਆਂ ਕਾਵਿ-ਵਿਧਾ ਵੱਲ ਰੁਚਿਤ ਹੋ, 'ਸਿਮ੍ਰਤੀ ਦ੍ਰਿਸ਼ਟੀ' ਕਾਵਿ-ਸੰਗ੍ਰਹਿ ਰਾਹੀਂ ਆਪਣਾ ਕਾਵਿ-ਸਫ਼ਰ ਸ਼ੁਰੂ ਕਰਦਾ ਹੈ। ਆਪਣੇ ਇਸ ਸਿਰਜਣਾਤਮਕ ਸਫ਼ਰ ਨੂੰ ਜਾਰੀ ਰੱਖਦਿਆਂ 'ਜ਼ਖ਼ਮੀ ਡਾਰ ਪਰਿੰਦਿਆਂ ਦੀ' ਗ਼ਜ਼ਲ-ਸੰਗ੍ਰਹਿ ਤੋਂ ਬਾਅਦ ਉਹ ਆਪਣੇ ਗ਼ਜ਼ਲ-ਸੰਗ੍ਰਹਿ 'ਅੱਖਾਂ ਲੱਭਦੇ ਸੁਫ਼ਨੇ' ਨਾਲ ਆਪਣੀ ਗ਼ਜ਼ਲਗੋਈ ਦੇ ਸੱਜਰੇ ਰੰਗ ਲੈ ਕੇ ਹਾਜ਼ਰ ਹੋਇਆ ਹੈ। ਇਸ ਗ਼ਜ਼ਲ-ਸੰਗ੍ਰਹਿ ਵਿੱਚ ਉਸ ਦੀਆਂ 108 ਗ਼ਜ਼ਲਾਂ ਸ਼ਾਮਲ ਹਨ। ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਬਲਦੇਵ ਸਿੰਘ 'ਬੱਦਨ' ਮਾਨਵੀ ਸੰਵੇਦਨਾ ਦਾ ਸ਼ਾਇਰ ਹੈ, ਜਿਹੜਾ ਚਾਨਣ ਦੀ ਭਾਲ ਵਿੱਚ ਮੱਥੇ ਵਿੱਚ ਤੀਜੇ ਨੇਤਰ ਨੂੰ ਜਗਾਈ ਬੈਠਾ ਹੈ ਅਤੇ ਪੰਜਾਬੀ ਮਨੁੱਖ ਦੇ ਭਵਿੱਖ ਦੇ ਹੋਂਦ ਨੂੰ ਵਿਚਾਰਧਾਰਕ ਦ੍ਰਿਸ਼ਟੀ ਤੋਂ ਪੁਨਰ-ਸਿਰਜਤ ਕਰਕੇ ਪ੍ਰਸੰਗਿਕ ਬਣਾਉਣ ਲਈ ਪ੍ਰਤੀਬੱਧ ਹੈ। ਬਲਦੇਵ ਸਿੰਘ 'ਬੱਦਨ' ਆਪਣੀ ਗ਼ਜ਼ਲ ਵਿੱਚ ਆਪਣੇ ਲੋਕਪੱਖੀ ਮਾਨਵਵਾਦੀ ਦ੍ਰਿਸ਼ਟੀਕੋਣ ਦਾ ਬੜੇ ਸਹਿਜ ਅਤੇ ਸੁਹਜਮਈ ਢੰਗ ਨਾਲ ਪ੍ਰਗਟਾਵਾ ਕਰਦਾ ਹੈ। ਉਸ ਅੰਦਰ ਜਮਾਤੀ-ਚੇਤਨਾ ਡੂੰਘੀ ਸਮਾਈ ਹੋਈ ਹੈ। ਉਹ ਆਪਣੀ ਇਸ ਚੇਤਨਾ ਨੂੰ ਸਮਾਜਿਕ, ਆਰਥਿਕ ਅਸਮਾਨਤਾ, ਰਾਜਨੀਤਕ ਆਡੰਬਰਾਂ, ਦਹਿਸ਼ਤੀ ਮਾਹੌਲ, ਪ੍ਰਸ਼ਾਸਕੀ ਅਨੁਸ਼ਾਸਨਹੀਣਤਾ, ਭ੍ਰਿਸ਼ਟਾਚਾਰ ਆਦਿ ਦੇ ਪ੍ਰਸੰਗ ਵਿੱਚ ਇਸ ਢੰਗ ਨਾਲ ਪੇਸ਼ ਕਰਦਾ ਹੈ ਕਿ ਉਸ ਦੀ ਗ਼ਜ਼ਲ ਰਚਨਾ ਨਾਲ ਪੰਜਾਬੀ ਗ਼ਜ਼ਲ ਨੂੰ ਮੌਲਿਕਤਾ ਤੇ ਨਵੀਨਤਾ ਮਿਲਦੀ ਹੈ। ਉਸ ਨੇ ਆਪਣੀ ਗ਼ਜ਼ਲ ਰਚਨਾ ਨਾਲ ਪੰਜਾਬੀ ਗ਼ਜ਼ਲ ਦਾ ਰੁਤਬਾ ਬੁਲੰਦ ਕੀਤਾ ਹੈ। ਬਲਦੇਵ ਸਿੰਘ 'ਬੱਦਨ' ਸ਼ਬਦ ਦੇ ਸੁਹਜ ਨੂੰ ਪਛਾਣਨ ਦੀ ਸਮਰੱਥਾ ਰੱਖਣ ਵਾਲਾ ਸਮਰੱਥ ਸ਼ਾਇਰ ਹੈ। ਉਸ ਦੀ ਸ਼ਾਇਰੀ ਕੁਦਰਤ ਭਾਵਨਾ ਦਾ ਸੁਮਨ-ਸੰਸਾਰ ਸਿਰਜਣ ਦੀ ਥਾਂ ਯਥਾਰਥਕ ਕਾਵਿ-ਰੁਪਾਂਤਰਨ ਵੱਲ ਰੁਚਿਤ ਹੁੰਦੀ ਹੈ। ਉਸ ਦੀ ਸ਼ਾਇਰੀ ਸਮਾਜਿਕ ਸਰੋਕਾਰਾਂ ਨੂੰ ਮੁਖ਼ਾਤਿਬ ਹੁੰਦੀ ਹੋਈ ਸਾਧਾਰਨ ਵਿਅਕਤੀ ਦੀ ਗੱਲ ਕਰਦੀ ਹੈ। ਉਹ ਜ਼ਿੰਦਗੀ ਦੀ ਵਾਸਤਵਿਕਤਾ ਨੂੰ ਸੁਹਜ ਭਰਪੂਰ ਕਲਾਤਮਿਕ ਕਾਵਿ-ਬਿੰਬ ਵਿੱਚ ਢਾਲ ਕੇ ਪ੍ਰਗਟਾਉਂਦਾ ਹੈ।

ਉਸ ਕੋਲ ਗ਼ਜ਼ਲ ਦੀ ਰੂਪਗਤ ਸਮਝ ਹੈ। ਉਸ ਦੀ ਸਿਰਜਣਾਤਮਿਕ ਪ੍ਰਤਿਭਾ ਪੰਜਾਬੀ ਗ਼ਜ਼ਲ ਦੇ ਭਵਿੱਖਮੁਖੀ ਵਿਕਾਸ ਦੀ ਸੂਚਕ ਹੈ। ਸਮਾਜਿਕ ਵਰਤਾਰਿਆਂ ਅਤੇ ਮਾਨਵੀ ਰਿਸ਼ਤਿਆਂ ਪ੍ਰਤੀ ਉਸ ਦਾ ਨਜ਼ਰੀਆ ਭਾਵੁਕਤਾ ਵਾਲਾ ਹੋਣ ਦੀ ਥਾਂ ਦਾਰਸ਼ਨਿਕ ਸੂਝ ਵਾਲਾ ਹੈ। ਉਸ ਦੇ ਸ਼ਿਅਰ ਇਕਹਿਰੇ ਅਰਥਾਂ ਦਾ ਸੰਚਾਰ ਕਰਨ ਦੀ ਥਾਂ ਬਹੁ-ਪਰਤੀ ਅਰਥ ਸਿਰਜਦੇ ਹਨ। ਅੰਦਾਜ਼-ਏ-ਬਿਆਨ ਵਿੱਚ ਗਹਿਰਾਈ ਅਤੇ ਅਰਥ-ਸੰਚਾਰ ਸਮਰੱਥਾ ਦੇ ਨਾਲ-ਨਾਲ ਗ਼ਜ਼ਲ ਵਿੱਚ ਪੇਸ਼ ਸੁਹਜ ਨੂੰ ਬਰਕਰਾਰ ਰੱਖਣ ਲਈ ਨਿਰੰਤਰ ਯਤਨਸ਼ੀਲ ਹੈ। ਬਲਦੇਵ ਸਿੰਘ 'ਬੱਦਨ' ਦੀ ਸ਼ਾਇਰੀ ਵਿੱਚ ਪੇਸ਼ 'ਮੈਂ' ਮਹਿਜ਼ ਸ਼ਾਇਰ ਦੇ 'ਸਵੈ' ਤੱਕ ਸੀਮਿਤ ਨਹੀਂ, ਬਲਕਿ ਨਿੱਜ ਤੋਂ ਪਰ ਤੱਕ ਫੈਲੀ ਹੋਈ ਹੈ। ਨਿੱਜ ਤੋਂ ਪਾਰ ਫ਼ੈਲੇ ਸੰਸਾਰ ਦੀ ਵਾਸਤਵਿਕਤਾ ਸ਼ਾਇਰ ਨੂੰ ਚੌਗਿਰਦੇ ਦੀ ਅਟੱਲ ਹੋਂਦ ਦਾ ਅਹਿਸਾਸ ਕਰਵਾਉਂਦੀ ਹੈ।

ਬਲਦੇਵ ਸਿੰਘ 'ਬੱਦਨ' ਕੋਲ ਜ਼ਿੰਦਗੀ ਨੂੰ ਦੇਖਣ ਵਾਲੀ ਅੱਖ ਵੀ ਹੈ ਅਤੇ ਆਪਣੇ ਅਨੁਭਵ ਨੂੰ ਸੁਹਜ-ਭਰਪੂਰ ਕਾਵਿ-ਸਿਰਜਣਾ ਵਿੱਚ ਢਾਲਣ ਦੀ ਸਮਰੱਥਾ ਵੀ। ਸ਼ਾਇਰ ਆਪਣੀ ਗ਼ਜ਼ਲ-ਸਿਰਜਣਾ ਰਾਹੀਂ ਮਨੁੱਖ ਨੂੰ ਸਮਾਜਿਕ ਪ੍ਰਸਥਿਤੀਆਂ ਸਮਝਣ ਅਤੇ ਇਹਨਾਂ ਨਾਲ ਟੱਕਰ ਲੈਣ ਦੀ ਪ੍ਰੇਰਨਾ ਦਿੰਦਾ ਹੈ। ਸਮੁੱਚੀ ਲੋਕਾਈ ਨੂੰ ਤ੍ਰਾਸਦਿਕ ਅਨੁਭਵ ਵਿੱਚੋਂ ਕੱਢਣ ਦਾ ਉਪਰਾਲਾ ਕਰਦਾ ਹੈ। ਸਿਰਫ਼ ਵਿਰਾਸਤੀ ਸ਼ਬਦਾਵਲੀ ਨੂੰ ਹੀ ਨਹੀਂ, ਬਲਦੇਵ ਸਿੰਘ 'ਬੱਦਨ' ਨੇ ਆਪਣੇ ਅਜੋਕੇ ਪੰਜਾਬ ਨੂੰ ਵੀ ਸਮੁੱਚੇ ਸਮਾਜਿਕ, ਸੱਭਿਆਚਾਰਕ ਤੇ ਰਾਜਨੀਤਕ ਵਰਤਾਰਿਆਂ ਸਮੇਤ ਆਪਣੀਆਂ ਗ਼ਜ਼ਲਾਂ ਵਿੱਚ ਪੇਸ਼ ਕੀਤਾ ਹੈ।

ਸ਼ੈਲੀ ਕਾਵਿ ਦਾ ਇੱਕ ਮਹੱਤਵਪੂਰਨ ਤੱਤ ਹੈ। ਸ਼ਾਇਰ ਆਪਣੇ ਵਿਚਾਰ ਅਤੇ ਭਾਵਾਂ ਦੀ ਅਭੀਵਿਅਕਤੀ ਲਈ ਭਾਸ਼ਾ ਵਿੱਚੋਂ ਸ਼ਬਦਾਂ ਦੀ ਸੁਚੱਜੀ ਚੋਣ ਕਰਦਾ ਹੈ। ਇਸ ਰਾਹੀਂ ਉਹ ਪਾਠਕਾਂ ਤੱਕ ਆਪਣੇ ਅਰਥਾਂ ਦਾ ਸੰਚਾਰ ਕਰਦਾ ਹੈ। ਰਵਾਇਤੀ ਗ਼ਜ਼ਲ ਵਿੱਚ ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ ਘੱਟ ਹੀ ਨਜ਼ਰ ਆਉਂਦੀ ਹੈ। ਸ਼ਾਇਰ ਵੱਲੋਂ ਆਪਣੀ ਗ਼ਜ਼ਲ ਵਿੱਚ ਪ੍ਰਸ਼ਨੋਤਰੀ ਸ਼ੈਲੀ ਦਾ ਅਪਣਾਇਆ ਜਾਣਾ ਜਿੱਥੇ ਕਲਾਤਮਿਕ ਪੱਧਰ 'ਤੇ ਗ਼ਜ਼ਲ ਨੂੰ ਖ਼ੂਬਸੂਰਤੀ ਪ੍ਰਦਾਨ ਕਰਦਾ ਹੈ, ਉੱਥੇ ਪੜਚੋਲੀਆ ਨਜ਼ਰ ਦੇ ਵਿਕਸਿਤ ਹੋਣ ਦਾ ਵੀ ਪ੍ਰਤੀਕ ਹੈ। ਸ਼ਾਇਰ ਜਿੱਥੇ ਪਾਠਕ ਵਰਗ ਦੀ ਸੋਚ ਨੂੰ ਪ੍ਰਭਾਵਿਤ ਕਰਦਾ ਹੈ, ਉੱਥੇ ਨਾਲ ਹੀ ਪ੍ਰਸ਼ਨੋਤਰੀ ਵਿਧੀ ਰਾਹੀਂ ਪਾਠਕਾਂ ਦੇ ਬੌਧਿਕ ਪੱਧਰ ਨੂੰ ਉੱਚਾ ਚੁੱਕਣ ਲਈ ਉਹਨਾਂ ਦੇ ਮਨਾਂ ਵਿੱਚ ਕਈ ਤਰ੍ਹਾਂ ਦੇ ਸਵਾਲ ਪੈਦਾ ਕਰਨ ਲਈ ਕਿਉਂ, ਕਿਵੇਂ, ਕਿਸ ਤਰ੍ਹਾਂ ਆਦਿ ਨੂੰ ਸੰਚਾਰ-ਜੁਗਤ ਦੀ ਤਰ੍ਹਾਂ ਵਰਤਦਾ ਹੈ। ਅਜਿਹੀ ਗ਼ਜ਼ਲ ਸਮਾਜ ਲਈ ਇੱਕ ਵੰਗਾਰ ਬਣ ਜਾਂਦੀ ਹੈ।

ਮੰਜ਼ਿਰ-ਨਿਗਾਰੀ ਦੀ ਸਿਰਜਣਾ ਗ਼ਜ਼ਲ ਦਾ ਮੀਰੀ ਗੁਣ ਹੈ। ਸ਼ਿਅਰ ਵਿੱਚ ਪੇਸ਼ ਮੰਜ਼ਿਰ-ਨਿਗਾਰੀ ਦੀ ਵਰਤੋਂ ਨੇ ਸ਼ਾਇਰ ਦੇ ਅੰਦਾਜ਼-ਏ ਬਿਆਂ ਨੂੰ ਵਿਲੱਖਣਤਾ ਪ੍ਰਦਾਨ ਕੀਤੀ ਹੈ। ਪਾਠਕ ਗ਼ਜ਼ਲ ਨੂੰ ਪੜ੍ਹਦਾ, ਸੁਣਾਉਂਦਾ ਤੇ ਗੁਣਗੁਣਾਉਂਦਾ ਹੀ ਨਹੀਂ, ਸਗੋਂ ਵੇਖਦਾ ਵੀ ਹੈ ਤੇ ਇਨ੍ਹਾਂ ਵਿਚਲੇ ਮੰਜ਼ਿਰ ਦੇਖ ਕੇ ਆਨੰਦ ਵੀ ਮਾਣਦਾ ਹੈ। ਸ਼ਿਅਰਾਂ ਰਾਹੀਂ ਜੰਗ ਵਿੱਚ ਹੋਈ ਬਰਬਾਦੀ ਦਾ ਮਾਰਮਿਕ ਦ੍ਰਿਸ਼ ਅੱਖਾਂ ਅੱਗੇ ਹੂ-ਬ-ਹੂ ਸਾਕਾਰ ਹੋ ਜਾਂਦਾ ਹੈ।

ਸੂਫ਼ੀਆਨਾ ਰੰਗ ਪਰੰਪਰਿਕ ਗ਼ਜ਼ਲ ਦਾ ਸਭ ਤੋਂ ਉੱਤਮ ਮੰਨਿਆ ਜਾਣ ਵਾਲਾ ਰੰਗ ਹੈ। ਸ਼ਾਇਰ ਦੀ ਇਹ ਖ਼ੂਬੀ ਕਹੀ ਜਾ ਸਕਦੀ ਹੈ ਕਿ ਉਸ ਨੇ ਆਧੁਨਿਕ ਸਮੇਂ ਵਿੱਚ ਵੀ ਆਪਣੀ ਗ਼ਜ਼ਲ ਵਿੱਚ ਇਸ ਰੰਗ ਨੂੰ ਬਾਖ਼ੂਬੀ ਨਿਭਾਇਆ ਹੈ।

ਪਰੰਪਰਿਕ ਗ਼ਜ਼ਲ ਦੀ ਰਚਨਾ ਸਿਰਲੇਖ ਰਹਿਤ ਹੁੰਦੀ ਸੀ, ਕਿਉਂਕਿ ਗ਼ਜ਼ਲ ਇੱਕ ਅਜਿਹੀ ਸਿਨਫ਼ ਹੈ; ਜਿਸ ਦਾ ਹਰ ਇੱਕ ਸ਼ਿਅਰ ਆਪਣੇ ਆਪ ਵਿੱਚ ਇੱਕ ਸੰਪੂਰਨ ਇਕਾਈ ਹੁੰਦਾ ਹੈ। ਗ਼ਜ਼ਲ ਦੇ ਹਰੇਕ ਸ਼ਿਅਰ ਦਾ ਆਪਣਾ ਇੱਕ ਵੱਖਰਾ ਵਿਸ਼ਾ ਹੁੰਦਾ ਹੈ। ਜੇ ਗ਼ਜ਼ਲ ਵਿੱਚ ਪੰਜ ਸ਼ਿਅਰ ਪੰਜ ਵੱਖਰੇ-ਵੱਖਰੇ ਮਜ਼ਮੂਨ ਪੇਸ਼ ਕਰਦੇ ਹੋਣ ਤਾਂ ਅਜਿਹੇ ਵਿਭਿੰਨ ਵਿਸ਼ਿਆਂ ਦਾ ਇਜ਼ਹਾਰ ਕਰਨ ਵਾਲੀ ਰਚਨਾ ਦਾ ਕੋਈ ਇੱਕ ਸਿਰਲੇਖ ਕਿਵੇਂ ਹੋਣਾ ਸੰਭਵ ਨਹੀਂ। ਗ਼ਜ਼ਲ ਮੁਸਲਸਲ ਵੀ ਹੋਵੇ ਤਾਂ ਵੀ ਉਸ ਦੇ ਸ਼ਿਅਰਾਂ ਵਿੱਚ ਭਾਵ ਦੀ ਸਾਂਝ ਹੁੰਦੀ ਹੈ, ਜਦ ਕਿ ਕਿਸੇ ਕਵਿਤਾ ਜਾਂ ਨਜ਼ਮ ਵਿੱਚ ਸਿਰਫ਼ ਵਿਸ਼ੇ ਦੀ ਸਾਂਝ ਹੁੰਦੀ ਹੈ, ਪਰੰਤੂ 'ਅੱਖਾਂ ਲੱਭਦੇ ਸੁਫ਼ਨੇ' ਗ਼ਜ਼ਲ-ਸੰਗ੍ਰਹਿ ਵੱਚ ਪੇਸ਼ ਗ਼ਜ਼ਲਾਂ ਦੇ ਪਹਿਲੇ ਸ਼ਿਅਰ ਦੇ ਪਹਿਲੇ ਮਿਸਰੇ ਨੂੰ ਸਿਰਲੇਖ ਵਜੋਂ ਲਿਆ ਗਿਆ ਹੈ। ਇਸ਼ਕ ਅਤੇ ਬਿਰਹਾ ਦੀ ਵੇਦਨਾ ਤੋਂ ਪਾਰ ਜਾ ਕੇ ਸ਼ਾਇਰ ਨੇ ਸਮਕਾਲੀ ਸਮੱਸਿਆਵਾਂ ਨੂੰ ਵੀ ਆਪਣੀ ਅਭੀਵਿਅਕਤੀ ਦਾ ਮਾਧਿਅਮ ਬਣਾਇਆ ਹੈ, ਜਿਸ ਨਾਲ ਪੰਜਾਬੀ ਗ਼ਜ਼ਲ ਦਾ ਕਾਰਜ-ਖੇਤਰ ਵਿਕਸਿਤ ਹੋਇਆ ਹੈ।

ਵਿਚਾਰਾਧੀਨ ਗ਼ਜ਼ਲ-ਸੰਗ੍ਰਹਿ ਵਿਚਲੀ ਗ਼ਜ਼ਲ ਸਾਦਗੀ, ਸਰਲਤਾ ਅਤੇ ਸਪੱਸ਼ਟਤਾ ਦੇ ਮੀਰੀ ਗੁਣਾਂ ਨਾਲ ਲਬਰੇਜ਼ ਹੈ। ਸ਼ਾਇਰ ਨੇ ਜਿੱਥੇ ਢੁਕਵੇਂ, ਬਿੰਬ, ਪ੍ਰਤੀਕ, ਅਲੰਕਾਰ ਅਤੇ ਮੁਹਾਵਰੇਦਾਰ ਸ਼ਬਦਾਵਲੀ ਰਾਹੀਂ ਸ਼ਾਇਰੀ ਨੂੰ ਸੁਹਜ ਪ੍ਰਦਾਨ ਕੀਤਾ ਹੈ, ਉੱਥੇ ਗ਼ਜ਼ਲ ਵਿਧਾਨ ਤੋਂ ਪੂਰੀ ਤਰ੍ਹਾਂ ਵਾਕਿਫ਼ ਹੋਣ ਕਾਰਨ ਜਿੱਥੇ ਕਾਫ਼ੀਏ, ਰਦੀਫ਼ ਨੂੰ ਬਾਖ਼ੂਬੀ ਨਿਭਾਇਆ ਹੈ। ਉਸ ਨੇ ਤੋਲ-ਤੁਕਾਂਤ ਵਿੱਚ ਵੀ ਸਹੀ ਤਕਨੀਕ ਦੀ ਵਰਤੋਂ ਕੀਤੀ ਹੈ। ਰਵਾਇਤੀ ਗ਼ਜ਼ਲ ਵਿੱਚ ਲੰਮੀਆਂ ਰਦੀਫ਼ਾਂ ਦੀ ਵਰਤੋਂ ਵਧੇਰੇ ਹੋਈ ਹੈ। ਆਧੁਨਿਕ ਦੌਰ ਦੀ ਗ਼ਜ਼ਲ ਵਿੱਚ ਛੋਟੀ ਬਹਿਰ ਵਿੱਚ ਗ਼ਜ਼ਲ ਲਿਖਣਾ ਵੱਡੀ ਖ਼ੂਬੀ ਮੰਨੀ ਜਾਂਦੀ ਹੈ। ਸ਼ਾਇਰ ਦੁਆਰਾ ਸਿਰਜਿਤ ਗ਼ਜ਼ਲ ਦੋ ਤਰੀਕਿਆਂ ਛੋਟੀ ਰਦੀਫ਼ ਅਤੇ ਲੰਮੀ ਰਦੀਫ਼ ਨਾਲ ਸਿਰਜੀ ਗਈ ਹੈ। ਦੋਨਾਂ ਰਦੀਫ਼ਾਂ ਨੂੰ ਸ਼ਾਇਰ ਨੇ ਬਾਖ਼ੂਬੀ ਨਿਭਾਇਆ ਹੈ।

ਸ਼ਾਇਰ ਸਾਧਾਰਨ ਮਨੁੱਖੀ ਜੀਵਨ ਵਿੱਚ ਧਰਮ ਅਤੇ ਸਿਆਸਤ ਦੀ ਬੇਲੋੜੀ ਦਖ਼ਲ-ਅੰਦਾਜ਼ੀ ਤੋਂ ਭਲੀ-ਭਾਂਤ ਵਾਕਿਫ਼ ਹੈ। 'ਕਾਗ਼ਜ਼ 'ਤੇ ਸੰਤਾਲੀ ਲਿਖਿਆ, ਬਲ਼ ਪਿਆ ਪਾਣੀ ਰਾਵੀ ਦਾ', 'ਬੇਮਤਲਬ ਜੰਗ ਛੇੜਦੇ, ਵੇਚਣ ਲਈ ਹਥਿਆਰ', 'ਭਾਰੂ ਵੋਟਕ ਬਹੁਸੰਮਤੀ ਦੀ ਬੁੱਕਲ ਵਿਚ ਡਿਕਟੇਟਰੀਆਂ' ਸਿਰਲੇਖ ਅਧੀਨ ਰਚੀਆਂ ਗ਼ਜ਼ਲਾਂ ਵਿੱਚ ਜੰਗ ਨਾਲ ਹੋਈ ਤਬਾਹੀ ਦਾ ਜ਼ਿਕਰ ਕਰਦੇ ਹੋਏ ਵਿਸ਼ਵ-ਅਮਨ ਅਤੇ ਭਾਈਚਾਰੇ ਦੀ ਪੁਰਜ਼ੋਰ ਵਕਾਲਤ ਕੀਤੀ ਹੈ। ਜੰਗ ਨੂੰ ਹਮੇਸ਼ਾ ਲਈ ਖ਼ਤਮ ਕਰਨ ਲਈ ਵਿਸ਼ਵ ਭਾਈਚਾਰੇ ਨੂੰ ਮਜ਼ਬੂਤ ਕਰਨ ਦਾ ਸੰਦੇਸ਼ ਦਿੰਦਿਆਂ ਦੱਸਿਆ ਗਿਆ ਹੈ ਕਿ ਅੱਜ ਮਾਰੂ ਹਥਿਆਰਾਂ ਨੂੰ ਫਿਰ ਤੋਂ ਢਾਲ ਕੇ ਜ਼ਿੰਦਗੀ ਵਿੱਚ ਸੁਹਜ ਭਰਨ ਵਾਲੀਆਂ ਵਸਤੂਆਂ ਬਣਾਉਣ ਦੀ ਲੋੜ ਹੈ।

ਮਾਨਵੀ ਕੀਮਤਾਂ ਦਾ ਧਾਰਨੀ ਅਜੋਕਾ ਮਨੁੱਖ ਸਮੁੱਚੀ ਮਨੁੱਖਤਾ ਦੀ ਖ਼ੈਰ ਮੰਗਦਾ ਹੋਇਆ ਹਰ ਇਨਸਾਨ ਦੀਆਂ ਖ਼ਾਹਿਸ਼ਾਂ ਪੂਰੀਆਂ ਹੋਣ, ਵਿਸ਼ਵ ਸ਼ਾਂਤੀ ਅਤੇ ਆਪਸੀ ਭਾਈਚਾਰੇ ਲਈ ਦੁਆਵਾਂ ਕਰਦਾ ਹੈ। ਇਸ ਪ੍ਰਸੰਗ ਵਿੱਚ ਤਾਂ ਸ਼ਾਇਰ ਦੀ ਸਮੁੱਚੀ ਗ਼ਜ਼ਲ ਵੇਖਣਯੋਗ ਹੈ। 'ਮਜ਼੍ਹਬਾਂ ਨੇ ਲੱਖ ਸ਼ਬਦ ਹਰਾਏ ਆਪਾਂ ਮਜ਼੍ਹਬ ਹਰਾਏ' ਗ਼ਜ਼ਲ ਵਿੱਚ ਵਕਤ ਦੀ ਨਜ਼ਾਕਤ ਨੂੰ ਵੇਖਦਿਆਂ ਇਸ ਧਰਤੀ ਨੂੰ ਹੋਰ ਫ਼ਿਰਕੂ ਵੰਡੀਆਂ ਪਾਉਣ ਤੋਂ ਰੋਕਣ ਅਤੇ ਇਨਸਾਨੀ ਜ਼ਿੰਦਗੀ ਵਿੱਚ ਪਿਆਰ ਦਾ ਨਿੱਘ ਭਰਨ ਅਤੇ ਗਿਆਨ ਦੀ ਰੌਸ਼ਨੀ ਲਈ ਉਪਰਾਲੇ ਕਰਨ ਦਾ ਸੱਦਾ ਦਿੱਤਾ ਹੈ।

ਵਿਅੰਗ ਨਾਲ ਪੰਜਾਬੀ ਗ਼ਜ਼ਲ ਵਿੱਚ ਨਵਾਂ ਰੰਗ ਪ੍ਰਵੇਸ਼ ਕੀਤਾ ਹੈ। ਗ਼ਜ਼ਲ ਵਿੱਚ ਵਿਅੰਗ ਨਾਲ ਸੰਬੰਧਤ ਨਵੇਂ ਜ਼ਾਵੀਏ ਨਜ਼ਰ ਆਉਂਦੇ ਹਨ। 'ਹਰ ਜਗ੍ਹਾ ਵੋਟਾਂ ਦੀ ਹੁਣ ਹੈ ਬਾਗ਼ਬਾਨੀ ਹੋ ਰਹੀ' ਸਿਰਲੇਖ ਅਧੀਨ ਲਿਖੀ ਗ਼ਜ਼ਲ ਵਿੱਚ ਵਿਅੰਗ ਦੀ ਵਰਤੋਂ ਸਿਆਸਤ ਦੇ ਭ੍ਰਿਸ਼ਟ ਅਤੇ ਮੌਕਾਪ੍ਰਸਤੀ ਨਾਲ ਸੰਬੰਧਤ ਪਹਿਲੂ ਨੂੰ ਉਜਾਗਰ ਕਰਨ ਲਈ ਹੋਈ ਮਿਲਦੀ ਹੈ। ਸਿਆਸਤਦਾਨਾਂ ਲਈ ਧਰਮ, ਈਮਾਨ, ਅਖ਼ਲਾਕ ਆਦਿ ਮਨੁੱਖੀ ਕੀਮਤ-ਪ੍ਰਬੰਧ ਕੋਈ ਮਾਅਨੇ ਨਹੀਂ ਰੱਖਦਾ, ਸਗੋਂ ਆਪਣੀ ਸੱਤਾ-ਸਲਾਮਤੀ ਖ਼ਾਤਰ ਇਨ੍ਹਾਂ ਕਦਰਾਂ-ਕੀਮਤਾਂ ਨੂੰ ਤਾਂ ਸੰਦਾਂ ਵਜੋਂ ਵਰਤਿਆ ਜਾਂਦਾ ਹੈ। ਲੋਕਾਂ ਦੀ ਧਾਰਮਿਕ ਆਸਥਾ ਨਾਲ ਵੀ ਖੇਡਿਆ ਜਾਂਦਾ ਹੈ ਅਤੇ ਕਿਸੇ ਵੀ ਸਮੇਂ ਕਿਸੇ ਨੂੰ ਵੀ ਹੇਠਾਂ ਸੁੱਟਣ ਤੋਂ ਗੁਰੇਜ਼ ਨਹੀਂ ਕੀਤਾ ਜਾਂਦਾ। ਸ਼ਾਇਰ ਬੁਰਜੂਆ ਲੋਕਤੰਤਰ ਵਿੱਚ ਹੋਏ ਨੈਤਿਕ ਪਤਨ ਨੂੰ ਵੀ 'ਸਿਆਸਤ ਛਣਕਣਾ ਹੈ, ਤੂੰ ਤੇ ਮੈਂ ਛਣਕਾਈ ਜਾਨੇ ਆਂ' ਗ਼ਜ਼ਲ ਅਧੀਨ ਆਲੋਚਨਾਤਮਿਕ ਦ੍ਰਿਸ਼ਟੀ ਨਾਲ ਦੇਖਦਾ ਹੈ ਤੇ ਰਾਜਨੀਤਕ ਸਥਿਤੀ ਨੂੰ ਵੀ ਗ਼ਜ਼ਲ ਦੇ ਸ਼ਿਅਰਾਂ ਵਿੱਚ ਢਾਲਦਾ ਹੈ। ਆਪਣੀ ਕਲਾ ਕੌਸ਼ਲ ਨਾਲ ਕਾਵਿ ਵਿੱਚ ਚਮਤਕਾਰ ਪੈਦਾ ਕਰਨਾ ਹਰ ਇੱਕ ਦੇ ਵੱਸ ਦੀ ਗੱਲ ਨਹੀਂ। ਕੋਈ ਵੀ ਵਸਤੂ ਸਾਧਾਰਨ ਤੌਰ 'ਤੇ ਦੂਜਿਆਂ ਨਾਲੋਂ ਵੱਖਰੀ ਜਾਪੇ ਅਤੇ ਹੈਰਾਨੀ ਪੈਦਾ ਕਰਦੀ ਹੋਵੇ ਤਾਂ ਆਨੰਦਮਈ ਪ੍ਰਤੀਤ ਹੁੰਦੀ ਹੈ। ਭਾਸ਼ਾਈ-ਜੁਗਤਾਂ ਦੀ ਵਰਤੋਂ 'ਤੇ ਉਸਰਿਆ ਗ਼ਜ਼ਲ ਕਾਵਿ-ਰੂਪ ਇੱਕ ਨਿਵੇਕਲੀ ਅਤੇ ਸੁਤੰਤਰ ਹੋਂਦ ਦਾ ਧਾਰਨੀ ਹੋ ਜਾਂਦਾ ਹੈ। ਗ਼ਜ਼ਲ ਸਿਰਜਣ ਵਿੱਚ ਭਾਸ਼ਾ ਦਾ ਮਹੱਤਵਪੂਰਨ ਯੋਗਦਾਨ ਹੈ। ਸ਼ਾਇਰ ਦੀ ਭਾਸ਼ਾ ਕੁਸ਼ਲਤਾ ਉੱਤਮ ਗ਼ਜ਼ਲ-ਰਚਨਾ ਲਈ ਲਾਜ਼ਮੀ ਹੈ।

ਸ਼ਾਇਰ ਆਪਣੀ ਯੋਗਤਾ/ਸਮਰੱਥਾ ਅਨੁਸਾਰ ਹੀ ਸ਼ਬਦ-ਚੋਣ ਕਰਦਾ ਹੈ। ਸਮੇਂ ਦੀ ਤਬਦੀਲੀ ਨਾਲ ਗ਼ਜ਼ਲ ਦੀਆਂ ਭਾਸ਼ਾਈ-ਜੁਗਤਾਂ ਵਿੱਚ ਵੀ ਇਹ ਤਬਦੀਲੀ ਦੇਖਣ ਨੂੰ ਮਿਲਦੀ ਹੈ। ਗ਼ਜ਼ਲ ਵਿੱਚ ਸੁਹਜ-ਸੰਚਾਰ ਪੈਦਾ ਕਰਨ ਲਈ ਸੰਬੰਧਤ ਭੂਗੋਲਿਕ-ਸੰਸਕ੍ਰਿਤਿਕ ਦਾਇਰੇ ਦੇ ਸ਼ਬਦ-ਭੰਡਾਰ ਨੂੰ ਅਭਿਵਿਅਕਤ ਕਰਨਾ ਹੀ ਸ਼ਾਇਰੀ ਦੀ ਯੋਗਤਾ ਅਤੇ ਸਮਰੱਥਾ ਹੈ। ਸ਼ਾਇਰ ਪੰਜਾਬੀ ਜਨ-ਜੀਵਨ ਨਾਲ ਸਰੋਕਾਰ ਰੱਖਣ ਵਾਲੀ ਨਵੀਨ/ਮੌਲਿਕ ਸ਼ਬਦਾਵਲੀ ਦਾ ਉਪਯੋਗ ਕਰਕੇ ਆਪਣੇ ਭਾਵ-ਬੋਧ ਦੀ ਅਭੀਵਿਅਕਤੀ ਕਰਦਾ ਹੈ। ਸ਼ਾਇਰ ਨੇ ਪੰਜਾਬੀ ਗ਼ਜ਼ਲ ਨੂੰ ਰਵਾਇਤੀ ਗ਼ਜ਼ਲ ਦੇ ਕਾਵਿ-ਮੁਹਾਵਰੇ ਤੋਂ ਮੁਕਤ ਕਰਵਾਇਆ ਅਤੇ ਆਪਣੀ ਕਲਾ ਅਤੇ ਸਮਰੱਥਾ ਅਨੁਸਾਰ ਨਵੇਂ ਮੌਲਿਕ ਭਾਸ਼ਾਈ ਮੁਹਾਵਰੇ ਦੀ ਸਿਰਜਣਾ ਕੀਤੀ। ਜਿਸ ਤਰ੍ਹਾਂ ਰਵਾਇਤੀ ਪੰਜਾਬੀ ਗ਼ਜ਼ਲ ਨਾਲ ਜੁੜੇ ਪੰਛੀ 'ਬੁਲਬੁਲ' ਦੀ ਥਾਂ ਪੰਜਾਬੀ ਲੋਕ-ਜੀਵਨ ਨਾਲ ਜੁੜੇ ਪੰਛੀ 'ਕੋਇਲ' ਨੂੰ ਆਪਣੀ ਗ਼ਜ਼ਲ ਵਿੱਚ ਥਾਂ ਦਿੱਤੀ। ਇਸੇ ਤਰ੍ਹਾਂ ਇਸ ਗ਼ਜ਼ਲ ਵਿੱਚ ਮੋਰ, ਬਾਜ, ਸ਼ਿਕਰਾ, ਚਿੜੀ, ਬੰਬੀਹਾ, ਬਲਦ, ਬਾਘ, ਉੱਲੂ, ਭੇਡਾਂ, ਸੱਪ ਆਦਿ ਪੰਜਾਬੀ ਲੋਕ-ਜੀਵਨ ਨਾਲ ਜੁੜੇ ਪਸ਼ੂ-ਪੰਛੀਆਂ ਦਾ ਜ਼ਿਕਰ ਵੀ ਮਿਲਦਾ ਹੈ। ਇਹੀ ਨਹੀਂ, ਬਲਕਿ ਪੰਜਾਬੀ ਜੀਵਨ ਨਾਲ ਸਰੋਕਾਰ ਰੱਖਣ ਵਾਲੇ ਰੁੱਖ ਨਿੰਮ, ਅੰਬ, ਤੁਲਸੀ, ਧਰੇਕ, ਥੋਹਰ ਆਦਿ ਦਾ ਜ਼ਿਕਰ ਉਸ ਦੀ ਗ਼ਜ਼ਲ ਨੂੰ ਨਵਾਂ ਭਾਸ਼ਾਈ ਮੁਹਾਵਰਾ ਪ੍ਰਦਾਨ ਕਰਦਾ ਹੈ।

ਸਮਾਜਿਕ, ਆਰਥਿਕ ਅਸਮਾਨਤਾ ਦੇ ਅਨੁਭਵ ਕਾਰਨ ਹੀ ਸ਼ਾਇਰ ਆਪਣੇ ਆਲੇ-ਦੁਆਲੇ ਪਸਰੇ ਰਾਜਨੀਤਕ ਫ਼ਰੇਬ ਨੂੰ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਗ਼ਦਰੀ ਨਾਇਕਾਂ ਨਾਲ ਸੰਬੰਧਤ ਤਿੰਨ ਪੁਸਤਕਾਂ

**ਸਾਹਿਤ ਚਿੰਤਨ**

**ਭਗਵੰਤ ਰਸੂਲਪੁਰੀ**

*ਨੈਸ਼ਨਲ ਬੁੱਕ ਟਰੱਸਟ ਇੰਡੀਆ ਨੇ ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਪ੍ਰੋਗਰਾਮਾਂ ਦੇ ਹਿੱਸੇ ਵਜੋਂ ਪ੍ਰਧਾਨ ਮੰਤਰੀ-ਯੁਵਾ ਮੈਂਟਰਸ਼ਿਪ ਯੋਜਨਾ ਤਹਿਤ 'ਭਾਰਤ ਦੀ ਰਾਸ਼ਟਰੀ ਲਹਿਰ' ਥੀਮ 'ਤੇ ਕਰਵਾਏ ਆਲ ਇੰਡੀਆ ਮੁਕਾਬਲੇ ਉਪਰੰਤ ਚੁਣੇ 75 ਨੌਜਵਾਨ ਲੇਖਕਾਂ ਦੀਆਂ ਪੁਸਤਕਾਂ ਛਾਪੀਆਂ ਹਨ। ਇਨ੍ਹਾਂ 75 ਨੌਜਵਾਨ ਲੇਖਕਾਂ ਵਿੱਚੋਂ ਤਿੰਨ ਪੰਜਾਬੀ ਭਾਸ਼ਾ ਦੇ ਲੇਖਕਾਂ ਦੀ ਚੋਣ ਕੀਤੀ ਗਈ। ਇਸ ਯੋਜਨਾ ਦਾ ਟੀਚਾ 30 ਵਰ੍ਹਿਆਂ ਤੋਂ ਛੋਟੀ ਉਮਰ ਦੇ ਨੌਜਵਾਨ ਲੇਖਕਾਂ ਨੂੰ ਸਿਖਲਾਈ ਦੇਣਾ ਹੈ ਤਾਂ ਕਿ ਮੁਲਕ ਅੰਦਰ ਪੜ੍ਹਨ-ਲਿਖਣ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਕੇ ਭਾਰਤੀ ਲਿਖਤਾਂ ਨੂੰ ਆਲਮੀ ਪੱਧਰ 'ਤੇ ਉਭਾਰਿਆ ਜਾ ਸਕੇ। 2021-22 ਵਿਚ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਨੇ ਦੇਸ਼ ਦੀ ਆਜ਼ਾਦੀ ਦੇ 75 ਸਾਲਾ ਜਸ਼ਨਾਂ ਦੇ ਮੁਬਾਰਕ ਮੌਕੇ 'ਤੇ ਇਸ ਯੋਜਨਾ ਦਾ ਆਗਾਜ਼ ਕੀਤਾ ਅਤੇ ਅਜ਼ਾਦੀ ਦਾ ਅੰਮ੍ਰਿਤ ਮਹਾਉਤਸਵ ਪ੍ਰੋਗਰਾਮਾਂ ਤਹਿਤ ਇਸ ਨੂੰ ਅਮਲੀ ਜਾਮਾ ਪਹਿਨਾਉਣ ਦੀ ਜ਼ਿੰਮੇਵਾਰੀ ਨੈਸ਼ਨਲ ਬੁੱਕ ਟਰੱਸਟ ਇੰਡੀਆ ਨੂੰ ਸੌਂਪੀ। ਇਸ ਯੋਜਨਾ ਦੇ ਅੰਤਰਗਤ ਪ੍ਰਕਾਸ਼ਿਤ ਕੀਤੀਆਂ ਜਾਣ ਵਾਲੀਆਂ ਕਿਤਾਬਾਂ ਦਾ ਮੁੱਖ ਵਿਸ਼ਾ ਭਾਰਤੀ ਆਜ਼ਾਦੀ ਦੀ ਕੌਮੀ ਲਹਿਰ ਰੱਖਿਆ ਗਿਆ, ਜਿਸ ਵਿਚ ਗੁੰਮਨਾਮ ਨਾਇਕਾਂ, ਵਿੱਸਰੀਆਂ ਥਾਵਾਂ ਅਤੇ ਸੁਤੰਤਰਤਾ ਸੰਗਰਾਮ ਵਿਚ ਇਨ੍ਹਾਂ ਦੀ ਭੂਮਿਕਾ ਨੂੰ ਵੱਖ-ਵੱਖ ਵਿਧਾਵਾਂ ਜਿਵੇਂ ਗਲਪ, ਵਾਰਤਕ ਤੇ ਜੀਵਨੀਆਂ ਆਦਿ ਵਿਚ ਪਰੋਇਆ ਗਿਆ। ਇਸ ਯੋਜਨਾ ਤਹਿਤ ਲਿਖਣ ਵਾਲੇ ਲੇਖਕਾਂ ਨੂੰ ਭਾਰਤ ਦੀਆਂ 22 ਸਰਕਾਰੀ ਮਾਨਤਾ ਪ੍ਰਾਪਤ ਭਾਸ਼ਾਵਾਂ ਤੇ ਅੰਗਰੇਜ਼ੀ ਵਿਚ ਹੋਏ ਸਰਬ-ਭਾਰਤੀ ਮੁਕਾਬਲੇ ਦੁਆਰਾ ਚੁਣਿਆ ਗਿਆ ਸੀ। ਨੈਸ਼ਨਲ ਬੁੱਕ ਟਰੱਸਟ ਇੰਡੀਆ ਵੱਲੋਂ ਇਨ੍ਹਾਂ ਨੂੰ ਛੇ ਮਹੀਨੇ ਲਈ ਵਜ਼ੀਫਾ ਰਾਸ਼ੀ ਦਿੱਤੀ ਗਈ ਅਤੇ ਉੱਘੇ ਲੇਖਕਾਂ, ਵਿਸ਼ਾ ਮਾਹਰਾਂ ਦੀ ਰਹਿਨੁਮਾਈ ਮੁਹੱਈਆ ਕਰਵਾਈ ਗਈ ਸੀ, ਤਾਂ ਕਿ ਇਹ ਆਪਣੇ ਪ੍ਰਸਤਾਵਿਤ ਖਰੜੇ ਨੂੰ ਕਿਤਾਬੀ ਰੂਪ ਵਿਚ ਢਾਲ ਸਕਣ। ਪੰਜਾਬੀ ਭਾਸ਼ਾ ਵਿੱਚ ਹਰਲੀਨ ਵੱਲੋਂ '.ਗਦਰੀ ਬਾਬਾ ਭਾਈ ਰਣਧੀਰ ਸਿੰਘ' (ਜੀਵਨੀ), ਜਸਪ੍ਰੀਤ ਕੌਰ ਵੱਲੋਂ '.ਗਦਰ ਦੀ ਰਾਹ 'ਤੇ' (ਨਾਵਲ) ਤੇ ਸਰਤਾਜ ਸਿੰਘ ਵੱਲੋਂ 'ਆਜ਼ਾਦੀ ਅੰਦੋਲਨ ਦੇ ਅਣਗੌਲੇ ਨਾਇਕ' (10 ਸੁਤੰਤਰਤਾ ਸੰਗਰਾਮੀਆਂ ਦੀ ਜੀਵਨੀ) ਲਿਖੀਆਂ ਗਈਆਂ। ਟਰੱਸਟ ਨੇ ਇਹ ਤਿੰਨ ਪੁਸਤਕਾਂ ਬੜੀ ਖੂਬਸੂਰਤ ਦਿੱਖ ਨਾਲ ਛਾਪੀਆਂ ਹਨ।*

## ਗ਼ਦਰੀ ਬਾਬਾ ਭਾਈ ਰਣਧੀਰ ਸਿੰਘ (ਜੀਵਨੀ)

**- ਹਰਲੀਨ**

ਦੇਸ਼ ਦੀ ਅਜ਼ਾਦੀ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਅਨੇਕਾਂ ਗ਼ਦਰੀ ਸੂਰਮੇ ਹੋਏ ਹਨ। ਇਨ੍ਹਾਂ ਵਿੱਚੋਂ ਭਾਈ ਰਣਧੀਰ ਸਿੰਘ ਅਜਿਹਾ ਨਾਇਕ ਹੋਇਆ ਏ, ਜਿਸ ਨੂੰ ਰਣਧੀਰ ਸਿੰਘ ਨਾਰੰਗਵਾਲ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਏ। ਉਸ ਦੀ ਜੀਵਨੀ 'ਗ਼ਦਰੀ ਬਾਬਾ ਭਾਈ ਰਣਧੀਰ ਸਿੰਘ' (ਲੇਖਕ: ਹਰਲੀਨ, ਮੁੱਲ : 250 ਰੁਪਏ, ਪੰਨੇ :13+166+8=187, ਸਾਲ: 2022) ਹਰਲੀਨ ਵੱਲੋਂ ਲਿਖੀ ਗਈ ਏ। ਇਸ ਜੀਵਨੀ ਨੂੰ 13 ਮਹੱਤਵਪੂਰਨ ਚੈਪਟਰਾਂ ਵਿੱਚ ਵੰਡਿਆ ਗਿਆ ਏ।

ਗ਼ਦਰ ਲਹਿਰ ਦੀ ਪਿਛੋਕੜ ਦੀ ਗੱਲ ਕਰਦਿਆਂ ਇਸ ਲਹਿਰ ਦੇ ਮੁੱਢ ਤੇ ਮੁੱਢਲੀਆਂ ਸਰਗਰਮੀਆਂ ਦਾ ਜ਼ਿਕਰ ਕੀਤਾ ਗਿਆ ਏ। ਉਪਰੰਤ ਪਿੰਡ ਨਾਰੰਗਵਾਲ ਦੇ ਗ਼ਦਰੀ ਭਾਈ ਸੱਜਣ ਸਿੰਘ ਨਾਰੰਗਵਾਲ, ਲਾਲ ਸਿੰਘ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਏ। ਇਸ ਪਿੰਡ ਦੇ ਕੁਝ ਹੋਰ ਗ਼ਦਰੀ ਲਾਭ ਸਿੰਘ, ਮਸਤਾਨ ਸਿੰਘ, ਮੋਹਨ ਸਿੰਘ, ਭਾਈ ਅਤਰ ਸਿੰਘ ਆਦਿ ਵਿਸ਼ੇਸ਼ ਹਨ। ਭਾਈ ਰਣਧੀਰ ਸਿੰਘ ਦੀ ਸਮੁੱਚੀ ਜੀਵਨੀ ਲਿਖਣ ਲਈ ਮੂਲ ਸਰੋਤ ਵਜੋਂ ਭਾਈ ਰਣਧੀਰ ਸਿੰਘ ਦੀ ਪੁਸਤਕ 'ਜੇਲ੍ਹ ਚਿੱਠੀਆਂ' ਨੂੰ ਵਰਤਿਆ ਗਿਆ ਏ। ਇਸ ਤੋਂ ਇਲਾਵਾ ਹੋਰ ਅਨੇਕਾਂ ਸਰੋਤਾਂ ਨਾਲ ਰਣਧੀਰ ਸਿੰਘ ਦਾ ਬਿੰਬ ਉਭਾਰਿਆ ਗਿਆ ਏ।

ਆਰਥਿਕ ਤੌਰ 'ਤੇ ਅਮੀਰ ਸਰਦਾਰ ਨੱਥਾ ਸਿੰਘ ਜਿਹੜੇ ਕਿ ਨਾਭਾ ਰਿਆਸਤ ਵਿੱਚ ਉਸ ਵੇਲੇ ਜੱਜ ਸਨ, ਦੇ ਘਰ ਰਣਧੀਰ ਸਿੰਘ ਦਾ ਜਨਮ ਹੋਇਆ। ਉਨ੍ਹਾਂ ਨੇ ਐੱਫ.ਏ., ਬੀ.ਏ. ਦੀ



ਪੜ੍ਹਾਈ ਲਾਹੌਰ ਕਾਲਜ ਤੋਂ ਕੀਤੀ। ਪੜ੍ਹਦਿਆਂ ਹੀ ਉਨ੍ਹਾਂ ਅੰਦਰ ਗੁਰਬਾਣੀ ਪ੍ਰਤੀ ਸਨੇਹ ਪੈਦਾ ਹੋ ਗਿਆ ਸੀ। ਦੇਸ਼ ਨੂੰ ਆਜ਼ਾਦੀ ਦਿਵਾਉਣ 'ਚ ਰਣਧੀਰ ਸਿੰਘ ਦਾ ਯੋਗਦਾਨ ਅਮੁੱਲ ਏ। ਉਸ ਨੇ ਲੁਧਿਆਣੇ ਦੇ ਮਾਲਵਾ ਖਾਲਸਾ ਸਕੂਲ ਵਿਚ ਗ਼ਦਰੀ ਬਾਬਿਆਂ ਨਾਲ ਮਿਲ ਕੇ ਦੇਸ਼ ਨੂੰ ਗੋਰਿਆਂ ਤੋਂ ਮੁਕਤ ਕਰਨ ਲਈ ਬਹੁਤ ਵੱਡਾ ਕਾਰਜ ਕੀਤਾ ਸੀ। ਉਸ ਵੇਲੇ ਰਣਧੀਰ ਸਿੰਘ ਦਾ ਬਿੰਬ ਪ੍ਰਸਿੱਧ ਕੀਰਤਨ ਕਰਨ ਵਾਲਾ ਸੀ। ਉਹ ਆਪਣਾ ਕੀਰਤਨ ਜੱਥੇ ਲੈ ਕੇ ਫ਼ੌਜਾਂ ਵਿੱਚ ਜਾਂਦੇ ਤੇ ਉੱਥੇ ਲੁਕਵੇਂ ਢੰਗ ਨਾਲ 'ਗ਼ਦਰ ਗੂੰਜਾਂ' ਪੜ੍ਹਦੇ ਤੇ ਗ਼ਦਰ ਲਹਿਰ ਦਾ ਪ੍ਰਚਾਰ ਕਰਦੇ। ਰਣਧੀਰ ਸਿੰਘ ਦਾ ਗ਼ਦਰ ਲਹਿਰ ਨਾਲ ਵਿਦਿਆਰਥੀਆਂ ਨੂੰ ਜੋੜਨ ਦਾ ਕਾਰਜ ਮਹੱਤਵਪੂਰਨ ਹੈ। ਇਸ ਤਰ੍ਹਾਂ ਉਸ ਨੇ ਗ਼ਦਰ ਲਹਿਰ ਨੂੰ ਪੈਦਾ ਕਰਨ ਲਈ ਪਹਿਲੇ ਪੜਾਅ 'ਤੇ ਨੌਜਵਾਨ ਮੁੰਡਿਆਂ ਨੂੰ ਤਿਆਰ ਕੀਤਾ। ਗੁਰਦੁਆਰਾ ਰਕਾਬਗੰਜ ਵਿਦਰੋਹ ਦੇ ਮਸਲੇ ਉੱਤੇ ਰਣਧੀਰ ਸਿੰਘ ਨੇ ਗੋਰਿਆਂ ਵਿਰੁੱਧ ਵਿਸ਼ਾਲ ਜਨ ਸਮੂਹ ਤਿਆਰ ਕੀਤਾ। 1915 ਦੇ ਗ਼ਦਰ ਤੇ ਬਗਾਵਤ ਕਰਨ ਦੇ ਜੁਰਮ ਵਜੋਂ ਰਣਧੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਜਾਂਦਾ ਏ। ਉਪਰੰਤ ਵਾਅਦਾ ਮੁਆਫ਼ ਗਵਾਹੀ ਲਈ ਦਬਾਅ ਪਾਇਆ ਜਾਂਦਾ ਏ, ਪਰ ਰਣਧੀਰ ਸਿੰਘ ਸਰਕਾਰੀ ਤੰਤਰ ਅੱਗੇ ਝੁਕਦਾ ਨਹੀਂ। ਫਿਰ ਪਹਿਲਾਂ ਲਾਹੌਰ ਸਾਜ਼ਿਸ਼ ਕੇਸ, 1914-15 ਸ਼ੁਰੂ ਹੋ ਜਾਂਦਾ ਏ। 14 ਪੰਨਿਆਂ ਦੇ ਜਜਮੈਂਟ ਕੇਸ ਵਿੱਚ ਰਣਧੀਰ ਸਿੰਘ ਨੂੰ ਦੋਸ਼ੀ ਸਿੱਧ ਕੀਤਾ ਜਾਂਦਾ ਏ ਤੇ ਉਸ ਨੂੰ ਮੁਲਤਾਨ ਜੇਲ੍ਹ ਵਿਚ ਭੇਜ ਦਿੱਤਾ ਜਾਂਦਾ ਏ। ਜੀਵਨੀ 'ਚ ਮੁਲਤਾਨ, ਹਜ਼ਾਰੀ ਬਾਗ, ਰਾਜਮੰਦਰੀ ਤੇ ਨਾਗਪੁਰ ਜੇਲ੍ਹ ਦੇ ਤਸੀਹੇ ਵਿਸਥਾਰ ਨਾਲ ਬਿਆਨ ਕੀਤੇ ਗਏ ਨੇ। ਇਸ ਦੌਰਾਨ ਰਣਧੀਰ ਸਿੰਘ ਦੇ ਸਾਥੀ ਕੈਦੀ ਹਜ਼ਾਰੀ ਬਾਗ ਜੇਲ੍ਹ ਵਿੱਚੋਂ ਭੱਜਦੇ ਨੇ, ਫੜੇ ਜਾਂਦੇ ਨੇ ਤੇ ਉਨ੍ਹਾਂ 'ਤੇ ਜ਼ੁਲਮ ਹੁੰਦੇ ਨੇ। ਰਣਧੀਰ ਸਿੰਘ ਜੇਲ੍ਹ ਵਿਚ ਕੈਦੀਆਂ ਦੇ ਹੱਕਾਂ ਲਈ ਇਨਸਾਫ਼ ਲਈ ਸੰਘਰਸ਼ ਕਰਦੇ ਰਹਿੰਦੇ ਹਨ। ਇਸ ਲਈ ਉਨ੍ਹਾਂ ਨੇ ਜੇਲ੍ਹ ਵਿੱਚ ਬੇਅੰਤ ਕਸ਼ਟ ਹੰਢਾਏ। ਇਸ ਸੰਘਰਸ਼ ਵਿਚ ਉਹ ਕਦੇ ਵੀ ਥਿੜਕੇ ਨਹੀਂ। ਪੁਸਤਕ 'ਚ ਰਣਧੀਰ ਸਿੰਘ ਦੀ ਭਗਤ ਸਿੰਘ ਨਾਲ ਮੁਲਾਕਾਤ ਦੇ ਪ੍ਰਸੰਗ ਨੂੰ ਵੀ ਵਿਸਥਾਰ ਨਾਲ ਲਿਖਿਆ ਗਿਆ ਏ। ਲਾਹੌਰ ਸੈਂਟਰਲ ਜੇਲ੍ਹ ਤੋਂ ਰਿਹਾਈ ਦੇ ਦਿਨ ਰਣਧੀਰ ਸਿੰਘ ਦੀ ਜੇਲ੍ਹ ਵਿੱਚ ਭਗਤ ਸਿੰਘ ਨਾਲ ਮੁਲਾਕਾਤ ਹੁੰਦੀ ਏ। ਇਸ ਮੁਲਾਕਾਤ ਦਾ ਜ਼ਿਕਰ 'ਜੇਲ੍ਹ ਚਿੱਠੀਆਂ' ਵਿਚ ਦਰਜ ਏ। ਉਸ ਮੁਲਾਕਾਤ ਸਮੇਂ ਕਿਹੜੀ ਵਿਚਾਰ ਚਰਚਾ ਹੋਈ। ਕਿਨ੍ਹਾਂ ਮੁੱਦਿਆਂ 'ਤੇ ਸੰਵਾਦ ਹੋਇਆ, ਇਸ ਦੀ ਜਾਣਕਾਰੀ ਸਾਨੂੰ ਜੇਲ੍ਹ ਚਿੱਠੀਆਂ ਵਿੱਚ ਹੀ ਪੜ੍ਹਨ ਨੂੰ ਮਿਲਦੀ ਏ। ਭਗਤ ਸਿੰਘ ਇਸ ਮਸਲੇ 'ਤੇ ਕਿਵੇਂ ਸੋਚਦੇ ਸਨ। ਉਹ ਪੱਖ ਸਾਡੇ ਸਾਹਮਣੇ ਨਹੀਂ ਆਇਆ। ਕਿਤਾਬ ਬੜੇ ਵਿਸਥਾਰ ਨਾਲ ਰਣਧੀਰ ਸਿੰਘ ਦੇ ਦੇਸ਼ ਭਗਤੀ ਵਾਲੇ ਬਿੰਬ ਨੂੰ ਉਭਾਰਦੀ ਏ। ਰਣਧੀਰ ਸਿੰਘ ਦੀ ਦ੍ਰਿਸ਼ਟੀ, ਸੋਚ, ਵਿਚਾਰਧਾਰਾ ਤੇ ਪ੍ਰਤੀਬੱਧਤਾ ਨੂੰ ਜਾਨਣ ਲਈ ਇਹ ਪੁਸਤਕ ਮੁੱਲਵਾਨ ਏ।

## ਗ਼ਦਰ ਦੀ ਰਾਹ 'ਤੇ (ਨਾਵਲ)

**- ਜਸਪ੍ਰੀਤ ਕੌਰ**

ਗ਼ਦਰੀ ਬੰਤਾ ਸਿੰਘ ਸੰਘਵਾਲ ਦੀ ਜੀਵਨੀ 'ਤੇ ਅਧਾਰਿਤ ਨਾਵਲ 'ਗ਼ਦਰ ਦੀ ਰਾਹ 'ਤੇ' (ਲੇਖਕ ਜਸਪ੍ਰੀਤ ਕੌਰ, ਮੁੱਲ: 245, ਪੰਨੇ :13+170=183, ਸਾਲ: 2022, ਪ੍ਰਕਾਸ਼ਕ: ਨੈਸ਼ਨਲ ਬੁੱਕ ਟਰੱਸਟ, ਇੰਡੀਆ) ਨੌਜਵਾਨ ਲੇਖਕਾ ਜਸਪ੍ਰੀਤ ਕੌਰ ਨੇ ਲਿਖਿਆ ਏ। ਬੰਤਾ ਸਿੰਘ ਸੰਘਵਾਲ ਜਲੰਧਰ ਦੇ



ਸੰਘਵਾਲ ਪਿੰਡ ਦਾ ਅਜਿਹਾ ਗ਼ਦਰੀ ਹੋਇਆ ਏ, ਜਿਸ ਨੇ ਆਜ਼ਾਦੀ ਅੰਦੋਲਨ ਵਿੱਚ ਬੜੀ ਬਹਾਦਰੀ ਨਾਲ ਯੋਗਦਾਨ ਪਾਇਆ। ਬੰਤਾ ਸਿੰਘ ਸੰਘਵਾਲ ਦੁਆਬੇ ਦੇ ਪਿੰਡ ਸੰਘਵਾਲ ਦੇ ਸ਼ਾਹੂਕਾਰ ਦਾ ਮੁੰਡਾ ਸੀ। ਪੜ੍ਹਿਆ-ਲਿਖਿਆ ਤੇ ਰੱਬ ਦੀ ਰਜ਼ਾ ਵਿੱਚ ਰਹਿਣ ਵਾਲਾ ਬੰਤਾ ਸਿੰਘ ਸ਼ੁਰੂ ਵਿੱਚ ਹੀ ਵੱਖਰੀ ਸੁਰ ਦਾ ਮੁੰਡਾ ਉਭਰਨ ਲੱਗਦਾ ਏ। ਪਿੰਡ 'ਚ ਹੀ ਸਕੂਲ, ਲਾਇਬ੍ਰੇਰੀ ਤੇ ਹਸਪਤਾਲ ਦਾ ਨਿਰਮਾਣ ਆਮ ਲੋਕਾਂ ਲਈ ਕਰਦਾ ਏ, ਜਦ ਕਿ ਉਸ ਦਾ ਪਿਤਾ ਬੂਟਾ ਸਿੰਘ ਪਿੰਡ ਦਾ ਸ਼ਾਹੂਕਾਰ ਸੀ, ਜਿਸ ਦਾ ਕੰਮ ਲੋਕਾਂ ਦਾ ਲਹੂ ਚੂਸਣਾ ਸੀ। ਦੂਜੇ ਪਾਸੇ ਬੰਤਾ ਸਿੰਘ ਲੋੜਵੰਦਾਂ ਦੀ ਸਹਾਇਤਾ ਤਾਂ ਪੜ੍ਹਦਿਆਂ ਹੀ ਕਰਨ ਲੱਗ ਪਿਆ ਸੀ। ਪਿਤਾ ਆਰਥਿਕ ਤੌਰ 'ਤੇ ਤਕੜਾ ਹੋਣ ਕਾਰਨ ਬੰਤਾ ਸਿੰਘ ਨੂੰ ਪੜ੍ਹਨ ਅਮਰੀਕਾ ਭੇਜ ਦਿੱਤਾ ਜਾਂਦਾ ਏ। ਉੱਥੇ ਉਹ ਭਾਰਤੀਆਂ ਦੀ ਹੁੰਦੀ ਬੇਇੱਜ਼ਤੀ ਵੇਖਦਾ ਏ। ਉੱਥੇ ਹੀ ਉਸ ਦਾ ਮਿਲਾਪ ਸੋਹਣ ਸਿੰਘ ਭਕਨਾ, ਲਾਲਾ ਹਰਦਿਆਲ ਤੇ ਕਰਤਾਰ ਸਿੰਘ ਸਰਾਭਾ ਨਾਲ ਹੁੰਦਾ ਏ। ਉਨ੍ਹਾਂ ਦੀ ਪ੍ਰੇਰਨਾ ਨਾਲ ਬੰਤਾ ਸਿੰਘ ਸਕਾਲਰਸ਼ਿਪ ਨਾਲ ਵਿਦਿਆਰਥੀਆਂ ਨੂੰ ਵਿਦੇਸ਼ ਪੜ੍ਹਨ ਲਈ ਸੱਦਾ ਦਿੰਦਾ ਏ। ਇੰਝ ਉਹ ਗ਼ਦਰ ਪਾਰਟੀ ਵਿੱਚ ਸਰਗਰਮ ਹੋ ਜਾਂਦਾ ਏ। ਅੰਤ ਆਪਣੇ ਪਿੰਡ ਆ ਕੇ ਗ਼ਦਰ ਲਹਿਰ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੰਦਾ ਏ। ਵੇਖਦੇ-ਵੇਖਦੇ ਉਸ ਮਗਰ ਇਕ ਕਾਫ਼ਲਾ ਬਣ ਜਾਂਦਾ ਏ। ਫਿਰ ਆਪਣੇ ਬਣਾਏ ਕਾਫ਼ਲੇ ਨਾਲ ਗ਼ਦਰ ਦਾ ਪ੍ਰਚਾਰ ਦੁਆਬੇ ਵਿਚ ਕਰਦਾ ਏ। ਤੇ ਗ਼ਦਰ 'ਚ ਸ਼ਾਮਲ ਹੋਣ ਲਈ ਰੇਲਵੇ ਦੀਆਂ ਪਟੜੀਆਂ ਪੁੱਟਣ, ਟੈਲੀਫੋਨ ਦੀਆਂ ਤਾਰਾਂ ਕੱਟਣ ਤੇ ਛਾਉਣੀਆਂ ਤੋਂ ਹਥਿਆਰ ਖੋਹਣ ਦਾ ਪ੍ਰੋਗਰਾਮ ਉਲੀਕਦਾ ਏ। ਬੰਤਾ ਸਿੰਘ ਦੀਆਂ ਸਰਗਰਮੀਆਂ ਵੇਖ ਕੇ ਬਰਤਾਨਵੀ ਸਰਕਾਰ ਉਸ ਦੀ ਗ੍ਰਿਫ਼ਤਾਰੀ ਦੇ ਵਾਰੰਟ ਜਾਰੀ ਕਰਦੀ ਏ। ਪੁਲਸ ਉਸ ਦੇ ਘਰ ਮੂਹਰੇ ਸੱਤ ਸਾਲ ਪੁਲਸ ਚੌਂਕੀ ਬਿਠਾਈ ਰੱਖਦੀ ਏ। ਤੇ ਇਕ ਦਿਨ ਉਸ ਦਾ ਆਪਣਾ ਰਿਸ਼ਤੇਦਾਰ ਉਸ ਨੂੰ ਫੜਾ ਦਿੰਦਾ ਏ।

ਜਸਪ੍ਰੀਤ ਕੌਰ ਨੇ ਨਾਵਲ ਵਿਚ ਕੇਵਲ ਬੰਤਾ ਸਿੰਘ ਦੀ ਜੀਵਨੀ ਹੀ ਗਲਪੀ ਰੂਪ 'ਚ ਪੇਸ਼ ਨਹੀਂ ਕੀਤੀ, ਬਲਕਿ ਉੱਨੀਵੀਂ ਸਦੀ ਦੇ ਅਖੀਰਲੇ ਦਹਾਕੇ ਦਾ ਰਹਿਣ-ਸਹਿਣ, ਭੁੱਖਮਰੀ, ਕਾਲ ਪੈਣ, ਵੱਡੀ ਗਿਣਤੀ ਵਿੱਚ ਗੱਭਰੂਆਂ ਦਾ ਫੌਜ ਵਿਚ ਭਰਤੀ ਹੋਣ, ਖੇਤੀ ਸੰਕਟ ਆਦਿ ਮਸਲੇ ਵੀ ਉਭਾਰੇ ਹਨ।

ਬੰਤਾ ਸਿੰਘ ਨਾਵਲ ਵਿੱਚ ਇਕ ਨਾਇਕ ਦੇ ਤੌਰ 'ਤੇ ਉੱਭਰਦਾ ਏ। ਉਸ ਦੀ ਜਿਹੜੀ ਸੋਚ ਬਣਦੀ ਏ, ਉਹਦੇ ਕਾਰਨ ਨਾਵਲ ਵਿਚ ਪਏ ਨੇ। ਬੰਤਾ ਸਿੰਘ ਦੇ ਮਨ ਵਿੱਚ ਕਿਤੇ ਨਾ ਕਿਤੇ ਮਨੁੱਖਤਾ ਦੇ ਗੁਣ ਨਾਵਲੀ ਬਿਰਤਾਂਤ ਦਾ ਮੁੱਖ ਹਿੱਸਾ ਰਹੇ ਨੇ। ਜਿਹੜੇ ਮਾਤੜ ਕਿਸਾਨ ਉਸ ਦੇ ਪਿਤਾ ਦੇ ਕਰਜ਼ੇ ਥੱਲੇ ਦੱਬੇ ਪਏ ਸਨ, ਉਨ੍ਹਾਂ ਦੀਆਂ ਜ਼ਮੀਨਾਂ ਅਜ਼ਾਦ ਕਰਵਾਉਂਦਾ ਏ। ਲੇਖਕਾਂ ਨੇ ਅਮਰੀਕਾ ਵਿੱਚ ਹੁੰਦੇ ਗ਼ਦਰੀਆਂ ਦੀਆਂ ਮੀਟਿੰਗਾਂ ਨੂੰ ਗਲਪ ਵਿਚ ਵਿਸਥਾਰ ਨਾਲ ਢਾਲਿਆ ਏ। ਕਰਤਾਰ ਸਿੰਘ ਸਰਾਭਾ ਅਤੇ ਬੰਤਾ ਸਿੰਘ ਕਿਉਂਕਿ ਘਰੋਂ ਅਮੀਰ ਪਰਵਾਰ ਦੇ ਮੁੰਡੇ ਸਨ। ਕਰਤਾਰ ਸਿੰਘ ਸਰਾਭੇ ਦੇ ਦਾਦੇ ਕੋਲ ਤਿੰਨ ਸੌ ਏਕੜ ਜ਼ਮੀਨ ਸੀ ਤੇ ਬੰਤਾ ਸਿੰਘ ਦਾ ਪਿਤਾ ਇਲਾਕੇ ਦਾ ਵੱਡਾ ਸ਼ਾਹੂਕਾਰ ਸੀ, ਜਿਸ ਕਰਕੇ ਉਹ ਉੱਥੇ ਭਾਰਤੀ ਪਰਵਾਸੀਆਂ ਦੀ ਆਰਥਿਕ ਸਹਾਇਤਾ ਕਰਦੇ ਰਹਿੰਦੇ ਸਨ ਪਰ ਉਨ੍ਹਾਂ ਦਾ ਮੁੱਖ ਟੀਚਾ ਬਰਤਾਨਵੀ ਹਾਕਮਾਂ ਤੋਂ ਆਪਣਾ ਦੇਸ਼ ਆਜ਼ਾਦ ਕਰਵਾਉਣਾ ਸੀ। ਅੰਤ ਫੜੇ ਜਾਣ 'ਤੇ ਬੰਤਾ ਸਿੰਘ ਉੱਤੇ ਤਿੰਨ ਮੁਕੱਦਮੇ ਚਲਾਏ ਜਾਂਦੇ ਨੇ, ਜ਼ੈਲਦਾਰ ਚੰਦਾ ਸਿੰਘ ਦਾ ਕਤਲ ਕੇਸ, ਅਨਾਰਕਲੀ ਬਜ਼ਾਰ ਲਾਹੌਰ ਕਤਲ ਕੇਸ, ਡਾਈਨਾਮਾਈਟ ਕੇਸ ਤੇ ਵੱਲੇ ਪੁਲ ਵਾਲੀ ਗਾਰਦ ਤੋਂ ਹਥਿਆਰ ਖੋਹਣ ਸੰਬੰਧੀ ਕੇਸ। ਬੰਤਾ ਸਿੰਘ ਨੂੰ ਫਾਂਸੀ ਦੀ ਸਜ਼ਾ ਨਾਲ ਨਾਵਲ ਸਮਾਪਤੀ ਵੱਲ ਵਧਦਾ ਏ।

## ਆਜ਼ਾਦੀ ਅੰਦੋਲਨ ਦੇ ਅਣਗੌਲੇ ਨਾਇਕ (ਜੀਵਨੀ)

**- ਸਰਤਾਜ ਸਿੰਘ**

ਆਜ਼ਾਦੀ ਅੰਦੋਲਨ ਦੇ ਅਜਿਹੇ ਨਾਇਕ ਜੋ ਸਮਾਜਿਕ ਦਰਜੇਬੰਦੀ ਕਾਰਨ ਹਾਸ਼ੀਏ ਉੱਤੇ ਧੱਕ ਦਿੱਤੇ ਗਏ ਸਨ। ਇਨ੍ਹਾਂ 10 ਨਾਇਕਾਂ ਬਾਰੇ ਨੌਜਵਾਨ ਲੇਖਕ ਸਰਤਾਜ ਸਿੰਘ ਨੇ ਜੀਵਨੀ ਮੂਲਕ ਲੇਖ ਲਿਖੇ ਹਨ। 'ਅਣਗੌਲੇ ਨਾਇਕ' (ਲੇਖਕ ਸਰਤਾਜ ਸਿੰਘ, ਮੁੱਲ: 160 ਰੁਪਏ, ਪੰਨੇ : 94, ਸਾਲ: 2022, ਪ੍ਰਕਾਸ਼ਕ: ਨੈਸ਼ਨਲ ਬੁੱਕ ਟਰੱਸਟ, ਇੰਡੀਆ) ਇਨ੍ਹਾਂ ਅਣਗੌਲੇ ਨਾਇਕਾਂ ਬਾਰੇ ਇਤਿਹਾਸ ਵਿੱਚ ਬਹੁਤ ਘੱਟ ਜ਼ਿਕਰ ਮਿਲਦਾ ਏ। ਪੁਸਤਕ ਦੇ ਲੇਖਕ ਸਰਤਾਜ ਸਿੰਘ ਨੇ ਆਪਣੀ ਸਮਰੱਥਾ ਨਾਲ ਦਲਿਤ ਤੇ ਆਦਿਵਾਸੀ ਸੁਤੰਤਰਤਾ ਸੰਗਰਾਮੀ 10 ਨਾਇਕਾਂ ਦੀ ਖੋਜ ਕੀਤੀ ਏ। ਇਨ੍ਹਾਂ ਨਾਇਕਾਂ ਨੇ ਆਪਣੀ-ਆਪਣੀ ਪੱਧਰ ਉੱਤੇ ਭਾਰਤ ਦੀ ਆਜ਼ਾਦੀ ਅੰਦੋਲਨ ਵਿਚ ਆਪਣੀ ਬਹਾਦਰੀ ਕਾਰਨ ਯੋਗਦਾਨ ਪਾਇਆ ਏ। ਲੇਖਕ ਦੀ ਧਾਰਨਾ ਏ ਕਿ ਭਾਰਤੀ ਸਮਾਜ ਨੇ ਇਨ੍ਹਾਂ ਅਣਗੌਲੇ ਦੇਸ਼ ਭਗਤਾਂ ਨੂੰ ਹਾਸ਼ੀਏ ਉੱਤੇ ਧੱਕ ਦਿੱਤਾ ਏ। ਇਨ੍ਹਾਂ ਦੇਸ਼ ਭਗਤਾਂ ਨੂੰ ਗ਼ਦਰ ਲਹਿਰ ਦੀ ਮੁੱਖ ਧਾਰਾ 'ਚ ਲੈ ਕੇ ਆਉਣਾ ਕਿਤਾਬ ਦਾ ਮੁੱਖ ਉਦੇਸ਼ ਏ।

ਪੁਸਤਕ 'ਚ ਮਤਾਦੀਨ ਵਾਲਮੀਕੀ, ਉਦਾ ਦੇਵੀ ਅਤੇ ਮੱਕਾ ਪਾਸੀ, ਮਹੰਗੂ ਰਾਮ, ਪੀਤਾਂਮਬਰ ਅਤੇ ਨੀਲਾਂਮਬਰ ਸ਼ਾਹੀ, ਚੇਤਰਾਮ ਜਾਟਵ ਅਤੇ ਬੱਲੂ ਮੇਹਤਰ, ਰਘੁਨਾਥ ਮਹਤੋ, ਬਿਰਸਾ ਮੁੰਡਾ, ਸੀਧੋ ਅਤੇ ਕਾਹਨੋ, ਮਹਾਬੀਰੀ ਦੇਵੀ ਵਾਲਮੀਕ, ਝਲਕਾਰੀ ਬਾਈ ਆਦਿ ਗ਼ਦਰੀ ਨਾਇਕਾਂ ਦੀ ਕਹਾਣੀ ਦੱਸੀ



ਗਈ ਏ। ਭਾਰਤ ਦੇ ਆਜ਼ਾਦੀ ਅੰਦੋਲਨ 'ਚ ਦਲਿਤ ਅਤੇ ਆਦਿਵਾਸੀ ਲੋਕਾਂ ਦੇ ਆਪਣੇ ਨਾਇਕ ਵੀ ਰਹੇ ਹਨ। ਉਨ੍ਹਾਂ ਦੇ ਨਾਇਕ ਕੁੰਵਰ ਸਿੰਘ, ਤਾਂਤੀਆ ਟੋਪੇ ਅਤੇ ਨਾਨਾ ਸਾਹਿਬ ਹੀ ਨਹੀਂ, ਬਲਕਿ ਚੇਤ ਰਾਮ, ਬਾਂਕੇ ਅਤੇ ਬਿਰਸਾ ਮੁੰਡਾ ਵਰਗੇ ਬਹਾਦਰ ਨਾਇਕ ਵੀ ਹਨ।

ਭਾਰਤੀ ਇਤਿਹਾਸ ਇਨ੍ਹਾਂ ਤੱਥਾਂ ਅਤੇ ਅੰਕੜਿਆਂ ਨਾਲ ਭਰਿਆ ਪਿਆ ਹੈ, ਜਿਸ ਦੇ ਅਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਦਲਿਤਾਂ ਅਤੇ ਅਛੂਤਾਂ ਨੇ ਸੈਨਾ ਵਿਚ ਹੁੰਦਿਆਂ ਹੋਇਆਂ ਬਹਾਦਰੀ ਭਰੇ ਕਾਰਨਾਮੇ ਕੀਤੀ ਸਨ। ਲੇਖਕ ਦੀ ਧਾਰਨਾ ਏ ਕਿ ਕਿਤਾਬ ਵਿਚਲੇ ਨਾਇਕ ਗੁੰਮਨਾਮ ਬਣ ਕੇ ਰਹਿ ਗਏ ਨੇ। ਕਿਉਂਕਿ ਭਾਰਤੀ ਪੱਧਰ ਉੱਤੇ ਇਨ੍ਹਾਂ ਨੂੰ ਐਨਾ ਉਭਾਰਿਆ ਨਹੀਂ ਗਿਆ। ਇਸ ਪਿੱਛੇ ਅਨੇਕਾਂ ਕਾਰਨ ਹੋ ਸਕਦੇ ਨੇ। ਅੰਤਿਕਾ 'ਚ ਲੇਖਕ ਲਿਖਦਾ ਏ ਕਿ ਆਜ਼ਾਦੀ ਸੰਗਰਾਮ ਵਿਚ ਅਛੂਤਾਂ ਅਤੇ ਆਦਿਵਾਸੀਆਂ ਨੇ ਜੋ ਯੋਗਦਾਨ ਦਿੱਤਾ, ਉਸ ਨੂੰ ਹਾਸ਼ੀਏ ਉੱਤੇ ਧੱਕ ਦਿੱਤਾ ਗਿਆ ਏ। ਅਕਾਦਮਿਕ ਹਲਕਿਆਂ 'ਚ ਵੀ ਇਸ ਸੰਗਰਾਮ ਨਾਲ ਜੁੜੇ ਕੁਝ ਇਕ ਨਾਇਕਾਂ ਨੂੰ ਉਭਾਰਿਆ ਗਿਆ ਏ, ਬਾਕੀਆਂ ਨੂੰ ਹਨੇਰੇ 'ਚ ਸੁੱਟ ਦਿੱਤਾ ਗਿਆ। ਉੱਤਰੀ-ਭਾਰਤ ਦੀ ਹਿੰਦੀ ਪੱਟੀ ਵਿਚ ਬੀਤੀ ਸਦੀ ਦੇ ਅੰਤਲੇ ਦਹਾਕੇ ਵਿਚ ਦਲਿਤ, ਪੱਛੜਾ ਤੇ ਆਦਿਵਾਸੀ ਉਭਾਰ ਵੇਖਣ-ਪੜ੍ਹਨ ਨੂੰ ਨਹੀਂ ਮਿਲਦਾ। ਉਸ ਉਭਾਰ ਦੇ ਕਾਰਨ ਹੀ ਮਤਾਦੀਨ ਹੇਲਾ ਅਤੇ ਉਸ ਦੀ ਪਤਨੀ ਲਾਜੋ, ਝਲਕਾਰੀ ਬਾਈ, ਅਵੰਤੀਬਾਈ ਲੋਧੀ, ਉਦਾ ਦੇਵੀ, ਬਿਜਲੀ ਪਾਸੀ ਵਰਗੇ ਨਾਂਅ ਸਾਹਮਣੇ ਨਾ ਆਉਂਦੇ, ਜਿਨ੍ਹਾਂ ਨੇ ਭਾਰਤ ਦੀ ਆਜ਼ਾਦੀ ਸੰਗਰਾਮ ਵਿਚ ਕ੍ਰਾਂਤੀਕਾਰੀ ਯੋਗਦਾਨ ਪਾਇਆ ਸੀ। ਪਿਛਲੇ ਪੰਜਾਹ ਸਾਲਾਂ ਤੋਂ ਇਨ੍ਹਾਂ ਖੇਤਰਾਂ ਵਿੱਚੋਂ ਅਣਗੌਲੇ ਨਾਇਕ ਸਾਡੇ ਸਾਹਮਣੇ ਆਉਣ ਲੱਗੇ, ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕੁਰਬਾਨੀਆਂ ਦਿੱਤੀਆਂ।

# ਪੁਸਤਕ ਰੀਵਿਊ

## ਹੁਣ ਮੈਂ ਕਿਸੇ ਜੋਗਾ ਨਹੀਂ ਰਿਹਾ

**ਮਨਦੀਪ ਮਨਸੂਹਾ**
**ਪੰਨੇ-128, ਮੁੱਲ-249 (ਪੇਪਰਬੈਕ)**
**ਪੰਜਾਬੀ ਕਵੀ ਪਬਲੀਕੇਸ਼ਨ, ਮੋਗਾ**

ਮਨਦੀਪ ਮਨਸੂਹਾ ਆਪਣੇ ਪਲੇਠੇ ਕਾਵਿ-ਸੰਗ੍ਰਹਿ 'ਹੁਣ ਮੈਂ ਕਿਸੇ ਜੋਗਾ ਨਹੀਂ' ਰਾਹੀਂ ਪਾਠਕਾਂ ਦੇ ਸਨਮੁਖ ਹੋਇਆ ਹੈ। ਇਸ ਪੁਸਤਕ ਵਿਚ ਕੁਲ ਸਤਵੰਜਾ ਖੁੱਲ੍ਹੀਆਂ ਕਵਿਤਾਵਾਂ ਸ਼ਾਮਲ ਹਨ, ਜਿਨ੍ਹਾਂ ਦਾ ਕੇਂਦਰੀ ਵਿਸ਼ਾ ਮੁਹੱਬਤ ਦਾ ਮਿਲਣਾ, ਉਸ ਦਾ ਵਿਛੋੜਾ ਅਤੇ ਉਸ ਦੇ ਵਾਪਸ ਆਉਣ ਦੀ ਆਸ ਨਾਲ ਸਰਾਬੋਰ ਹੈ। ਜ਼ਿੰਦਗੀ ਵਿਚ ਪਹਿਲਾ ਪਿਆਰ ਕਿਸ ਨੂੰ ਭੁੱਲਦਾ ਹੈ, ਪਰ ਹਰ ਕੋਈ ਆਪਣੇ ਪਿਆਰ ਦੀ ਦਾਸਤਾਨ ਨੂੰ ਅੱਖਰਾਂ ਦਾ ਜਾਮਾ ਪਹਿਨਾਉਣ ਵਿਚ ਸਫ਼ਲ ਨਹੀਂ ਹੋ ਪਾਉਂਦਾ।



ਇਹ ਕਾਵਿ-ਸੰਗ੍ਰਹਿ ਉਨ੍ਹਾਂ ਜਵਾਨ ਦਿਲਾਂ ਨੂੰ ਟੁੰਬਣ ਵਾਲਾ ਹੈ, ਜਿਨ੍ਹਾਂ ਨੂੰ ਉਨ੍ਹਾਂ ਦੀ ਮੁਹੱਬਤ ਨਹੀਂ ਮਿਲੀ ਅਤੇ ਉਹ ਆਪਣੀ ਮੁਹੱਬਤ ਨੂੰ ਯਾਦ ਕਰਦੇ ਹਨ ਅਤੇ ਉਸ ਦੇ ਵਾਪਸ ਆਉਣ ਦੀ ਆਸ ਵਿਚ ਜਿਉਂਦੇ ਹਨ। ਲੇਖਕ ਦੇ ਸ਼ਬਦਾਂ ਵਿੱਚੋਂ ਅੱਲ੍ਹੜ ਉਮਰ ਤਾਂ ਨਹੀਂ, ਪਰ ਅੱਲ੍ਹੜ ਉਮਰ ਵਾਲਾ ਪਿਆਰ ਜ਼ਰੂਰ ਝਲਕਦਾ ਹੈ। ਕਵਿਤਾਵਾਂ ਮੁਹੱਬਤ ਦੇ ਉਸ ਪੜਾਅ ਦੀ ਪੇਸ਼ਕਾਰੀ ਕਰਦੀਆਂ ਹਨ, ਜਿੱਥੇ ਆਸ਼ਿਕ ਇਹ ਤੈਅ ਕਰ ਚੁੱਕਾ ਹੈ ਕਿ ਆਪਣੀ ਮਾਸ਼ੂਕ ਤੋਂ ਬਿਨਾਂ ਹੁਣ ਉਹ ਹੋਰ ਕਿਸੇ ਜੋਗਾ ਨਹੀਂ ਰਿਹਾ ਅਤੇ ਉਹ ਸਾਰੀ ਉਮਰ ਉਸ ਦੀ ਉਡੀਕ ਕਰੇਗਾ। ਕਵਿਤਾਵਾਂ ਦੀ ਲੰਬਾਈ ਚਾਰ ਸਤਰਾਂ ਤੋਂ ਤੇਈ ਸਫ਼ਿਆਂ ਤੱਕ ਫ਼ੈਲਦੀ ਹੈ। ਸਭ ਤੋਂ ਲੰਮੀ ਕਵਿਤਾ 'ਮਿਲਨ' ਹੈ ਜੋ ਆਸ਼ਿਕ ਅਤੇ ਮਾਸ਼ੂਕ ਦੀ ਪਹਾੜਾਂ ਵਿਚ ਮਿਲਣੀ ਦੀ ਦਾਸਤਾਨ ਨੂੰ ਬਿਆਨ ਕਰਦੀ ਹੈ। ਜਿੱਥੇ ਉਹ ਇਕ-ਦੂਜੇ ਲਈ ਧੂਫ਼ ਜਗਾ ਇਕ-ਦੂਜੇ ਨੂੰ ਰੱਬ ਵਾਂਗ ਪੂਜਦੇ ਨਜ਼ਰ ਆਉਂਦੇ ਹਨ ਉਥੇ ਹੀ ਸਰੀਰਕ ਸੁੱਖ ਮਾਨਣ ਦੀ ਚਾਹਤ ਵੀ ਰੱਖਦੇ ਹਨ। ਲੇਖਕ ਕਵਿਤਾਵਾਂ ਵਿਚ ਵਾਰ-ਵਾਰ ਆਸ਼ਿਕ ਦੇ ਮੁਕਤ ਹੋਣ ਬਾਰੇ ਗੱਲ ਕਰਦਾ ਹੈ, ਉਸ ਆਸ਼ਿਕ ਨੇ ਆਪਣੀ ਮਹਿਬੂਬਾ ਦਾ ਨਾਂਅ ਇਬਾਦਤ ਰੱਖਿਆ ਹੈ। ਆਸ਼ਿਕ ਅਤੇ ਮਾਸ਼ੂਕ ਦੇ ਵਿਛੋੜੇ ਵਿਚੋਂ ਹੀ ਸਾਰੀਆਂ ਕਵਿਤਾਵਾਂ ਦਾ ਜਨਮ ਹੋਇਆ ਹੈ।

ਪੁਸਤਕ ਵਿਚ ਪਰੂਫ਼ ਰੀਡਿੰਗ ਦੀ ਅਣਹੋਂਦ ਰਿੱਝੀ ਦਾਲ ਵਿਚ ਕੰਕੜਾਂ ਵਾਂਗ ਰੜਕਦੀ ਹੈ, ਜੋ ਪਾਠਕ ਦੀ ਪੜਤ ਦਾ ਮਜ਼ਾ ਕਿਰਕਿਰਾ ਕਰਦੀ ਹੈ ਜਿਵੇਂ ਭੁਰੀਆਂ ਅੱਖਾਂ (ਸਹੀ ਭੂਰੀਆਂ, ਪੰਨਾ 57), ਮੱਥਾ ਚੂਮਣ (ਸਹੀ ਚੁੰਮਣ, ਪੰਨਾ 29), ਬਿੱਲਕੁੱਲ ਝੱਲੇ (ਸਹੀ ਬਿਲਕੁਲ, ਪੰਨਾ 39), ਪੋੜੀਆਂ (ਸਹੀ ਪੌੜੀਆਂ, ਪੰਨਾ 79), ਜਬਾਬ (ਸਹੀ ਜਵਾਬ, ਪੰਨਾ 119) ਆਦਿ। ਇਹ ਪੁਸਤਕ ਨਿਰੋਲ ਜਜ਼ਬਾਤ ਅਤੇ ਵਲਵਲਿਆਂ ਦਾ ਗੂੜ੍ਹ ਰੂਪ ਪੇਸ਼ ਕਰਦੀ ਹੈ।

ਜ਼ਿੰਦਗੀ ਦੀ ਖੂਬਸੂਰਤੀ ਇਸੇ ਤੱਥ ਵਿਚ ਪਈ ਹੋਈ ਹੈ ਕਿ ਆਉਣ ਵਾਲਾ ਸਮਾਂ ਕਿਹੋ ਜਿਹੇ ਸਿੱਟੇ ਪ੍ਰਦਾਨ ਕਰੇਗਾ, ਇਸ ਤੋਂ ਕੋਈ ਵਾਕਿਫ਼ ਨਹੀਂ ਹੈ। ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿਚ ਮਨਦੀਪ ਮੁਹੱਬਤ ਤੋਂ ਇਲਾਵਾ ਜ਼ਿੰਦਗੀ ਦੀਆਂ ਹੋਰ ਤਲਖ਼-ਹਕੀਕਤਾਂ ਨੂੰ ਵੀ ਆਪਣੀ ਕਲਮ ਦੀ ਨੋਕ ਹੇਠ ਲਿਆਏਗਾ ਅਤੇ ਇਸ ਪੁਸਤਕ ਤੋਂ ਸੇਧ ਲੈਂਦੇ ਹੋਏ ਆਉਣ ਵਾਲੇ ਸਮੇਂ ਵਿਚ ਤਰੁੱਟੀਆਂ ਤੋ ਕਿਨਾਰਾ ਕਰੇਗਾ। ਕਾਵਿ ਰਚਨਾ ਅਤਿ ਸੂਖਮ ਕਲਾ ਹੈ, ਜਿਸ ਲਈ ਗੁਰੂ ਦਾ ਹੋਣਾ ਲਾਜ਼ਮੀ ਸ਼ਰਤ ਹੈ, ਕਿਉਂਕਿ ਗੁਰੂ ਕਵਿਤਾ ਨੂੰ ਸਹੀ ਦਸ਼ਾ ਅਤੇ ਦਿਸ਼ਾ ਪ੍ਰਦਾਨ ਕਰਦਾ ਹੈ। ਇਸ ਆਸ ਨਾਲ ਉਸ ਦੀ ਇਸ ਪਲੇਠੀ ਪੁਸਤਕ ਦਾ ਸਵਾਗਤ ਹੈ।

**— ਸਤਨਾਮ ਕੌਰ**

## ਹੀਰੇ ਦੀ ਤਲਾਸ਼ ਖਤਮ

(ਨਾਵਲ)
**ਬਰਿੰਦਰ ਮਸੌਣ**
**ਸਫ਼ੇ -128, ਮੁੱਲ-200 ਰੁਪਏ**
**ਨਵਰੰਗ ਪਬਲੀਕੇਸ਼ਨ, ਸਮਾਣਾ**

ਪੰਜਾਬੀ ਸਾਹਿਤ ਵਿੱਚ ਬਹੁਤ ਘੱਟ ਸਾਹਿਤ ਅਜਿਹਾ ਹੈ, ਜੋ ਕਿਸੇ ਵਾਪਰਦੀਆਂ ਦੁਰਘਟਨਾਵਾਂ ਤੋਂ ਬਿਨਾਂ ਲਿਖਿਆ ਗਿਆ ਹੈ। ਸਾਹਿਤ ਦੀ ਹਰ ਵਿਧਾ ਕੋਈ ਨਾ ਕੋਈ ਜੀਵਨ ਦੀ ਦੁਖਦਾਇਕ ਘਟਨਾ ਦੁਆਲੇ ਗੁੰਦੀ ਹੋਈ ਹੁੰਦੀ ਹੈ। ਲੇਖਕ ਬਰਿੰਦਰ ਮਸੌਣ ਹਿੰਦੀ ਅਤੇ ਪੰਜਾਬੀ ਦੇ ਲੇਖਕ ਹਨ। ਨਾਵਲ 'ਹੀਰੇ ਦੀ ਤਲਾਸ਼ ਖ਼ਤਮ' ਲੇਖਕ ਬਰਿੰਦਰ ਮਸੌਣ ਜੀਓ ਦਾ ਇੱਕ ਸੁਖਾਂਤਿਕ ਨਾਵਲ ਹੈ। ਇਹ ਨਾਵਲ ਇੱਕ ਆਸ਼ਾਵਾਦੀ ਸੋਚ ਵਿੱਚੋਂ ਉੱਭਰਦਾ ਹੈ। ਆਦਰਸ਼ਵਾਦੀ ਮਾਨਸਿਕਤਾ ਦੀ ਪਕੜ ਵਿੱਚ ਜਕੜਿਆ ਹੋਇਆ ਇਹ ਨਾਵਲ ਪਾਠਕ ਦੀ ਸਹਿਜ ਅਵਸਥਾ ਵਿੱਚ ਚੱਲਦਾ ਹੈ। ਇਸ ਨਾਵਲ ਵਿੱਚ ਗਲਪਕਾਰ ਨੇ ਦਰਸਾਇਆ ਹੈ ਕਿ ਹੀਰੇ ਧਰਤੀ ਦੀ ਕੁੱਖ ਵਿੱਚੋਂ ਹੀ ਨਹੀਂ ਪੈਦਾ ਹੁੰਦੇ, ਇਹ ਮਿਹਨਤ, ਲਗਨ ਅਤੇ ਸੂਝਬੂਝ ਵਿੱਚੋਂ ਵੀ ਪਨਪਦੇ ਹਨ। ਨਾਵਲ ਦਾ ਵਿਸ਼ਾ ਆਤਮ ਵਿਸ਼ਵਾਸ ਸੋਚ ਦੀ ਖ਼ੂਬਸੂਰਤ ਮਿਸਾਲ ਵਿੱਚੋਂ ਉੱਘੜਦਾ ਹੈ। ਨਾਵਲ ਵਿੱਚ 'ਦਿਲਕਸ਼' ਨਾਂਅ ਦਾ ਪਾਤਰ ਬਾਲ ਅਵਸਥਾ ਵਿੱਚ ਰੈਸਟੋਰੈਂਟ ਵਿੱਚ ਬਰਤਨ ਸਾਫ ਕਰਨ ਅਤੇ ਟੇਬਲ ਸਾਫ਼ ਕਰਨ ਦਾ ਕੰਮ ਕਰਦਾ ਹੈ। ਇਹ ਕੰਮ ਉਹ ਬੜੀ ਮਿਹਨਤ ਅਤੇ ਲਗਨ ਨਾਲ ਕਰਦਾ ਹੈ। ਦਿਲਕਸ਼ ਕੰਮ ਕਰਦਿਆਂ ਸਫਾਈ ਦਾ ਖ਼ਾਸ ਖ਼ਿਆਲ ਰੱਖਦਾ ਹੈ। ਸਫ਼ਾਈ, ਮਿਹਨਤ ਅਤੇ ਇਮਾਨਦਾਰੀ ਨਾਲ ਕੀਤੇ ਹੋਏ ਉਸ ਦੇ ਕੰਮ ਦੀ ਰੈਸਟੋਰੈਂਟ ਦਾ ਸਾਰਾ ਸਟਾਫ਼ ਉਸ ਦਾ ਕਦਰਦਾਨ ਹੋ ਜਾਂਦਾ ਹੈ। ਨਾਵਲ ਦਾ ਇੱਕ ਹੋਰ ਪਾਤਰ ਪ੍ਰੇਮ ਬਾਬੂ ਉਸ ਦੇ ਕੰਮ ਤੋਂ ਬੇਹੱਦ ਖੁਸ਼ ਹੈ। ਰੈਸਟੋਰੈਂਟ ਦਾ ਮਾਲਕ ਸਕਸੈਨਾ ਸਾਹਿਬ, ਪ੍ਰੇਮ ਬਾਬੂ ਅਤੇ ਦਿਲਕਸ਼ ਦੇ ਕੰਮ ਤੋਂ ਖੁਸ਼ ਅਤੇ ਤਸੱਲੀ ਮਹਿਸੂਸ ਕਰਦਾ ਹੈ। ਇਸ ਲਈ ਉਹ ਆਪਣੇ ਰੈਸਟੋਰੈਂਟ ਨੂੰ ਹੋਰ ਮੋਡੀਫਾਈ ਕਰਨ ਦੇ ਲਈ ਦੋਨਾਂ ਨੂੰ ਮੁੰਬਈ ਭੇਜਦਾ ਹੈ। ਮੁੰਬਈ ਜਾਣ 'ਤੇ ਇੱਕ ਹੋਰ ਪਾਤਰ ਪ੍ਰੀਖਿਆ ਦਿਲਕਸ਼ ਨੂੰ ਹੱਲਾਸ਼ੇਰੀ ਦਿੰਦੀ ਹੈ। ਇਸ ਤਰ੍ਹਾਂ ਇਸ ਨਾਵਲ ਵਿੱਚ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਦਿਲਕਸ਼ ਰੈਸਟੋਰੈਂਟ ਦੇ ਮੈਨੇਜਰ ਦੀ ਕੁਰਸੀ ਤੱਕ ਪਹੁੰਚ ਜਾਂਦਾ ਹੈ। ਨਾਵਲ ਦਾ ਅਖੀਰ ਰੈਸਟੋਰੈਂਟ ਦ ਮੈਨੇਜਰ ਸਕਸੈਨਾ ਸਾਹਿਬ ਨੂੰ ਹੀਰਾ ਲੱਭ ਜਾਂਦਾ ਹੈ। ਆਦਰਸ਼ਵਾਦੀ ਇਹ ਨਾਵਲ ਮਨੁੱਖ ਦੇ ਪ੍ਰਗਤੀਸ਼ੀਲ ਹੋਣ ਦੀ ਗਵਾਹੀ ਭਰਦਾ ਹੈ। ਲੇਖਕ ਦੇ ਆਸ਼ਾਵਾਦੀ ਮਾਨਸਿਕਤਾ ਨਾਵਲ ਦਾ ਰੂਪ ਨਿਖਾਰਦੀ ਹੈ। ਲੇਖਕ ਪੱਛਮੀ ਅਤੇ ਹਿੰਦੀ ਸਾਹਿਤ ਤੋਂ ਬੇਹੱਦ ਪ੍ਰਭਾਵਿਤ ਹੈ। ਨਾਵਲ ਛੋਟੇ-ਛੋਟੇ ਸੁਖਾਂਤਿਕ ਵਾਕਾਂ ਨਾਲ ਆਪਣੀ ਸੰਪੂਰਨਤਾ ਵੱਲ ਅੱਗੇ ਵਧਦਾ ਹੈ। ਇਸ ਨਾਵਲ ਦੀ ਇੱਕ ਹੋਰ ਖ਼ਾਸ ਖ਼ੂਬਸੂਰਤੀ ਹੈ ਕਿ ਆਪਣੇ ਹਾਵਾਂ-ਭਾਵਾਂ ਨੂੰ ਸ਼ਾਇਰੀ ਨਾਲ ਬਿਆਨ ਕੀਤਾ ਹੋਇਆ ਹੈ। ਨਾਵਲ ਵਿੱਚ ਬਹੁਤੇ ਪਾਤਰਾਂ ਦਾ ਘੜਮੱਸ ਨਹੀਂ ਹੈ। ਬਹੁਤ ਸਾਰੇ ਹਿੰਦੀ ਅਤੇ ਅੰਗਰੇਜ਼ੀ ਦੇ ਸ਼ਬਦਾਂ ਦੀ ਕੀਤੀ ਵਰਤੋਂ ਲੇਖਕ ਦੇ ਸ਼ਬਦ ਭੰਡਾਰ ਵੱਲ ਵੀ ਇਸ਼ਾਰਾ ਕਰਦੀ ਹੈ। ਨਾਵਲ ਦਾ ਸਥਾਨਕ ਚਿਤਰਨ ਪਾਠਕ ਲਈ ਖ਼ੂਬਸੂਰਤ ਹੋ ਨਿਬੜਦਾ ਹੈ। ਨਾਵਲ ਦੀ ਭਾਸ਼ਾ ਸਰਲ ਹੈ। ਪਾਤਰਾਂ ਮੂੰਹੋਂ ਗੱਲ ਕਹਿਣ ਦਾ ਅੰਦਾਜ਼ ਪਾਠਕ ਨੂੰ ਸਕੂਨ ਦਿੰਦਾ ਹੈ। ਪਾਤਰ ਦਿਲਕਸ਼ ਪਾਠਕ ਨੂੰ ਮਿਹਨਤ ਕਰਨ ਲਈ ਪ੍ਰੇਰਿਤ ਕਰਦਾ ਹੈ। ਪ੍ਰੇਮ ਬਾਬੂ ਨਾਂਅ ਦਾ ਪਾਤਰ ਭਾਈਚਾਰਕ ਸਾਂਝ ਦਾ ਸੁਨੇਹਾ ਦਿੰਦਾ ਹੈ। ਨਾਵਲ ਵਿਚਲਾ ਕਾਵਿਕ ਬਿਰਤਾਂਤ ਪਾਠਕ ਨੂੰ ਬੰਨ੍ਹ ਕੇ ਰੱਖਦਾ ਹੈ। ਕਿਸੇ ਵੀ ਲਿਖਤ ਦੀ ਇਹ ਖ਼ੂਬਸੂਰਤੀ ਹੁੰਦੀ ਇਕ ਹੈ ਕਿ ਪਾਠਕ ਉਸ ਦੇ ਨਾਲ ਕਿੰਨਾ ਜੁੜਦਾ ਹੈ। ਇਹ ਨਾਵਲ ਪੰਜਾਬੀ ਸਾਹਿਤ ਵੱਲ ਆਪਣੇ ਕਦਮ ਵਧਾਉਂਦਾ ਹੈ।



**— ਅੰਮ੍ਰਿਤਪਾਲ ਕਲੇਰ**

# ਨਾਮਵਰ ਲੇਖਕ, ਕਵੀ ਅਨੁਵਾਦਕ ਬਲਬੀਰ ਮਾਧੋਪੁਰੀ ਦਾ ਨਿੱਘਾ ਸਨਮਾਨ

**ਜਲੰਧਰ**- ਦੇਸ਼ ਭਗਤ ਯਾਦਗਾਰ ਹਾਲ ਦੇ ਵਿਹੜੇ ਦੀ ਬੁੱਕਲ ਸ਼ਬਦਾਂ ਦੀ ਲੋਅ ਨਾਲ ਉਸ ਮੌਕੇ ਜਗਮਗਾ ਉੱਠੀ ਜਦੋਂ ਬਲਬੀਰ ਮਾਧੋਪੁਰੀ ਨੇ ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬ੍ਰੇਰੀ, ਮਿਊਜ਼ੀਅਮ, ਕਿਤਾਬ ਘਰ ਨੂੰ ਵੇਖਣ ਦੇ ਨਾਲ ਨਾਲ ਸਮਾਜਿਕ ਸਰੋਕਾਰਾਂ ਨਾਲ ਜੁੜੇ ਅਨੇਕਾਂ ਹੀ



ਗੰਭੀਰ ਸਵਾਲਾਂ ਬਾਰੇ ਸੰਵੇਦਨਸ਼ੀਲ ਵਿਚਾਰਾਂ ਕੀਤੀਆਂ।ਦੱਬੇ ਕੁਚਲੇ ਸਮਾਜ ਦੇ ਲੋਕਾਂ ਦੀ ਪੀੜ ਬਲਬੀਰ ਮਾਧੋਪੁਰੀ ਦੀਆਂ ਰਚਨਾਵਾਂ ਵਿੱਚ ਐਨੀ ਕੁ ਰੜਕਦੀ ਹੈ ਕਿ ਪਾਠਕਾਂ ਦੀਆਂ ਰਾਤਾਂ ਦੀ ਨੀਂਦ ਅੱਖੀਆਂ ਚੋਂ ਖੋਹ ਲਾ ਕੇ ਉਡ ਪੁੱਡ ਜਾਂਦੀ ਹੈ। ਇਸ ਵਿਲੱਖਣ ਲੇਖਕ, ਕਵੀ, ਅਨੁਵਾਦਕ ਅਤੇ ਦਰਦਮੰਦਾਂ ਦੇ ਦਰਦੀ, ਪਿਆਰੇ ਇਨਸਾਨ ਨੇ ਮੌਲਿਕ ਰਚਨਾਵਾਂ, ਅਨੁਵਾਦਤ ਸਾਹਿਤ ਅਤੇ ਸੰਪਾਦਤ ਸਾਹਿਤ ਦੇ ਕਾਰਜ ਖੇਤਰ ਵਿੱਚ ਉਚੇਰੀ ਪਰਵਾਜ਼ ਭਰੀ ਹੈ।ਪੰਜਾਬੀ ਸਾਹਿਤਕ ਖ਼ੇਤਰ ਅੰਦਰ ਨਵ ਸਿਰਜਣਾ ਖਾਸ ਕਰਕੇ ਲੋਕਾਈ ਅਤੇ ਦਲਿਤ ਭਾਈਚਾਰੇ ਦੀ ਪੀੜ ਪੁੰਨੀ ਜ਼ਿੰਦਗੀ ਬਾਰੇ ਫਿਕਰਾਂ ਭਰੀ ਵਿਚਾਰ ਚਰਚਾ ਵਿੱਚ ਸਮੋਈਆਂ ਬਾਤਾਂ ਬਹੁਤ ਕੁਝ ਅਣਕਹੇ ਵੀ ਕਹਿ ਰਹੀਆਂ ਸਨ। ਉਹ ਸਮਕਾਲੀ ਸਾਹਿਤ ਦੇ ਨਿਰਦੇਸ਼ਕ ਅਤੇ ਸੰਪਾਦਕ ਰਹੇ।ਦੇਸ਼ ਤੇ ਦੁਨੀਆ ਵਿੱਚ ਉਹਨਾਂ ਦੀ ਮੌਲਿਕ ਰਚਨਾ 'ਛਾਂਗਿਆ ਰੁੱਖ' ਨੇ ਤਰਥੱਲੀ ਮਚਾ ਦਿੱਤਾ ਸੀ। ਆਕਸਫੋਰਡ ਯੂਨੀਵਰਸਿਟੀ ਨੇ 2010 ਵਿੱਚ 'ਅਗੇਂਸਟ ਦੀ ਨਾਈਟ' ਪਾਠਕਾਂ ਦੇ ਹੱਥ ਪਹੁੰਚਾਈ। ਇਸ ਤੋਂ ਇਲਾਵਾ ਹਿੰਦੀ, ਸ਼ਾਹਮੁਖੀ, ਉਰਦੂ ਆਦਿ ਦਰਜਨਾਂ ਹੀ ਭਾਸ਼ਾਵਾਂ ਵਿੱਚ ਛਾਂਗਿਆ ਰੁੱਖ ਨੇ ਦਲਿਤ ਸਾਹਿਤ ਦੇ ਅੰਦਰ ਨਵੀਆਂ ਪੈੜਾਂ ਪਾਈਆਂ। ਇਸ ਤੋਂ ਇਲਾਵਾ 'ਮਾਰੂਥਲ ਦਾ ਬਿਰਖ' 'ਭਖਦਾ ਪਤਾਲ', 'ਮੇਰੀ ਚੋਣਵੀਂ ਕਵਿਤਾ', 'ਆਦਿ ਧਰਮ ਦੇ ਬਾਨੀ ਬਾਬਾ ਮੰਗੂ ਰਾਮ ਮੁਗੋਵਾਲੀਆ', ਸਾਹਿਤਿਕ ਮੁਲਾਕਾਤਾਂ 'ਸਮੁੰਦਰ ਦੇ ਸੰਗ ਸੰਗ', 'ਦਿੱਲੀ ਦਿਲ ਵਿਰਾਸਤ', ਮਿੱਟੀ ਬੋਲ ਪਈ ਅਨੇਕਾਂ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਇਸ ਤੋਂ ਇਲਾਵਾ 21 ਕਿਤਾਬਾਂ ਅਨੁਵਾਦਤ ਰੂਪ ਵਿੱਚ ਪੰਜਾਬੀ ਸਾਹਿਤ ਨੂੰ ਨਜ਼ਰਾਨੇ ਵਜੋਂ ਦੇਣਾ ਵੀ ਬਲਬੀਰ ਮਾਧੋਪੁਰੀ ਦੇ ਹਿੱਸੇ ਆਇਆ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਹਾਇਕ ਸਕੱਤਰ ਚਿਰੰਜੀ ਲਾਲ ਕੰਗਣੀਵਾਲ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਵੀਰਵਾਰ ਬਲਬੀਰ ਮਾਧੋਪੁਰੀ ਅਤੇ ਉਹਨਾਂ ਦੇ ਭਰਾ ਸੁੱਚਾ ਸਿੰਘ ਨੂੰ ਕਿਤਾਬਾਂ ਦਾ ਸੈੱਟ ਭੇਟ ਕਰਦੇ ਹੋਏ ਆਸ ਪ੍ਰਗਟਾਈ ਕਿ ਬਲਬੀਰ ਮਾਧੋਪੁਰੀ ਦੇਸ਼ ਭਗਤ ਯਾਦਗਾਰ ਹਾਲ ਦੇ ਸਾਹਿਤਕ ਸੱਭਿਆਚਾਰਕ ਕਾਰਜਾਂ ਵਿੱਚ ਆਪਣੀ ਕਲਮ ਰਾਹੀਂ ਅਹਿਮ ਯੋਗਦਾਨ ਪਾਉਂਦੇ ਰਹਿਣਗੇ।ਇਸ ਮੌਕੇ ਬਲਬੀਰ ਮਾਧੋਪੁਰੀ ਵੱਲੋਂ ਆਪਣੀਆਂ ਕਿਤਾਬਾਂ 'ਛਾਂਗਿਆ ਰੁੱਖ' ਅਤੇ 'ਮਿੱਟੀ ਬੋਲ ਪਈ' ਦੇਸ਼ ਭਗਤ ਯਾਦਗਾਰ ਹਾਲ ਦੀ ਝੋਲੀ ਪਾਉਣ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਧੰਨਵਾਦ ਕੀਤਾ ਗਿਆ।

# 'ਗਰਲਜ਼ ਹੋਸਟਲ' ਨੂੰ ਨੌਜਵਾਨ ਸਾਹਿਤ ਅਕਾਦਮੀ ਐਵਾਰਡ



**ਜਲੰਧਰ** : ਮਨਦੀਪ ਔਲਖ ਆਪਣੀ ਪਲੇਠੀ ਕਾਵਿ-ਕਿਤਾਬ 'ਮਨ ਕਸਤੂਰੀ' ਨਾਲ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਤਾਜ਼ਗੀ ਲੈ ਕੇ ਆਈ ਸੀ।ਦੂਸਰੀ ਕਿਤਾਬ 'ਗਰਲਜ਼ ਹੋਸਟਲ' ਵਿੱਚ ਇਹ ਤਾਜ਼ਗੀ ਹੋਰ ਵੱਧ-ਸੁਚੱਜੇ ਅਤੇ ਮੌਲਿਕ ਰੰਗ ਹੋਰ ਗੂੜ੍ਹਾ ਹੋ ਦਿਸਦਾ ਹੈ।ਕਵਿਤਾ ਸਭ ਤੋਂ ਵਧੇਰੇ ਅੰਤਰ-ਮੁਖ, ਨਿੱਜ-ਭਾਵੀ ਵਿਧਾ ਹੈ।ਜਿਹਨਾਂ ਕਵੀਆਂ ਦੀ ਕਵਿਤਾ ਆਪਣੇ ਨਿੱਜ ਤੋਂ ਵਿੱਥ 'ਤੇ ਵਿਚਰਦੀ ਹੈ, ਉਹ ਮਨੁਖੀ ਤੇ ਮਕਾਨਕੀ ਕਵੀ ਹੁੰਦੇ ਨੇ।ਮਨਦੀਪ ਦੀ ਕਵਿਤਾ ਨਿੱਜ ਦੇ ਸਮਾਜਿਕ ਅਤੇ ਪ੍ਰਕਿਰਤਕ ਪ੍ਰਸੰਗਾਂ ਨੂੰ ਫਰੋਲਣ ਵਿੱਚੋਂ ਸਿਰਜੀ ਜਾ ਰਹੀ ਹੈ।ਕਿਤਾਬ ਦਾ ਸਿਰਲੇਖ 'ਗਰਲਜ਼ ਹੋਸਟਲ' ਇਸ ਕਾਵਿ-ਜਗਤ ਦੀ ਪ੍ਰਕਿਰਤੀ ਨੂੰ ਬਿਆਨਣ ਵਾਲਾ ਹੈ। ਗਰਲਜ਼ ਹੋਸਟਲ ਕੁੜੀਆਂ ਦੀ ਅਜ਼ਾਰੇਦਾਰਾਨਾ (exclusive) ਸਪੇਸ ਹੁੰਦੀ ਹੈ, ਜਿੱਥੇ ਉਹ ਕੁਝ ਅਰਸਾ ਪਿਤਰਕੀ ਦੇ ਸੱਭਿਆਚਾਰਕ ਪ੍ਰਵਚਨਾਂ ਅਤੇ ਮਰਦ ਦੀ ਜਿਸਮਾਨੀ ਹੋਂਦ ਦੇ ਦਬਾਵਾਂ ਤੋਂ ਮੁਕਤ ਹੋ ਵਿਚਰਦੀਆਂ ਹਨ।ਮਨਦੀਪ ਦੀ ਸਮੁੱਚੀ ਕਵਿਤਾ ਵਿੱਚ ਇਹ ਸਪੇਸ ਕੋਈ ਯੂਟੋਪੀਆ ਨਹੀਂ, ਸਗੋਂ ਨਵੇਂ ਸਮਿਆਂ ਵਿੱਚ ਸੰਭਵ ਹੋ ਸਕਦੀ ਸਥਿਤੀ ਦਾ ਸੁਪਨਾ ਹੈ।ਇਸੇ ਲਈ ਇਹ ਕਵਿਤਾ ਇੱਕ ਪਾਸੇ ਬਦਲਵੇਂ ਅਜ਼ਾਦ ਜ਼ਿੰਦਗੀ ਦੀ ਆਸ ਜਗਾਉਂਦੀ ਹੈ ਤਾਂ ਦੂਜੇ ਪਾਸੇ ਬੇਤਰਤੀਬੀ ਦੀ ਨਵੀਂ ਤਰਤੀਬ ਤਲਾਸ਼ਣ ਦਾ ਆਧਾਰ ਕਰਦੀ ਹੈ।ਏਥੇ ਪਿਆਰ ਵੀ ਸਮਰਪਣ ਨਹੀਂ ਹੈ ਬੰਧਨ ਨਹੀਂ, ਇੱਕ ਦੂਜੇ ਨੂੰ ਮੁਕਤ ਕਰਨ ਦਾ ਨਾਂ ਹੈ, ਇੱਕ ਦੂਜੇ ਨੂੰ ਵਿਸਥਾਰਨ ਦਾ।ਉਸ ਦੀ ਇੱਕ ਕਵਿਤਾ ਦਾ ਸਿਰਲੇਖ ਹੈ- 'ਇੱਕ ਰਾਜਸੀ ਕਵਿਤਾ', ਪਰ ਅਸਲ ਵਿੱਚ ਉਸ ਦੀ ਹਰੇਕ ਕਵਿਤਾ ਰਾਜਸੀ ਹੈ।ਪਾਠਕ ਇਹ ਕਵਿਤਾਵਾਂ ਪੜ੍ਹਦਿਆਂ ਕੁੜੀਆਂ ਦੀਆਂ ਛੋਟੀਆਂ ਜੀਤਾਂ ਤੋਂ ਲੈ ਕੇ ਕਿਸਾਨ ਅੰਦੋਲਨ ਤੱਕ ਦੀ ਸਿਆਸਤ ਦੇ ਨਿਸ਼ਾਨ ਆਪਣੇ ਮਨ-ਮਸਤਕ 'ਤੇ ਡੂੰਘੇ ਖੁਣੇ ਗਏ ਮਹਿਸੂਸ ਕਰਦਾ ਹੈ। ਇਸ ਸੱਚ-ਮੁੱਚ ਦੀ ਆਧੁਨਿਕ ਕਵਿਤਾ ਲਈ ਮਨਦੀਪ ਨੂੰ ਮੁਬਾਰਕਬਾਦ।

**- ਹਰਵਿੰਦਰ ਭੰਡਾਲ**

# 'ਜਾਦੂ ਪੱਤਾ' ਨੂੰ ਬਾਲ ਸਾਹਿਤ ਅਕਾਦਮੀ ਪੁਰਸਕਾਰ

**ਜਲੰਧਰ** : ਬੱਚਿਆਂ ਦਾ ਸਾਹਿਤ ਵੀ ਬੱਚਿਆਂ ਵਰਗਾ ਹੁੰਦਾ ਹੈ।ਭੋਲਾ, ਭਾਵਨਾਵਾਂ ਅਤੇ ਸੁਫ਼ਨਿਆਂ ਨਾਲ ਭਰਿਆ ਹੋਇਆ।ਉਸ ਵਿੱਚ ਵਿਗਿਆਨ ਵੀ ਕਲਪਨਾ ਦੇ ਘੋੜੇ 'ਤੇ ਚੜ੍ਹ ਕੇ ਆਸਮਾਨੀ ਉਡਦਾ ਹੈ।ਜੇ ਜਾਣਨਾ ਚਾਹੁੰਦੇ ਹੋ ਕਿਵੇਂ ਤਾਂ ਇਸ ਲਈ ਤੁਹਾਨੂੰ ਪਾਲੀ ਖ਼ਾਦਿਮ ਦਾ ਬਾਲ-ਨਾਵਲ 'ਜਾਦੂ-ਪੱਤਾ' ਪੜ੍ਹਨਾ ਚਾਹੀਦਾ ਹੈ।ਇਹ ਵਿਸ਼ੇ, ਕਹਾਣੀ ਅਤੇ ਲਿਖਣ-ਕਲਾ ਪੱਖੋਂ ਬਹੁਤ ਵਧੀਆ ਰਚਨਾ ਹੈ। ਇਸ ਵਿੱਚ ਵਿਚਾਰਧਾਰਾ, ਵਾਦ ਤੇ ਪਤਾ ਨਹੀਂ ਕੀ-ਕੀ ਖੇਹ-ਸੁਆਹ ਭਰ-ਭਰ ਕੇ ਇਸਨੂੰ ਸੁਹਜ ਤੋਂ ਸੱਖਣਾ ਕਰ ਦਿੱਤਾ ਹੈ।ਇਹ ਬੱਚਿਆਂ ਦੇ ਹਾਣ ਦਾ ਤਾਂ ਉੱਕਾ ਹੀ ਨਹੀਂ।ਅੱਗੋਂ ਸਾਡੇ ਘਰਾਂ ਤੇ ਸਕੂਲਾਂ ਦੇ ਕੰਧਾੜੇ ਚਾੜ੍ਹੇ ਸਾਡੇ ਬੱਚੇ ਵੀ ਸਾਡੇ ਵਾਂਗ ਹਰ ਗੱਲ ਵਿੱਚੋਂ ਸਬਕ ਲੱਭਣ ਲੱਗੇ ਹਨ।'ਜਾਦੂ-ਪੱਤਾ' 'ਚ ਲੋਕ-ਕਹਾਣੀਆਂ ਵਰਗੀ ਸਾਦਗੀ ਹੈ।ਇਹ ਵਿਗਿਆਨ ਦੀਆਂ ਗੱਲਾਂ ਵੀ ਇਸੇ ਹੀ ਸਾਦਗੀ ਨਾਲ ਕਰਦਾ ਹੈ, ਫਿਰ ਵੀ ਪ੍ਰਭਾਵ ਛੱਡਦਾ ਹੈ। ਪਾਲੀ ਖ਼ਾਦਿਮ ਨੂੰ ਗਲਪ ਸਿਰਜਣ ਦੀ ਸੂਝ ਹੈ।ਅੱਜ ਦੀ ਸਵੇਰ ਉਸਦਾ ਇਹ ਬਾਲ ਨਾਵਲ ਪੜ੍ਹਨਾ ਇੱਕ ਖ਼ੁਸ਼ਗਵਾਰ ਅਹਿਸਾਸ ਸੀ। **-ਪਾਲੀ ਭੁਪਿੰਦਰ**



# ਮਹਿੰਦਰ ਸਾਥੀ ਮੰਚ ਵੱਲੋਂ ਕਮਲਦੀਪ ਜਲੂਰ, ਵਿਪਨ ਵਰਿਆਣਾ ਤੇ ਕਰਮਜੀਤ ਗਰੇਵਾਲ ਸਨਮਾਨਤ

**ਮੋਗਾ**-ਮਹਿੰਦਰ ਸਾਥੀ ਯਾਦਗਾਰੀ ਮੰਚ ਵੱਲੋਂ ਡੀ ਐੱਮ ਕਾਲਜ ਮੋਗਾ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਸਰਬਜੀਤ ਕੌਰ ਜਸ ਨੇ ਕੀਤੀ ਅਤੇ ਡਾ. ਸੁਰਜੀਤ ਬਰਾੜ, ਡਾ. ਅਜੀਤਪਾਲ ਸਿੰਘ, ਗੁਰਮੀਤ ਕੜਿਆਲਵੀ, ਨਵਨੀਤ ਸਿੰਘ ਸੇਖਾ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹੋਏ। ਸਮਾਗਮ ਦੇ ਮੁੱਖ ਮਹਿਮਾਨ ਕੁਲਦੀਪ ਸਿੰਘ ਦੀਪ ਸਨ। ਮੰਚ ਦੇ ਪ੍ਰਧਾਨ ਨਵਨੀਤ ਸੇਖਾ ਨੇ ਜੀ ਆਇਆਂ ਆਖਿਆ। ਸਰਪ੍ਰਸਤ ਗੁਰਮੀਤ ਕੜਿਆਲਵੀ ਨੇ ਮੰਚ ਦੇ ਸਾਹਿਤਕ ਕਾਰਜਾਂ ਬਾਰੇ ਅਤੇ ਦਿੱਤੇ ਜਾਣ ਵਾਲੇ ਪੁਰਸਕਾਰਾਂ ਬਾਰੇ ਜਾਣਕਾਰੀ ਦਿੱਤੀ। ਡਾਕਟਰ ਕੁਲਦੀਪ ਸਿੰਘ ਦੀਪ ਨੇ ਬੋਲਦਿਆਂ ਕਿਹਾ ਕਿ ਜ਼ੁਬਾਨਬੰਦੀ ਦੇ ਅਜੋਕੇ ਦੌਰ ਵਿੱਚ ਲੇਖਕਾਂ ਨੂੰ ਆਪਣੇ ਫਰਜ਼ਾਂ ਦੀ ਪਹਿਚਾਣ ਕਰਨੀ ਜ਼ਰੂਰੀ ਹੈ।ਉਨ੍ਹਾ ਅੱਗੇ ਕਿਹਾ ਕਿ ਇਨਕਲਾਬੀ ਸ਼ਾਇਰ ਮਹਿੰਦਰ ਸਾਥੀ ਨੂੰ ਅਕੈਡਮੀਆਂ ਅਤੇ ਯੂਨੀਵਰਸਿਟੀਆਂ ਨੇ ਅਣਗੌਲਿਆ ਕੀਤਾ ਹੈ। ਉਸ ਦੀਆਂ ਰਚਨਾਵਾਂ ਨੂੰ ਜ਼ਮੀਨੀ ਪੱਧਰ ਤੱਕ ਲਿਜਾਣ ਦੀ ਅਤਿਅੰਤ ਲੋੜ ਹੈ। ਪ੍ਰਧਾਨਗੀ ਕਰ ਰਹੀ ਸ਼ਾਇਰਾ ਸਰਬਜੀਤ ਕੌਰ ਜੱਸ ਨੇ ਆਪਣੀ ਸ਼ਾਇਰੀ ਨਾਲ ਨੌਜਵਾਨ ਸ਼ਾਇਰਾਂ ਨੂੰ ਸਮਾਜਿਕ ਸਰੋਕਾਰਾਂ ਨਾਲ ਪ੍ਰਣਾਈ ਹੋਈ ਸ਼ਾਇਰੀ ਕਰਨ ਦੀ ਪ੍ਰੇਰਨਾ ਦਿੱਤੀ।

ਇਸ ਮੌਕੇ ਮੰਚ ਵੱਲੋਂ ਤਿੰਨ ਨੌਜਵਾਨ ਲੇਖਕਾਂ ਨੂੰ ਪੁਰਸਕਾਰ ਪ੍ਰਦਾਨ ਕੀਤੇ ਗਏ। ਬਾਲ ਸਾਹਿਤ ਲੇਖਕ ਕਰਮਜੀਤ ਗਰੇਵਾਲ ਨੂੰ ਗੁਰਬਚਨ ਸਿੰਘ ਚਿੰਤਕ ਬਾਲ ਸਾਹਿਤ ਪੁਰਸਕਾਰ ਦਿੱਤਾ ਗਿਆ। ਮੰਚ ਦੀ ਸੀਨੀਅਰ ਮੀਤ ਪ੍ਰਧਾਨ ਅਮਰਪ੍ਰੀਤ ਕੌਰ ਸੰਘਾ ਨੇ ਕਰਮਜੀਤ ਗਰੇਵਾਲ ਦਾ ਸਨਮਾਨ ਪੱਤਰ ਪੜ੍ਹਦਿਆਂ ਦੱਸਿਆ ਕਿ 10 ਪੁਸਤਕਾਂ ਦੇ ਰਚੇਤਾ ਕਰਮਜੀਤ ਗਰੇਵਾਲ ਨੂੰ ਰਾਸ਼ਟਰੀ, ਅੰਤਰਰਾਸ਼ਟਰੀ ਅਤੇ ਰਾਜ ਪੱਧਰ 'ਤੇ ਬਹੁਤ ਸਾਰੇ ਸਰਕਾਰੀ ਤੇ ਗੈਰ ਸਰਕਾਰੀ ਸਨਮਾਨ ਮਿਲ ਚੁੱਕੇ ਹਨ। ਮੰਚ ਵੱਲੋਂ 2025 ਦੇ ਜਰਨੈਲ ਸਿੰਘ ਸੇਖਾ ਗਲਪ ਪੁਰਸਕਾਰ ਪ੍ਰਾਪਤ ਕਰਤਾ ਨੌਜਵਾਨ ਕਹਾਣੀਕਾਰ ਵਿਪਨ ਵਰਿਆਣਾ ਦਾ ਸਨਮਾਨ ਪੱਤਰ ਪੜ੍ਹਦਿਆਂ ਮੰਚ ਦੇ ਮੀਡੀਆ ਕੁਆਰਡੀਨੇਟਰ ਅਮਰ ਸਿੰਘ ਘੋਲੀਆ ਨੇ ਉਸ ਦੀ ਚਰਚਿਤ ਪੁਸਤਕ 'ਟੋਆ' ਦੀਆਂ ਕਹਾਣੀਆਂ ਦੀ ਚਰਚਾ ਕੀਤੀ। ਮਹਿੰਦਰ ਸਾਥੀ ਯੁਵਾ ਕਾਵਿ ਪੁਰਸਕਾਰ 2025, ਚਰਚਿਤ ਨੌਜਵਾਨ ਸ਼ਾਇਰ ਕਮਲਦੀਪ ਜਲੂਰ ਨੂੰ ਦਿੱਤਾ ਗਿਆ। ਮੰਚ ਦੇ ਮੀਤ ਪ੍ਰਧਾਨ ਧਾਮੀ ਗਿੱਲ ਨੇ ਕਮਲਦੀਪ ਜਲੂਰ ਦਾ ਸਨਮਾਨ ਪੱਤਰ ਪੜ੍ਹਿਆ। ਉਸ ਅਨੁਸਾਰ ਕਮਲਦੀਪ ਜਲੂਰ ਹੁਣ ਤੱਕ ਤਿੰਨ ਕਾਵਿ ਪੁਸਤਕਾਂ, ਯੁੱਧ ਭੂਮੀ, ਕਵਿਤਾ ਸਿਰਫ਼ ਕਵਿਤਾ ਨਹੀਂ ਹੁੰਦੀ ਅਤੇ ਔਰਤਾਂ ਮਸ਼ੀਨਾਂ ਨਹੀਂ ਹੁੰਦੀਆਂ ਸਾਹਿਤ ਜਗਤ ਨੂੰ ਦੇ ਚੁੱਕਾ ਹੈ। ਕਮਲਦੀਪ ਜ਼ਮੀਨ ਪ੍ਰਾਪਤੀ ਘੋਲ ਦੀ ਸ਼ਹੀਦ ਮਾਤਾ ਗੁਰਦੇਵ ਕੌਰ ਜਲੂਰ ਦਾ ਪੋਤਰਾ ਹੈ, ਜੋ ਲੋਕ ਪੱਖੀ ਸ਼ਾਇਰੀ ਦੇ ਨਾਲ-ਨਾਲ ਲੋਕ ਘੋਲਾਂ ਨਾਲ ਵੀ ਨੇੜਿਓਂ ਜੁੜਿਆ ਹੋਇਆ ਹੈ।



ਇਸ ਮੌਕੇ ਹੋਏ ਕਵੀ ਦਰਬਾਰ ਦੀ ਸ਼ੁਰੂਆਤ ਪ੍ਰੀਤ ਜੱਗੀ ਵੱਲੋਂ ਕੀਤੀ। ਡਾ. ਮਨੀਸ਼, ਹਸਨ ਹਬੀਬ, ਗੁਰਵੀਰ ਅਤਫ਼, ਸਾਗਰ ਸਫ਼ਰੀ, ਹਰਵਿੰਦਰ ਰੋਡੇ, ਗੁਰਵਿੰਦਰ ਦਬੜੀਖਾਨਾ, ਇੰਦਰ ਪੰਜ ਗਰਾਈਂ, ਵਰਿੰਦਰ ਔਲਖ, ਗੁਰਪਾਲ ਬਿਲਾਵਲ, ਪਰਮ ਪਰਮਿੰਦਰ, ਅਮਨਦੀਪ ਕੌਰ ਹਾਕਮਵਾਲਾ, ਪ੍ਰਭਜੋਤ ਸੋਹੀ, ਰਾਜਦੀਪ ਤੂਰ, ਸੋਨੀ ਮੋਗਾ, ਮਹਿੰਦਰ ਸਾਥੀ ਯੁਵਾ ਪੁਰਸਕਾਰ ਦੇ 2024 ਦੇ ਜੇਤੂ ਸੁਖਦੀਪ ਔਜਲਾ ਵੱਲੋਂ ਬਹੁਤ ਹੀ ਭਾਵਪੂਰਤ ਰਚਨਾਵਾਂ ਪੇਸ਼ ਕੀਤੀਆਂ। ਮੰਚ ਸੰਚਾਲਨ ਕਰਦਿਆਂ ਜਨਰਲ ਸਕੱਤਰ ਗੁਰਪ੍ਰੀਤ ਧਰਮਕੋਟ ਨੇ ਮਹਿੰਦਰ ਸਾਥੀ ਦੇ ਕੁੱਝ ਚਰਚਿਤ ਸ਼ੇਅਰਾਂ ਨਾਲ ਸਾਂਝ ਪੁਆਈ। ਕਰਮਜੀਤ ਗਰੇਵਾਲ ਨੇ ਜਗਤਾਰ ਦੀ ਗ਼ਜ਼ਲ ਅਤੇ ਆਪਣੀ ਚਰਚਿਤ ਰਚਨਾ ਲੋਰੀ ਸੁਣਾਈ। ਕਮਲਦੀਪ ਜਲੂਰ ਦੀ ਨਜ਼ਮ ਸਾਡੇ ਮੱਝੀਆਂ ਚਰਾਉਂਦੇ ਮਰੇ ਬਾਪੂ, ਛੰਨੇ ਵਿਚ ਚੂਰੀ ਨਾ ਪਈ ਨੇ ਸਰੋਤਿਆਂ ਨੂੰ ਭਾਵੁਕ ਕਰ ਦਿੱਤਾ।

ਸਮਾਗਮ 'ਚ ਹੋਰਨਾਂ ਤੋਂ ਇਲਾਵਾ ਸਿਮਰਜੀਤ ਸਿੰਮੀ, ਸਰਬਜੀਤ ਮਾਹਲ, ਜਗੀਰ ਖੋਖਰ, ਸੁੱਖੀ ਜੌਹਲ, ਜਸਵੀਰ ਕਲਸੀ, ਬਲਰਾਜ ਬਰਾੜ ਆਦਿ ਪੁੱਜੇ। ਅੰਤ ਵਿਚ ਨਾਮਵਰ ਕਹਾਣੀਕਾਰ ਜਸਵਿੰਦਰ ਧਰਮਕੋਟ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਚੌਹਾਨ ਦੀ 'ਮਲਵਈ ਦੂਰਗ ਬੂਟਾ ਸਿੰਘ ਸ਼ਾਦ' ਪੁਸਤਕ ਰਿਲੀਜ਼



**ਬਠਿੰਡਾ**-ਪੰਜਾਬੀ ਸਾਹਿਤ ਸਭਾ ਬਠਿੰਡਾ ਵੱਲੋਂ ਅੱਜ ਟੀਚਰਜ਼ ਹੋਮ ਬਠਿੰਡਾ ਵਿਖੇ ਪੰਜਾਬੀ ਦੇ ਬਹੁਪੱਖੀ ਲੇਖਕ ਬੂਟਾ ਸਿੰਘ ਚੌਹਾਨ ਵੱਲੋਂ ਪੰਜਾਬੀ ਵਿਚ ਸਭ ਤੋਂ ਵੱਧ ਪੜ੍ਹੇ ਜਾਣ ਵਾਲੇ ਨਾਵਲਕਾਰ ਬੂਟਾ ਸਿੰਘ ਸ਼ਾਦ ਦੇ ਜੀਵਨ ਦੀਆਂ ਵੱਖ-ਵੱਖ ਪਰਤਾਂ ਫਰੋਲਦੀ ਅਤੇ ਵੱਖ-ਵੱਖ ਪਹਿਲੂਆਂ 'ਤੇ ਚਾਨਣਾ ਪਾਉਂਦੀ ਸੰਪਾਦਿਤ ਪੁਸਤਕ 'ਮਲਵਈ ਦੂਰਗ ਬੂਟਾ ਸਿੰਘ ਸ਼ਾਦ' ਰਿਲੀਜ਼ ਕੀਤੀ ਗਈ। ਇਹ ਰਸਮ ਸਾਬਕਾ ਐੱਸ ਡੀ ਐੱਮ ਅਤੇ ਪੰਜਾਬੀ ਕਵੀ ਗੋਪਾਲ ਸਿੰਘ ਕੋਟਫੱਤਾ ਨੇ ਅਦਾ ਕੀਤੀ। ਉਨ੍ਹਾਂ ਦਾ ਸਾਥ ਨਾਵਲਕਾਰ ਜਸਪਾਲ ਮਾਨਖੇੜਾ, ਡਾ. ਇਕਬਾਲ ਸਿੰਘ ਸਕਰੌਦੀ, ਜਗਮੇਲ ਸਿੰਘ ਸਿੱਧੂ, ਖ਼ੁਸ਼ਵੰਤ ਬਰਗਾੜੀ, ਡਾ. ਗੁਰਦੇਵ ਸਿੰਘ ਖੋਖਰ, ਲਛਮਣ ਸਿੰਘ ਮਲੂਕਾ ਨੇ ਵੀ ਦਿੱਤਾ। ਇਸ ਮੌਕੇ ਬੋਲਦਿਆਂ ਚੌਹਾਨ ਨੇ ਕਿਹਾ ਕਿ ਬੂਟਾ ਸਿੰਘ ਸ਼ਾਦ ਬਾਰੇ ਉਨ੍ਹਾਂ ਦੇ ਜੀਵਨ ਬਾਰੇ ਕੋਈ ਪੁਸਤਕ ਉਪਲੱਬਧ ਨਹੀਂ ਸੀ। ਉਹ ਮੇਰੇ ਮਿੱਤਰ ਸਨ। ਮੈਂ ਇਹ ਘਾਟ ਪੂਰੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਸਪਾਲ ਮਾਨਖੇੜਾ ਨੇ ਕਿਹਾ ਕਿ ਮੇਰਾ ਵੀ ਇਸ ਪੁਸਤਕ ਵਿਚ ਸ਼ਾਦ ਦੇ ਪਿੰਡ ਬਾਰੇ ਵਿਸਥਾਰਕ ਲੇਖ ਹੈ। ਮੈਂ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਉਹਦੇ ਪਿੰਡ ਦਾਨ ਸਿੰਘ ਵਾਲਾ ਦੀ ਨਵੀਂ ਪੀੜ੍ਹੀ ਸ਼ਾਦ ਬਾਰੇ ਕੀ ਮਹਿਸੂਸ ਕਰਦੀ ਹੈ। ਖ਼ੁਸ਼ਵੰਤ ਬਰਗਾੜੀ ਨੇ ਕਿਹਾ ਕਿ ਇਸ ਪੁਸਤਕ ਵਿਚ ਉਨ੍ਹਾਂ ਲੇਖਕਾਂ ਦੇ ਹੀ ਲੇਖ ਹਨ, ਜਿਹੜੇ ਜਿਉਂਦੇ ਜੀਅ ਉਨ੍ਹਾਂ ਨਾਲ ਵਿਚਰੇ। ਉਨ੍ਹਾਂ ਨਾਲ ਕੀਤੀਆਂ ਮੁਲਾਕਾਤਾਂ ਅਤੇ ਉਨ੍ਹਾਂ ਦੀਆਂ ਤਿੰਨ ਅਣਛਪੀਆਂ ਕਹਾਣੀਆਂ ਵੀ ਪੁਸਤਕ ਵਿਚ ਸ਼ਾਮਿਲ ਹਨ। ਗੋਪਾਲ ਸਿੰਘ ਕੋਟਫੱਤਾ ਨੇ ਕਿਹਾ ਕਿ ਚੌਹਾਨ ਨੇ ਸ਼ਾਦ ਤੋਂ ਪਹਿਲਾਂ ਰਾਮ ਸਰੂਪ ਅਣਖੀ ਬਾਰੇ ਵੀ 'ਮਾਲਵੇ ਦਾ ਸਾਗਵਾਨ ਰਾਮ ਸਰੂਪ ਅਣਖੀ' ਪੁਸਤਕ ਦਾ ਵੀ ਸੰਪਾਦਨ ਕੀਤਾ ਹੈ।ਇਸ ਮੌਕੇ ਗ਼ਜ਼ਲਕਾਰ ਰਣਬੀਰ ਰਾਣਾ, ਕਾਮਰੇਡ ਜਰਨੈਲ ਸਿੰਘ, ਹਰਬੰਸ ਲਾਲ ਗਰਗ ਤੋਂ ਇਲਾਵਾ ਸਭਾ ਦੇ ਦੋ ਦਰਜਨ ਦੇ ਕਰੀਬ ਮੈਂਬਰ ਅਤੇ ਲੇਖਕ ਹਾਜ਼ਰ ਸਨ।

# ਰਿਪੁਦਮਨ ਸਿੰਘ ਰੂਪ ਦੀ ਕਿਤਾਬ 'ਪੰਛੀ ਝਾਤ' ਲੋਕ-ਅਰਪਣ

**ਮੋਹਾਲੀ** : ਪ੍ਰਗਤੀਸ਼ੀਲ ਲੇਖਕ ਸੰਘ, ਚੰਡੀਗੜ੍ਹ (ਪ. ਲ. ਸ) ਅਤੇ ਸਵਪਨ ਫਾਊਂਡੇਸ਼ਨ, ਪਟਿਆਲਾ ਵੱਲੋਂ ਉੱਘੇ ਬਜ਼ੁਰਗ ਲੇਖਕ ਸ੍ਰੀ ਰਿਪੁਦਮਨ ਸਿੰਘ ਰੂਪ ਦਾ ਯਾਤਰਾ ਸੰਸਮਰਣ ਪੰਛੀ ਝਾਤ ਉਹਨਾਂ ਦੀ ਸਿਹਤ ਨੂੰ ਧਿਆਨ ਵਿਚ ਰੱਖਦੇ ਹੋਏ ਉਹਨਾਂ ਦੇ ਗ੍ਰਹਿ ਮੋਹਾਲੀ ਵਿਖੇ ਲੋਕ-ਅਰਪਣ ਕੀਤਾ ਗਿਆ।ਇਸ ਸਮਾਗਮ ਵਿੱਚ ਹਫ਼ਤਾਵਾਰੀ ਆਨ ਲਾਈਨ ਪਰਚੇ 'ਸੈਵਨਥ ਰਿਵਰ' ਦੇ ਸੰਪਾਦਕ ਕੈਲਗਰੀ ਵਾਸੀ ਹਰਕੰਵਲ ਸਾਹਿਲ ਅਤੇ ਰੰਗਮੰਚ ਤੇ ਫਿਲਮਾਂ ਦੇ ਪ੍ਰਸਿੱਧ ਅਦਾਕਾਰ ਕੁਕੂ ਦੀਵਾਨ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ। 'ਪੰਛੀ ਝਾਤ' ਬਾਰੇ ਗੱਲ ਕਰਦਿਆਂ ਪ. ਲ. ਸ, ਚੰਡੀਗੜ੍ਹ ਦੇ ਪ੍ਰਧਾਨ ਡਾ. ਗੁਰਮੇਲ ਸਿੰਘ ਨੇ ਕਿਹਾ ਕਿ ਸ੍ਰੀ ਰੂਪ ਦੀਆਂ ਯਾਤਰਾਵਾਂ ਵਿੱਚ ਮਹਿਜ਼ ਥਾਵਾਂ ਦਾ ਸਪਾਟ ਜਾਂ ਭੂਗੋਲਿਕ ਵਰਣਨ ਨਹੀਂ, ਸਗੋਂ ਉਹਨਾਂ ਇਲਾਕਿਆਂ ਦੇ ਸਮਾਜਿਕ, ਰਾਜਸੀ ਅਤੇ ਆਰਥਿਕ ਸਰੋਕਾਰਾਂ ਬਾਰੇ ਵੀ ਸਪੱਸ਼ਟ ਨਿਸ਼ਾਨਦੇਹੀ ਹੈ।ਸ਼ਾਇਰ ਤੇ ਵਾਰਤਕਕਾਰ ਜਗਦੀਪ ਸਿੱਧੂ ਨੇ ਕਿਹਾ ਕਿ ਲੇਖਕ ਦੇ ਪਹਿਲਾਂ ਕਹਾਣੀ ਤੇ ਕਵਿਤਾ ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ। ਉਹਨਾਂ ਦੇ ਇਸ ਯਾਤਰਾ ਸੰਸਮਰਣ ਵਿਚ ਕਵਿਤਾ ਦਾ ਅਨੁਸ਼ਾਸਨ ਅਤੇ ਕਹਾਣੀ ਦੀ ਬਣਤਰ ਹੈ; ਇਸ ਤਰ੍ਹਾਂ ਦੀਆਂ ਲਿਖਤਾਂ ਇਤਿਹਾਸਕ ਦਸਤਾਵੇਜ਼ ਦੇ ਤੌਰ 'ਤੇ ਕੰਮ ਆਉਂਦੀਆਂ ਨੇ। ਲੇਖਕ ਇਸ ਉਮਰ ਵਿਚ ਵੀ ਕਾਰਜਸ਼ੀਲ ਹੈ, ਇਸ ਪੁਸਤਕ ਦਾ ਸੁਆਗਤ ਕਰਨਾ ਬਣਦਾ ਹੈ।ਸ੍ਰੀ ਹਰਕੰਵਲ ਸਾਹਿਲ ਨੇ ਆਪਣੀ ਗੱਲ ਕਰਦੇ ਹੋਏ ਕਿਹਾ ਕਿ ਹਰੇਕ ਸਾਹਿਤਕ ਰੂਪ ਦਾ ਇਕ ਵਿਲੱਖਣ ਗੁਣ ਅਤੇ ਮਹੱਤਵ ਹੁੰਦਾ ਹੈ। ਯਾਤਰਾਵਾਂ ਵਿੱਚ ਤੁਸੀਂ ਸਮੇਂ ਨੂੰ ਸ਼ਬਦਾਂ 'ਚ ਬੰਨ੍ਹ ਕੇ ਰੱਖ ਦਿੰਦੇ ਹੋ। ਉਹਨਾਂ ਅਗਾਹ ਕਿਹਾ ਕਿ ਕਿਤਾਬ ਦੀ ਭਾਸ਼ਾ ਸਰਲ ਅਤੇ ਪਾਠਕ ਨੂੰ ਨਾਲ ਤੋਰਨ ਵਾਲ਼ੀ ਹੈ।ਇਸ ਉਪਰੰਤ ਉੱਘੇ ਨਾਟਕਕਾਰ ਤੇ ਸ੍ਰੀ ਰੂਪ ਦੇ ਵੱਡੇ ਸਪੁੱਤਰ ਸੰਜੀਵਨ ਸਿੰਘ ਹੁਰਾਂ ਨੇ ਸਾਰੇ ਆਏ ਦੋਸਤਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਯਾਤਰਾ ਸੰਸਮਰਣ ਵਿੱਚ ਉਹਨਾਂ ਦੇ ਛੋਟੇ ਭਰਾ ਰੰਜੀਵਨ ਦਾ ਮਹੱਤਵਪੂਰਨ ਯੋਗਦਾਨ ਹੈ; ਉਹ ਹੀ ਇਸ ਉਮਰ ਵਿਚ ਉਹਨਾਂ ਦੀ ਸੰਗਤ ਕਰਦੇ ਸਨ। ਉਹਨਾਂ ਅਗਾਹ ਕਿਹਾ ਕਿ ਉਹਨਾਂ ਨੂੰ ਪੂਰੀ ਉਮੀਦ ਹੈ ਕਿ ਬਾਕੀ ਪੁਸਤਕਾਂ ਵਾਂਗ ਹੀ ਇਸ ਕਿਤਾਬ ਨੂੰ ਪਾਠਕਾਂ ਵੱਲੋਂ ਭਰਵਾਂ ਹੁੰਗਾਰਾ ਮਿਲੇਗਾ। ਇਸ ਸਮਾਗਮ ਦਾ ਸੰਚਾਲਨ ਉੱਘੇ ਲੇਖਕ ਤੇ ਵਕੀਲ ਰੰਜੀਵਨ ਸਿੰਘ ਵੱਲੋਂ ਬਾਖ਼ੂਬੀ ਕੀਤਾ ਗਿਆ। ਇਸ ਸਮਾਰੋਹ ਵਿਚ ਪਾਠਕਾਂ ਤੋਂ ਇਲਾਵਾ ਪਰਵਾਰਕ ਮੈਂਬਰ ਮੌਜੂਦ ਸਨ।



# ਬਾਲ ਰਸਾਲੇ 'ਨਿੱਕੀਆਂ ਕਰੂੰਬਲਾਂ' ਦਾ ਛੁੱਟੀਆਂ ਵਿਸ਼ੇਸ਼ ਅੰਕ ਜਾਰੀ

**ਮਾਹਿਲਪੁਰ** : ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੀ ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਦੀ ਸਰਪ੍ਰਸਤੀ ਹੇਠ ਮਾਹਿਲਪੁਰ ਇਕਾਈ ਵੱਲੋਂ 'ਨਿੱਕੀਆਂ ਕਰੂੰਬਲਾਂ' ਦੇ ਛੁੱਟੀਆਂ ਵਿਸ਼ੇਸ਼ ਅੰਕ ਜਾਰੀ ਕਰਨ ਲਈ ਇੱਕ ਸਮਾਗਮ ਦਾ ਆਯੋਜਨ ਪ੍ਰੋਫੈਸਰ ਬਲਦੇਵ ਸਿੰਘ ਬੱਲੀ, ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ ਦੀ ਸਰਪ੍ਰਸਤੀ ਹੇਠ ਕੀਤਾ ਗਿਆ, ਜਿਸ ਵਿੱਚ ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਡਾਕਟਰ ਸਰਬਜੀਤ ਸਿੰਘ ਅਤੇ ਸਰਬ ਭਾਰਤੀ ਪ੍ਰਗਤੀਸ਼ੀਲ ਲੇਖਕ ਸੰਘ ਦੇ ਜਨਰਲ ਸਕੱਤਰ ਡਾਕਟਰ ਸੁਖਦੇਵ ਸਿੰਘ ਸਿਰਸਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਉਹਨਾਂ 'ਨਿੱਕੀਆਂ ਕਰੂੰਬਲਾਂ' ਦੇ ਛੁੱਟੀਆਂ ਵਿਸ਼ੇਸ਼ ਅੰਕ ਨੂੰ ਜਾਰੀ ਕਰਦਿਆਂ ਕਿਹਾ ਕਿ ਇਹ ਪੰਜਾਬੀ ਵਿੱਚ ਛਪਣ ਵਾਲਾ ਇੱਕੋ-ਇੱਕ ਬਾਲ ਰਸਾਲਾ ਹੈ, ਜੋ ਪਿਛਲੇ 30 ਸਾਲ ਤੋਂ ਬਲਜਿੰਦਰ ਮਾਨ ਦੀ ਸੰਪਾਦਨਾ ਹੇਠ ਨਿਰੰਤਰ ਛਪ ਰਿਹਾ ਹੈ। ਇੰਡੀਆ ਬੁੱਕ ਆਫ ਰਿਕਾਰਡਸ ਵਿੱਚ ਦਰਜ ਇਸ ਰਸਾਲੇ ਨੇ ਬਾਲ ਸਾਹਿਤ ਜਗਤ ਵਿੱਚ ਸੰਦਲੀ ਪੈੜਾਂ ਪਾਈਆਂ ਹਨ। ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਨੇ ਬੱਚਿਆਂ ਨੂੰ ਮਾਤ ਭਾਸ਼ਾ ਨਾਲ ਜੋੜਨ ਅਤੇ ਉਹਨਾਂ ਅੰਦਰ ਨੈਤਿਕ ਕਦਰਾਂ-ਕੀਮਤਾਂ ਦੇ ਸੰਚਾਰ ਦਾ ਬੀੜਾ ਚੁੱਕਿਆ ਹੋਇਆ ਹੈ।

ਸਭ ਦਾ ਸਵਾਗਤ ਕਰਦਿਆਂ ਬੱਗਾ ਸਿੰਘ ਆਰਟਿਸਟ ਨੇ ਕਿਹਾ ਕਿ ਸੁਰ ਸੰਗਮ ਵਿੱਦਿਅਕ ਟਰੱਸਟ ਦਾ ਯਤਨ ਹੈ ਕਿ ਬੱਚਿਆਂ ਨੂੰ ਆਪਣੀ ਅਮੀਰ ਵਿਰਾਸਤ ਨਾਲ ਜੋੜਿਆ ਜਾਵੇ ਤਾਂ ਕਿ ਉਹ ਨੈਤਿਕ ਕਦਰਾਂ-ਕੀਮਤਾਂ ਦੇ ਧਾਰਨੀ ਬਣ ਕੇ ਦੇਸ਼-ਕੌਮ ਨੂੰ ਉਚੇਰੀਆਂ ਲੀਹਾਂ ਵੱਲ ਤੋਰ ਸਕਣ। ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਪ੍ਰੋਫੈਸਰ ਕੇਵਲ ਕਲੋਟੀ, ਪ੍ਰਿੰ. ਅਰਮਨਪ੍ਰੀਤ ਸਿੰਘ, ਸਮਰਜੀਤ ਸਿੰਘ ਸ਼ੰਮੀ, ਜੀਵਨ ਚੰਦੇਲੀ, ਚੈਂਚਲ ਸਿੰਘ ਬੈਂਸ ਨੇ ਕਰੂੰਬਲਾਂ ਪਰਵਾਰ ਵੱਲੋਂ ਬਾਲ ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁਲਤਾ ਵਿੱਚ ਪਾਏ ਜਾ ਰਹੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਦਿਆਰਥੀਆਂ ਦੇ ਸਾਹਿਤ ਸਿਰਜਣਾ ਮੁਕਾਬਲੇ ਕਰਵਾ ਕੇ ਉਨ੍ਹਾਂ ਨੂੰ ਪੁਸਤਕਾਂ ਦੇ ਸੈੱਟ ਇਨਾਮ ਵਜੋਂ ਪ੍ਰਦਾਨ ਕੀਤੇ ਗਏ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਨੌਜਵਾਨ ਕਲਾਕਾਰ ਸੁਖਮਨ ਸਿੰਘ ਵੱਲੋਂ ਬਾਖ਼ੂਬੀ ਨਿਭਾਈ ਗਈ।

# ਪਾਠਕਾਂ ਦੇ ਝਰੋਖੇ 'ਚੋਂ

## ਜ਼ਿੰਦਗੀ ਦਾ ਜਸ਼ਨ

15 ਜੂਨ ਦੇ 'ਐਤਵਾਰਤਾ' ਵਿਚ ਕਾਮਰੇਡ ਗੁਰਮੀਤ ਸਿੰਘ ਸ਼ੁਗਲੀ ਐਡਵੋਕੇਟ ਦੀ ਜ਼ਿੰਦਗੀ ਦਾ ਜਸ਼ਨ ਪੜ੍ਹ ਕੇ ਭਰਪੂਰ ਜਾਣਕਾਰੀ ਮਿਲੀ । ਪਿਰਥੀਪਾਲ ਸਿੰਘ ਮਾੜੀ ਮੇਘਾ, ਡਾ. ਜਗਰੂਪ ਸਿੰਘ, ਗਿਆਨ ਸੈਦਪੁਰੀ, ਜਸ ਮੰਡ ਤੇ ਸਤਨਾਮ ਚਾਨਾ ਨੇ ਸ਼ੁਗਲੀ ਜੀ ਦੇ ਜੀਵਨ ਦੇ ਕਈ ਪੱਖ ਰੌਸ਼ਨ ਕੀਤੇ ਹਨ। ਸ਼ੁਗਲੀ ਜੀ ਸਫ਼ਲ ਵਕੀਲ ਰਹੇ ਤੇ ਪੂਰੇ ਚਾਵਾਂ ਨਾਲ ਵਕਾਲਤ ਕੀਤੀ। ਉਨ੍ਹਾ ਜ਼ਿੰਦਗੀ ਨੂੰ ਜਸ਼ਨ ਵਾਂਗ ਜੀਵਿਆ । ਸ਼ੁਗਲੀ ਜੀ ਨੇ ਨਵਾਂ ਜ਼ਮਾਨਾ ਵਿਚ ਕਾਲਮਨਵੀਸੀ ਕੀਤੀ ।ਮੈਂ ਪਿਛਲੇ ਲੰਮੇ ਸਮੇਂ ਤੋਂ ਸ਼ੁਗਲੀ ਜੀ ਦਾ ਕਾਲਮ ਪੜ੍ਹਦਾ ਆ ਰਿਹਾ ਸੀ । ਸ਼ੁਗਲੀ ਜੀ ਕੋਲ ਸ਼ਬਦਾਂ ਦਾ ਅਮੁਕ ਖਜ਼ਾਨਾ ਸੀ ।ਉਹ ਹਰ ਐਤਵਾਰ ਨਵੇਂ ਤੇ ਉਸਾਰੂ ਵਿਸ਼ੇ ਦੀ ਗੱਲ ਕਰਦੇ ਸਨ । ਸ਼ੁਗਲੀ ਜੀ ਦਾ ਇਕ ਵੱਡਾ ਪਾਠਕ ਵਰਗ ਹੈ, ਜੋ ਨਵਾਂ ਜ਼ਮਾਨਾ ਨਾਲ ਲੰਮੇ ਸਮੇਂ ਤੋਂ ਜੁੜਿਆ ਹੋਇਆ ਹੈ। ਉਹ ਜ਼ਿੰਦਗੀ ਪ੍ਰਤੀ ਗਹਿਰੀ ਸੋਚ ਰੱਖਦੇ ਸਨ। ਨਵਾਂ ਜ਼ਮਾਨਾ ਦੇ ਲੱਖਾਂ ਪਾਠਕ ਐਡਵੋਕੇਟ ਸ਼ੁਗਲੀ ਜੀ ਨੂੰ ਉਨ੍ਹਾਂ ਦੀਆਂ ਲਿਖਤਾਂ ਵਿਚੋਂ ਯਾਦ ਕਰਦੇ ਰਹਿਣਗੇ ।ਚਿੰਤਨਸ਼ੀਲ ਦਾਇਰਿਆਂ ਵਿਚ ਸ਼ੁਗਲੀ ਜੀ ਨੂੰ ਹਮੇਸ਼ਾ ਯਾਦ ਰਖਿਆ ਜਾਵੇਗਾ । 'ਦ੍ਰਿਸ਼ਟੀਕੋਣ' ਨੇ ਏਅਰ ਇੰਡੀਆ ਵਿਚ ਆਈਆਂ ਕਮੀਆਂ ਦਾ ਜ਼ਿਕਰ ਕੀਤਾ ਹੈ। ਜਿਸ ਖੇਤਰ ਵਿਚ ਪੂੰਜੀਵਾਦੀ ਸਿਆਸਤ ਆ ਗਈ, ਉਸ ਦਾ ਨਿਘਾਰ ਲਾਜ਼ਮੀ ਹੈ ।ਇਹ ਮੈਂ ਹੁਣ ਪੜ੍ਹਿਆ ਕਿ ਟਾਟਾ ਕੰਪਨੀ ਕੋਲ ਏਅਰ ਇੰਡੀਆ ਦਾ ਇਹ ਪ੍ਰਬੰਧ ਹੈ । ਤੇਜਿੰਦਰ ਚੰਡਿਹੋਕ ਦੀਆਂ ਗਜ਼ਲਾਂ ਤੇ ਸੁਖਮਿੰਦਰ ਸੇਖੋਂ ਦੀਆਂ ਕਵਿਤਾਵਾਂ ਪੜ੍ਹ ਕੇ ਬਹੁਤ ਚੰਗਾ ਲੱਗਾ । ਡਾ. ਸੁਖਵਿੰਦਰ ਸਿੰਘ ਸੰਘਾ ਨੇ ਪੰਜਾਬੀ ਭਾਸ਼ਾ ਦੀਆਂ ਕਈ ਸਮੱਸਿਆਵਾਂ ਦਾ ਜ਼ਿਕਰ ਕੀਤਾ ਹੈ । ਪੰਜਾਬੀ ਭਾਸ਼ਾ ਦੇ ਚੰਗੇ-ਮਾੜੇ ਪੱਖ ਹਨ ਕਿ ਪੰਜਾਬੀ ਤੇ ਹਿੰਦੀ, ਅੰਗਰੇਜ਼ੀ ਦਾ ਪ੍ਰਭਾਵ ਬਹੁਤ ਜਲਦੀ ਪੈਂਦਾ ਹੈ । ਹੁਣ ਤਾਂ ਰੀਸੋ-ਰੀਸੀ ਪੰਜਾਬੀ ਪਰਵਾਰਾਂ ਵਿਚ ਹਿੰਦੀ, ਅੰਗਰੇਜ਼ੀ ਦੇ ਸ਼ਬਦ ਆਮ ਬੋਲਬਾਲ ਵਿਚ ਵਰਤੇ ਜਾਂਦੇ ਹਨ । ਇਹ ਗਲਤ ਰੁਝਾਨ ਹੈ। ਪੰਜਾਬੀ ਹਰ ਪੱਖ ਤੋਂ ਮਾਂ ਬੋਲੀ ਹੋਣ ਕਰਕੇ ਇਕ ਸੰਪੂਰਨ ਭਾਸ਼ਾ ਹੈ। ਕਿਤਾਬ ਜ਼ੁਮੈਟੋ ਗਰਲ ਦੀਆਂ ਕੁਝ ਕਹਾਣੀਆਂ ਨੂੰ ਲੇਖਕਾ ਡਾ. ਬਲਬੀਰ ਕੌਰ ਰੀਹਲ ਨੇ ਵਾਰਤਕ ਵਿਚ ਰੱਖਿਆ ਹੈ । ਸੰਗ੍ਰਹਿ ਦੀਆਂ ਕੁਝ ਕਹਾਣੀਆਂ ਹਲਕੇ ਪੱਧਰ ਦੀਆਂ ਹਨ ।

**-ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

(2)

ਨਵਾਂ ਜ਼ਮਾਨਾ ਦੇ ਪ੍ਰਬੰਧਕੀ ਕਾਮਰੇਡ ਸ਼ੁਗਲੀ ਬਾਰੇ ਵੱਖ-ਵੱਖ ਲੇਖਕਾਂ ਦੇ ਲੇਖ ਪੜ੍ਹਨ ਨੂੰ ਮਿਲੇ। ਜਿਨ੍ਹਾਂ ਵਿੱਚ ਜਸ ਮੰਡ, ਸਤਨਾਮ ਚਾਨਾ, ਪਿਰਥੀਪਾਲ ਸਿੰਘ ਮਾੜੀਮੇਘਾ, ਡਾ. ਜਗਰੂਪ ਸਿੰਘ ਤੇ ਗਿਆਨ ਸੈਦਪੁਰੀ ਨੇ ਸ਼ੁਗਲੀ ਦੇ ਜੀਵਨ, ਕਾਰਜ ਖੇਤਰ ਤੇ ਪ੍ਰਤੀਬੱਧਤਾ ਬਾਰੇ ਗੱਲਾਂ ਕੀਤੀਆਂ। ਇਹ ਵੀ ਪਤਾ ਲੱਗਾ ਕਿ ਉਨ੍ਹਾਂ ਨੇ ਕਾਨੂੰਨ ਬਾਰੇ ਵੀ ਕਾਫੀ ਲਿਖਿਆ ਹੈ। ਨਵਾਂ ਜ਼ਮਾਨਾ ਵੱਲੋਂ ਦਿੱਤੀ ਉਨ੍ਹਾਂ ਨੂੰ ਸ਼ਰਧਾਜਲੀ ਯਾਦਗਾਰੀ ਰਹੀ। ਬਾਕੀ ਜਤਿੰਦਰ ਪਨੂੰ ਹੁਰਾਂ ਦੇ ਏਅਰ ਇੰਡੀਆ ਦਾ ਬੇੜਾ ਗਰਕ ਕਰਨ ਬਾਰੇ ਖੁੱਲ੍ਹ ਕੇ ਲਿਖਿਆ ਹੈ। ਉਹ ਬੇਬਾਕ ਲਿਖਾਰੀ ਤੇ ਪੱਤਰਕਾਰ ਹਨ। ਵਿਜੈ ਬੰਬੇਲੀ ਦਾ ਕਾਲਮ ਪਿੰਡ ਵਸਿਆ-34 ਕਿਸ਼ਤ ਵੀ ਜਾਣਕਾਰੀ ਭਰਪੂਰ ਸੀ। ਸੁਰਜੀਤ ਸੁਮਨ ਹਰ ਵਾਰ ਆਪਣਾ ਕਾਲਮ ਰੌਚਿਕ ਬਣਾ ਦਿੰਦਾ ਹੈ। ਗਲਪੀ ਜੁਗਤ ਨਾਲ ਆਪਣੀ ਗੱਲ ਕਹਿੰਦਾ ਹੈ। 'ਸੂਰਮਿਆਂ ਦੀਆਂ ਬਾਤਾਂ ..' ਚੰਗਾ ਲੱਗਾ। ਪੰਜਾਬੀ ਭਾਸ਼ਾ ਦੀ ਪਛਾਣ ਦੇ ਮਸਲੇ ਬਾਰੇ ਡਾ. ਸੁਖਵਿੰਦਰ ਸੰਘਾ ਨੇ ਜੋ ਲਿਖਿਆ ਹੈ ਉਹ ਬਹੁਤ ਸਾਰਥਕ ਹੈ। ਕਿਤਾਬਾਂ ਦੇ ਰੀਵਿਊ ਵਾਲਾ ਪੰਨਾ ਵੀ ਹੁਣ ਸੋਹਣਾ ਹੋ ਗਿਆ ਹੈ। ਫੋਕਸ ਵਿੱਚ ਡਾ ਅਨੁਰਾਗ ਸ਼ਰਮਾ ਨੇ ਮਨੁ ਪੰਖੀ ਭਇਓ' ਨਾਵਲ ਬਾਰੇ ਬਹੁਤ ਸੰਤੁਲਿਤ ਲਿਖਿਆ ਹੈ। ਉਨ੍ਹਾਂ ਨੇ ਨਾਵਲ ਦੇ ਗੁਣ ਤੇ ਕਮੀਆਂ ਬਾਰੇ ਤਰਕ ਨਾਲ ਗੱਲਾਂ ਕੀਤੀਆਂ ਹਨ। ਸਮਕਾਲ ਵਿੱਚ 'ਚਰਚ ਕੌਮਾਂਤਰੀ' ਰਸਾਲੇ ਬਾਰੇ ਚਰਚਾ ਗਿਆਨ ਭਰਪੂਰ ਸੀ। ਨਵਾਂ ਜ਼ਮਾਨਾ ਦੇ ਐਤਵਾਰ ਵਾਲੇ ਅੰਕ ਦੀ ਉਡੀਕ ਰਹਿੰਦੀ ਹੈ।

**- ਸੰਦੀਪ ਕੌਰ, ਖੋਜ ਵਿਦਿਆਰਥੀ,**
**ਕਬੀਰ ਪਾਰਕ, ਅੰਮ੍ਰਿਤਸਰ**

## ਐੱਸ ਐੱਸ ਮਿਰਾਜਕਰ

ਨਵਾਂ ਜ਼ਮਾਨਾ ਦੇ 15 ਜੂਨ ਦਾ ਅੰਕ ਸਾਰਾ ਪੜ੍ਹ ਲਿਆ ਹੈ। ਕਮਿਊਨਿਸਟ ਲਹਿਰ ਦੇ ਪ੍ਰਸਿੱਧ ਨੇਤਾ ਬਾਰੇ ਜੋ ਤੁਸੀਂ ਲਗਾਤਾਰ ਛਾਪ ਰਹੇ ਹੋ ਇਹ ਬਹੁਤ ਜਾਣਕਾਰੀ ਭਰਪੂਰ ਹੁੰਦਾ ਹੈ। ਇਸ ਅੰਕ ਵਿੱਚ ਐੱਸ ਐੱਸ ਮਿਰਾਜਕਰ ਜੋ ਕਿ ਟਰੇਡ ਯੂਨੀਅਨ ਅਤੇ ਕਮਿਊਨਿਸਟ ਲਹਿਰ ਦੇ ਨਿਰਮਾਤਾ ਮੰਨੇ ਗਏ ਹਨ ਬਾਰੇ ਅਨਿਲ ਰਾਜ਼ੀਮਵਾਲੇ ਨੇ ਵਧੀਆਂ ਲਿਖਿਆ ਹੈ। ਪਹਿਲੇ ਲੇਖ ਵੀ ਕਮਿਊਨਿਸਟ ਪਾਰਟੀ ਦੇ ਵੱਡੇ ਨੇਤਾ ਬਾਰੇ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਜਿਸ ਪਾਰਟੀ ਕੋਲ ਐਡੇ ਵੱਡੇ ਨੇਤਾ ਸਨ ਉਹ ਲੋਕਾਂ ਵਿੱਚ ਆਪਣੇ ਅਧਾਰ ਨੂੰ ਵੱਡਾ ਕਿਓਂ ਨਹੀਂ ਕਰ ਸਕੀ। ਪਹਿਲੇ ਨੇਤਾ ਵਾਕਿਆ ਹੀ ਮਿਹਨਤੀ ਹੁੰਦੇ ਸਨ। ਅੱਜ ਦੇ ਨੇਤਾਵਾਂ ਵਾਂਗ ਸਵਾਰਥੀ ਨਹੀਂ। ਉਹ ਲੋਕਾਂ ਵਿੱਚ ਵਿਚਰਦੇ ਸਨ। ਬਾਕੀ ਡਾ. ਗੁਰਬਖਸ਼ ਸਿੰਘ ਭੰਡਾਲ ਦਾ ਲੇਖ 'ਤੱਤੀ ਤਵੀ ਅਤੇ ਗੋਲੀ ਦਾ ਅੰਤਰ ਸੰਵਾਦ' ਬਹੁਤ ਰੌਚਿਕ ਸੀ। ਅਖਬਾਰ ਦਾ ਬਾਕੀ ਮੈਟਰ ਵੀ ਪੜ੍ਹਨਯੋਗ ਹੁੰਦਾ ਹੈ। ਚਾਹੇ ਉਹ ਲੇਖ ਹੋਣ, ਕਵਿਤਾਵਾਂ ਹੋਣ, ਕਿਤਾਬਾਂ ਦੇ ਰਿਵਿਊ ਹੋਣ ਜਾਂ ਮੈਗਜ਼ੀਨਾਂ ਬਾਰੇ ਜਾਣਕਾਰੀ ਜਾਂ ਬਾਲ ਕੋਨਾ ਹੋਵੇ।

**- ਉੱਤਮ ਸਿੰਘ, ਅਰਬਨ ਅਸਟੇਟ, ਪਟਿਆਲਾ**

**ਪਾਠਕਾਂ ਲਈ**

**ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।**

atwartazamana@gmail.com

**- ਸੰਪਾਦਕ**

**ਆਉਂਦੇ ਐਤਵਾਰਤਾ 'ਚ ਵਿਸ਼ੇਸ਼**

**ਡਾ. ਜੀ ਅਧਿਕਾਰੀ : ਅਨਿਲ ਰਾਜੀਮਵਾਲੇ**

**ਗੂਗਲ ਦਾ ਗੂਗਲੀਕਰਨ : ਹਰਵਿੰਦਰ ਭੰਡਾਲ**

**'ਮੈਂ ਨਾਸਤਕ ਕਿਉਂ ਹਾਂ ਦੀ ਇਤਿਹਾਸਕਤਾ ਅਤੇ ਸਿਧਾਂਤ' : ਹਰੀਸ਼ ਜੈਨ (ਫੋਕਸ) ਵਿਜੈ ਬੰਬੇਲੀ**

**ਕੰਚਨ ਮਹਿਤਾ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ**

# ਸਮਕਾਲ

## ਮੁਹਾਂਦਰਾ : ਨਾਵਲ ਅੰਸ਼ ਵਿਸ਼ੇਸ਼



ਮੁਹਾਂਦਰਾ ਦਾ ਜਨਵਰੀ-ਜੂਨ, ਅੰਕ,2025 'ਚ ਛਪੇ ਹੋਏ ਨਾਵਲਾਂ ਦੇ ਕਾਂਡ ਛਾਪੇ ਗਏ ਹਨ। ਸੰਪਾਦਕੀ 'ਨਵੇਂ ਨਾਵਲ ਦੀ ਨਕਸ਼-ਨੁਹਾਰ' ਦੀ ਗੱਲ ਕਰਦੀ ਹੈ। ਹੱਥਲੇ ਅੰਕ ਵਿੱਚ ਨਕਸ਼ਦੀਪ ਪੰਜਕੋਹਾ, ਅਵਤਾਰ ਸਿੰਘ ਬਿਲਿੰਗ, ਹਰਜੀਤ ਕੌਰ ਵਿਰਕ, ਜਸਵੀਰ ਸਿੰਘ ਰਾਣਾ, ਸੁਰਿੰਦਰ ਸਿੰਘ ਢੁੱਡੀਕੇ, ਹਰਦੀਪ ਕੌਰ ਬਾਵਾ, ਮਨ ਮਾਨ, ਡਾ. ਸਾਧੂ ਰਾਮ ਲੰਗੇਆਣਾ ਦੇ ਨਾਵਲਾਂ ਦੇ ਅੰਸ਼ ਪ੍ਰਕਾਸ਼ਤ ਕੀਤੇ ਗਏ ਹਨ। ਅਵਤਾਰ ਸਿੰਘ ਬਿਲਿੰਗ ਦਾ ਭਗਤ ਜਗੀਰਾ ਤੇ ਲਖਵਿੰਦਰ ਸਿੰਘ ਜੌਹਲ ਦਾ ਸੁਰਜੀਤ ਪਾਤਰ ਬਾਰੇ ਸ਼ਬਦ ਚਿੱਤਰ ਹੈ। ਦਲੀਪ ਕੌਰ ਟਿਵਾਣਾ ਦੀ ਕਹਾਣੀ 'ਰੱਬ ਤੇ ਰੁੱਤਾਂ' ਹੈ। ਜੋਗਿੰਦਰ ਸਿੰਘ ਨਿਰਾਲਾ ਦੀਆਂ 'ਮੇਰੀਆਂ ਪਿਆਰੀਆਂ ਕਹਾਣੀਆਂ' 'ਤੇ ਅਰਵਿੰਦਰ ਕੌਰ ਕਾਕੜਾ ਦਾ ਲੇਖ ਹੈ। ਸੋਹਣ ਸਿੰਘ ਸੀਤਲ (ਰਜਿੰਦਰ ਵਰਮਾ), ਪੁਸਤਕ 'ਮਹਿੰਦੀ' (ਤੇਜਾ ਸਿੰਘ ਤਿਲਕ), ਸ਼ੀਸ਼ਾ ਬੋਲ ਪਿਆ (ਰਜਿੰਦਰ ਵਰਮਾ), ਮਹਾਨ ਚਿੰਤਕ ਹਰਿੰਦਰ ਸਿੰਘ ਮਹਿਬੂਬ (ਨਵਤੇਜ ਭਾਰਤੀ) ਦੀਆਂ ਲਿਖਤਾਂ ਵੀ ਛਪੀਆਂ ਹਨ। ਦਲਜੀਤ ਰਾਏ ਕਾਲੀਆ, ਵਿਨੋਦ ਅਨੀਕੇਤ ਦੀ ਸ਼ਾਇਰੀ ਛਪੀ ਹੈ। ਵਿਸ਼ੇਸ਼ ਕਵੀ ਵਜੋਂ ਮਨਦੀਪ ਕੌਰ ਭੰਮਰਾ ਦੀਆਂ ਟਿੱਪਣੀ ਸਮੇਤ ਕਵਿਤਾਵਾਂ ਛਪੀਆਂ ਹਨ। ਇਕ ਦੋ ਨੂੰ ਛੱਡ ਕੇ ਬਹੁਤਾ ਮੈਟਰ ਪਹਿਲਾਂ ਛਪਿਆ ਹੋਇਆ ਹੈ। ਮੁਹਾਂਦਰਾ ਦੇ ਮੁੱਖ ਸੰਪਾਦਕ : ਡਾ. ਜੋਗਿੰਦਰ ਸਿੰਘ ਨਿਰਾਲਾ (79737-06245), ਸੰਪਾਦਕ ਡਾ. ਰਾਹੁਲ ਰੁਪਾਲ (98726-75400) ਹਨ। ਮੁੱਲ : 150 ਰੁਪਏ ਤੇ ਪੰਨੇ : 112

## ਪੰਖੜੀਆਂ : ਜੂਨ, 2025



ਪੰਖੜੀਆਂ ਦੇ ਹੱਥਲੇ ਅੰਕ ਵਿੱਚ ਜਸਵਿੰਦਰ ਪਾਲ ਸ਼ਰਮਾ, ਸੰਤੋਸ਼ ਕੁਮਾਰ, ਮਨਦੀਪ ਸਿੰਘ ਸੁਨਾਮ, ਗੁਰਸ਼ਰਨ ਸਿੰਘ ਕੁਮਾਰ, ਫ਼ਰੀਦ, ਰੋਹਿਮ ਸੈਣੀ, ਕੁਲਵੰਤ ਸਿੰਘ ਢੰਡ, ਸੰਜੀਵ ਸਿੰਘ ਸੈਣੀ, ਨਿਤਿਨ ਸੁਮਨ ਦੇ ਵੱਖ ਵੱਖ ਵਿਸ਼ਿਆ ਬਾਰੇ ਲੇਖ ਅਤੇ ਸੁਰਜੀਤ, ਵਿਵੇਕ ਦੀਆਂ ਕਹਾਣੀਆਂ, ਜਸਬੀਰ ਸਿੰਘ ਭੁੱਲਰ ਦੇ ਨਾਵਲ 'ਥੇਹ' ਦੀ ਕਿਸ਼ਤ ਛਪੀ ਹੈ। ਕਵਿਤਾਵਾਂ ਵੀ ਹਨ। ਪਰਚਾ ਸੁੰਦਰ ਰੰਗੀਨ ਤੇ ਗਲੇਜਡ ਪੇਪਰ ਤੇ ਛਪਿਆ ਹੈ। ਮੁੱਲ : 20 ਰੁਪਏ, ਪੰਨੇ : 36, ਸੰਪਾਦਕ : ਪਰਮਿੰਦਰ ਕੌਰ (0172-5227395) ਪੇਪਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਛਪਿਆ ਹੈ।

## ਪ੍ਰਾਇਮਰੀ ਸਿੱਖਿਆ : ਜੂਨ, 2025



ਹੱਥਲੇ ਅੰਕ ਵਿੱਚ ਪ੍ਰਿੰ. ਵਿਜੈ ਕੁਮਾਰ (ਸਫ਼ਾਈ ਅਤੇ ਪੜ੍ਹਾਈ), ਕਮਲਦੀਪ ਸਿੰਘ (ਮੇਰੇ ਮਾਤਾ ਜੀ), ਰਘੁਬੀਰ ਸਿੰਘ ਕਲੋਆ (ਪਦਵੀ ਅਤੇ ਯੋਗਤਾ), ਸ਼ਿਵਤਾਰ ਸਿੰਘ ਡੱਲਾ (ਪਿਆਰ ਦਾ ਚਮਤਕਾਰ), ਮਨਮੋਹਨ ਸਿੰਘ ਭੱਲੜੀ (ਕੁਦਰਤ ਦਾ ਏ ਸੀ), ਗੁਰਪ੍ਰੀਤ ਸਿੰਘ ਬੀੜ ਕਿਸ਼ਨ (ਸ਼ਬਦਾਂ ਦੀ ਭਾਲ਼), ਅਵਤਾਰ ਸਿੰਘ ਸੰਧੂ (ਜੁਗਤੀ ਚਾਚਾ), ਰਾਜਿੰਦਰ ਸੋਢੀ (ਸਕੂਲੀ ਦਿਨਾਂ ਦੀ ਫ਼ਿਲਮ), ਮਨਮੋਹਨ ਸਿੰਘ ਦਾਊਂ (ਬੱਚੇ ਦੀ ਸਿਆਣਪ), ਗੁਰਪ੍ਰੀਤ ਸਿੰਘ ਜਖਵਾਲੀ (ਜੰਗਲ ਦੀ ਸਭਾ) ਦੀਆਂ ਕਹਾਣੀਆਂ ਸਮੇਤ ਕੁਝ ਕਵਿਤਾਵਾਂ ਤੇ ਲੇਖ ਛਪੇ ਹਨ। ਸੰਪਾਦਕੀ ਨਿੱਕੇ ਬੱਚਿਆਂ ਨੂੰ ਸੰਬੋਧਤ ਹੈ। ਸੰਪਾਦਕ ਪਰਮਿੰਦਰ ਕੌਰ (0172-5227-395), ਪੰਨੇ :36, ਮੁੱਲ :20 ਰੁਪਏ, ਰਸਾਲਾ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਪ੍ਰਕਾਸ਼ਤ ਕੀਤਾ ਹੈ।

## ਗੁਫ਼ਤਗੂ : ਡਾ. ਸ਼ਿਆਮ ਸੁੰਦਰ ਦੀਪਤੀ ਦੀ ਲੰਮੀ ਮੁਲਾਕਾਤ

ਗੁਫ਼ਤਗੂ ਦੇ ਹੱਥਲੇ ਸਾਲਾਨਾ 2025 (ਪੰਦਰਵਾਂ ਅਹਿਦ) ਅੰਕ ਵਿੱਚ



ਜਗਦੀਸ਼ ਕੁਲਰੀਆਂ ਵੱਲੋਂ ਡਾ. ਸ਼ਿਆਮ ਸੁੰਦਰ ਦੀਪਤੀ ਨਾਲ ਲੰਮੀ ਮੁਲਾਕਾਤ ਕੀਤੀ ਹੈ। ਮੁਲਾਕਾਤ ਵਿੱਚ ਡਾ. ਦੀਪਤੀ ਦਾ ਬਚਪਨ, ਕਾਰਜ ਖੇਤਰ ਅਤੇ ਲਿਖਤਾਂ ਬਾਰੇ ਭਰਪੂਰ ਗੱਲਾਂ ਬਾਤਾਂ ਕੀਤੀਆਂ ਗਈਆਂ ਹਨ। ਡਾਕਟਰੀ ਕਿੱਤੇ ਨਾਲ ਸਬੰਧਤ ਪ੍ਰਸੰਗ ਵੀ ਪੜ੍ਹਨ ਵਾਲੇ ਹਨ। ਮਿੰਨੀ ਕਹਾਣੀ ਲਹਿਰ ਨੂੰ ਜਿੱਤਾ ਯੋਗਦਾਨ ਵੀ ਇਸ ਮੁਲਾਕਾਤ ਦਾ ਹਿੱਸਾ ਹੈ। ਅੰਤਲੇ ਪੰਨਿਆਂ ਉੱਤੇ ਡਾ. ਦੀਪਤੀ ਦੇ ਸਾਹਿਤਕ ਸਫ਼ਰ ਬਾਰੇ ਜਾਣਕਾਰੀ ਦਿੱਤੀ ਗਈ ਹੈ। ਹੱਥਲੇ ਅੰਕ ਦੀਪਤੀ ਨੂੰ ਜਾਨਣ ਲਈ ਬੜਾ ਕਾਰਗਰ ਸਿੱਧ ਹੋਵੇਗਾ। ਗੁਫ਼ਤਗੂ ਦੇ ਸੰਪਾਦਕ ਡਾ. ਸ਼ਿਆਮ ਸੁੰਦਰ ਦੀਪਤੀ (98158-08506) ਹਨ। ਮੁੱਲ : 100 ਰੁਪਏ, ਪੰਨੇ : 112

## ਸੰਗਰਾਮੀ ਲਹਿਰ : ਜੂਨ, 2025



ਪਰਚੇ ਦੇ ਹੱਥਲੇ ਅੰਕ ਵਿੱਚ ਜ਼ਮੀਨਾਂ ਖੋਹਣ ਤੇ ਜਬਰ ਵਿਰੋਧੀ (ਪਰਗਟ ਸਿੰਘ ਜਾਮਾਰਾਏ), ਸਿੱਖਿਆ ਕ੍ਰਾਂਤੀ (ਕੁਲਦੀਪ ਸਿੰਘ), ਸੂਬਾ ਸਰਕਾਰ ਦੀ ਸਥਿਤੀ (ਸ਼ਮਸ਼ੇਰ ਸਿੰਘ ਬਟਾਲਾ), ਨਾਜ਼ੀਆਂ ਤੇ ਜਿੱਤ ਦੀ ਯਾਦ (ਰਵੀ ਕੰਵਰ), 1857 ਦਾ ਗ਼ਦਰ (ਸੁਖਦੇਵ ਸਿੰਘ ਸੋਹਲ), ਕਿਰਤੀ ਔਰਤਾਂ ਦੇ ਦੁਖੜੇ (ਬਲਵਿੰਦਰ ਸਿੰਘ ਛੇਹਰਟਾ), ਸ਼ਹੀਦ ਚੰਦਰ ਸ਼ੇਖਰ ਦੀ ਸੂਹੀ ਵਿਰਾਸਤ (ਮੰਗਤ ਰਾਮ ਪਾਸਲਾ) ਆਦਿ ਲੇਖ ਮਹੱਤਵ ਪੂਰਨ ਹਨ। ਪਰਚੇ ਵਿੱਚ ਕਹਾਣੀ, ਵਿਅੰਗ, ਕਵਿਤਾਵਾਂ ਤੋਂ ਇਲਾਵਾ ਕੌਮਾਂਤਰੀ ਪਿੜ ਬਾਰੇ ਲਿਖਤਾਂ ਵੀ ਛਪੀਆਂ ਹਨ। ਜਨਤਕ ਲਾਮਬੰਦੀ ਸੰਬੰਧੀ ਕਵਰਜ਼ ਹੈ। ਸੰਗਰਾਮੀ ਲਹਿਰ ਦੇ ਸੰਪਾਦਕ ਮੰਗਤ ਰਾਮ ਪਾਸਲਾ, ਮੁੱਲ : 20 ਰੁਪਏ, ਪੰਨੇ : 44 ਹਨ।

## ਲੋਕ ਲਹਿਰ : ਜੂਨ, 2025



ਸੀਪੀਆਈ(ਐਮ) ਦੀ ਵਿਚਾਰਧਾਰਾ ਬਾਰੇ ਲਿਖਤਾਂ ਤੋਂ ਇਲਾਵਾ ਜਾਤੀ ਪ੍ਰਥਾ ਅਤੇ ਜਾਤੀਵਾਦੀ ਚੇਤਨਾ ਸਬੰਧੀ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਲੰਮੀ ਲਿਖਤ ਹੈ। ਇਕ ਜੰਗ ਬੰਦੀ ਬਾਰੇ ਲੇਖ ਹੈ। ਸੰਗਰਾਮੀ ਲਹਿਰ ਦੇ ਸੰਪਾਦਕ ਸੁਖਵਿੰਦਰ ਸਿੰਘ ਸੇਖੋਂ, ਲਹਿੰਬਰ ਸਿੰਘ ਤੱਗੜ (0172-2657936) ਤੇ ਹੋਰ ਹਨ। ਅੰਕ ਦੀ ਕੀਮਤ : 20 ਰੁਪਏ, ਪੰਨੇ :34 ਹਨ।

## ਸੱਚਖੰਡ ਪੱਤਰ : ਮਈ-ਜੂਨ, 2025



ਹੱਥਲੇ ਅੰਕ ਵਿੱਚ ਕਲਜੁਗਿ ਜਹਾਜੁ ਅਰਜੁਨੁ ਗੁਰੂ (ਡਾ. ਬਲਕਾਰ ਸਿੰਘ), ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ (ਗਿ. ਸੰਤ ਸਿੰਘ ਮਸਕੀਨ), ਮਹਾਰਾਜਾ ਰਣਜੀਤ ਸਿੰਘ (ਪਿਆਰਾ ਸਿੰਘ ਦਾਤਾ), ਬਾਬਾ ਬੰਦਾ ਸਿੰਘ ਬਹਾਦਰ (ਡਾ. ਜਸਬੀਰ ਸਿੰਘ ਆਹਲੂਵਾਲੀਆ) ਦੇ ਲੇਖ ਛਪੇ ਹਨ। ਸੱਚਖੰਡ ਪੱਤਰ ਦਾ ਮੁੱਲ : 25 ਰੁਪਏ, ਪੰਨੇ : 48 ਤੇ ਸੰਪਾਦਕ ਗਿ. ਅਵਤਾਰ ਸਿੰਘ ਸ਼ੀਤਲ ਹਨ।

## ਸਤਿ ਜੁਗ: ਜੂਨ, 2025



ਹੱਥਲੇ ਅੰਕ ਵਿੱਚ ਸੂਬਾ ਸਾਹਿਬ ਸਿੰਘ (ਸੁਵਰਨ ਸਿੰਘ ਵਿਰਕ), ਅਨੰਦ ਕਾਰਜ ਦੀ ਰਸਮ ਇਤਿਹਾਸਕ ਪਿਛੋਕੜ (ਡਾ. ਲਖਵੀਰ ਸਿੰਘ), ਸਹਿਗੁਰੂ ਪ੍ਰਤਾਪ ਸਿੰਘ (ਸੰਤ ਗੁਰਬਚਨ ਸਿੰਘ), ਬੀਤੇ ਦੀ ਪੈੜਾਂ (ਪ੍ਰੀਤਮ ਸਿੰਘ ਕਵੀ), ਅੱਖੀਂ ਡਿੱਠਾ ਕਿੱਸਾ ਕੀਤਾ (ਸੁਵਰਨ ਸਿੰਘ ਵਿਰਕ) ਆਦਿ ਲੇਖਾਂ ਤੋਂ ਇਲਵਾ ਖ਼ਬਰਨਾਮਾ ਵੀ ਛਪਿਆ ਹੈ। ਸਤਿਯੁਗ ਦਾ ਮੁੱਲ : 10 ਰੁਪਏ, ਪੰਨੇ : 44, ਸੰਪਾਦਕ : ਗੁਰਲਾਲ ਸਿੰਘ, ਪਤਾ ਸ੍ਰੀ ਭੈਣੀ ਸਾਹਿਬ, ਲੁਧਿਆਣਾ, ਸੰਪਰਕ : 97800-97898

**- ਭਗਵੰਤ ਰਸੂਲਪੁਰੀ**

# ਦਰਸ਼ਨ ਸਿੰਘ ਖਟਕੜ ਦੀਆਂ ਨਵੀਂਆਂ ਗ਼ਜ਼ਲਾਂ



## ਨਾਬਰ ਨਦੀ

ਰੇਤੇ 'ਚ ਤਪਦੀ ਤੜਫਦੀ ਬੇਚੈਨ ਤਾਂ ਉਹ ਸੀ ਬੜੀ।
ਹੋ ਕੇ ਫਿਰ ਨਾਬਰ ਨਦੀ ਸਹਿਰਾਅ ਦੀ ਹਿੱਕੇ ਜਾ ਚੜ੍ਹੀ।

ਉਸ ਦੇ ਵਿਹੜੇ ਸੌਣ ਆਉਂਦਾ, ਮੇਘ ਬੱਸ ਦੋ-ਚਾਰ ਹੀ,
ਵੈਰੀਆਂ ਅੰਬਰ 'ਤੇ ਚੜ੍ਹ ਕੇ, ਲਾਈ ਹੈ ਅੱਗ ਦੀ ਝੜੀ।

ਛੌਣੀਆਂ 'ਚੋਂ ਚੜ੍ਹਨ ਫੌਜਾਂ ਜੰਗ ਲਈ ਹੁੰਦੇ ਨੇ ਕੂਚ,
ਖੰਡਰਾਂ 'ਚੋਂ ਕੂਚ ਕਰ, ਕੋਈ ਫੌਜ ਨਹੀਂ ਏਦਾਂ ਲੜੀ।

ਦਾਦੀਆਂ, ਮਾਵਾਂ ਤੇ ਬੱਚੇ ਕੋਹੇ ਜਾਂਦੇ ਕਿੰਝ ਜਰੇ,
ਚੀਰ ਕੇ ਫਿਰ ਕੋਹ ਹਜ਼ਾਰਾਂ, ਗਾਜ਼ਾ ਗਈ ਕੱਚੀ ਗੜ੍ਹੀ।

ਬਦਲਦੇ ਕਿਰਦਾਰ ਦੀ ਤੇਜ਼ੀ ਨੂੰ ਪੜ੍ਹ ਲੈ ਕਰ ਯਕੀਨ,
ਔਹ ਖੜ੍ਹਾ ਜੋ ਸੇਵਾ ਦਲ ਹੈ, ਫੌਜ-ਦਲ ਅਗਲੀ ਘੜੀ।

## ਫਾਹਾ ਤੇ ਸਲਫਾਸ

ਚੱਤੋ ਪਹਿਰ ਟਿਕਣ ਨਾ ਦਿੰਦੀ, ਅੱਠ ਬੈਂਡਾਂ ਦੀ ਆਸ।
ਬਾਹਰ ਹੀ ਨਹੀਂ ਘਰ ਅੰਦਰ ਵੀ, ਦਿਲ ਨੇ ਬੜੇ ਉਦਾਸ।

ਲੂਣੀ ਧਰਤੀ, ਖਾਰਾ ਪਾਣੀ, ਖਾਰਾ ਅੱਖ ਦਾ ਨੀਰ,
ਬਾਉਲੀ ਨਹੀਂ ਬੁਝਾਉਂਦੀ ਕੋਈ, ਮਨ-ਅੰਤਰ ਦੀ ਪਿਆਸ।

ਖੇਤ, ਸੁਰੱਗੀ, ਰੁਤਬਾ, ਰਿਸ਼ਤੇ ਤੇ ਪੱਕਾ ਘਰ-ਬਾਰ,
ਸੰਕਟ-ਮੋਚਨ ਹੁੰਦਾ ਸੀ ਉਦੋਂ, ਉਹ ਰੰਗਲਾ ਪਰਵਾਸ।

ਕਰਜ਼ੇ, ਵੀਜ਼ੇ, ਕੱਚੇ ਰੁਤਬੇ ਪੱਕਾ ਨਹੀਂ ਆਸਾਨ,
ਔਖੇ-ਸੌਖੇ ਕੱਟ ਗੁਜ਼ਰਨਗੇ, ਉਹ ਕਿਹੜਾ ਬਣਵਾਸ।

ਉੱਡਣ-ਰੁੱਤੇ ਖੰਭ ਜਿਨ੍ਹਾਂ ਦੇ, ਹੋ ਗਏ ਪੱਥਰਾਂ ਵਾਂਗ,
ਧਰਤੀ ਝੱਲੇ ਭਾਰ ਅਤੇ ਨਾ ਪੌਣਾਂ ਦੇਣ ਸਵਾਸ।

ਜਿਸ ਨੂੰ ਨਹੀਂ ਹੁਲਾਰਾ ਕੋਈ, ਨਾ ਕੋਈ ਲਿਸ਼ਕੋਰ,
ਨੇਰ੍ਹ 'ਚ ਖੁਭੇ ਉਸ ਰਾਹੀ ਲਈ, ਟੀਕਾ ਪੁੜੀ ਹੁਲਾਸ।

ਮੌਤਾਂ ਤਾਂ ਬਸ ਖ਼ਬਰਾਂ ਹੋਈਆਂ, ਜੜ੍ਹ ਦੀ ਖੋਜ ਅਲੋਪ,
ਮਿਹਨਤੀਆਂ ਪੇਟੈਂਟ ਕਰਾ ਲਏ, ਫਾਹਾ ਤੇ ਸਲਫਾਸ।

ਬੇਵੱਸ ਜੇਹੀ ਜ਼ਿੰਦਗੀ ਉੱਪਰ ਉੱਡੇ ਕਲਹਿਣੀ ਮੌਤ,
ਜਨਮ-ਜਿਨ੍ਹਾਂ ਤੋਂ ਕਾਹਲੀ ਰਹਿੰਦੀ ਹੈ ਅੰਤਮ ਅਰਦਾਸ।

## ਚੌਧਰ ਬੋਲ ਰਹੀ ਹੈ

ਦੌਲਤ-ਦਮਨ ਦੇ ਦੁੱਖ ਵਰਤਾਉਂਦੀ, ਚੌਧਰ ਕੀ-ਕੀ ਬੋਲ ਰਹੀ ਹੈ।
ਪਰਦੇ ਅਤੇ ਨਕਾਬ ਹੰਢਾਉਂਦੀ, ਗੁੱਝੇ ਭੇਦ ਹੀ ਖੋਲ੍ਹ ਰਹੀ ਹੈ।
....................ਚੌਧਰ ਕੀ-ਕੀ ਬੋਲ ਰਹੀ ਹੈ।

ਚੌਧਰ-ਜ਼ੋਰ ਬਣਾਏ ਜਿਹੜੇ ਤਿੜਕੇ ਜੋੜ-ਜੁਗਾੜ ਪੁਰਾਣੇ।
ਤੱਤੀ-ਰੁੱਤੇ ਕੰਮ ਨਾ ਆਉਂਦੇ, ਠੰਢੀ ਰੁੱਤ ਦੇ ਤਾਣੇ-ਬਾਣੇ।
ਦੌਲਤ ਫਿਰ ਵੰਡਣ ਲਈ ਧਰਤੀ ਜੰਗ ਦਾ ਬਸਤਾ ਫੋਲ ਰਹੀ ਹੈ।
...........ਚੌਧਰ ਕੀ-ਕੀ ਬੋਲ ਰਹੀ ਹੈ।

ਆਪਣੇ ਝੰਡੇ ਉੱਪਰ ਇੱਕ ਨੇ, ਇੱਕ ਦਾ ਅੰਕ ਲਿਖਾ ਰੱਖਿਆ ਹੈ।
ਬਾਕੀ ਸਭ ਨੂੰ ਟਿੱਚ ਸਮਝ ਕੇ, ਆਪਣਾ 'ਖਾੜਾ ਲਾ ਰੱਖਿਆ ਹੈ।
ਧਮਕੀ, ਧੱਕੇ, ਧਾਵੇ ਵਾਲੀ, ਨਿੱਤ ਪਟਾਰੀ ਖੋਲ੍ਹ ਰਹੀ ਹੈ।
...............ਚੌਧਰ ਕੀ-ਕੀ ਬੋਲ ਰਹੀ ਹੈ।

ਦੂਜੀ ਚੌਧਰ ਆਪਣੀ ਰਾਖੀ ਆਪਣੀ ਜਾਨ ਅਲਾਪ ਰਹੀ ਹੈ।
ਖਾਲੀ ਥਾਵਾਂ ਭਰਦੀ-ਭਰਦੀ, ਤਾਕਤ ਫੜਦੀ ਜਾਪ ਰਹੀ ਹੈ।
ਸਮਤਾ ਤੇ ਇਨਸਾਫ਼ ਤਰੱਕੀ ਆਪਣਾ ਪਰਚਮ ਬੋਲ ਰਹੀ ਹੈ।
................ਚੌਧਰ ਕੀ-ਕੀ ਬੋਲ ਰਹੀ ਹੈ।

ਤੀਜੀ ਚੌਧਰ ਪੋਲੇ ਪੈਰੀਂ, ਲੱਭਦੀ ਹੈ ਅਣਗਾਹੀਆਂ ਰਾਹਾਂ।
ਖੋਜਾਂ ਧਰਤੀ ਅੰਬਰ ਗਾਹੇ, ਨਕਲੀ ਨਕਲ ਹੈ ਲੰਮਆਂ ਬਾਹਾਂ।
ਚੌਂਹ ਕੂਟਾਂ ਵਿੱਚ ਖੰਭ ਫੈਲਾਈ, ਧਰਤੀ ਦਾ ਧਨ ਟੋਲ੍ਹ ਰਹੀ ਹੈ।
......................ਚੌਧਰ ਕੀ-ਕੀ ਬੋਲ ਰਹੀ ਹੈ।

ਫੇਰ ਪੁਰਾਣੇ ਚੌਧਰੀਆਂ ਦੀ ਧਿਰ ਆਖੇ, ਹੁਣ ਰਹਿ ਨਹੀਂ ਹੋਣਾ।
ਖ਼ਤਰਨਾਕ ਬਰਫ਼ਾਨੀ ਭਾਲੂ, ਦਾ ਪੰਜਾ ਵੀ ਸਹਿ ਨਹੀਂ ਹੋਣਾ।
ਇੱਕੋ ਫੌਜ, ਮੁਹਾਜ਼ ਬਣਾ ਕੇ, ਦੁਸ਼ਮਣ ਦੇ ਲੱਭ ਪੋਲ ਰਹੀ ਹੈ।
................ਚੌਧਰ ਕੀ-ਕੀ ਬੋਲ ਰਹੀ ਹੈ।

ਸਦੀਆਂ ਜਬਰ-ਜ਼ੁਲਮ ਦੇ ਦਰੜੇ, ਸੁਲਗ ਰਹੇ ਨੇ ਨਕਸ਼ੇ ਸਾਰੇ।
ਰੋਜ਼ ਉਹ ਸਾਰੇ ਲੱਭ ਰਹੇ ਨੇ, ਨਵੇਂ ਸਹਾਰੇ ਨਵੇਂ ਕਿਨਾਰੇ।
ਸਦੀਆਂ ਤੋਂ ਪਰਵਾਜ਼ ਜੋ ਨਰੜੀ, ਉਹ ਆਪਣੇ ਖੰਭ ਤੋਲ ਰਹੀ ਹੈ।
...................ਚੌਧਰ ਕੀ-ਕੀ ਬੋਲ ਰਹੀ ਹੈ।

## ਮੈਂ ਗਾਜ਼ਾ ਕਹਿਨਾ

ਚੈਨ ਨਾ ਬਾਹਰ ਚੈਨ ਨਾ ਅੰਦਰ,
ਖਤਰਾ ਧਰਤੀ ਖਤਰਾ ਅੰਬਰ।

ਤੰਬੂਆਂ ਵਰਗੀ ਜੂਨ ਹੰਢਾਉਂਦਾ,
ਬਿਨ ਤਾਕੀ ਦਰਵਾਜ਼ਾ ਰਹਿਨਾ।
ਸੁਣ ਯਾਰਾ ਮੈਂ ਗਾਜ਼ਾ ਕਹਿਨਾ।

ਕੁੱਲ ਜਹਾਨ ਦੀ ਮੰਨੀ ਮੰਗ ਹਾਂ,
ਰੋਜ਼ ਸੁਲਗਦੀ ਇੱਕ ਉਮੰਗ ਹਾਂ,
ਫਲਸਤੀਨ ਦੀ ਰੂਹ ਦਾ ਟੋਟਾ
ਕਹਿਰ ਮੈਂ ਬੇ-ਅੰਦਾਜ਼ਾ ਸਹਿਨਾ।
ਸੁਣ ਯਾਰਾ ਮੈਂ ਗਾਜ਼ਾ ਕਹਿਨਾ।

ਰੋਜ਼ ਹੀ ਛਿੱਲਿਆ ਵੱਢਿਆ ਜਾਨਾ,
ਆਪਣੇ ਘਰ 'ਚੋਂ ਕੱਢਿਆ ਜਾਨਾ,
ਅੰਬਰ ਤੱਕ ਨੇ ਮੇਰੀਆਂ ਹੂਕਾਂ,
ਕਦੇ ਨਾ ਬੇ-ਆਵਾਜ਼ਾ ਰਹਿਨਾ।
ਸੁਣ ਯਾਰਾ ਮੈਂ ਗਾਜ਼ਾ ਕਹਿਨਾ।

ਬੱਚਿਆਂ ਦੇ ਅੰਗ ਕਿੱਦਾਂ ਲੱਭਾਂ,
ਕਿਸ ਨੂੰ ਕਿਹੜੀ ਕਬਰ 'ਚ ਦੱਬਾਂ,



ਨਿੱਤ ਇਹ ਕਬਰਾਂ ਜਾਗਦੀਆਂ ਨੇ,
ਆਜਾ ਕਿਸਮਤ ਆਜਾ ਕਹਿਨਾ।
ਸੁਣ ਯਾਰਾ ਮੈਂ ਗਾਜ਼ਾ ਕਹਿਨਾ।

ਇੱਥੇ ਕੁੱਲ ਖਲਕਤ ਹੈ ਗਾਜ਼ੀ,
ਲਾ ਬੈਠੀ ਹੈ ਜਾਨ ਦੀ ਬਾਜ਼ੀ,
ਸਾਹ ਜੋਗੀ ਵੀ ਪੌਣ ਬਚੇ ਨੇ,
ਜੰਗ ਨੂੰ ਆਜਾ-ਆਜਾ ਕਹਿਨਾ।
ਸੁਣ ਯਾਰਾ ਮੈਂ ਗਾਜ਼ਾ ਕਹਿਨਾ।

ਉੱਡਿਆ ਲੈ ਖੰਭਾਂ ਵਿੱਚ ਲਾਟਾਂ,
ਲਾਟਾਂ-ਲਾਟਾਂ ਲੰਮੀਆਂ ਵਾਟਾਂ,
ਦੁਸ਼ਮਣ ਦੇ ਪਿੰਜਰੇ ਨੂੰ ਭੰਨਦਾ,
ਨਹੀਂ ਮੈਂ ਬੇ-ਪਰਵਾਜ਼ਾ ਰਹਿਨਾ।
ਸੁਣ ਯਾਰਾ ਮੈਂ ਗਾਜ਼ਾ ਕਹਿਨਾ।

# ਬ੍ਰਹਿਮੰਡ ਦੀ ਉਤਪਤੀ ਦਾ ਖੋਜੀ : ਡਾ. ਜੈਅੰਤ ਵਿਸ਼ਨੂੰ ਨਾਰਲੀਕਰ

ਪ੍ਰਿੰ. ਹਰੀ ਕ੍ਰਿਸ਼ਨ ਮਾਇਰ

ਨਾਰਲੀਕਰ ਜਗਤ ਪ੍ਰਸਿੱਧ ਭਾਰਤੀ ਖਗੋਲ ਵਿਗਿਆਨੀ ਸੀ। ਵਿਗਿਆਨ ਨੂੰ ਹਰਮਨ ਪਿਆਰਾ ਬਣਾਉਣ ਲਈ ਉਸ ਨੇ ਅੰਗਰੇਜ਼ੀ, ਹਿੰਦੀ ਅਤੇ ਮਰਾਠੀ ਵਿੱਚ ਕਿੰਨੀਆਂ ਹੀ ਪੁਸਤਕਾਂ ਲਿਖੀਆਂ। ਬ੍ਰਹਿਮੰਡ ਦੇ ਸੰਦਰਭ 'ਚ ਅਕਸਰ ਇਹ ਮਾਨਤਾ ਹੈ ਕਿ ਬ੍ਰਹਿਮੰਡ ਦੀ ਉਤਪਤੀ ਇੱਕ ਵਿਸ਼ਾਲ ਵਿਸਫੋਟ ਨਾਲ ਹੋਈ ਸੀ। ਸਮਾਂ ਪੈਣ 'ਤੇ ਬ੍ਰਹਿਮੰਡ ਦੀ ਉਤਪਤੀ ਬਾਰੇ ਇਕ ਹੋਰ ਸਿਧਾਂਤ 'ਸਟੈਡੀ ਸਟੇਟ' (ਸਥਿਰ ਅਵਸਥਾ) ਦੀ ਚਰਚਾ ਵੀ ਵੱਡੇ ਪੱਧਰ 'ਤੇ ਹੋਣ ਲੱਗੀ। ਇਸ ਸਿਧਾਂਤ ਦੇ ਖੋਜੀ ਡਾ. ਫਰੈਡਰਿਕ ਹੋਇਲ ਸਨ। ਨਾਰਲੀਕਰ ਨੇ ਫਰੈਡਰਿਕ ਹੋਇਲ ਨਾਲ ਮਿਲ ਕੇ ਇਸ ਸਿਧਾਂਤ 'ਤੇ ਕਾਫੀ ਖੋਜ ਕਾਰਜ ਕੀਤਾ ਸੀ। ਇਸ ਦੇ ਨਾਲ ਹੀ ਉਸ ਨੇ ਆਇਨਸਟਾਈਨ ਦੇ ਸਾਪੇਖਤਾ ਸਿਧਾਂਤ ਅਤੇ ਮਾਕ ਸਿਧਾਂਤ ਨੂੰ ਮਿਲਾ ਕੇ 'ਹੋਇਲ-ਨਾਰਲੀਕਰ ਸਿਧਾਂਤ' ਵੀ ਖੋਜਿਆ ਸੀ। ਕੈਂਬਰਿਜ ਰਹਿੰਦਿਆਂ ਉਹ ਦੋ-ਤਿੰਨ ਸਾਲ ਸਟੀਫਨ ਹਾਕਿੰਗ ਦੇ ਸੰਪਰਕ ਵਿੱਚ ਵੀ ਰਿਹਾ।

ਜੈਅੰਤ ਵਿਸ਼ਨੂੰ ਨਾਰਲੀਕਰ ਦਾ ਜਨਮ 19 ਜੁਲਾਈ 1938 ਨੂੰ ਕੋਹਲਾਪੁਰ (ਮਹਾਂਰਾਸ਼ਟਰ) ਵਿੱਚ ਹੋਇਆ। ਉਸ ਦੇ ਪਿਤਾ ਵਿਸ਼ਨੂੰ ਵਾਸੂਦੇਵ ਨਾਰਲੀਕਰ ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਗਣਿਤ ਦੇ ਪ੍ਰੋਫੈਸਰ ਸਨ। ਉਹ ਸਿਧਾਂਤਕ ਫਿਜ਼ੀਕਸ 'ਚ ਵੀ ਮਾਹਿਰ ਸਨ। ਉਸ ਦੀ ਮਾਂ ਸੁਮਤੀ ਨਾਰਲੀਕਰ ਸੰਸਕ੍ਰਿਤ ਵਿੱਚ ਸੀ। ਉਸ ਦੀ ਪਤਨੀ ਮੰਗਲਾ ਗਣਿਤ ਦੀ ਪੀ.ਐੱਚ.ਡੀ ਅਤੇ ਮਾਮਾ ਡਾ. ਵੀ.ਆਰ. ਹੁਜੂਰਬਾਜਾਰ ਇਕ ਨਾਮੀ ਅੰਕੜਾ ਵਿਗਿਆਨੀ ਸੀ।

ਨਾਰਲੀਕਰ ਦੀ ਮੁੱਢਲੀ ਪੜ੍ਹਾਈ ਸੈਂਟਰਲ ਹਿੰਦੂ ਸਕੂਲ ਬਨਾਰਸ ਤੋਂ ਹੋਈ। ਸੰਨ 1957 'ਚ ਉਸ ਨੇ ਗਣਿਤ, ਫਿਜ਼ੀਕਸ ਅਤੇ ਅੰਕੜਾ ਵਿਗਿਆਨ ਵਿਸ਼ਿਆਂ ਨਾਲ ਬੀ.ਐੱਸ.ਸੀ (ਆਨਰਜ਼) ਦੀ ਡਿਗਰੀ, ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚੋਂ ਪ੍ਰਥਮ ਰਹਿ ਕੇ ਹਾਸਲ ਕੀਤੀ। ਅਗਲੀ ਪੜ੍ਹਾਈ ਕਰਨ ਲਈ ਉਹ ਇੰਗਲੈਂਡ ਦੀ ਕੈਂਬਰਿਜ ਯੂਨੀਵਰਸਿਟੀ ਵਿੱਚ ਚਲਾ ਗਿਆ। ਉਦੋਂ ਉਹ 19 ਸਾਲਾਂ ਦਾ ਸੀ। ਉਸ ਦੇ ਕੈਂਬਰਿਜ ਜਾਣ ਦੀ ਦਿਲਚਸਪ ਕਹਾਣੀ ਵੀ ਸੁਣ ਲਓ : ਸਮੁੰਦਰੀ ਜਹਾਜ਼ ਵਿੱਚ ਜਾਣ ਦੀ ਥਾਂ ਉਹ ਸਮੁੰਦਰੀ ਕਿਸ਼ਤੀ ਰਾਹੀਂ ਇੰਗਲੈਂਡ ਗਿਆ। ਕਾਰਨ ਇਹ ਸੀ ਕਿ ਕਿਸ਼ਤੀ ਰਾਹੀਂ ਸਫਰ ਪੰਜ ਸੌ ਰੁਪਈਏ ਸਸਤਾ ਪੈਂਦਾ ਸੀ। ਇਨ੍ਹਾਂ ਪੈਸਿਆਂ ਵਿੱਚ ਰੋਟੀ-ਪਾਣੀ ਵੀ ਨਾਲ ਮਿਲਣਾ ਸੀ। ਨਾਰਲੀਕਰ 18 ਦਿਨਾਂ ਵਿੱਚ ਕੈਂਬਰਿਜ ਪਹੁੰਚਿਆ ਸੀ।

ਕੈਂਬਰਿਜ ਪਹੁੰਚ ਕੇ ਉਸ ਦੇ ਸਾਮ੍ਹਣੇ ਦੋ ਰਸਤੇ ਸਨ। ਗਣਿਤ ਦੀ ਉੱਚ ਸਿੱਖਿਆ ਪ੍ਰਾਪਤ ਕਰਨੀ ਜਾਂ ਵਿਹਾਰਕ ਗਣਿਤ ਦੀ ਪੜ੍ਹਾਈ ਕਰਨੀ। ਵਿਹਾਰਕ ਗਣਿਤ ਵਿੱਚ ਐਸਟ੍ਰੋਨੋਮੀ ਵੀ ਪੜ੍ਹਾਉਂਦੇ ਸਨ। ਐਸਟਰੌਨੋਮੀ ਉਸ ਨੂੰ ਚੰਗੀ ਲੱਗਦੀ ਸੀ। ਉਸ ਨੇ ਵਿਹਾਰਕ ਗਣਿਤ ਪੜ੍ਹਨ ਦਾ ਫੈਸਲਾ ਕਰ ਲਿਆ। ਉਸ ਨੂੰ ਪੜ੍ਹਾਉਣ ਵਾਲੇ ਅਧਿਆਪਕ ਬੜੇ ਹੀ ਅਨੁਭਵੀ ਸਨ। ਉਹ ਆਪੋ ਆਪਣੇ ਖੋਜ ਕਾਰਜਾਂ ਵਿੱਚ ਹੀ ਰੁੱਝੇ ਰਹਿੰਦੇ ਸਨ, ਪਰ ਉਹ ਕਲਾਸ ਨੂੰ ਪੂਰੀ ਤਨਦੇਹੀ ਨਾਲ ਪੜ੍ਹਾਉਂਦੇ ਸਨ। ਇੱਥੇ ਉਸ ਨੇ ਫਰੈਡਰਿਕ ਹੋਇਲ ਦੀ ਪੁਸਤਕ : ਫਰੰਟੀਅਰਜ਼ ਆਫ ਐਸਟ੍ਰੋਨੋਮੀ ਵੀ ਪੜ੍ਹੀ ਸੀ। ਇਸ ਪੁਸਤਕ ਤੋਂ ਉਸ ਨੂੰ ਬ੍ਰਹਿਮੰਡ ਦੀ ਮੁੱਢਲੀ ਜਾਣਕਾਰੀ ਪ੍ਰਾਪਤ ਹੋਈ ਸੀ। ਫਰੈਡਰਿਕ ਹੋਇਲ ਕੈਂਬਰਿਜ ਯੂਨੀਵਰਸਿਟੀ ਦੇ ਕਿੰਗਜ਼ ਕਾਲਜ ਵਿੱਚ 'ਆਕਾਸ਼ੀ ਪਿੰਡਾਂ ਦੀ ਰਫਤਾਰ ਅਤੇ ਸਥਿਤੀ' ਵਿਸ਼ੇ 'ਤੇ ਖੋਜ ਅਧਿਐਨ ਕਰ ਰਿਹਾ ਸੀ। ਪ੍ਰੋ. ਹੋਇਲ ਨਾਰਲੀਕਰ ਦੀ ਕਲਾਸ ਨੂੰ ਪੜ੍ਹਾਉਂਦਾ ਵੀ ਸੀ। ਤਿੰਨ ਸਾਲ ਵਿੱਚ ਨਾਰਲੀਕਰ ਨੇ ਇੱਥੋਂ ਮਾਸਟਰ ਦੀ ਡਿਗਰੀ ਹਾਸਲ ਕੀਤੀ। ਸੰਨ 1963 ਵਿੱਚ ਉਸ ਨੇ ਫਰੈਡਰਿਕ ਹੋਇਲ ਦੀ ਨਿਗਰਾਨੀ ਹੇਠ ਹੀ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ। ਉਸ ਦੀ ਖੋਜ ਦਾ ਵਿਸ਼ਾ ਸੀ : 'ਸਟੈਡੀ ਸਟੇਟ ਥਿਊਰੀ ਵਿੱਚ ਗਣਿਤਕ ਸੂਤਰੀਕਰਨ ਦੀ ਵਰਤੋਂ', ਜੋ ਪਦਾਰਥ ਦੀ ਸਿਰਜਣਾ ਦੀ ਵਿਆਖਿਆ ਕਰਦੀ ਸੀ। ਬ੍ਰਹਿਮੰਡ ਦੀ ਉਤਪਤੀ ਦੀ ਬਿੱਗ ਬੈਂਗ ਥਿਊਰੀ ਮੁਤਾਬਿਕ : ਸਮੁੱਚਾ ਬ੍ਰਹਿਮੰਡ ਸੂਨਤਾ ਵਿੱਚੋਂ ਉਤਪੰਨ ਹੋਇਆ ਮੰਨਿਆ ਜਾਂਦਾ ਸੀ। ਇਸ 'ਤੇ ਦੋਸ਼ ਲੱਗਦਾ ਰਿਹਾ ਕਿ ਇਹ ਮਾਦੇ ਅਤੇ ਊਰਜਾ ਦੇ ਸੁਰੱਖਿਅਣ ਦੇ ਨਿਯਮ ਦੀ ਉਲੰਘਣਾ ਕਰਦਾ ਸੀ। ਸਟੈਡੀ ਸਟੇਟ ਥਿਊਰੀ ਮਾਦੇ ਦੇ ਸੁਰੱਖਿਅਣ ਦੇ ਨਿਯਮ ਦੀ ਉਲੰਘਣਾ ਕੀਤੇ ਬਗੈਰ, ਰਿਣ ਊਰਜਾ ਅਤੇ ਫੈਂਟਮ ਫੀਲਡ ਦੇ ਸੰਕਲਪਾਂ ਰਾਹੀਂ ਮਾਦੇ ਦੀ ਉਤਪਤੀ ਦੀ ਗੱਲ ਸਪੱਸ਼ਟ ਕਰਦੀ ਸੀ।

ਨਾਰਲੀਕਰ ਦਾ ਮਤ ਸੀ-ਇਕੱਲੇ ਅਨਪੜ੍ਹ ਲੋਕਾਂ ਵਿੱਚ ਹੀ ਨਹੀਂ, ਸਗੋਂ ਪੜ੍ਹਿਆਂ-ਲਿਖਿਆਂ ਵਿੱਚ ਵੀ, ਭਰਮਜਾਲ ਅਤੇ ਅੰਧ-ਵਿਸ਼ਵਾਸ ਭਾਰੂ ਹਨ। ਇਹ ਭਰਮਜਾਲ ਉਦੋਂ ਟੁੱਟੇਗਾ, ਜਦੋਂ ਸਹੀ ਜਾਣਕਾਰੀ ਲੋਕਾਂ ਕੋਲ ਪਹੁੰਚੇਗੀ। ਉਹ ਜੋਤਿਸ਼ ਨੂੰ ਵਿਗਿਆਨ ਦੀ ਸ਼ਾਖਾ ਨਹੀਂ ਮੰਨਦਾ ਸੀ।

'ਐਨ ਇੰਡੀਅਨ ਟੈਸਟ ਆਫ ਐਸਟ੍ਰਾਲੋਜੀ' ਸਿਰਲੇਖ ਅਧੀਨ ਉਹ 'ਸਕੇਪਟਿਕ ਇਨਕੁਆਇਰਰ' ਵਿੱਚ ਇਕ ਦਿਲਚਸਪ ਪ੍ਰਯੋਗ ਬਾਰੇ ਦੱਸਦਾ ਹੈ। ਉਸ ਨੇ ਹੋਰ ਖੋਜਕਾਰਾਂ ਨਾਲ ਮਿਲ ਕੇ ਦੋ ਸੌ ਜਨਮ ਪੱਤਰੀਆਂ (ਟੇਵੇ) ਇਕੱਤਰ ਕੀਤੀਆਂ। ਉਨ੍ਹਾ ਵਿੱਚ ਸੌ ਟੇਵੇ ਬੁੱਧੀਮਾਨ ਵਿਦਿਆਰਥੀਆਂ ਦੇ ਸਨ ਅਤੇ ਸੌ ਘੱਟ ਬੁੱਧੀ ਵਾਲੇ ਵਿਦਿਆਰਥੀਆਂ ਦੇ। ਵੱਡੇ-ਵੱਡੇ ਜੋਤਿਸ਼ੀਆਂ ਨੂੰ ਟੇਵੇ ਵਾਚਣ ਦਾ ਸੱਦਾ ਦਿੱਤਾ ਗਿਆ। ਸਤਾਈ ਜੋਤਿਸ਼ੀਆਂ ਨੇ ਇਹ ਸੱਦਾ ਕਬੂਲ ਕੀਤਾ। ਹਰੇਕ ਜੋਤਿਸ਼ੀ ਨੇ ਚਾਲੀ ਟੇਵਿਆਂ ਦਾ ਅਧਿਐਨ ਕੀਤਾ। ਜੋਤਿਸ਼ੀਆਂ ਵੱਲੋਂ ਕੁਲ ਦੋ ਸੌ ਜਨਮ ਪੱਤਰੀਆਂ ਨੂੰ ਪੜਤਾਲਿਆ ਗਿਆ। ਇਕ ਅੱਧੇ ਨੂੰ ਛੱਡ ਕੇ, ਕੋਈ ਵੀ ਬੁੱਧੀਮਾਨ ਵਿਦਿਆਰਥੀਆਂ ਨੂੰ ਮੰਦਬੁੱਧੀ ਵਿਦਿਆਰਥੀਆਂ ਨਾਲੋਂ ਨਿਖੇੜ ਨਹੀਂ ਸਕਿਆ ਸੀ। ਸੋ ਲੋਕਾਂ ਨੂੰ ਗੈਰ ਵਿਗਿਆਨਕ ਭਰਮਾਂ-ਵਹਿਮਾਂ ਵਿੱਚੋਂ ਬਾਹਰ ਕੱਢਣਾ ਅਤੇ ਸਾਇੰਸ ਦੇ ਸਿਧਾਂਤਾਂ ਅਤੇ ਖੋਜਾਂ ਦੀ ਉਪਯੋਗਤਾ ਬਾਰੇ ਦੱਸਣਾ ਬਹੁਤ ਜ਼ਰੂਰੀ ਹੈ। ਮੌਜੂਦਾ ਵਿਗਿਆਨ ਦੀ ਪੜ੍ਹਾਈ ਵਿਗਿਆਨ ਦਾ ਸਿਰਫ ਗਿਆਨ ਪ੍ਰਦਾਨ ਕਰਦੀ ਹੈ, ਜਦ ਕਿ ਆਈ.ਆਈ.ਟੀ ਅਦਾਰੇ ਵਿਗਿਆਨਕ ਸਿਧਾਂਤਾਂ ਅਤੇ ਤਕਨੀਕਾਂ ਦੀ ਵਿਹਾਰਕਤਾ ਪੜ੍ਹਾ ਰਹੇ ਹਨ। ਆਉਣ ਵਾਲੇ ਸਾਲਾਂ ਵਿੱਚ ਖੋਜ ਅਧਿਐਨ ਦਾ ਰੁਝਾਨ ਵਧੇਗਾ।

ਕੈਂਬਰਿਜ ਯੂਨੀਵਰਸਿਟੀ ਤੋਂ ਸੰਨ 1960 'ਚ ਉਸ ਨੇ ਗਣਿਤ ਵਿਸ਼ੇ ਵਿਚ ਬੀ.ਏ ਟਾਇਸਨ ਮੈਡਲ ਨਾਲ ਪਾਸ ਕੀਤੀ। ਉਹ ਦੱਸਦਾ ਸੀ-ਕੈਂਬਰਿਜ ਗਣਿਤ ਟਰਾਈਪੋ ਦੇ ਪ੍ਰਸ਼ਨ ਪੱਤਰਾਂ ਵਿੱਚ ਹਦਾਇਤਾਂ ਦਿੱਤੀਆਂ ਹੁੰਦੀਆਂ ਸਨ-ਕੋਈ ਛੇ ਪ੍ਰਸ਼ਨਾਂ ਦੇ ਹੱਲ ਲਿਖੋ। ਅੱਧੇ ਹੱਲ ਦੇ ਪੂਰੇ ਅੰਕ ਨਹੀਂ ਮਿਲਣਗੇ। ਪੂਰੇ ਕੀਤੇ ਸਹੀ ਸਵਾਲਾਂ ਦੇ ਵੱਧ ਅਨੁਪਾਤਕ ਅੰਕ ਦਿੱਤੇ ਜਾਣਗੇ।

ਜਦੋਂ ਮੇਰਾ ਟਰਾਇਪੋ ਦਾ ਰਿਜ਼ਲਟ ਆਇਆ, ਮੇਰੇ ਇਕ ਪੇਪਰ ਵਿੱਚ 100 ਵਿੱਚੋਂ 110 ਅੰਕ ਸਨ। ਦੂਜੇ ਪੇਪਰ ਵਿੱਚ 100 ਵਿੱਚੋਂ 140 ਅਤੇ ਇਸੇ ਤਰ੍ਹਾਂ ਹੋਰ ਪੇਪਰਾਂ ਵਿੱਚ ਵੀ ਮੇਰੇ ਵੱਧ ਅੰਕ ਆਏ ਸਨ। ਮੇਰੇ ਟਿਊਟਰ ਨੇ ਮੈਨੂੰ ਦੱਸਿਆ ਕਿ ਭਾਵੇਂ ਕੋਈ ਕਿੰਨੇ ਵੀ ਸਵਾਲ ਹੱਲ ਕਰੇ, ਸਭਨਾਂ ਸਵਾਲਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ। ਉਨ੍ਹਾ ਦੇ ਅੰਕ ਵੀ ਮਿਲਦੇ ਹਨ। ਰੈਂਕ ਪ੍ਰਾਪਤ ਸਕੋਰ ਉੱਤੇ ਅਧਾਰਿਤ ਹੁੰਦਾ ਹੈ।

ਸੰਨ 1964 ਵਿੱਚ ਉਸ ਨੇ ਖਗੋਲ ਭੌਤਿਕੀ ਵਿੱਚ ਪੋਸਟ ਗਰੈਜੂਏਟ ਦੀ ਡਿਗਰੀ ਪ੍ਰਾਪਤ ਕੀਤੀ। ਇਸ ਤੋਂ ਬਾਅਦ ਸੰਨ 1972 ਤੀਕ ਉਹ ਕਿੰਗਜ ਕਾਲਜ ਵਿੱਚ ਫੈਲੋ ਦੇ ਤੌਰ 'ਤੇ ਕੰਮ ਕਰਦਾ ਰਿਹਾ। ਹੁਣ ਤੱਕ ਨਾਰਲੀਕਰ ਦਾ ਖੋਜ ਅਧਿਐਨ ਦੁਨੀਆ ਦੀ ਨਿਗ੍ਹਾ ਵਿੱਚ ਆ ਚੁੱਕਾ ਸੀ ਕਿ ਉਹ ਬ੍ਰਹਿਮੰਡ ਦੀ ਉਤਪਤੀ ਦੇ ਬਿੱਗ ਬੈਂਗ ਦੇ ਸਿਧਾਂਤ ਨਾਲ ਸਹਿਮਤ ਨਹੀਂ ਸੀ। ਉਹ ਸਮਾਂਨੰਤਰ ਬ੍ਰਹਿਮੰਡਾਂ ਦੀਆਂ ਅਟਕਲਬਾਜ਼ੀਆਂ ਨੂੰ ਮੂਲੋਂ ਖਾਰਜ ਕਰਦਾ ਸੀ।

ਸੰਨ 1972 'ਚ ਨਾਰਲੀਕਰ ਭਾਰਤ ਵਾਪਸ ਮੁੜ ਆਇਆ। ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰਿਸਰਚ ਮੁੰਬਈ ਵਿੱਚ ਪ੍ਰੋਫੈਸਰ ਲੱਗ ਗਿਆ। ਇੱਥੇ ਉਹ ਖਗੋਲ ਭੌਤਿਕੀ ਗਰੁੱਪ ਦਾ ਇੰਚਾਰਜ ਬਣਿਆ। ਉਸ ਨੇ ਡਾਕਟਰੇਟ ਕਰ ਰਹੇ ਖੋਜ ਵਿਦਿਆਰਥੀਆਂ ਦੀ ਅਗਵਾਈ ਕੀਤੀ। ਉਸ ਨੇ ਪ੍ਰਕਾਸ਼ ਨਾਲੋਂ ਤੇਜ਼ ਦੌੜਨ ਵਾਲੇ ਕਣਾਂ ਟੈਨਸਾਈਓਨਜ਼ 'ਤੇ ਖੋਜ ਵੀ ਜਾਰੀ ਰੱਖੀ। ਡਾ. ਨਾਰਲੀਕਰ ਅਨੁਸਾਰ ਬਲੈਕ ਹੋਲ ਇਨ੍ਹਾਂ ਕਣਾਂ ਦਾ ਆਧਾਰ ਹਨ। ਇਹ ਬਾਹਰੋਂ ਆਈ ਰੌਸ਼ਨੀ ਨੂੰ ਜਜ਼ਬ ਕਰ ਲੈਂਦੇ ਹਨ ਅਤੇ ਭਾਰੀ ਦਬਾਅ ਹੇਠ ਬਲੈਕ ਹੋਲ ਦੀ ਸਤ੍ਹਾ ਸੁੰਗੜਨ ਲੱਗਦੀ ਹੈ। ਮਰਾਠੀ ਵਿੱਚ ਉਸ ਨੇ ਇਕ ਪੁਸਤਕ 'ਆਕਾਸਾਸੀ ਜਾਡਲੇ ਨਾਤੇ' ਲਿਖੀ। ਸੰਨ 1988 'ਚ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ 'ਅੰਤਰ ਯੂਨੀਵਰਸਿਟੀ ਸੈਂਟਰ ਫਾਰ ਐਸਟਰੌਨੋਮੀ ਐਂਡ ਐਸਟ੍ਰੋ ਫਿਜ਼ੀਕਸ ਪੂਨੇ ਵਿੱਚ ਸਥਾਪਤ ਕੀਤਾ। ਨਾਰਲੀਕਰ ਇਸ ਦਾ ਪਹਿਲਾ ਨਿਰਦੇਸ਼ਕ ਬਣਿਆ। ਇਸੇ ਸਾਲ ਉਸ ਨੇ ਬਾਲਟੀਮੋਰ (ਅਮਰੀਕਾ) ਵਿਖੇ ਐਸਟਰੌਨੋਮੀ ਦੀ ਇਕ ਅੰਤਰ-ਰਾਸ਼ਟਰੀ ਕਾਨਫਰੰਸ ਵਿੱਚ ਸ਼ਮੂਲੀਅਤ ਕੀਤੀ। ਪੂਨੇ ਉਹ ਸੰਨ 2003 'ਚ ਆਪਣੀ ਸੇਵਾ-ਮੁਕਤੀ ਤੱਕ ਰਿਹਾ। ਉਸ ਦੀ ਨਿਗਰਾਨੀ ਵਿੱਚ ਉਸ ਨੇ ਬ੍ਰਹਿਮੰਡ ਵਿਗਿਆਨ ਅਤੇ ਖਗੋਲ ਭੌਤਿਕੀ ਪੜ੍ਹਾਉਣ ਅਤੇ ਖੋਜ ਕਾਰਜ ਦੀ ਉਤਮਤਾ ਵਿੱਚ ਵਿਸ਼ਵ-ਵਿਆਪੀ ਮਾਨਤਾ ਪ੍ਰਾਪਤ ਕੀਤੀ। ਇਸ ਸਮੇਂ ਉਹ ਇੱਥੇ ਹੀ ਪ੍ਰੋਫੈਸਰ ਆਫ ਐਮੀਰਾਈਟਸ ਰਿਹਾ। ਸੰਨ 1981 'ਚ ਉਹ ਵਿਸ਼ਵ ਸੱਭਿਆਚਾਰਕ ਕੌਂਸਲ ਦਾ ਮੋਢੀ ਬਣਿਆ।

ਸੰਨ 1994 ਤੋਂ 1997 ਤੱਕ ਉਹ ਅੰਤਰ-ਰਾਸ਼ਟਰੀ ਐਸਟ੍ਰਾਨਾਮੀਕਲ ਯੂਨੀਅਨ ਦੇ ਕਾਸਮਾਲੋਜੀ ਕਮਿਸ਼ਨ ਦਾ ਪ੍ਰਧਾਨ ਬਣਿਆ। ਉਸ ਦੇ ਖੋਜ ਕਾਰਜ ਵਿੱਚ 'ਮਾਕ ਦਾ ਸਿਧਾਂਤ', ਕੁਆਂਟਮ ਕਾਸਮਾਲੋਜੀ, ਆਕਾਸ਼ੀ ਪਿੰਡ ਅਤੇ ਬ੍ਰਹਿਮੰਡ ਦੀ ਉਤਪਤੀ ਵੀ ਸ਼ਾਮਲ ਹਨ। ਸੰਨ 1993 'ਚ ਹੋਇਲ ਨੇ ਥਾਮਸ ਗੋਲਡ ਅਤੇ ਹਰਮੈਨ ਬੋਂਡੀ ਨਾਲ ਮਿਲ ਕੇ ਸਟੈਡੀ ਸਟੇਟ ਥਿਊਰੀ ਦੀ ਪੜਚੋਲ ਕੀਤੀ ਅਤੇ ਇਕ ਹੋਰ 'ਕੁਆਸੀ ਸਟੇਟ ਥਿਊਰੀ' ਹੋਂਦ ਵਿੱਚ ਆਈ। ਇਹ ਥਿਊਰੀ ਬਿੱਗ ਬੈਂਗ ਥਿਊਰੀ ਅਤੇ ਸਟੈਡੀ ਸਟੇਟ ਥਿਊਰੀ ਵਿਚਕਾਰ ਇਕ ਨਵਾਂ ਰਾਹ ਬਣਾਉਂਦੀ ਸੀ।

ਸਪੇਸ ਰਿਸਰਚ ਵਿੱਚ ਉਸ ਨੇ ਵਿਗਿਆਨੀਆਂ ਨਾਲ ਮਿਲ ਕੇ ਨਵੇਂ ਪ੍ਰਯੋਗ ਕੀਤੇ। ਵਾਯੂ-ਮੰਡਲ ਵਿੱਚ ਵੱਧ ਤੋਂ ਵੱਧ 41 ਕਿ. ਮੀ ਉਚਾਈ ਤੀਕ ਸਟਰੈਟੋਸਫੀਅਰ ਤੋਂ ਹਵਾ ਦੇ ਨਮੂਨੇ ਲੈ ਕੇ, ਉਨ੍ਹਾ ਵਿੱਚ ਸੂਖਮ ਜੀਵਾਂ ਦਾ ਅਧਿਐਨ ਕੀਤਾ। ਸੰਨ 2001-2005 ਦੌਰਾਨ ਇਕੱਤਰ ਕੀਤੇ ਨਮੂਨਿਆਂ ਦੇ ਜੀਵ ਵਿਗਿਆਨਕ ਨਿਰੀਖਣ ਤੋਂ ਇਹ ਪਤਾ ਲੱਗਾ ਕਿ ਉਨ੍ਹਾ ਵਿੱਚ ਜੀਵੰਤ ਸੈੱਲ ਅਤੇ ਬੈਕਟੀਰੀਆ ਮੌਜੂਦ ਸਨ। ਇਸ ਦੇ ਨਾਲ ਇਹ ਸੰਭਾਵਨਾ ਵੀ ਹੋਣ ਲੱਗੀ ਕਿ ਧਰਤੀ ਉੱਪਰ ਲਗਾਤਾਰ ਸੂਖਮ ਕੋਸ਼ਕਾਵਾਂ ਅਤੇ ਬੈਕਟੀਰੀਆ ਦੀ ਵਾਛੜ ਹੋ ਰਹੀ ਹੈ। ਹੋ ਸਕਦਾ ਉਨ੍ਹਾ ਵਿੱਚੋਂ ਕੁਝ ਇੱਥੇ ਬੀਜ ਤੋਂ ਉੱਗ ਪੈਂਦੇ ਹੋਣ ਅਤੇ ਜ਼ਿੰਦਗੀ ਹਾਸਲ ਕਰ ਲੈਂਦੇ ਹੋਣ।

ਨਾਰਲੀਕਰ ਜਦੋਂ ਕੈਂਬਰਿਜ ਵਿੱਚ ਖੋਜ ਕਾਰਜ ਕਰਦਾ ਸੀ, ਸਟੀਫਨ ਹਾਕਿੰਗ ਵੀ ਉੱਥੇ ਸੰਨ 1960 ਵਿੱਚ ਪੜ੍ਹਨ ਲੱਗਾ ਸੀ। ਨਾਰਲੀਕਰ ਸੰਨ 1960 ਤੋਂ 1963 ਤੱਕ ਫਰੈਡਰਿਕ ਹੋਇਲ ਦਾ ਵਿਦਿਆਰਥੀ ਰਿਹਾ ਸੀ। ਹਾਕਿੰਗ ਵੀ ਹੋਇਲ ਦੇ ਅਧੀਨ ਖੋਜ ਅਧਿਐਨ ਕਰਨਾ ਚਾਹੁੰਦਾ ਸੀ, ਪਰ ਖੋਜਾਰਥੀਆਂ ਦੀ ਬਹੁਤਾਤ ਕਾਰਨ ਪ੍ਰੋ. ਹੋਇਲ ਨੇ ਹਾਕਿੰਗ ਨੂੰ ਜਵਾਬ ਦੇ ਦਿੱਤਾ ਸੀ। ਨਾਰਲੀਕਰ ਤਿੰਨ ਸਾਲ ਹਾਕਿੰਗ ਦੇ ਸੰਪਰਕ ਵਿੱਚ ਰਿਹਾ। ਹਾਕਿੰਗ ਵੈਸਟਰਨ ਕਲਾਸੀਕਲ ਸੰਗੀਤ ਦਾ ਸ਼ੌਕੀਨ ਸੀ। ਉਦੋਂ ਉਸ ਦੀ ਸਿਹਤ ਆਮ ਵਾਂਗ ਸੀ। ਹਾਕਿੰਗ ਨਾਰਲੀਕਰ ਨਾਲ ਟੈਨਿਸ ਖੇਡਿਆ ਕਰਦਾ ਸੀ। ਹਾਕਿੰਗ ਸੰਨ 1963-64 ਦੌਰਾਨ ਬਿਮਾਰ ਰਹਿਣ ਲੱਗ ਪਿਆ ਸੀ। ਉਸ ਨੂੰ ਸੋਟੀ ਅਤੇ ਵ੍ਹੀਲ ਚੇਅਰ ਦੀ ਜ਼ਰੂਰਤ ਮਹਿਸੂਸ ਹੋਣ ਲੱਗ ਪਈ ਸੀ।

ਨਾਰਲੀਕਰ ਦੇ ਘਰ ਦੇ ਬੂਹੇ 'ਤੇ ਲਾਈਨ : 'ਬਿੱਗ ਬਾਂਗ ਇਕ ਵਿਸਫੋਟਕ ਫਰਜ਼ੀ ਢਕੌਂਸਲਾ' ਲਿਖੀ ਹੋਈ ਸੀ। ਇਸ ਬਾਰੇ ਉਹ ਦੱਸਦਾ ਸੀ ਕਿ ਉਹ ਵੱਡੇ ਧਮਾਕੇ ਨੂੰ ਬ੍ਰਹਿਮੰਡ ਦੀ ਉਤਪਤੀ ਦਾ ਕਾਰਨ ਨਹੀਂ ਮੰਨਦਾ ਸੀ।

ਨਾਰਲੀਕਰ ਕਹਿੰਦਾ ਸੀ-ਮੈਂ ਸਟੈਡੀ ਸਟੇਟ ਥਿਊਰੀ ਦੀ ਖੋਜ ਨਹੀਂ ਕੀਤੀ। ਇਸ ਨੂੰ ਤਾਂ ਸੰਨ 1948 ਵਿੱਚ ਹੋਇਲ ਅਤੇ ਦੋ ਹੋਰ ਵਿਗਿਆਨੀਆਂ ਨੇ ਰਲ ਕੇ ਖੋਜਿਆ ਸੀ। ਸੰਨ 1960 ਵਿੱਚ ਮੈਂ ਫਰੈਡਰਿਕ ਹੋਇਲ ਨਾਲ ਮਿਲ ਕੇ ਇਸ ਥਿਊਰੀ ਵਿਚ ਬਹੁਤ ਸਾਰੀ ਗਣਿਤਕ ਸਮੱਗਰੀ ਨੂੰ ਸ਼ਾਮਲ ਕੀਤਾ ਸੀ।

ਨਾਰਲੀਕਰ ਨੂੰ ਗਣਿਤ ਅਤੇ ਵਿਗਿਆਨ ਵਿਸ਼ਿਆਂ ਦੀਆਂ ਪਾਠ ਪੁਸਤਕਾਂ ਤਿਆਰ ਕਰਨ ਲਈ ਐੱਨ.ਸੀ.ਈ.ਆਰ.ਟੀ ਨਵੀਂ ਦਿੱਲੀ ਵੱਲੋਂ ਬਣਾਈ ਕਮੇਟੀ ਦਾ ਚੇਅਰਮੈਨ ਵੀ ਬਣਾਇਆ ਗਿਆ ਸੀ। ਉਸ ਨੂੰ ਬਹੁਤ ਸਾਰੇ ਪੁਰਸਕਾਰ ਮਿਲੇ ਅਤੇ ਕਈ ਯੂਨੀਵਰਸਿਟੀਆਂ ਨੇ ਉਸ ਨੂੰ ਮਾਣ ਵਜੋਂ ਡਾਕਟਰੇਟ ਦੀਆਂ ਡਿਗਰੀਆਂ ਵੀ ਪ੍ਰਦਾਨ ਕੀਤੀਆਂ। ਉਸ ਨੂੰ ਮਿਲੇ ਮੁੱਖ ਸਨਮਾਨਾਂ ਵਿੱਚ : ਸਮਿੱਥ ਐਵਾਰਡ, ਪਦਮ ਭੂਸ਼ਨ, ਐਡਮਸ ਪੁਰਸਕਾਰ, ਸ਼ਾਂਤੀ ਸਰੂਪ ਪੁਰਸਕਾਰ, ਇੰਦਰਾ ਗਾਂਧੀ ਪੁਰਸਕਾਰ, ਕਲਿੰਗਾ ਪੁਰਸਕਾਰ, ਪਦਮ ਵਿਭੂਸ਼ਨ ਪੁਰਸਕਾਰ, ਮਹਾਂਰਾਸ਼ਟਰ ਭੂਸ਼ਨ ਪੁਰਸਕਾਰ ਹਨ।

ਨਾਰਲੀਕਰ ਰੇਡੀਓ, ਟੈਲੀਵੀਜ਼ਨ ਤੇ ਵਿਗਿਆਨਕ ਪ੍ਰੋਗਰਾਮਾਂ ਦਾ ਵਧੀਆ ਸੰਚਾਰਕ ਹੈ। ਤੁਸੀਂ ਉਸ ਨੂੰ ਕਦੀ ਦੂਰਦਰਸ਼ਨ, ਰੇਡੀਓ 'ਤੇ ਲੋਕ ਰੁਚੀ ਵਾਲਾ ਕੋਈ ਲੈਕਚਰ ਦਿੰਦਿਆਂ ਜਾਂ ਦੇਖਣ-ਸੁਨਣ ਵਾਲਿਆਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਜ਼ਰੂਰ ਦੇਖਿਆ ਹੋਵੇਗਾ। ਉਸ ਨੂੰ ਸਾਲ 1989 ਵਿੱਚ ਕਾਰਵ ਸਾਗਾਨ ਦੇ ਟੀ.ਵੀ ਸ਼ੋਅ ਕੌਸਮੌਸ-ਇਕ ਨਿੱਜੀ ਜਲ ਯਾਤਰਾ ਵਿੱਚ ਫਿਲਮਾਇਆ ਵੀ ਗਿਆ ਸੀ। ਉਸ ਦੀ ਮਰਾਠੀ ਵਿੱਚ ਉਸ ਦੀ ਲਿਖੀ ਸਵੈ ਜੀਵਨੀ 'ਚਾਰ ਨਾਗਰਾਨ ਟੇਲ ਮਾਂਜੇ ਵਿਸਵਾ' ਤੇ ਸਾਹਿਤ ਅਕਾਦਮੀ ਦਾ ਐਵਾਰਡ ਵੀ ਮਿਲਿਆ ਸੀ।

ਨਾਰਲੀਕਰ ਨੇ ਵਿਗਿਆਨ ਨਾਲ ਸੰਬੰਧਤ ਕਾਲਪਨਿਕ ਅਤੇ ਅਕਲਪਿਤ ਦੋਵੇਂ ਤਰ੍ਹਾਂ ਦੀਆਂ ਪੁਸਤਕਾਂ ਲਿਖੀਆਂ। 'ਧੂੰਮ ਕੇਤੂ' ਉਸ ਦੀ ਹਿੰਦੀ ਵਿੱਚ ਕਲਪਿਤ ਕਹਾਣੀਆਂ ਦੀ ਪੁਸਤਕ ਹੈ। ਵਾਮਨ ਦੀ ਵਾਪਸੀ, ਵਿਸਫੋਟ, ਯਕਸੋਪਹਾਰ, ਕ੍ਰਿਸ਼ਨ ਵਿਵਰ ਔਰ ਅਨਯ ਵਿਗਿਆਨ ਕਥਾਏ ਉਸ ਦੀਆਂ ਚਰਚਿਤ ਪੁਸਤਕਾਂ ਹਨ। ਅੰਗਰੇਜ਼ੀ ਵਿੱਚ ਉਸ ਦੀਆਂ ਪੁਸਤਕਾਂ ਕਾਫੀ ਚਰਚਿੱਤ ਰਹੀਆਂ ਹਨ।

ਨਾਰਲੀਕਰ ਦੀ ਨਿੱਜੀ ਜ਼ਿੰਦਗੀ ਬਾਰੇ ਗੱਲ ਕੀਤੀ ਜਾਵੇ ਤਾਂ ਉਹ ਗਣਿਤ ਦੀ ਖੋਜੀ ਮੰਗਲਾ ਨਾਰਲੀਕਰ ਨਾਲ ਵਿਆਹਿਆ ਗਿਆ ਸੀ। ਉਨ੍ਹਾ ਦੇ ਤਿੰਨ ਬੇਟੀਆਂ ਗੀਤਾ ਯੂਨੀਵਰਸਿਟੀ ਆਫ ਕੈਲੀਫੋਰਨੀਆ ਸਾਨ ਫਰਾਂਸਿਸਕੋ ਵਿੱਚ ਬਾਇਓ ਮੈਡੀਕਲ ਖੋਜੀ ਹੈ। ਗਿਰੀਜਾ ਅਤੇ ਲੀਲਾਵਤੀ ਉਸ ਦੀਆਂ ਦੋ ਹੋਰ ਬੇਟੀਆਂ ਹਨ।

ਉਹ ਬਹੁਤਾ ਸਮਾਂ ਵਿਗਿਆਨ ਨੂੰ ਲੋਕਾਂ ਵਿੱਚ ਹਰਮਨ ਪਿਆਰਾ ਬਣਾਉਣ ਲਈ ਵਾਰਤਕ ਲਿਖਦਾ ਰਿਹਾ। ਲੈਕਚਰਾਂ ਦਾ ਆਯੋਜਨ ਕਰਦਾ ਰਿਹਾ। ਕਿਤਾਬਾਂ ਲਿਖੀਆਂ, ਪਰ ਉਹ ਸਾਲਾਨਾ ਸਾਇੰਸ ਕਾਂਗਰਸ ਵਿੱਚ ਕਦੀ ਸ਼ਾਮਲ ਨਹੀਂ ਹੁੰਦਾ ਸੀ। ਇਸ ਬਾਰੇ ਉਹ ਕਹਿੰਦਾ ਸੀ- ਅਜਿਹੇ ਆਯੋਜਨ ਕਈ ਵਾਰ ਕਿਸੇ ਚੋਟੀ ਦੇ ਵਿਗਿਆਨੀ ਦੀ ਸ਼ੁਹਰਤ ਨੂੰ ਵਧਾਉਣ ਦੀ ਥਾਂ ਨੁਕਸਾਨ ਪਹੁੰਚਾਉਂਦੇ ਸਨ। ਭਾਰਤ ਦਾ ਇਹ ਹੋਣਹਾਰ ਵਿਗਿਆਨੀ ਵਿਸ਼ਵ ਵਿਗਿਆਨ ਸਮਾਜ ਨੂੰ ਆਪਣੇ ਖੋਜ ਅਨੁਭਵਾਂ ਨਾਲ ਮਾਲਾਮਾਲ ਕਰਦਾ, ਅੰਤ 20 ਮਈ 2025 ਨੂੰ ਸਾਥੋਂ ਸਦਾ ਲਈ ਵਿਛੋੜਾ ਪਾ ਗਿਆ। ਨਾਰਲੀਕਰ ਖੋਜਾਂ ਜ਼ਰੀਏ, ਵਿਗਿਆਨ ਸਾਹਿਤ ਜ਼ਰੀਏ, ਰੇਡੀਓ ਤੇ ਦੂਰਦਰਸ਼ਨ 'ਤੇ ਨਸ਼ਰ ਜਾਣਕਾਰੀਆਂ ਕਰਕੇ ਸਦਾ ਸਾਡੇ ਚੇਤਿਆਂ ਵਿੱਚ ਜਿਉਂਦਾ ਰਹੇਗਾ। ਉਸ ਨੂੰ ਅਸੀਂ ਕਦੀ ਵੀ ਨਹੀਂ ਭੁਲਾ ਸਕਾਂਗੇ।

**# ਸੰਪਰਕ : 97806-67686**

ਸਫ਼ਾ 2 ਦੀ ਬਾਕੀ

## ਸੁਣੀਂ 'ਗਨਕਾ ਦੇ ਕੋਠੇ'...

ਚੰਡੀਗੜ੍ਹ ਵਿਖੇ ਕਾਨੂੰਨ ਦੀ ਪੜ੍ਹਾਈ ਲਈ ਦਾਖਲਾ ਲਿਆ ਸੀ।ਇੱਕ ਦਿਨ ਯੂਨੀਵਰਸਿਟੀ ਤੋਂ ਵਾਪਸ ਪਰਤ ਹੈਰਾਨ-ਪ੍ਰੇਸ਼ਾਨ ਹੋਈ, ਉਹ ਆਪਣੀ ਮਾਂ ਨੂੰ ਦੱਸਣ ਲੱਗੀ, 'ਮੰਮੀ ਅੱਜ ਅਜੀਬ ਗੱਲ ਹੋਈ।ਮੇਰੀ ਇੱਕ ਸਹੇਲੀ ਬਠਿੰਡੇ ਵੱਲ ਦੇ ਕਿਸੇ ਪਿੰਡ ਦੀ ਏ। ਪਿੰਡੋਂ ਆਉਂਦਿਆਂ ਈ ਉਸ ਨੇ ਬੱਸ ਸਟੈਂਡ ਦੇ ਬਾਥਰੂਮ 'ਚ ਕੱਪੜੇ ਬਦਲ, ਨਿੱਕੇ ਨਿੱਕੇ ਕੱਪੜੇ ਪਹਿਨ ਲਏ।ਫਿਰ ਉਹ ਯੂਨੀਵਰਸਿਟੀ ਦੀ ਬਜਾਏ ਪਤਾ ਨਹੀਂ ਕਿੱਥੇ ਚਲੀ ਗਈ? ਸ਼ਾਮੀ ਸਾਨੂੰ ਸਟੂਸੀ ਕੋਲ਼ ਖੜ੍ਹੀ ਮਿਲ਼ੀ।ਅਸੀਂ ਬੜੀਆਂ ਹੈਰਾਨ-ਪ੍ਰੇਸ਼ਾਨ ਹੋਈਆਂ।' ਪਤਨੀ ਮੈਨੂੰ ਦੱਸਦੀ ਗਈ। ਮੈਂ ਸੁਣਦਾ ਗਿਆ। ਹੁਣ ਇਹ ਵਰਤਾਰਾ ਆਮ ਹੋ ਗਿਆ ਹੈ। ਬਹੁਤ ਸਾਰੀਆਂ ਕੰਮ-ਕਾਜੀ ਔਰਤਾਂ ਨੂੰ ਸਾਰਾ ਦਿਨ ਘਰ ਤੇ ਦਫ਼ਤਰ ਦਰਮਿਆਨ ਲਟਾਪੀਂਘ ਹੋਈਆਂ ਦੇਖਦਾ ਹਾਂ।ਵਰਕ ਪਲੇਸ ਦੇ ਨਾਲ਼ ਨਾਲ਼ ਉਹ ਘਰ, ਰਸੋਈ ਤੇ ਬੱਚਿਆਂ ਨੂੰ ਸਾਂਭਦੀਆਂ ਹੋਈਆਂ ਸਾਰਾ ਦਿਨ ਭੰਬੀਰੀ ਵਾਂਗ ਘੁੰਮਦੀਆਂ ਰਹਿੰਦੀਆਂ ਹਨ।ਬਹੁਤ ਸਾਰੀਆਂ ਵਿਹਲੜ ਔਰਤਾਂ ਵੀ ਨਜ਼ਰੀ ਪੈਂਦੀਆਂ ਹਨ, ਜਿਹੜੀਆਂ ਸਾਰਾ ਸਾਰਾ ਦਿਨ ਬਿਊਟੀ ਪਾਰਲਰ ਦੇ ਚੱਕਰ ਲਗਾਉਂਦੀਆਂ, ਗੀਲਾਂ ਬਣਾਉਂਦੀਆਂ ਆਪਣੇ ਜਿਸਮ ਦੀ ਨੁਮਾਇਸ਼ ਕਰਦੀਆਂ ਰਹਿੰਦੀਆਂ ਹਨ।ਅਜਿਹੀਆਂ ਕੁੜੀਆਂ/ਔਰਤਾਂ ਕਮਲ ਕੌਰ ਤੇ ਹੋਰਾਂ ਵਾਂਗ ਕਦੋਂ ਕਿਸੇ ਖੂਹ-ਖਾਤੇ ਵਿੱਚ ਜਾ ਡਿੱਗਣ, ਕੀ ਪਤਾ? ਪੁਰਾਣੇ ਵਕਤਾਂ ਵਾਂਗ ਅੱਜ ਦਾ ਸਮਾਂ ਆਰਟੀਫੀਸ਼ੀਅਲ ਇੰਟੈਲੀਜੰਸ ਦਾ ਸਮਾਂ ਹੈ। ਸੋਸ਼ਲ ਮੀਡੀਆ ਸਵਾਲਾਂ/ਜਵਾਬਾਂ ਨਾਲ਼ ਭਰਿਆ ਪਿਆ ਹੈ।ਕਿਸੇ ਦੀ ਜਾਨ ਲੈਣੀ ਉਚਿਤ ਨਹੀਂ ਪਰੰਤੂ ਸਮਾਜ ਤੇ ਸਭਿਆਚਾਰਕ ਪ੍ਰਦੂਸ਼ਣ ਨਾਲ਼ ਜੁਆਨੀ ਨੂੰ ਕੁਰਾਹੇ ਪਾਉਣ ਵਾਲ਼ੀਆਂ ਤਾਕਤਾਂ ਉੱਤੇ ਅੰਕੁਸ਼ ਲਗਾਉਣ ਦੀ ਵੀ ਸਖਤ ਲੋੜ ਹੈ।ਲੋਕਾਂ ਦੇ ਨਾਲ਼ ਨਾਲ਼ ਸਮੇਂ ਦੀ ਸਰਕਾਰ ਨੂੰ ਇਸ ਬਾਰੇ ਡੂੰਘਾਈ ਨਾਲ਼ ਸੋਚਣ ਦੀ ਲੋੜ ਹੈ। ਔਲਾਦ ਤਾਂ ਉਨ੍ਹਾਂ ਦੀ ਵੀ ਹੈ।ਇਹ ਸਭ ਸੋਚਦਿਆਂ ਮੇਰੇ ਮਸਤਕ ਵਿੱਚ ਫਿਰ ਰਾਜ਼ ਦੇ ਬੋਲ ਗੂੰਜਦੇ ਹਨ, 'ਫੁੱਲ ਪੈਰਾਂ 'ਚ ਮਧੋਲ਼ੇ ਕਦੋਂ ਹੋਏ ਸੁਰਜੀਤ/ ਸੁਣੀਂ 'ਗਨਕਾ ਦੇ ਕੋਠੇ' ਓਹੀਓ ਵੱਜਦਾ ਸੰਗੀਤ?

**ਸੰਪਰਕ : 98144-30874**

ਸਫ਼ਾ 2 ਦੀ ਬਾਕੀ

## ਗੁਰਮੁਖੀ ਲਿਪੀ ਦੀ ਜੁਗਤ ਅਤੇ ਪੰਜਾਬੀ...

ਪੰਜਾਬੀ ਵਿਚ ਬਹੁਤੀਆਂ ਸੰਸਕ੍ਰਿਤ ਮੂਲ ਦੀਆਂ ਧੁਨੀਆਂ ਨਾਲ ਵੀ ਅਜਿਹਾ ਹੀ ਹੋਇਆ ਹੈ ।ਇਹ ਧੁਨੀਆਂ ਪੰਜਾਬੀ ਭਾਸ਼ਾ ਦੇ ਸੁਭਾਅ ਜਾਂ ਪੰਜਾਬੀ ਧੁਨੀ ਵਿਉਂਤ ਅਨੁਸਾਰੀ ਨਹੀਂ ਸਨ, ਇਸ ਲਈ ਉਨ੍ਹਾਂ ਦਾ ਪੰਜਾਬੀਕਰਨ ਹੋ ਗਿਆ ।ਜਿਵੇਂ ਸੰਸਕ੍ਰਿਤ ਦਾ /क्ष/ ਅਤੇ /,ष/ ਪੰਜਾਬੀ ਵਿਚ /ਖ/ ਬਣ ਗਿਆ।

/ਤ/ ਧੁਨੀ : ਗੁਰਮੁਖੀ ਅਤੇ ਸ਼ਾਹਮੁਖੀ : ਗੁਰਮੁਖੀ ਲਿਪੀ ਵਿਚ /ਤ/ ਧੁਨੀ ਲਈ ਸਿਰਫ਼ ਇਕ ਹੀ ਚਿੰਨ੍ਹ (ਤ) ਹੈ ਪਰ ਇਸ ਦੇ ਮੁਕਾਬਲੇ 'ਤੇ ਸ਼ਾਹਮੁਖੀ ਵਿਚ ਦੋ ਚਿੰਨ੍ਹ /ਤੇ/ ਅਤੇ /ਤੋਏ/ ਹਨ। ਤਾਕਤ ਸ਼ਬਦ ਦਾ ਪਹਿਲਾ ਵਰਣ ਤੋਏ ਹੈ, ਦੂਜਾ ਕੁਆਫ਼ ਅਤੇ ਤੀਜਾ ਤੇ ਜਦੋਂ ਕਿ ਪੰਜਾਬੀ ਵਿਚ ਇਸ ਦਾ ਉਚਾਰਨ ਸੰਭਵ ਨਹੀਂ ਹੈ ।ਇਸੇ ਤਰ੍ਹਾਂ ਹੀ ਪੰਜਾਬੀ ਵਿਚ ਅਲਫ਼ ਅਤੇ ਐਨ ਦਾ ਫ਼ਰਕ ਸਮਝਣਾ ਸਮਝਾਉਣਾ ਬੜਾ ਕਠਿਨ ਹੈ।ਆਤਿਸ਼ ਅਲਫ਼ ਨਾਲ ਲਿਖਿਆ ਜਾਂਦਾ ਹੈ ਪਰ ਔਰਤ ਐਨ ਨਾਲ । ਸ਼ਬਦ ਜੋੜਾਂ ਦੇ ਅਜਿਹੇ ਫਰਕ ਅਤੇ ਉਚਾਰਨ ਨੂੰ ਪੰਜਾਬੀ ਭਾਸ਼ਾ ਵਿਚ ਕਾਇਮ ਰੱਖਣਾ ਸੰਭਵ ਨਹੀਂ ਹੈ। ਦਰਅਸਲ ਸ਼ਾਹਮੁਖੀ ਅਰਬੀ-ਫ਼ਾਰਸੀ ਦੇ ਧੁਨੀ ਪ੍ਰਬੰਧ ਦੇ ਆਧਾਰਤ ਲਿਪੀ ਹੈ, ਜਿਸ ਦੀਆਂ ਧੁਨੀਆਂ ਨੂੰ ਪੰਜਾਬੀ ਉੱਤੇ ਧੱਕੇ ਨਾਲ ਠੋਸਣਾ ਪੰਜਾਬੀ ਭਾਸ਼ਾ ਦੇ ਧੁਨੀ ਪ੍ਰਬੰਧ ਨਾਲ ਖਿਲਵਾੜ ਕਰਨਾ ਹੈ।ਇਹੀ ਹਾਲ ਬਾਕੀ ਦੇ ਪੈਰ ਬਿੰਦੀ ਵਰਣਾਂ/ਸ਼, ਫ਼, ਖ਼, ਗ਼, ਲ਼/ ਦਾ ਹੈ । ਇਨ੍ਹਾਂ ਵਰਣਾਂ ਦਾ ਸਰੂਪ ਅਤੇ ਪ੍ਰਕਾਰਜ ਧੁਨੀਗ੍ਰਾਮਿਕ ਨਹੀਂ, ਸਗੋਂ ਧੁਨੀਆਤਮਕ ਹੈ ।ਅਰਥਾਤ ਇਨ੍ਹਾਂ ਵਰਣਾਂ ਦੀ ਵਰਤੋਂ ਨਾਲ ਬਹੁਤੀ ਵਾਰੀ ਸ਼ਬਦਾਂ ਦੇ ਅਰਥਾਂ ਵਿਚ ਫਰਕ ਨਹੀਂ ਪੈਂਦਾ। ਫ਼ਲ/ਫਲ, ਖ਼ਾਸ/ਖਾਸ, ਗ਼ਲਤ/ਗਲਤ, ਗਾਲ਼/ਗਾਲ, ਦੇਸ਼/ਦੇਸ ਜਾਂ ਸ਼ਲਗਮ/ਸਲਗਮ। ਇਸ ਲਈ ਇਨ੍ਹਾਂ ਧੁਨੀਆਂ ਦੀ ਵਰਤੋਂ ਅਤੇ ਸਾਰਥਿਕਤਾ ਸੰਬੰਧੀ ਪੁਨਰ ਵਿਚਾਰ ਕਰਨ ਦੀ ਲੋੜ ਹੈ ਤਾਂ ਜੋ ਗੁਰਮੁਖੀ ਲਿਪੀ ਦੀ ਧਾਰਮਿਕ-ਇਤਿਹਾਸਕ ਪਵਿੱਤਰਤਾ ਨੂੰ ਕਾਇਮ ਰੱਖਿਆ ਜਾ ਸਕੇ।ਗੁਰਮੁਖੀ ਲਿਪੀ ਦੀ ਸਾਰਥਿਕਤਾ ਅਤੇ ਪਵਿੱਤਰਤਾ ਦਾ ਇਕ ਕਾਰਨ ਇਹ ਵੀ ਹੈ ਕਿ ਗੁਰਮੁਖੀ ਨਾ ਸੰਸਕ੍ਰਿਤ ਭਾਸ਼ਾ ਦੀਆਂ ਧੁਨੀਆਂ 'ਤੇ ਆਧਾਰਤ ਹੈ ਅਤੇ ਨਾ ਹੀ ਫ਼ਾਰਸੀ ਦੀਆਂ ਧੁਨੀਆਂ ਉੱਤੇ।ਇਹ ਨਿਰੋਲ ਰੂਪ ਵਿਚ ਸੁਚੇਤ ਪੱਧਰ 'ਤੇ ਪੰਜਾਬੀ ਭਾਸ਼ਾ ਦੀਆਂ ਧੁਨੀਆਂ ਅਤੇ ਉਚਾਰਨ ਨੂੰ ਮੁੱਖ ਰੱਖ ਕੇ ਘੜੀ ਗਈ ਲਿਪੀ ਹੈ ।ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਭਾਈ ਗੁਰਦਾਸ ਜੀ ਫ਼ਾਰਸੀ ਅਤੇ ਸੰਸਕ੍ਰਿਤ ਭਾਸ਼ਾ ਦੇ ਗਿਆਤਾ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਂ ਫ਼ਾਰਸੀ ਭਾਸ਼ਾ ਦੇ ਵਿਦਵਾਨ ਸਨ, ਪ੍ਰੰਤੂ ਇਨ੍ਹਾਂ ਗੁਰੂ ਸਾਹਿਬਾਨ ਨੇ ਗੁਰਬਾਣੀ ਦੀ ਰਚਨਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਫਾਰਸੀ ਜਾਂ ਸੰਸਕ੍ਰਿਤ ਦੀਆਂ ਧੁਨੀਆਂ ਨੂੰ ਪੈਂਤੀ ਅੱਖਰੀ ਜਾਂ ਗੁਰਮੁਖੀ ਲਿਪੀ ਵਿਚ ਸ਼ਾਮਲ ਨਹੀਂ ਕੀਤਾ ।ਉਦਾਹਰਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚੋਂ ਕੁਝ ਸ਼ਬਦ ਦੇਖੇ ਜਾ ਸਕਦੇ ਹਨ;

ਰਾਗੁ ਤਿਲੰਗ ਮਹਲਾ ੧
ਚਉਪਦੇ
ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ।
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ ।੧।ਰਹਾਉ।

-----

ਆਸਾ ਮਹਲਾ ੧
ਪੜਿ ਪੁਸਤਕ ਸੰਧਿਆ ਬਾਦੰ
ਸਿਲ ਪੂਜਸਿ ਬਗੁਲ ਸਮਾਧੰ
ਮੁਖਿ ਝੂਠ ਬਿਭੂਖਣ ਸਾਰੰ
ਤ੍ਰੈਪਾਲ ਤਿਹਾਲ ਬਿਚਾਰੰ

ਸ਼ਾਹਮੁਖੀ /ਫ਼ਾਰਸੀ ਵਿਚ /ਮੁਕਾਮੇ/ ਸ਼ਬਦ ਵਿਚ /ਕੁਆਫ਼/ਦੀ, ਫਾਨੀ ਵਿਚ /ਫ਼ੇ/ ਦੀ, ਤਹਕੀਕ ਵਿਚ /ਕੁਆਫ਼/ ਦੀ, ਅਜਰਾਈਲ ਵਿਚ / ਐਨ / ਅਤੇ /ਜ਼ੇ/ ਦੀ ਅਤੇ ਗਿਰਫਤਹ ਵਿਚ /ਫ਼ੇ/ ਦੀ ਵਰਤੋਂ ਹੁੰਦੀ ਹੈ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਧੁਨੀਆਂ ਦਾ ਪੰਜਾਬੀਕਰਨ ਕੀਤਾ ਹੈ ਅਤੇ ਕਿਸੇ ਵੀ ਸ਼ਾਹਮੁਖੀ/ਫ਼ਾਰਸੀ ਦੇ ਅੱਖਰ/ਚਿੰਨ੍ਹ ਨੂੰ ਗੁਰਮੁਖੀ ਲਿਪੀ ਵਿਚ ਸ਼ਾਮਿਲ ਨਹੀਂ ਕੀਤਾ । ਇਸੇ ਤਰ੍ਹਾਂ ਹੀ ਮੁਖਿ ਝੂਠ ਬਿਭੂਖਣ ਸਾਰੰ ਵਿਚ ਆਏ / ਸ਼ਬਦ ਦੇ /विभूषण/ ਦਾ ਪੰਜਾਬੀਕਰਨ ਕਰਕੇ ਇਸ ਨੂੰ /ਖ/ ਬਣਾ ਦਿੱਤਾ ਹੈ ।

ਭਾਸ਼ਾਵਾਂ ਵਿਚ ਇਕ ਦੂਜੀ ਭਾਸ਼ਾ ਵਿਚੋਂ ਸ਼ਬਦ ਸੁਧਾਰੇ ਲੈਣ ਦੀ ਪ੍ਰਕਿਰਿਆ ਬੜੀ ਆਮ ਅਤੇ ਕੁਦਰਤੀ ਹੈ।ਸ਼ਬਦ ਤਾਂ ਪੰਛੀਆਂ ਦੀ ਤਰ੍ਹਾਂ ਹੁੰਦੇ ਹਨ, ਜੋ ਉੱਡਦੇ ਹੋਏ ਇਕ ਭਾਸ਼ਾ ਤੋਂ ਦੂਜੀ ਭਾਸ਼ਾ ਤੱਕ ਚਲੇ ਜਾਂਦੇ ਹਨ, ਪਰ ਇਨ੍ਹਾਂ ਨਾਲ ਸੰਬੰਧਤ ਭਾਸ਼ਾ ਦੀ ਧੁਨੀ ਵਿਉਂਤ ਜਾਂ ਉਚਾਰਨ ਨੂੰ ਲੈ ਲੈਣਾ ਉਚਿਤ ਨਹੀਂ ਹੁੰਦਾ । ਅੰਗਰੇਜ਼ੀ ਭਾਸ਼ਾ ਨੇ ਦੁਨੀਆ ਦੀਆਂ ਬਹੁਤੀਆਂ ਭਾਸ਼ਾਵਾਂ ਵਿੱਚੋਂ ਸ਼ਬਦ ਉਧਾਰੇ ਲਏ ਹਨ, ਪਰ ਉਨ੍ਹਾਂ ਆਪਣੀ ਲਿਪੀ ਵਿਚ ਵਰਣਾਂ ਦੀ ਗਿਣਤੀ ਛੱਬੀ ਤੋਂ ਸਤਾਈ ਨਹੀਂ ਕੀਤੀ । ਉਨ੍ਹਾਂ ਸਾਡੇ ਠਾਕੁਰ ਨੂੰ Tagore ਤਾਂ ਬਣਾ ਦਿੱਤਾ ਪਰ ਆਪਣੀ ਲਿਪੀ ਵਿਚ ਕੋਈ ਨਵਾਂ ਚਿੰਨ੍ਹ ਸ਼ਾਮਲ ਨਹੀਂ ਕੀਤਾ ।ਇਸ ਤਰ੍ਹਾਂ ਦੀ ਭਾਸ਼ਾ ਪ੍ਰਸਤੀ ਦੀ ਸਾਡੇ ਵਿਚ ਘਾਟ ਹੈ ਅਤੇ ਇਸ ਬਾਰੇ ਚਿੰਤਨ ਕਰਨਾ ਜ਼ਰੂਰੀ ਹੈ ।

**ਮੋਬਾ. 9417105225**

ਸਫ਼ਾ 3 ਦੀ ਬਾਕੀ

## ਪੂੰਜੀਵਾਦੀ ਦੌਰ 'ਚ ਰਿਸ਼ਤਿਆਂ ਦੀ ਟੁੱਟ-ਭੱਜ...

ਪਛਾਨਣ ਦਾ ਯਤਨ ਕਰਦਾ ਹੈ।ਉਹ ਇਸ ਸਿਸਟਮ ਵਿੱਚ ਦੰਭੀ ਸਿਆਸਤਦਾਨਾਂ ਨੂੰ ਉਸ ਮਾਲੀ ਦੇ ਬਿੰਬ ਵਿੱਚ ਢਾਲਦਾ ਹੈ, ਜੋ ਉਪਰੋਂ ਕੁਝ ਹੋਰ ਹਨ ਤੇ ਵਿੱਚੋਂ ਸ਼ਿਕਾਰੀ ਬਣ ਕੇ ਭੋਲੇ-ਭਾਲੇ ਲੋਕਾਂ ਨੂੰ ਨਿਸੱਤੇ ਬਣਾ ਰਹੇ ਹਨ। ਇਸ ਲਈ ਉਹ ਧਰਤੀ ਤੋਂ ਆਕਾਸ਼ ਤੱਕ ਸਾਵੀਂ ਵੰਡ ਦੀ ਅਕਾਂਖਿਆ ਰੱਖਦਾ ਹੈ।

ਬਲਦੇਵ ਸਿੰਘ 'ਬੱਦਨ' ਅਜਿਹਾ ਪ੍ਰਗਤੀਵਾਦੀ ਸ਼ਾਇਰ ਹੈ, ਜੋ ਖ਼ਾਸ ਤੌਰ 'ਤੇ ਪੰਜਾਬੀ ਦੇ ਅਗਾਂਹਵਧੂ ਗ਼ਜ਼ਲ-ਮਾਡਲ ਵਿੱਚ ਆਪਣਾ ਵੱਖਰਾ ਰੂਪ ਰੰਗ ਭਰਨ ਦੀ ਲੋਚਾ ਰੱਖਦਾ ਹੈ।ਸ਼ਾਇਰ ਦੇ ਸ਼ਿਅਰਾਂ ਵਿੱਚ ਆਪਣੇ ਅਨੁਭਵ ਆਧਾਰਤ ਸ਼ਿਅਰ ਹਨ, ਜਿਹੜੇ ਉਸ ਦੀ ਪ੍ਰਗਤੀਵਾਦੀ ਕਾਵਿ-ਦ੍ਰਿਸ਼ਟੀ ਨਾਲ ਇਕਸੁਰ ਹੋ ਕੇ ਸਮਾਜਿਕ, ਆਰਥਿਕ ਅਸਾਵੇਂਪਣ ਅਤੇ ਰਾਜਨੀਤਕ ਪ੍ਰਪੰਚ ਬਿਲਕੁਲ ਮੌਲਿਕ ਚਿੰਨ੍ਹਾਂ, ਰੂਪਕਾਂ ਤੇ ਪ੍ਰਤੀਕਾਂ ਰਾਹੀਂ ਪੇਸ਼ ਕਰਦੇ ਹਨ।

ਜਿੱਥੇ ਉਸ ਨੇ ਮੁਹਾਵਰਿਆਂ ਦੀ ਵਰਤੋਂ ਕਰਕੇ ਗ਼ਜ਼ਲ ਨੂੰ ਸੁਹਜਮਈ ਬਣਾਇਆ ਹੈ, ਉੱਥੇ ਆਪਣੀ ਕਾਵਿ-ਕੁਸ਼ਲਤਾ ਅਤੇ ਕਾਵਿ-ਨਿਪੁੰਨਤਾ ਦੇ ਸੰਕੇਤ ਵੀ ਦਿੱਤੇ ਹਨ, ਮਸਲਨ ਉਸ ਨੇ ਆਪਣੀ ਗ਼ਜ਼ਲ ਵਿੱਚ ਭਾਵਾਂ ਅਤੇ ਵਿਚਾਰਾਂ ਦੇ ਪ੍ਰਗਟਾਵੇ ਲਈ 'ਸਵੈ ਕਥਨ', 'ਸੰਬੋਧਨੀ ਲਹਿਜਾ' ਅਤੇ 'ਪ੍ਰਸ਼ਨੋਤਰੀ ਸ਼ੈਲੀ' ਵਰਗੀਆਂ ਵਿਧੀਆਂ ਨੂੰ ਸੰਚਾਰ- ਜੁਗਤਾਂ ਦੇ ਤੌਰ 'ਤੇ ਵਰਤਿਆ ਹੈ। ਆਪੇ ਦੀ ਪਛਾਣ ਅਤੇ ਸਵੈ-ਪੜਚੋਲ ਕਰਨ ਲਈ ਸ਼ਾਇਰ ਨੇ ਆਪਣੇ ਭਾਵਾਂ ਦਾ ਪ੍ਰਗਟਾਵਾ ਕਰਦਿਆਂ 'ਸਵੈ-ਕਥਨ' ਰਾਹੀਂ ਖ਼ੁਦ ਨੂੰ ਪੇਸ਼ਕਾਰੀ ਵਿੱਚ ਸ਼ਾਮਲ ਕੀਤਾ ਹੈ। 'ਸੰਬੋਧਨੀ ਲਹਿਜੇ' ਦੇ ਮਾਧਿਅਮ ਨਾਲ ਸ਼ਾਇਰ ਗ਼ਜ਼ਲ ਦੇ ਦ੍ਰਿਸ਼/ਅਦ੍ਰਿਸ਼, ਜੀਵੰਤ ਅਤੇ ਨਿਰਜੀਵ ਵਸਤੂ-ਜਗਤ ਨੂੰ ਸੰਬੋਧਿਤ ਹੁੰਦਾ ਹੈ। 'ਪ੍ਰਸ਼ਨੋਤਰੀ ਸ਼ੈਲੀ' ਦੀ ਸੰਚਾਰ-ਜੁਗਤ ਰਾਹੀਂ ਵਿਭਿੰਨ ਸਮਾਜਿਕ ਸਥਿਤੀਆਂ ਅਤੇ ਸਮੱਸਿਆਵਾਂ ਪਿੱਛੇ ਕਾਰਜਸ਼ੀਲ ਕਾਰਨਾਂ 'ਤੇ ਸਵਾਲ ਉਠਾਉਂਦਾ ਹੈ।

ਵਿਚਾਰਾਧੀਨ ਗ਼ਜ਼ਲ-ਸੰਗ੍ਰਹਿ ਵਿੱਚ ਜਿੱਥੇ ਮੁਹਾਵਰਿਆਂ ਦੀ ਸੁਯੋਗ ਵਰਤੋਂ ਕੀਤੀ ਹੈ, ਉੱਥੇ ਸ਼ਾਇਰ ਨੇ ਕਈ ਮੁਹਾਵਰਿਆਂ/ਅਖਾਣਾਂ ਨੂੰ ਤੋੜ-ਮਰੋੜ ਕੇ ਵੀ ਪੇਸ਼ ਕੀਤਾ ਹੈ।ਗ਼ਜ਼ਲ ਵਿੱਚ ਪੇਸ਼ ਮੁਹਾਵਰੇ/ਅਖਾਣ ਗ਼ਜ਼ਲ ਨੂੰ ਸੁਹਜ ਪ੍ਰਦਾਨ ਕਰਨ ਦਾ ਕਾਰਜ ਕਰਦੇ ਹਨ। ਮੁਹਾਵਰੇ/ਅਖਾਣ ਜਨ-ਸਾਧਾਰਨ ਵਿੱਚ ਜਨਮ ਲੈਂਦੇ ਹਨ। ਗ਼ਜ਼ਲ ਵਿੱਚ ਮੁਹਾਵਰੇ/ਅਖਾਣਾਂ ਦਾ ਪ੍ਰਯੋਗ ਪੰਜਾਬੀ ਜਨ-ਜੀਵਨ ਦੇ ਖੁੱਲ੍ਹੇ ਦਰਸ਼ਨ ਕਰਵਾਉਂਦਾ ਹੈ। ਇਸ ਨੂੰ ਵਿਆਕਰਨਿਕ ਅਤੇ ਭਾਸ਼ਾਈ ਨਿਯਮਾਂ ਅਨੁਸਾਰ ਵਾਜਿਬ ਨਹੀਂ ਮੰਨਿਆ ਜਾਂਦਾ। ਮਿਸਾਲ ਵਜੋਂ : ਸ਼ਿਅਰ ਵਿੱਚ 'ਛੁਰੀ ਹੈ ਬਗਲ' ਮੁਹਾਵਰਾ ਪੇਸ਼ ਕੀਤਾ ਗਿਆ ਹੈ, ਜਦ ਕਿ ਪੰਜਾਬੀ ਭਾਸ਼ਾ ਵਿੱਚ ਅਜਿਹਾ ਕੋਈ ਮੁਹਾਵਰਾ ਪ੍ਰਚਲਿਤ ਨਹੀਂ ਹੈ। ਪੰਜਾਬੀ ਭਾਸ਼ਾ ਵਿੱਚ 'ਮੂੰਹ ਵਿੱਚ ਰਾਮ-ਰਾਮ ਬਗਲ ਵਿੱਚ ਛੁਰੀ' ਮੁਹਾਵਰੇ ਦਾ ਉਲੇਖ ਮਿਲਦਾ ਹੈ।ਇਸੇ ਤਰ੍ਹਾਂ ਵੱਖ-ਵੱਖ ਸ਼ਿਅਰਾਂ ਵਿੱਚ 'ਵਿਹਲਾ ਮਨ ਸ਼ੈਤਾਨ ਦਾ ਘਰ' ਮੁਹਾਵਰੇ ਨੂੰ 'ਵਿਹਲਾ ਮਨ ਸ਼ੈਤਾਨ ਦੀ ਟੂਟੀ' ਬਣਾ ਕੇ ਪੇਸ਼ ਕੀਤਾ ਹੈ। ਸ਼ਾਇਰ ਨੇ 'ਨੇਕੀ ਕਰ ਦਰਿਆ ਵਿੱਚ ਸੁੱਟ' ਮੁਹਾਵਰੇ ਨੂੰ ਆਪਣੇ ਮੁਤਾਬਿਕ 'ਨੇਕੀ ਕੀਤੀ ਦਰਿਆ ਵਿੱਚ ਸੁੱਟੀ' ਲਫ਼ਜ਼ਾਂ ਵਿੱਚ ਢਾਲ ਕੇ ਪੇਸ਼ ਕੀਤਾ ਹੈ।ਸ਼ਾਇਰ ਨੇ ਇਨ੍ਹਾਂ ਮੁਹਾਵਰਿਆਂ ਦੀ ਵਰਤੋਂ ਕਰਨ ਸਮੇਂ ਉਨ੍ਹਾਂ ਦੇ ਸ਼ਬਦਾਂ ਨੂੰ ਅੱਗੇ-ਪਿੱਛੇ ਕਰਕੇ ਵਰਤਿਆ ਹੈ ਤਾਂ ਜੋ ਸ਼ਿਅਰ ਵਿੱਚ ਸਪੱਸ਼ਟਤਾ ਅਤੇ ਸੁਹਜ ਬਰਕਰਾਰ ਰਹੇ।ਸ਼ਾਇਰਾਨਾ ਜ਼ੁਬਾਨ ਵਿੱਚ ਗ਼ਜ਼ਲ ਦੇ ਸੁਹਜ ਨੂੰ ਬਰਕਰਾਰ ਰੱਖਣ ਲਈ ਸ਼ਬਦਾਂ ਦੀ ਸਾਰਥਿਕਤਾ ਨੂੰ ਧਿਆਨ ਵਿੱਚ ਰੱਖਦਿਆਂ ਸ਼ਬਦਾਂ ਨੂੰ ਅੱਗੇ-ਪਿੱਛੇ ਕਰਕੇ ਵਰਤਿਆ ਜਾ ਸਕਦਾ ਹੈ।ਇਸ ਲਈ ਸ਼ਾਇਰਾ ਵੱਲੋਂ ਮੁਹਾਵਰਿਆਂ ਦੀ ਇਸ ਤਰ੍ਹਾਂ ਕੀਤੀ ਵਰਤੋਂ ਪੰਜਾਬੀ ਗ਼ਜ਼ਲ ਵਿੱਚ ਇੱਕ ਨਵਾਂ ਪ੍ਰਯੋਗ ਹੀ ਮੰਨਿਆ ਜਾਵੇਗਾ।

ਇਸ ਗ਼ਜ਼ਲ-ਸੰਗ੍ਰਹਿ ਵਿੱਚ ਪੇਸ਼ ਗ਼ਜ਼ਲ ਅਜੋਕੇ ਪੂੰਜੀਵਾਦੀ ਦੌਰ ਵਿਚ ਰਿਸ਼ਤਿਆਂ ਦੇ ਬਦਲ ਰਹੇ ਸਮੀਕਰਨ ਨੂੰ ਡੂੰਘੀਆਂ ਕਾਵਿ-ਤਨਜ਼ਾਂ ਰਾਹੀਂ ਪ੍ਰਗਟਾਉਂਦੀ ਹੈ। ਰਿਸ਼ਤਿਆਂ ਦੀ ਟੁੱਟ-ਭੱਜ, ਵਿਗਸ ਰਹੀਆਂ ਕਦਰਾਂ-ਕੀਮਤਾਂ ਪ੍ਰਤੀ ਤੌਖ਼ਲਾ ਪ੍ਰਗਟ ਕਰਦੀ ਇਹ ਸ਼ਾਇਰੀ ਇੱਕ ਦੂਜੇ ਦੇ ਦਿਲ ਦੇ ਕਰੀਬ ਜਾਣ ਦੀ ਗੱਲ ਕਰਦੀ ਹੈ। ਅਜੋਕੇ ਸਮਾਜ ਅੰਦਰ ਨੈਤਿਕ ਕਦਰਾਂ-ਕੀਮਤਾਂ ਅੰਦਰ ਆ ਚੁੱਕੇ ਨਿਘਾਰ ਤੋਂ ਸ਼ਾਇਰ ਚਿੰਤਿਤ ਨਜ਼ਰ ਆਉਂਦਾ ਹੈ। ਵਰਤਮਾਨ ਪਦਾਰਥਵਾਦੀ ਯੁੱਗ ਵਿੱਚ ਮਨੁੱਖੀ ਜੀਵਨ-ਸ਼ੈਲੀ ਵਿੱਚ ਬਹੁਤ ਤੇਜ਼ੀ ਨਾਲ ਤਬਦੀਲੀ ਵਾਪਰਦੀ ਹੈ। ਮਨੁੱਖ ਉੱਪਰ ਵਿਅਕਤੀਵਾਦੀ ਸੁਰ ਭਾਰੂ ਹੋਣ ਸਦਕਾ ਅਜੋਕਾ ਮਨੁੱਖ ਵਧੇਰੇ ਸਵੈ-ਕੇਂਦਰਿਤ ਹੋਇਆ, ਜੋ ਕਿ ਨਿੱਜੀ ਹਿੱਤਾਂ, ਲਾਭ ਅਤੇ ਮੁਨਾਫ਼ੇ ਲਈ ਕਿਸੇ ਹੱਦ ਤੱਕ ਵੀ ਜਾ ਸਕਦਾ ਹੈ।ਭਾਈਚਾਰਕ ਸਾਂਝ, ਨੈਤਿਕਤਾ, ਰਿਸ਼ਤੇ-ਨਾਤੇ, ਸੁਹਜ-ਸਲੀਕਾ ਉਸ ਲਈ ਕੋਈ ਖ਼ਾਸ ਅਹਿਮੀਅਤ ਨਹੀਂ ਰੱਖਦਾ।ਵਿਗਿਆਨ ਅਤੇ ਤਕਨਾਲੋਜੀ ਦੇ ਯੁੱਗ ਵਿੱਚ ਜਿੱਥੇ ਮਨੁੱਖ ਬੁਲੰਦੀਆਂ ਛੂਹ ਰਿਹਾ ਹੈ, ਉੱਥੇ ਸਦਾਚਾਰ ਪੱਖੋਂ ਨਿਘਾਰ ਵੱਲ ਜਾ ਰਿਹਾ ਹੈ। ਦਿਖਾਵੇ ਦੀ ਜ਼ਿੰਦਗੀ ਜੀਅ ਰਹੇ ਰਿਸ਼ਤਿਆਂ ਨੂੰ ਸ਼ਾਇਰ ਨੇ ਆਪਣੀ ਗ਼ਜ਼ਲ ਰਾਹੀਂ ਬਿਆਨ ਕੀਤਾ ਹੈ।

ਸ਼ਾਇਰ ਸਮਾਜ ਵਿਚਲੀ ਆਰਥਿਕ ਨਾਬਰਾਬਰੀ ਅਤੇ ਇਸ ਦੇ ਪ੍ਰਭਾਵਾਂ ਨੂੰ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ।ਉਹ ਵੱਖ-ਵੱਖ ਸਮਾਜਿਕ ਵਰਤਾਰਿਆਂ ਦੇ ਪਿਛੋਕੜ ਵਿੱਚ ਆਰਥਿਕ ਅਸਮਾਨਤਾ ਅਤੇ ਆਰਥਿਕ ਸ਼ੋਸ਼ਣ ਨੂੰ ਵੇਖਣ ਦੇ ਸਮਰੱਥ ਹੈ।ਅਜੋਕੇ ਲੀਡਰ ਚੋਣਾਂ ਸਮੇਂ ਗ਼ਰੀਬਾਂ ਦੀਆਂ ਵੋਟਾਂ ਪੈਸੇ ਦੇ ਜ਼ੋਰ ਨਾਲ ਖਰੀਦ ਕੇ ਸੱਤਾ 'ਤੇ ਕਾਬਜ਼ ਹੋ ਕੇ ਸੱਤਾ ਦੀ ਦੁਰਵਰਤੋਂ ਕਰਦੇ ਹਨ।ਇਹ ਸ਼ੋਸ਼ਣ ਕਰਨ ਵਾਲਿਆਂ ਦਾ ਪੱਖ ਪੂਰਦੇ ਹਨ। ਇਹ ਸਿਆਸਤਦਾਨ ਲੋਕਤੰਤਰ ਦੇ ਨਾਂਅ ਹੇਠ ਕਿਸ ਤਰ੍ਹਾਂ ਜਨਤਾ ਨੂੰ ਮੂਰਖ ਬਣਾ ਕੇ ਲੁੱਟ ਰਹੇ ਹਨ, ਇਸ ਸਭ ਕਾਸੇ ਤੋਂ ਸ਼ਾਇਰ ਭਲੀ-ਭਾਂਤ ਸੁਚੇਤ ਹੈ।ਇਸ ਲਈ ਸ਼ਾਇਰ ਦੇਸ਼ ਦੀ ਵਾਗਡੋਰ ਸੰਭਾਲਣ ਵਾਲਿਆਂ ਦੀ ਅਸਲ ਤਾਕਤ ਉੱਪਰ ਵੀ ਸਿੱਧੇ ਤੌਰ 'ਤੇ ਵਿਅੰਗ ਕਰਦਾ ਹੈ, ਮਿਸਾਲ ਵਜੋਂ: ਵਧ ਰਹੀ ਬੇਰੁਜ਼ਗਾਰੀ ਦੀ ਸਮੱਸਿਆ, ਨੌਜਵਾਨਾਂ ਅੰਦਰ ਪਰਵਾਸ ਧਾਰਨ ਦੀ ਸਮੱਸਿਆ, ਪੰਜਾਬੀ ਸਮਾਜ ਵਿੱਚ ਨਸ਼ਿਆਂ ਦੀ ਦਲਦਲ ਵਿੱਚ ਫਸ ਰਹੇ ਨੌਜਵਾਨ ਅਤੇ ਕਿਸਾਨਾਂ ਦੀ ਸਰਕਾਰ ਵੱਲੋਂ ਹੋ ਰਹੀ ਦੁਰਦਸ਼ਾ ਦੀ ਮਾਰਮਿਕ ਸਥਿਤੀ ਨੂੰ ਬਿਆਨ ਕਰਦੇ ਉਸ ਦੇ ਸ਼ਿਅਰ ਵੇਖੇ ਜਾ ਸਕਦੇ ਹਨ।ਇਸ ਵਿਸਫ਼ੋਟਕ ਸਥਿਤੀ ਦੇ ਸਿੱਟੇ ਬਹੁਤ ਭਿਆਨਕ ਹਨ।ਇਸ ਦੌਰ ਨਾਲ ਸੰਬੰਧਤ ਸ਼ਾਇਰੀ ਰੁਦਨ ਦੀ ਸ਼ਾਇਰੀ ਵਜੋਂ ਹੀ ਸਾਹਮਣੇ ਆਉਂਦੀ ਹੈ।

ਇਸ ਗ਼ਜ਼ਲ-ਸੰਗ੍ਰਹਿ ਵਿੱਚ ਪੰਜਾਬ ਦੀ ਤ੍ਰਾਸਦਿਕ ਸਥਿਤੀ ਦਾ ਵਰਣਨ ਅਨੇਕ ਥਾਵਾਂ 'ਤੇ ਮਿਲਦਾ ਹੈ।ਧਰਮ ਦੇ ਅਖੌਤੀ ਆਗੂ ਧਰਮ ਨੂੰ ਹਥਿਆਰ ਬਣਾ ਕੇ ਲੋਕਾਂ ਅੰਦਰ ਨਫ਼ਰਤ ਦੇ ਬੀਜ ਬੀਜਦੇ ਹਨ।ਜਨ-ਸਾਧਾਰਨ ਨੂੰ ਗੁੰਮਰਾਹ ਕਰਕੇ ਉਹਨਾਂ ਦਾ ਸ਼ੋਸ਼ਣ ਕਰਦੇ ਹਨ।ਸਿਆਸਤਦਾਨ ਧਰਮ ਨੂੰ 'ਪਾੜੋ ਤੇ ਰਾਜ ਕਰੋ' ਦੀ ਨੀਤੀ ਦੇ ਹਥਿਆਰ ਵਜੋਂ ਅਪਣਾਉਂਦਿਆਂ ਜਨ-ਸਾਧਾਰਨ 'ਤੇ ਲੰਮੇ ਸਮੇਂ ਲਈ ਰਾਜ ਕਰਨਾ ਚਾਹੁੰਦੇ ਹਨ।ਸ਼ਾਇਰ ਇਨ੍ਹਾਂ ਕੂਟਨੀਤੀਆਂ ਤੋਂ ਭਲੀ-ਭਾਂਤ ਵਾਕਿਫ਼ ਹੈ।ਉਪਰੋਕਤ ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਬਲਦੇਵ ਸਿੰਘ 'ਬੱਦਨ' ਦੀ ਗ਼ਜ਼ਲ ਦਾ ਪ੍ਰੇਰਨਾ-ਸਰੋਤ, ਯੁੱਗ-ਚੇਤਨਾ ਦਾ ਬੋਧ ਹੈ।ਇਸ ਸ਼ਾਇਰੀ ਵਿੱਚ ਮਾਨਵੀ ਜੀਵਨ, ਸਾਹਿਤ, ਸਮਾਜ, ਸੱਭਿਆਚਾਰ, ਪਰਵਾਸ, ਆਦਿ ਨਾਲ ਸੰਬੰਧਿਤ ਕੋਈ ਵਿਸ਼ਾ ਅਜਿਹਾ ਨਹੀਂ, ਜੋ ਅਣਛੋਹਿਆ ਰਿਹਾ ਹੋਵੇ।ਇਨ੍ਹਾਂ ਰਾਹੀਂ ਪਿਆਰ-ਮੁਹੱਬਤ, ਮਾਨਵਤਾ ਦਾ ਦਰਦ, ਵਿਸ਼ਵੀਕਰਨ, ਪਦਾਰਥਵਾਦ, ਨਿੱਜੀਕਰਨ, ਵਪਾਰੀਕਰਨ, ਰਿਸ਼ਤਿਆਂ ਦੀ ਟੁੱਟ-ਭੱਜ, ਨੈਤਿਕ ਕਦਰਾਂ-ਕੀਮਤਾਂ ਦਾ ਪਤਨ, ਭ੍ਰਿਸ਼ਟਾਚਾਰ, ਨਸ਼ਿਆਂ ਦਾ ਵਧਦਾ ਰੁਝਾਨ, ਮਾਨਵੀ ਹੋਂਦ ਆਦਿ ਨਾਲ ਜੁੜੇ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਪੇਸ਼ ਕੀਤਾ ਗਿਆ ਹੈ।ਬਲਦੇਵ ਸਿੰਘ 'ਬੱਦਨ' ਰਚਿਤ ਗ਼ਜ਼ਲ-ਸੰਗ੍ਰਹਿ 'ਅੱਖਾਂ ਲੱਭਦੇ ਸੁਫ਼ਨੇ' ਪਰੰਪਰਾਗਤ ਥੀਮਿਕ ਘੇਰਿਆਂ ਵਿੱਚੋਂ ਨਿਕਲ ਕੇ ਸਮਕਾਲੀ ਵਸਤੂ-ਯਥਾਰਥ ਨਾਲ ਸੰਵਾਦ ਰਚਾਉਂਦਾ ਹੈ।

**ਮੋਬਾ. 98771-53618**

## ਕਮਿਊਨਿਸਟ ਆਗੂਆਂ, ਚਿੰਤਕਾਂ, ਲੇਖਕਾਂ ਤੇ ਸਮਾਜਿਕ ਕਾਰਕੁਨਾਂ ਦੀ ਸਾਂਝੀ ਸੁਰ ਹੋਰ ਉੱਚੀ ਕਰ ਗਿਆ

# 'ਜ਼ਿੰਦਗੀ ਦਾ ਜਸ਼ਨ'



ਵੱਖਰੀਆਂ ਪੈੜਾਂ ਪਾਉਣ ਦੇ ਸੰਦਰਭ ਵਿੱਚ 'ਮੇਰਾ ਦਾਗਿਸਤਾਨ' ਦਾ ਨਾਇਕ ਆਪਣੇ ਬਾਪ ਦੀ ਵੱਖਰੀ ਪਗਡੰਡੀ ਬਾਰੇ ਲਿਖਦਾ ਹੈ ਕਿ ਇੱਕ ਛੋਟੇ ਤੇ ਵੱਡੇ ਪਿੰਡ ਵਿਚਾਲੇ ਪਤਲੀ ਜਿਹੀ ਸੜਕ ਹੈ।ਮੇਰਾ ਬਾਪ ਜਦੋਂ ਆਪਣੇ ਪਿੰਡੋਂ ਦੂਸਰੇ ਪਿੰਡ ਨੂੰ ਜਾਂਦਾ ਹੈ ਤਾਂ ਉਹ ਬਣੀ ਹੋਈ ਸੜਕ ਰਾਹੀਂ ਨਹੀਂ ਸਗੋਂ ਆਪਣੀ ਬਣਾਈ ਪਗਡੰਡੀ ਰਾਹੀ ਜਾਂਦਾ ਹੈ....।ਆਪਣੀ ਪਗਡੰਡੀ 'ਤੇ ਉਹ ਖ਼ੂਬਸੂਰਤ ਫੁੱਲ ਲੱਭ ਲੈਂਦੇ ਸਨ ਤੇ ਉਨ੍ਹਾ ਦਾ ਹੋਰ ਵੀ ਸ਼ਾਨਦਾਰ ਗੁਲਦਸਤਾ ਬਣਾਉਂਦੇ ਸਨ।

..... ਇੱਕ ਵਾਰ ਮੈਨੂੰ ਉਸੇ ਪਿੰਡ ਨੂੰ ਜਾਣਾ ਪਿਆ।ਮੈਂ ਸੜਕ ਤੋਂ ਹੱਟ ਕੇ ਉਸੇ ਪਗਡੰਡੀ 'ਤੇ ਜਾਣਾ ਚਾਹਿਆ ਜੋ ਮੇਰੇ ਅੱਬਾ ਨੇ ਬਣਾਈ ਸੀ।ਇੱਕ ਬਜ਼ੁਰਗ ਨੇ ਮੈਨੂੰ ਦੇਖ ਕੇ ਰੋਕਿਆ ਤੇ ਕਿਹਾ- 'ਪਿਤਾ ਦੀ ਪਗਡੰਡੀ ਪਿਤਾ ਲਈ ਹੀ ਰਹਿਣ ਦੇ।ਆਪਣੇ ਲਈ ਦੂਜੀ ਲੱਭ ਲੈ' ਬਜ਼ੁਰਗ ਪਹਾੜੀਏ ਦੀ ਗੱਲ ਮੰਨ ਕੇ ਮੈਂ ਨਵੇਂ ਰਾਹ ਦੀ ਖੋਜ ਵਿੱਚ ਤੁਰ ਪਿਆ.... ਆਪਣੇ ਗੁਲਦਸਤੇ ਲਈ ਆਪਣੇ ਹੀ ਫੁੱਲ ਚੁਣਦਾ ਹੋਇਆ ਮੈਂ ਉਸੇ 'ਤੇ ਤੁਰ ਰਿਹਾ ਹਾਂ।

ਲੰਘੇ ਪੰਜ ਜੂਨ ਨੂੰ 'ਨਵਾਂ ਜਮਾਨਾ' ਦੀ ਸੰਚਾਲਕ ਸੰਸਥਾ 'ਅਰਜਨ ਸਿੰਘ ਗੜਗੱਜ ਫਾਊਂਡੇਸ਼ਨ' ਦੇ ਰੂਹੇਂ ਰਵਾਂ ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਸਦੀਵੀ ਵਿਛੋੜਾ ਦੇ ਗਏ ਸਨ।ਉਹਨਾਂ ਦੇ ਦਿਖਾਏ ਨਵੇਂ ਰਾਹ ਦੀ ਰੌਸ਼ਨੀ ਵਿੱਚ ਬੱਬਰ ਸਰੈਣ ਸਿੰਘ ਦੀ ਧੀ ਸ਼ੁਗਲੀ ਜੀ ਦੀ ਜੀਵਨ ਸਾਥਣ ਬੀਬੀ ਮਹਿੰਦਰ ਕੌਰ ਤੇ ਉਨ੍ਹਾਂ ਦੇ ਸਮੁੱਚੇ ਪਰਵਾਰ ਵੱਲੋਂ ਸੋਗ ਸਮਾਗਮ ਦੀ ਥਾਂ 'ਜ਼ਿੰਦਗੀ ਦਾ ਜਸ਼ਨ' ਮਨਾਉਣ ਲਈ ਨਵਾਂ ਤੇ ਨਿਆਰਾ ਰਾਹ ਅਪਣਾਉਣ ਦੇ ਮਹੱਤਵ ਨੂੰ ਦਰਸਾਉਣ ਲਈ ਹਥਲੀ ਲਿਖਤ ਲਈ ਉਕਤ ਭੂਮਿਕਾ ਬੰਨੀ ਗਈ ਹੈ।



ਇਹ ਸਮਾਗਮ ਜਿੱਥੇ ਗੁਰਮੀਤ ਸਿੰਘ ਸ਼ੁਗਲੀ ਨੂੰ ਮੁੜ ਮਿਲਣ ਦਾ ਸਬੱਬ ਬਣਦਾ ਨਜ਼ਰ ਆਇਆ, ਉੱਥੇ ਹਾਕਮਾਂ ਵੱਲੋਂ ਭਾਰਤ ਰੂਪੀ ਰੰਗ ਬਰੰਗੇ ਬਗੀਚੇ ਨੂੰ ਲਿਤਾੜ ਕੇ ਇੱਕ ਰੰਗੀ ਕਿਆਰੀ ਬਣਾਉਣ ਦੇ ਮਨਸੂਬਿਆਂ ਅਤੇ ਨਫਰਤੀ ਹਨੇਰੀ ਅੱਗੇ ਕੰਧ ਬਣਾਉਣ ਦਾ ਹੋਕਾ ਵੀ ਦੇ ਗਿਆ।ਪੰਜਾਬ ਦੇ ਫਿਕਰਾਂ ਦੀ ਬਾਂਹ ਫੜਨ ਵਾਲੇ ਕਮਿਊਨਿਸਟ ਆਗੂ, ਚਿੰਤਕ, ਲੇਖਕ ਤੇ ਸਮਾਜਿਕ ਕਾਰਕੂਨਾਂ ਦੀ ਸਾਂਝੀ ਸੁਰ ਹੋਰ ਉੱਚੀ ਹੋਈ।ਮੌਤ ਨੂੰ ਸ਼ਰਮਿੰਦਾ ਕਰ ਸਕਣ ਦੀ ਜ਼ਰੂਰਤ ਨੂੰ ਹੋਰ ਤਕੜੀ ਕਰਨ ਦਾ ਵੀ ਸੁਨੇਹਾ ਦੇ ਗਿਆ ਇਹ 'ਜ਼ਿੰਦਗੀ ਦਾ ਜਸ਼ਨ'।

ਸਮਾਗਮ ਡਾ. ਸਾਹਿਬ ਸਿੰਘ ਦੇ ਨਾਟਕ 'ਸੰਮਾਂ ਵਾਲੀ ਡਾਂਗ' ਦੇ ਫੁੰਕਾਰੇ ਮਾਰਦੇ ਇੱਕ ਪਾਤਰ ਦੀ ਸਿਰੀ ਨੱਪਣ ਦੀ ਜ਼ੁਰਤ ਨੂੰ ਜਰਬਾਂ ਦੇਣ ਲਈ ਵੀ ਪ੍ਰੇਰਨਾ ਦੇ ਗਿਆ ਅਤੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੀ 'ਸੱਧਰਾਂ' 'ਤੇ ਸੰਗਲ' ਨਾ ਰਹਿਣ ਦੀ ਲੋਚਾਂ ਨੂੰ ਵੀ ਲੋਕ ਮਨਾਂ ਦਾ ਹਿੱਸਾ ਬਣਾ ਗਿਆ।'ਜ਼ਿੰਦਗੀ ਦੇ ਜਸ਼ਨ' ਦੌਰਾਨ ਨਵਾਂ ਜ਼ਮਾਨਾ ਦੇ ਮੁੱਖ ਸੰਪਾਦਕ ਰਹੇ ਕਾਮਰੇਡ ਜਗਜੀਤ ਸਿੰਘ ਆਨੰਦ ਦਾ ਵੀ ਜ਼ਿਕਰ ਹੋਇਆ ਤੇ ਗੁਰਮੀਤ ਸਿੰਘ ਸ਼ੁਗਲੀ ਦੇ ਰਹਿਨੁਮਾ ਰਹੇ ਹੈਡਮਾਸਟਰ ਸੋਹਣ ਸਿੰਘ, ਹੈਡਮਾਸਟਰ ਰਘਬੀਰ ਸਿੰਘ ਤੇ ਹੈਡਮਾਸਟਰ ਮਹਿੰਗਾ ਸਿੰਘ ਦਾ ਵੀ।

ਨਿਵੇਕਲੇ ਸਮਾਗਮ ਵਿੱਚ ਮਾਰਕਸੀ ਦ੍ਰਿਸ਼ਟੀ ਵਾਲੇ ਚਿੰਤਕ, ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ, ਵਕੀਲ, ਡਾਕਟਰ, ਪੱਤਰਕਾਰ ਤੇ ਸ਼ੁਗਲੀ ਜੀ ਨਾਲ ਮੋਹ ਪਾਲਣ ਵਾਲੇ ਆਮ ਲੋਕ ਵੀ ਉਤਸ਼ਾਹ ਨਾਲ ਸ਼ਾਮਲ ਹੋਏ।ਦੂਰ ਦੁਰਾਡੇ ਰਹਿੰਦੇ ਸ਼ੁਗਲੀ ਜੀ ਦੇ ਸਨੇਹੀ, ਜਿਹੜੇ ਸਮਾਗਮ ਵਿੱਚ ਨਾ ਪਹੁੰਚ ਸਕੇ, ਉਨ੍ਹਾਂ ਨੇ ਮੋਹ ਭਿੱਜੇ ਸਨੇਹੇ ਘੱਲੇ।ਇਹਨਾਂ ਵਿੱਚ ਨਵਾਂ ਜਮਾਨਾ ਦੇ ਸਮਾਚਾਰ ਸੰਪਾਦਕ ਰਹੇ ਇੰਦਰਜੀਤ ਚੁਗਾਵਾਂ ਤੇ ਬਰੈਂਮਟਨ ਵੱਸਦੇ ਹਰੀ ਸਿੰਘ ਵੀ ਸ਼ਾਮਲ ਹਨ।

ਸੁਗਲੀ ਜੀ ਦੇ ਵੱਖ-ਵੱਖ ਪਹਿਲੂਆਂ ਦੀ ਗੱਲ ਕਰਨ ਵਾਲੇ ਤੇ ਉਨ੍ਹਾਂ ਨਾਲ ਜੁੜੀਆਂ ਯਾਦਾਂ ਨੂੰ ਸਾਂਝਾ ਕਰਨ ਵਾਲੇ ਬੁਲਾਰੇ ਰਵਾਇਤ ਤੋਂ ਹਟ ਕੇ ਬੋਲੇ।ਸੀ ਪੀ ਆਈ ਪੰਜਾਬ ਦੇ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਸ਼ੁਗਲੀ ਨੂੰ ਯੁੱਧ ਸਾਥੀ ਵਜੋਂ ਯਾਦ ਕੀਤਾ।ਉਨ੍ਹਾਂ ਨੇ ਸ਼ੁਗਲੀ ਨੂੰ ਸਮਾਜਿਕ ਵਿਗਿਆਨੀ ਵਜੋਂ ਵੀ ਯਾਦ ਕੀਤਾ ਤੇ ਇਹ ਉਚੇਚ ਨਾਲ ਆਖਿਆ ਕਿ ਉਨ੍ਹਾਂ ਨੇ ਜ਼ਿੰਦਗੀ ਨੂੰ ਵਿਗਿਆਨਿਕ ਵਿਚਾਰਾਂ ਨਾਲ ਮਾਣਿਆ।'ਨਵਾਂ ਜ਼ਮਾਨਾ' ਨੂੰ ਸ਼ਾਨ ਨਾਲ ਚੱਲਦਾ ਰੱਖਣ ਲਈ ਸ਼ੁਗਲੀ ਹੁਰਾਂ ਦੇ ਉਪਰਾਲਿਆਂ ਦੇ ਸੰਦਰਭ ਵਿੱਚ ਗੱਲ ਕਰਦਿਆਂ ਬਰਾੜ ਨੇ ਕਿਹਾ ਕਿ ਇਸ ਅਖਬਾਰ ਵਿੱਚੋਂ ਉਹਨਾਂ ਦੀ ਰੂਹ ਝਲਕਦੀ ਹੈ।

ਬਰਾੜ ਨੇ ਉਸ ਖਤਰਨਾਕ ਵਰਤਾਰੇ ਦਾ ਵੀ ਜ਼ਿਕਰ ਕੀਤਾ, ਜਿਸ ਵਿੱਚ ਝਾਰਖੰਡ ਅਤੇ ਹੋਰ ਥਾਵਾਂ 'ਤੇ ਮਾਓਵਾਦੀਆਂ ਨੂੰ ਬੇਰਹਿਮੀ ਨਾਲ ਖਤਮ ਕੀਤਾ ਜਾ ਰਿਹਾ ਹੈ।ਉਹਨਾਂ ਕਿਹਾ ਕਿ ਸਾਨੂੰ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਹਾਕਮਾਂ ਦਾ ਪੂਰੀ ਕਮਿਊਨਿਸਟ ਲਹਿਰ 'ਤੇ ਹਮਲਾ ਹੈ ਤੇ ਸਾਡੇ ਲਈ ਇਹ ਵੇਲਾ ਚੁੱਪ ਰਹਿਣ ਦਾ ਨਹੀਂ ਹੈ।

ਸਾਬਕਾ ਵਿਧਾਇਕ ਤੇ ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਦੇ ਮੈਂਬਰ ਕਾਮਰੇਡ ਹਰਦੇਵ ਅਰਸ਼ੀ ਨੇ ਮੌਜੂਦਾ ਦੌਰ ਦੀ ਡਰਾਉਣੀ ਤੇ ਚਿੰਤਾਜਨਕ ਸਥਿਤੀ ਦਾ ਜ਼ਿਕਰ ਕਰਦਿਆਂ ਨਿਸ਼ਟਾਵਾਨ ਕਮਿਊਨਿਸਟ ਗੁਰਮੀਤ ਸਿੰਘ ਸ਼ੁਗਲੀ ਦੇ ਤੁਰ ਜਾਣ ਨੂੰ ਵੱਡਾ ਘਾਟਾ ਦੱਸਿਆ।ਸ਼ੁਗਲੀ ਵੱਲੋਂ 'ਨਵਾਂ ਜ਼ਮਾਨਾ' ਲਈ ਕੀਤੇ ਕੰਮ ਦੇ ਸੰਦਰਭ ਵਿੱਚ ਅਰਸ਼ੀ ਨੇ ਕਿਹਾ ਕਿ ਉਹ 'ਨਵਾਂ ਜ਼ਮਾਨਾ' ਲਈ ਸੰਕਟ ਮੋਚਨ ਸਨ।ਕਮਿਊਨਿਸਟ ਆਗੂ ਨੇ ਮੀਡੀਆ ਦੀ ਖੁਸ ਰਹੀ ਆਜ਼ਾਦੀ 'ਤੇ ਵੀ ਚਿੰਤਾ ਦਾ ਇਜ਼ਹਾਰ ਕੀਤਾ।ਰੋਜ਼ਗਾਰ ਪ੍ਰਾਪਤੀ ਮੁਹਿੰਮ ਦੇ ਸਲਾਹਕਾਰ ਤੇ ਮਾਰਕਸਵਾਦੀ ਫਲਸਫੇ ਦੇ ਅਧਿਆਪਕ ਕਾਮਰੇਡ ਜਗਰੂਪ ਨੇ ਕਿਹਾ ਕਿ ਮੁਹਿੰਮ ਦੀ ਸਾਰਥਿਕਤਾ ਨੂੰ ਸਮਝਣ ਵਾਲਿਆਂ ਵਿੱਚ ਸ਼ੁਗਲੀ ਪਹਿਲਿਆਂ 'ਚੋਂ ਸਨ।ਉਹਨਾਂ ਕਿਹਾ ਕਿ ਉਹ ਸ਼ੁਗਲ ਵਿੱਚ ਹੀ ਗੰਭੀਰ ਮਸਲਿਆਂ ਦਾ ਤਬਸਰਾ ਕਰ ਜਾਂਦੇ ਸਨ।ਮਾਰਕਸੀ ਚਿੰਤਕ ਨੇ ਸ਼ੁਗਲੀ ਨਾਲ ਗਹਿਰੀ ਸਾਂਝ ਤੇ ਅਪਣੱਤ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਇਸ ਗੱਲ ਦਾ ਹਮੇਸ਼ਾ ਅਫਸੋਸ ਰਹੇਗਾ ਕਿ ਉਹਨਾਂ ਨੂੰ ਦੁਬਾਰਾ ਮਿਲਣ ਦਾ ਵਾਅਦਾ ਵਫਾ ਨਾ ਹੋ ਸਕਿਆ।

ਨਵਾਂ ਜ਼ਮਾਨਾ ਦੇ ਜਨਰਲ ਮੈਨੇਜਰ ਕਾਮਰੇਡ ਗੁਰਮੀਤ ਨੇ ਅੱਤਵਾਦ ਵੇਲੇ 'ਨਵਾਂ ਜ਼ਮਾਨਾ' ਨੂੰ ਮਿਲਦੀਆਂ ਰਹੀਆਂ ਧਮਕੀਆਂ ਦਾ ਜ਼ਿਕਰ ਕਰਦਿਆਂ ਕਿਹਾ ਸ਼ੁਗਲੀ ਉਸ ਕਾਫਲੇ ਦੇ ਅਹਿਮ ਰੁਕਨ ਸਨ, ਜਿਨਾਂ ਦੀ ਬਦੌਲਤ 'ਨਵਾਂ ਜ਼ਮਾਨਾ' ਨਿਰੰਤਰ ਚੱਲਦਾ ਰਿਹਾ।ਉਨ੍ਹਾਂ ਨੇ ਅਲਾਵਲਪੁਰ ਦੇ ਸਕੂਲੀ ਵੇਲਿਆਂ ਦੀ ਪਈ ਸਾਂਝ ਨੂੰ ਤਾਜ਼ਾ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਲੰਬੇ ਸਮੇਂ ਦਾ ਸਾਥ ਅੱਜ ਵੀ ਸਕੂਨ ਦਿੰਦਾ ਹੈ।ਗੁਰਮੀਤ ਹੁਰਾਂ ਸ਼ੁਗਲੀ ਸਾਹਿਬ ਦੀ ਹਰਮਨ ਪਿਆਰਤਾ ਦਾ ਜ਼ਿਕਰ ਕਰਦਿਆਂ 'ਜ਼ਿੰਦਗੀ ਦੇ ਜਸ਼ਨ' ਦੌਰਾਨ ਹੋਏ ਇਕੱਠ ਵੱਲ ਇਸ਼ਾਰਾ ਕਰਕੇ ਤਸੱਲੀ ਦਾ ਪ੍ਰਗਟਾਵਾ ਕੀਤਾ।



ਸਤਨਾਮ ਚਾਨਾ ਨੇ 'ਜ਼ਿੰਦਗੀ ਦਾ ਜਸ਼ਨ' ਸਮਾਗਮ ਦੀ ਸਾਰਥਿਕਤਾ ਦੇ ਸੰਦਰਭ ਵਿੱਚ ਕਿਹਾ ਕਿ ਮੌਤ ਵੀ ਸ਼ਰਮਿੰਦਾ ਹੈ ਕਿ ਉਹ ਸ਼ੁਗਲੀ ਨੂੰ ਸਾਥੋਂ ਖੋਹ ਨਹੀਂ ਸਕੀ।ਉਨ੍ਹਾਂ ਨੇ ਸ਼ੁਗਲੀ ਨਾਲ ਇਕੱਠਿਆਂ ਜੇਲ੍ਹ ਕੱਟਣ ਤੋਂ ਲੈ ਕੇ ਅਨੇਕਾਂ ਯਾਦਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਉਹ ਗੰਭੀਰ ਤੋਂ ਗੰਭੀਰ ਮਸਲੇ ਨੂੰ ਸਹਿਜ ਤੇ ਸ਼ੁਗਲ ਨਾਲ ਨਿਬੇੜ ਦਿਆ ਕਰਦੇ ਸਨ।'ਅਜੀਤ' ਦੇ ਕਾਰਜਕਾਰੀ ਸੰਪਾਦਕ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਗੁਰਮੀਤ ਸ਼ੁਗਲੀ ਡਾ. ਬਰਜਿੰਦਰ ਸਿੰਘ ਹਮਦਰਦ ਤੇ ਮੇਰੇ (ਮਾਣਕ) ਨਾਲ ਪੰਜਾਬ ਦੀ ਫਿਕਰਮੰਦੀ ਬਾਰੇ ਵਿਚਾਰ ਸਾਂਝੇ ਕਰਦੇ ਰਹਿੰਦੇ ਸਨ।ਉਹਨਾਂ ਖੱਬੇ ਪੱਖੀ ਸਾਹਿਤ 'ਤੇ ਮਾਣ ਕਰਦਿਆਂ ਕਿਹਾ ਕਿ ਸਾਡੀਆਂ ਸੂਝ ਦੀਆਂ ਅੱਖਾਂ 'ਪ੍ਰੀਤ ਲੜੀ' ਅਤੇ 'ਨਵਾਂ ਜ਼ਮਾਨਾ' ਰਾਹੀਂ ਖੁੱਲ੍ਹੀਆਂ ਸਨ।ਮਾਣਕ ਨੇ ਕਿਹਾ ਕਿ ਮੌਜੂਦਾ ਦੌਰ ਵਿੱਚ ਕੇਂਦਰੀ ਹਾਕਮ ਅਤੇ ਆਰ ਐੱਸ ਐੱਸ ਆਪਣੇ ਖਤਰਨਾਕ ਇਰਾਦਿਆਂ ਦੀ ਪੂਰਤੀ ਦੇ ਨੇੜੇ ਪਹੁੰਚ ਗਏ ਹਨ।ਅਜਿਹੇ ਵਿੱਚ ਆਪਸੀ ਬਹਿਸਾਂ-ਮੁਬਾਹਿਸਾਂ ਚਲਦੀਆਂ ਰਹਿਣਗੀਆਂ ਪਰ ਖੱਬੀਆਂ ਧਿਰਾਂ ਨੂੰ ਘੱਟੋ ਘੱਟ ਪ੍ਰੋਗਰਾਮ 'ਤੇ ਇਕੱਠਿਆਂ ਹੋਣ ਦੀ ਸਖਤ ਲੋੜ ਹੈ।ਆਰ ਐਮ ਪੀ (ਆਈ) ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਗੁਰਮੀਤ ਸਿੰਘ ਸ਼ੁਗਲੀ ਦੀ ਬਹੁਪੱਖੀ ਸ਼ਖਸ਼ੀਅਤ ਬਾਰੇ ਬਹੁਤਾ ਕੁਝ ਨਾ ਵੀ ਜਾਣਦਾ ਹੋਵਾਂ ਪਰ ਇਹਨਾਂ ਜਰੂਰ ਪਤਾ ਹੈ ਕਿ ਉਹ ਖਰੇ ਕਮਿਊਨਿਸਟ ਸਨ।ਇਸ ਵਕਤ ਹਾਕਮ ਸ਼ੁਗਲੀ ਦੇ ਵਿਚਾਰਾਂ ਵਾਲਿਆਂ ਨੂੰ ਆਪਣਾ ਵੱਡਾ ਦੁਸ਼ਮਣ ਸਮਝਦਾ ਹੈ।

**ਗਿਆਨ ਸੈਦਪੁਰੀ**

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਸਾਥੀ ਅਮੋਲਕ ਸਿੰਘ ਨੇ ਕਿਹਾ ਕਿ ਸ਼ੁਗਲੀ ਵਰਗੇ ਲੋਕਾਂ ਦੇ ਜੀਵਨ ਸਫਰ ਦੀਆਂ ਪੈੜਾਂ ਨੂੰ ਹੁੰਗਾਲਦਿਆ ਹੋਏ ਅੱਗੇ ਵਧਣ ਦਾ ਸਮਾਂ ਹੈ।ਉਨ੍ਹਾਂ ਖਲੀਲ ਜ਼ਿਬਰਾਨ ਦੇ ਹਵਾਲੇ ਨਾਲ ਕਿਹਾ ਕਿ ਵਿਛੜਨ ਦਾ ਸਮਾਂ ਮਿਲਣ ਦਾ ਵੀ ਹੁੰਦਾ ਹੈ, ਇਸ ਲਈ ਸ਼ੁਗਲੀ ਜੀ ਬਾਰੇ ਸੰਵਾਦ ਵਿੱਚ ਪਹਿਲਾਂ ਉੱਕ ਵੀ ਗਏ ਹੋਈਏ ਤਾਂ ਅੱਜ ਵੇਲਾ ਹੈ, ਉਨ੍ਹਾਂ ਦੇ ਸੰਘਰਸ਼ਮਈ ਜੀਵਨ ਤੋਂ ਪ੍ਰੇਰਨਾ ਲੈਣ ਦਾ।ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਕਾਮਰੇਡ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਸ਼ੁਗਲੀ ਜੀ ਦੀ ਸਮੁੱਚੀ ਸ਼ਖਸ਼ੀਅਤ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ।ਉਨ੍ਹਾਂ ਕਿਹਾ ਕਿ ਉਹ ਵੱਡੇ ਕੁਦਰਤ ਪ੍ਰੇਮੀ ਵੀ ਸਨ।

ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਨੇ ਕਿਹਾ ਕਿ ਸ਼ੁਗਲੀ ਜੀ ਮੁੱਲਵਾਨ ਵਿਚਾਰਾਂ ਦਾ ਭਰਪੂਰ ਖਜ਼ਾਨਾ ਦੇ ਕੇ ਗਏ ਹਨ।ਉਨ੍ਹਾਂ ਵਿਚਾਰਾਂ ਤੋਂ ਸੇਧ ਲੈ ਕੇ ਅਸੀਂ ਅੱਗੇ ਵਧਣਾ ਹੈ।ਪੰਜਾਬ ਇਸਤਰੀ ਸਭਾ ਦੇ ਆਗੂ ਕਾਮਰੇਡ ਨਰਿੰਦਰ ਸੋਹਲ ਨੇ ਉਨ੍ਹਾਂ ਗਿਆਰਾਂ ਮਹੀਨੇ ਦੇ ਸਮੇਂ ਨੂੰ ਯਾਦ ਕੀਤਾ, ਜਦੋਂ ਉਹ 'ਨਵਾਂ ਜ਼ਮਾਨਾ' ਦੇ ਨਿਊਜ਼ ਟੇਬਲ 'ਤੇ ਕੰਮ ਕਰਦੇ ਸਨ।ਉਨ੍ਹਾਂ ਕਿਹਾ ਕਿ ਗੁਰਮੀਤ ਸ਼ੁਗਲੀ ਦੀ ਦਫਤਰ ਵਿੱਚ ਮੌਜੂਦਗੀ ਵੇਲੇ ਕੰਪਲੈਕਸ ਭਰਿਆ ਭੁਕੰਨਾ ਲੱਗਦਾ ਹੁੰਦਾ ਸੀ।ਐਡਵੋਕੇਟ ਓਮ ਪ੍ਰਕਾਸ਼ ਸ਼ਰਮਾ ਨੇ ਕਵਿਤਾ ਦੀਆਂ ਸਤਰਾਂ ਰਾਹੀਂ ਸ਼ੁਗਲੀ ਜੀ ਦੀ ਜ਼ਿੰਦਗੀ ਦੀ ਖੂਬਸੂਰਤੀ ਨੂੰ ਬਿਆਨ ਕੀਤਾ।ਐਡਵੋਕੇਟ ਅਦਿਤਿਆ ਜੈਨ ਨੇ ਕਿਹਾ ਕਿ ਸ਼ੁਗਲੀ ਜੀ ਸਾਡੇ ਰੋਲ ਮਾਡਲ ਸਨ।ਸੀ ਪੀ ਆਈ ਜ਼ਿਲ੍ਹਾ ਜਲੰਧਰ ਦੇ ਸਕੱਤਰ ਕਾਮਰੇਡ ਰਸ਼ਪਾਲ ਕੈਲੇ ਨੇ ਅੱਤਵਾਦ ਦੇ ਸਮੇਂ ਸ਼ੁਗਲੀ ਦੇ ਦਲੇਰਾਨਾ ਕਦਮਾਂ ਨੂੰ ਸਲੂਟ ਕੀਤਾ।ਹਲਕਾ ਆਦਮਪੁਰ ਦੇ ਵਿਧਾਇਕ ਸੁਖਵਿੰਦਰ ਕੋਟਲੀ ਨੇ ਸੰਤ ਰਾਮ ਉਦਾਸੀ ਦੀ ਕਵਿਤਾ ਰਾਹੀਂ ਸ਼ੁਗਲੀ ਹੁਰਾਂ ਦੇ ਸੰਘਰਸ਼ ਨੂੰ ਚੇਤੇ ਕੀਤਾ। ਬਸਪਾ ਆਗੂ ਐਡਵੋਕੇਟ ਬਲਵਿੰਦਰ ਕੁਮਾਰ ਨੇ ਇਨਕਲਾਬ ਵਿੱਚ ਬੁੱਧੀਜੀਵੀ ਵਰਗ ਵੱਲੋਂ ਨਿਭਾਈ ਜਾਣ ਵਾਲੀ ਅਗਾਂਹਵਧੂ ਭੂਮਿਕਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਸ਼ੁਗਲੀ ਵਿਦਵਾਨ ਵਿਅਕਤੀ ਸਨ।ਸੇਵਾ ਮੁਕਤ ਐਸ ਐਸ ਪੀ ਅਤੇ ਕਾਂਗਰਸ ਹਲਕਾ ਕਰਤਾਰਪੁਰ ਦੇ ਇੰਚਾਰਜ ਰਜਿੰਦਰ ਸਿੰਘ ਅਤੇ ਐਡਵੋਕੇਟ ਨਰਿੰਦਰ ਸਿੰਘ ਨੇ ਵੀ ਸ਼ੁਗਲੀ ਹੁਰਾਂ ਨੂੰ ਸਤਿਕਾਰ ਨਾਲ ਯਾਦ ਕੀਤਾ।

'ਜ਼ਿੰਦਗੀ ਦਾ ਜਸ਼ਨ' ਸਮਾਗਮ ਦੇ ਸਟੇਜ ਸਕੱਤਰ ਵਜੋਂ ਭੂਮਿਕਾ ਨਿਭਾਉਂਦਿਆਂ ਸਵਰਨ ਸਿੰਘ ਟਹਿਣਾ ਨੇ ਸ਼ੁਗਲੀ ਜੀ ਦੀ ਸ਼ਖਸ਼ੀਅਤ ਦੇ ਕਈ ਖੂਬਸੂਰਤ ਪੱਖ ਛੂਹੇ।ਜਿਨਾਂ ਦੀ ਕਈਆਂ ਨੂੰ ਸ਼ਾਇਦ ਪਹਿਲਾਂ ਜਾਣਕਾਰੀ ਨਾ ਹੋਵੇ।ਬੀਬੀ ਮਹਿੰਦਰ ਕੌਰ, ਐਡਵੋਕੇਟ ਰਜਿੰਦਰ ਮੰਡ ਤੇ ਉਨਾਂ ਦੇ ਬੇਟੇ ਨੇ 'ਨਵਾਂ ਜ਼ਮਾਨਾ' ਤੇ ਹੋਰ ਅਦਾਰਿਆਂ ਨੂੰ ਸਹਾਇਤਾ ਰਾਸ਼ੀ ਪ੍ਰਦਾਨ ਕਰਦਿਆਂ ਕਿਹਾ ਕਿ ਸਭ ਕੁਝ ਸ਼ੁਗਲੀ ਜੀ ਦੀ ਪ੍ਰਗਟਾਈ ਇੱਛਾ ਮੁਤਾਬਿਕ ਕੀਤਾ ਜਾ ਰਿਹਾ ਹੈ।ਜਸ ਮੰਡ ਨੇ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਨੂੰ ਸ਼ੁਗਲੀ ਪਰਵਾਰ ਵੱਲੋਂ ਧੰਨਵਾਦ ਕਰਨ ਲਈ ਕਿਹਾ ਗਿਆ ਹੈ ਪਰ, ਸ਼ੁਗਲੀ ਪਰਵਾਰ ਦਾ ਮਤਲਬ ਸੰਕੀਰਨ ਅਰਥਾਂ ਵਿੱਚ ਨਹੀਂ ਲਿਆ ਜਾ ਸਕਦਾ ਜਿਹਦੇ ਵਿੱਚ ਕੇਵਲ ਉਹਨਾਂ ਦੀ ਬੀਵੀ ਤੇ ਉਹਨਾਂ ਦੇ ਬੱਚੇ ਸ਼ਾਮਲ ਹੋਣ, ਬਲਕਿ ਉਹਨਾਂ ਦਾ ਪਰਿਵਾਰ ਬੜਾ ਮੋਕਲਾ ਪਰਵਾਰ ਹੈ।ਸ਼ੁਗਲੀ ਸਾਹਿਬ ਦਾ ਕਬੀਲਾ ਬਹੁਤ ਵੱਡਾ ਕਬੀਲਾ ਹੈ।ਉਹਨਾਂ ਦੇ ਅਧਿਆਪਕ ਸਾਥੀ, ਉਹਨਾਂ ਦੇ ਵਕੀਲ ਸਾਥੀ, 'ਨਵਾਂ ਜ਼ਮਾਨਾ' ਅਦਾਰੇ ਦੇ ਸਾਥੀ, ਦੇਸ਼ ਭਗਤ ਯਾਦਗਾਰ ਹਾਲ ਦੇ ਸਾਥੀ, ਪੱਤਰਕਾਰ ਭਾਈਚਾਰਾ ਤੇ ਹੋਰ ਅਨੇਕਾਂ ਐਸੇ ਸਮੂਹਾਂ ਨੂੰ ਮਿਲਾ ਕੇ ਉਹਨਾਂ ਦਾ ਇੱਕ ਕਬੀਲਾ ਬਣਦਾ ਹੈ।ਉਸ ਕਬੀਲੇ ਵੱਲੋਂ ਉਹਨਾਂ ਦੇ ਸਾਰੇ ਕਬੀਲੇ ਦਾ ਮੈਂ ਧੰਨਵਾਦ ਕਰਦਾ ਹਾਂ।ਜਿਹੜੇ ਇਥੇ ਹਾਜ਼ਰ ਨੇ ਉਹਨਾਂ ਦਾ ਵੀ ਤੇ ਜਿਹੜੇ ਕਿਸੇ ਵਜ੍ਹਾ ਕਰਕੇ ਅੱਜ ਇਥੇ ਸ਼ਾਮਲ ਨਹੀਂ ਹੋ ਸਕੇ, ਉਨ੍ਹਾਂ ਦਾ ਵੀ।

ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਉੱਘੇ ਲੇਖਕ ਸੁਕੀਰਤ, ਬਲਬੀਰ ਪਰਵਾਨਾ, ਭਗਵੰਤ ਰਸੂਲਪੁਰੀ, ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਪ੍ਰਧਾਨ ਕਾਮਰੇਡ ਰਸ਼ਪਾਲ ਸਿੰਘ ਬੜਾ ਪਿੰਡ, 'ਨਵਾਂ ਜ਼ਮਾਨਾ' ਦੇ ਸੰਪਾਦਕ ਚੰਦ ਫਤਿਹਪੁਰੀ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ, ਚਿਰੰਜੀ ਲਾਲ ਕੰਗਣੀਵਾਲ, ਸ਼ੀਤਲ ਸਿੰਘ ਸੰਘਾ, ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਸੀ ਪੀ ਆਈ ਮੋਗਾ ਦੇ ਸਕੱਤਰ ਕਾਮਰੇਡ ਕੁਲਦੀਪ ਸਿੰਘ ਭੋਲਾ, ਅਮਰਜੀਤ ਸਿੰਘ ਮੇਹਲੀ, ਨਿਰੰਜਨ ਮੇਹਲੀ, ਸੀ ਪੀ ਆਈ (ਐਮ) ਦੇ ਯੂਥ ਆਗੂ ਸੁਖਵਿੰਦਰ ਨਾਗੀ, ਸਵਾਮੀ ਸ਼ੰਕਰਾ ਨੰਦ ਪ੍ਰਬਤ ਤੋਂ ਇਲਾਵਾ 'ਨਵਾਂ ਜ਼ਮਾਨਾ' ਦਾ ਸਟਾਫ਼ ਵੀ ਸ਼ਾਮਲ ਹੋਇਆ।

ਇੱਥੇ ਇਹ ਦੱਸਣਾ ਵੀ ਕੁਥਾ ਨਹੀਂ ਹੋਵੇਗਾ ਕਿ ਸ਼ੁਗਲੀ ਜੀ ਦੀਆਂ ਲਿਖੀਆਂ ਕਿਤਾਬਾਂ ਦਾ 'ਲੰਗਰ' ਵੀ ਲਾਇਆ ਗਿਆ। ਇਸ ਦੀ ਦੇਖਰੇਖ ਕਾਮਰੇਡ ਪਰਮਜੀਤ ਕਲਸੀ ਨੇ ਕੀਤੀ।

**ਸੰਪਰਕ : 98725-40447**

# ਦੇਸ਼ ਭਗਤ ਅਤੇ ਇਨਕਲਾਬੀ ਸਾਹਿਤਕਾਰ ਗਿਆਨੀ ਹੀਰਾ ਸਿੰਘ ਦਰਦ

*ਨਿਸ਼ਾਨਾ ਹੈ ਮੇਰਾ ਜ਼ਬਰ ਨਾਲ ਲੜਨਾ,*
*ਲਹੂ ਨਾਲ ਸਿੰਜਣੀ ਆਜ਼ਾਦੀ ਕਿਆਰੀ।*
*ਗੁਲਾਮੀ ਦਾ ਜੀਵਨ ਵੀ ਜੀਵਨ ਹੈ ਕੋਈ?*
*ਗੁਲਾਮੀ ਦੇ ਜੀਵਨ ਤੋਂ ਹੈ ਮੌਤ ਪਿਆਰੀ।*

1900 ਈ. ਤੋਂ ਮਗਰੋਂ ਪੰਜਾਬੀ ਵਿੱਚ ਦੇਸ਼ ਭਗਤੀ ਤੇ ਇਨਕਲਾਬੀ ਸਾਹਿਤ ਦੀ ਲਹਿਰ ਚਲਾਉਣ, ਪੰਜਾਬੀ ਪੱਤਰਕਾਰੀ ਨੂੰ ਨਿੱਗਰ ਲੀਹਾਂ 'ਤੇ ਤੋਰਨ, ਪੰਜਾਬੀ ਭਾਸ਼ਾ ਦੀ ਪ੍ਰਗਤੀ ਲਈ ਜਥੇਬੰਦਕ ਉਪਰਾਲੇ ਕਰਨ, ਪੰਜਾਬ ਵਿੱਚ ਵਿੱਦਿਅਕ ਕ੍ਰਾਂਤੀ ਦਾ ਮੁੱਢ ਬੰਨ੍ਹਣ ਵਾਲੀ ਬਹੁ-ਪੱਖੀ ਸ਼ਖਸੀਅਤ ਦੇ ਸੁਆਮੀ ਗਿਆਨੀ ਹੀਰਾ ਸਿੰਘ 'ਦਰਦ' ਦਾ ਜਨਮ 12 ਫ਼ਰਵਰੀ 1887 ਈ. ਨੂੰ ਪਿੰਡ ਘਘਰੋਟ, ਜ਼ਿਲ੍ਹਾ ਰਾਵਲਪਿੰਡੀ ਵਿੱਚ ਹੋਇਆ। ਪਿਤਾ ਸ. ਹਰੀ ਸਿੰਘ ਕਿਰਸਾਨ ਸਨ। ਜ਼ਮੀਨ ਥੋੜ੍ਹੀ ਹੋਣ ਕਾਰਨ ਹੋਰ ਕਿਰਤ ਵੀ ਕਰਦੇ ਸਨ।

ਦਰਦ ਜੀ ਨੂੰ ਆਰਥਕ ਤੰਗੀ ਕਾਰਨ ਵਿੱਦਿਆ ਪ੍ਰਾਪਤੀ ਦੇ ਚੰਗੇ ਮੌਕੇ ਨਹੀਂ ਮਿਲੇ। ਪਿਤਾ ਜੀ ਤੋਂ ਗੁਰਮੁਖੀ ਅਤੇ ਗੁਰਬਾਣੀ ਦੀ ਸਿੱਖਿਆ ਪ੍ਰਾਪਤ ਕੀਤੀ। ਮਿਸ਼ਨ ਹਾਈ ਸਕੂਲ, ਰਾਵਲਪਿੰਡੀ ਤੋਂ ਮੁੱਢਲੀ ਸਿੱਖਿਆ ਲਈ। 1913 ਈ. ਵਿੱਚ ਵਿਦਵਾਨ ਦੀ ਪ੍ਰੀਖਿਆ ਯੂਨੀਵਰਸਿਟੀ ਵਿੱਚੋਂ ਪਹਿਲੇ ਸਥਾਨ 'ਤੇ ਅਤੇ 1914 ਈ. ਵਿੱਚ ਗਿਆਨੀ ਦੀ ਪ੍ਰੀਖਿਆ ਦੂਜੇ ਸਥਾਨ 'ਤੇ ਰਹਿ ਕੇ ਪ੍ਰਾਈਵੇਟ ਪਾਸ ਕੀਤੀ। ਦਸਵੀਂ ਵੀ ਪ੍ਰਾਈਵੇਟ ਪਾਸ ਕੀਤੀ। ਉਰਦੂ, ਅੰਗਰੇਜ਼ੀ ਤੇ ਹਿੰਦੀ ਦਾ ਖੁੱਲ੍ਹਾ ਮੁਤਾਲਿਆ ਕੀਤਾ।

**ਹਰਜੀਤ ਸਿੰਘ (ਡਾ.)**

ਆਰਥਿਕ ਤੰਗੀਆਂ ਨਾਲ ਜੂਝਦਿਆਂ ਬੀਤਿਆ ਮੁੱਢਲਾ ਜੀਵਨ, ਪ੍ਰਾਪਤੀਆਂ ਦਾ ਠੋਸ ਆਧਾਰ ਬਣਿਆ। ਕੁਝ ਛੋਟੀਆਂ ਨੌਕਰੀਆਂ ਕਰਨ ਉਪਰੰਤ 1907 ਈ. ਵਿੱਚ ਚੁੰਗੀ ਦੇ ਸਰਕਾਰੀ ਮਹਿਕਮੇ ਵਿੱਚ ਮੁਹੱਰਰ ਲੱਗ ਗਏ। 1907 ਈ. ਵਿੱਚ ਉੱਘੇ ਦੇਸ਼ ਭਗਤ ਸ. ਅਜੀਤ ਸਿੰਘ ਜੀ ਦਾ ਜੋਸ਼ੀਲਾ ਭਾਸ਼ਨ ਸੁਣ ਕੇ ਦਿਲ ਵਿੱਚ ਆਜ਼ਾਦੀ ਦੀ ਜੋਤ ਜਗ ਪਈ।

ਦਰਦ ਜੀ ਨੂੰ ਪਹਿਲਾ ਤਜਰਬਾ ਅਸਫ਼ਲ ਹੜਤਾਲ ਦਾ ਹੋਇਆ। 1907 ਈ. ਵਿੱਚ ਸਾਥੀਆਂ ਨਾਲ ਰਲ ਕੇ ਤਨਖਾਹ ਵਧਾਉਣ ਲਈ ਚੁੰਗੀ ਮਹਿਕਮੇ ਦੇ ਸੁਪਰਡੈਂਟ ਮਿ: ਟੇਲਰ ਨੂੰ ਮੈਮੋਰੰਡਮ ਦਿੱਤਾ ਤੇ ਹੜਤਾਲ ਕਰ ਦਿੱਤੀ। ਦਬਾਅ ਤੇ ਤਣਾਅ ਵਿੱਚ ਸਾਥੀ ਮੁਆਫ਼ੀ ਮੰਗ ਗਏ। ਦਰਦ ਜੀ ਨੇ ਹੜਤਾਲ ਕਾਰਨ ਤਰੱਕੀ ਰੋਕੇ ਜਾਣ 'ਤੇ ਅਸਤੀਫ਼ਾ ਦੇ ਦਿੱਤਾ।

ਦਰਦ ਜੀ ਨੇ ਸੰਤ ਅਤਰ ਸਿੰਘ ਮਸਤੂਆਣਾ, ਮਾ. ਸੁੰਦਰ ਸਿੰਘ ਲਾਇਲਪੁਰੀ, ਮਾ. ਤਾਰਾ ਸਿੰਘ ਆਦਿ ਨਾਲ ਰਲ ਕੇ 1908 ਈ. ਤੋਂ 1918 ਈ. ਤੱਕ ਪੰਜਾਬ ਵਿੱਚ ਵਿੱਦਿਅਕ ਕ੍ਰਾਂਤੀ ਲਿਆਉਣ ਲਈ ਵੱਖ-ਵੱਖ ਇਲਾਕਿਆਂ ਵਿੱਚ ਸਕੂਲ ਖੋਲ੍ਹੇ ਅਤੇ ਮਿਸ਼ਨਰੀ ਭਾਵਨਾ ਨਾਲ ਅਧਿਆਪਨ ਦਾ ਕੰਮ ਕੀਤਾ।

1912 ਈ. ਵਿੱਚ 'ਖਾਲਸਾ ਸੇਵਕ' ਦੇ ਉਪ ਸੰਪਾਦਕ ਬਣੇ। 1913-14 ਈ. ਵਿੱਚ ਗੁਰਦੁਆਰਾ ਰਕਾਬਗੰਜ ਸਾਹਿਬ ਦੀ ਕੰਧ ਢਾਹੇ ਜਾਣ ਵਿਰੁੱਧ ਅੰਦੋਲਨ ਵਿੱਚ ਸਰਗਰਮ ਰਹੇ। 1914 ਈ. ਵਿੱਚ ਕਾਮਾਗਾਟਾ ਮਾਰੂ ਜਹਾਜ਼ ਦੇ ਸ਼ਹੀਦਾਂ ਲਈ ਅਖੰਡ ਪਾਠ ਕਰਵਾਉਣ ਦੇ ਜੁਰਮ ਵਿੱਚ ਗ੍ਰਿਫ਼ਤਾਰ ਹੋਏ।

21 ਮਈ 1920 ਈ. ਨੂੰ ਮਾ: ਸੁੰਦਰ ਸਿੰਘ ਲਾਇਲਪੁਰੀ ਅਤੇ ਸ. ਮੰਗਲ ਸਿੰਘ ਨਾਲ ਰਲ ਕੇ ਲਾਹੌਰ ਤੋਂ 'ਰੋਜ਼ਾਨਾ ਅਕਾਲੀ' ਅਖ਼ਬਾਰ ਜਾਰੀ ਕੀਤਾ। ਦਰਦ ਜੀ ਇਸ ਦੇ ਪਹਿਲੇ ਸੰਪਾਦਕ ਨਿਯੁਕਤ ਕੀਤੇ ਗਏ। ਉਨ੍ਹਾਂ ਨੇ ਜੋਸ਼ੀਲੇ ਲੇਖਾਂ ਅਤੇ ਕਵਿਤਾਵਾਂ ਰਾਹੀਂ ਗੁਰਦੁਆਰਾ ਸੁਧਾਰ ਲਹਿਰ ਨੂੰ ਲੋਕ-ਲਹਿਰ ਬਣਾਉਣ ਦਾ ਉੱਦਮ ਕੀਤਾ। ਸੰਪਾਦਕ ਦੇ ਤੌਰ 'ਤੇ ਅੰਗਰੇਜ਼ੀ ਸਰਕਾਰ ਵਿਰੁੱਧ ਪ੍ਰਚਾਰ ਦੇ ਦੋਸ਼ ਤਹਿਤ ਜੂਨ 1921 ਈ. ਨੂੰ ਗ੍ਰਿਫ਼ਤਾਰ ਹੋਏ ਤੇ ਛੇ ਮਹੀਨੇ ਕੈਦ ਕੱਟੀ। 1922 ਈ. ਵਿੱਚ ਢਾਈ ਸਾਲ ਦੀ ਕੈਦ ਤੇ ਦੋ ਹੋਰ ਸਜ਼ਾਵਾਂ ਹੋਈਆਂ। 1925 ਈ. ਵਿੱਚ ਫਿਰ ਛੇ ਮਹੀਨੇ ਕੈਦ ਹੋਈ ਅਤੇ ਸਰਕਾਰ ਨੇ ਘਰ ਅਤੇ ਜ਼ਮੀਨ ਜ਼ਬਤ ਕਰਕੇ ਨਿਲਾਮ ਕਰ ਦਿੱਤੀ।

1924 ਈ. ਵਿੱਚ 'ਫੁਲਵਾੜੀ' ਮਾਸਿਕ ਪੱਤਰ ਜਾਰੀ ਕੀਤਾ, ਜੋ 1956 ਈ. ਤੱਕ ਪ੍ਰਕਾਸ਼ਿਤ ਹੁੰਦਾ ਰਿਹਾ। ਇਸ ਰਾਹੀਂ ਨਵੇਂ ਵਿਚਾਰਾਂ, ਸਾਹਿਤਕ ਵੰਨਗੀਆਂ, ਇਤਿਹਾਸਕਾਰਾਂ, ਆਲੋਚਕਾਂ ਤੇ ਖੋਜੀਆਂ ਨੂੰ ਸਥਾਪਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।

ਦਰਦ ਜੀ ਕੌਮੀ ਦਰਦ, ਨਵਾਂ ਯੁੱਗ, ਦੇਸ਼ ਭਗਤ, ਲਾਲ ਸਵੇਰਾ ਆਦਿ ਦੇ ਵੀ ਸੰਪਾਦਕ ਰਹੇ।

ਦਰਦ ਜੀ ਨੇ ਸੈਂਟਰਲ ਸਿੱਖ ਲੀਗ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਵਜੋਂ ਸੇਵਾ ਵੀ ਨਿਭਾਈ। 1925 ਈ. ਵਿੱਚ ਅੰਮ੍ਰਿਤਸਰ ਕਾਂਗਰਸ ਦੇ ਪ੍ਰਧਾਨ, ਸੂਬਾ ਅਤੇ ਸਰਬ-ਹਿੰਦ ਕਾਂਗਰਸ ਕਮੇਟੀ ਦੇ ਮੈਂਬਰ ਬਣੇ।

ਦਰਦ ਜੀ 1925 ਈ. ਵਿੱਚ ਕਾਨ੍ਹਪੁਰ ਵਿੱਚ ਹੋਈ ਪਹਿਲੀ ਸਿਆਸੀ ਕਾਨਫ਼ਰੰਸ ਵਿੱਚ ਭਾਈ ਸੰਤੋਖ ਸਿੰਘ 'ਕਿਰਤੀ' ਨਾਲ ਸ਼ਾਮਲ ਹੋਏ। ਇੱਥੇ ਹੀ ਦਰਦ ਜੀ ਭਾਈ ਸੰਤੋਖ ਸਿੰਘ ਜੀ, ਸ੍ਰੀ ਕਿਦਾਰ ਨਾਥ ਸਹਿਗਲ ਅਤੇ ਹਸਰਤ ਮੁਹਾਨੀ ਦੇ ਨਾਲ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਦੇ ਗਠਨ ਲਈ ਬੁਲਾਈ ਗਈ ਮੀਟਿੰਗ ਵਿੱਚ ਬਤੌਰ ਡੈਲੀਗੇਟ ਸ਼ਾਮਲ ਹੋਏ।

1926 ਈ. ਵਿੱਚ ਬਣੀ ਪੰਜਾਬੀ ਸਭਾ ਦੇ ਸਕੱਤਰ ਨਿਯੁਕਤ ਕੀਤੇ ਗਏ। 1936-37 ਈ. ਵਿੱਚ ਕਾਂਗਰਸ ਸਿੱਖ ਪਾਰਟੀ ਪੰਜਾਬ ਦੇ ਸਕੱਤਰ ਬਣਾਏ ਗਏ। 1938 ਈ. 'ਚ ਮਾਰਕਸਵਾਦ 'ਤੇਡੂੰਘਾ ਅਧਿਐਨ ਕਰਕੇ ਕਮਿਊਨਿਸਟ ਵਿਚਾਰਾਂ ਦੇ ਧਾਰਨੀ ਹੋ ਗਏ। 'ਹਿੰਦ ਛੋੜ ਜਾਓ' ਲਹਿਰ ਵਿੱਚ ਸਰਗਰਮ ਹਿੱਸਾ ਲੈਣ ਕਰਕੇ 1942 ਈ. ਤੋਂ 1945 ਈ. ਤੱਕ ਕੈਦ ਰਹੇ।

1945 ਈ. ਵਿੱਚ ਵਾਇਸਰਾਏ ਲਾਰਡ ਵੈਵਲ ਵੱਲੋਂ ਸ਼ਿਮਲਾ ਵਿੱਚ ਰੱਖੀ ਗਈ ਕਾਨਫ਼ਰੰਸ ਵਿੱਚ ਦਰਦ ਜੀ, ਮੁਹੰਮਦ ਅਲੀ ਜਿਨਾਹ, ਮਾ. ਤਾਰਾ ਸਿੰਘ, ਅਬੁਲ ਕਲਾਮ ਆਜ਼ਾਦ, ਡਾ. ਕਿਚਲੂ ਆਦਿ ਨਾਲ ਸ਼ਾਮਲ ਹੋਏ।

1947 ਈ. ਵਿੱਚ ਦੇਸ਼ ਵੰਡ ਉਪਰੰਤ ਲਾਹੌਰ ਛੱਡ ਕੇ ਜਲੰਧਰ ਆ ਗਏ। 1949 ਈ. ਵਿੱਚ 'ਕਿਰਤੀ ਕਿਸਾਨ ਲਹਿਰ' ਵਿੱਚ ਸਰਗਰਮ ਹਿੱਸਾ ਲੈਣ ਕਾਰਨ ਦਰਦ ਜੀ ਯੋਲ ਕੈਂਪ ਜੇਲ੍ਹ ਵਿੱਚ ਕੈਦ ਰਹੇ।



1954 ਈ. ਵਿੱਚ 'ਗ਼ਦਰ ਪਾਰਟੀ ਦਾ ਇਤਿਹਾਸ' ਤਿਆਰ ਕਰਨ ਵਾਲੀ ਕਮੇਟੀ ਵਿੱਚ ਮੈਂਬਰ ਲਿਆ ਗਿਆ। ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਦੇ ਟਰੱਸਟੀ ਰਹੇ। 1956 ਈ. ਵਿੱਚ ਆਪ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਕਨਵੀਨਰ ਬਣਾਇਆ ਗਿਆ। ਦਰਦ ਜੀ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪਹਿਲੇ ਜਨਰਲ ਸਕੱਤਰ ਬਣਾਏ ਗਏ। 1960 ਈ. ਵਿੱਚ ਆਪ ਜੀ ਦੀਆਂ ਸਾਹਿਤਕ ਸੇਵਾਵਾਂ ਬਦਲੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਨਮਾਨ ਦਿੱਤਾ ਗਿਆ।

ਦਰਦ ਜੀ ਦੀ ਸਾਹਿਤਕ ਰਚਨਾ ਦੀ ਮਹਾਨਤਾ ਉਨ੍ਹਾਂ ਨੂੰ ਦੇਸ਼ ਭਗਤ ਇਨਕਲਾਬੀ, ਸਮਾਜਵਾਦੀ ਤੇ ਲੋਕ ਹਿਤੈਸ਼ੀ ਸਾਹਿਤਕਾਰ ਦੇ ਰੂਪ ਵਿੱਚ ਸਥਾਪਤ ਕਰਨ ਵਿੱਚ ਹੈ। ਦਰਦ ਸੁਨੇਹੇ (ਤਿੰਨ ਭਾਗ), ਚੋਣਵੇਂ ਦਰਦ ਸੁਨੇਹੇ, ਹੋਰ ਅਗੇਰੇ, ਆਸ ਦੀ ਤੰਦ, ਮੇਰੀਆਂ ਕੁਝ ਇਤਿਹਾਸਕ ਯਾਦਾਂ, ਬ੍ਰਿਜ ਭੂਮੀ ਤੇ ਮਲਾਇਆ ਦੀ ਯਾਤਰਾ, ਦੇਸ਼ ਭਗਤਾਂ ਤੇ ਰਾਜਸੀ ਆਗੂਆਂ ਦੀਆਂ 39 ਜੀਵਨੀਆਂ, ਬਹੁ-ਪੱਖੀ ਚਿੰਤਨ ਵਾਲੇ 132 ਲੇਖ, ਗਾਂਧੀ ਜੀ ਦੀਆਂ ਸਿਮਰਤੀਆਂ, ਗ਼ਦਰ ਲਹਿਰ ਦੀ ਲਹੂ-ਰੰਗੀ ਕਹਾਣੀ, ਗ਼ਦਰ ਲਹਿਰ ਦੀ ਕਹਾਣੀ ਗ਼ਦਰੀ ਬਾਬਿਆਂ ਦੀ ਜ਼ੁਬਾਨੀ, ਪੰਥ, ਧਰਮ ਤੇ ਰਾਜਨੀਤੀ, ਪੰਜਾਬੀ ਸੂਬੇ ਦੀ ਸਮੱਸਿਆ, ਸੋਸ਼ਲਿਜ਼ਮ ਕੀ ਹੈ? ਫਾਸ਼ਿਜ਼ਮ ਕੀ ਹੈ? ਪੰਜਾਬੀ ਸਾਹਿਤ ਦਾ ਇਤਿਹਾਸ ਆਦਿ ਉਨ੍ਹਾਂ ਦੀਆਂ ਸਾਹਿਤਕ ਰਚਨਾਵਾਂ ਹਨ। ਹੁਣ ਤੱਕ ਉਨ੍ਹਾਂ ਦੀਆਂ ਰਚਨਾਵਾਂ 'ਤੇ ਤਿੰਨ ਪੀ ਐੱਚ ਡੀ ਅਤੇ ਅੱਠ ਐੱਮ ਫਿਲ ਦੇ ਥੀਸਿਸ ਪ੍ਰਵਾਨ ਚੜ੍ਹ ਚੁੱਕੇ ਹਨ। ਤਿੰਨ ਪੀ ਐੱਚ ਡੀ ਦੇ ਹੋਰ ਵਿਦਿਆਰਥੀ ਕੰਮ ਕਰ ਰਹੇ ਹਨ। ਇਹ ਮਹਾਨ ਸ਼ਖਸੀਅਤ 22 ਜੂਨ 1965 ਈ. ਨੂੰ ਸਦੀਵੀ ਵਿਛੋੜਾ ਦੇ ਗਈ।

ਖ਼ਤਮ ਲੁੱਟ ਜਿਸ ਥਾਂ 'ਤੇ ਮਿਹਨਤ ਨੇ ਕਰਨੀ,
ਨਵਾਂ ਦੇਸ਼ ਮੇਰਾ ਇਹ ਬਣ ਕੇ ਰਹੇਗਾ।
ਜੋ ਹੈ ਸਾਂਝੀਵਾਲਤਾ ਦਾ ਭਾਰਤ ਇਹ ਉਸ ਨੂੰ,
ਵਸੀਅਤ ਮੇਰੀ ਦਾ ਹਰ ਅੱਖਰ ਕਹੇਗਾ।

***# ਸੰਪਰਕ : 94170-33153***